**Reo-Bankowned Properties**
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੇਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Fourtheenth Year in Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 01, January 5th, 2013
20451 N Plum Grove Rd. Palatine, IL 60074
Ph:847-359-0746, Fax:847-705-9388

# ਭਾਰਤ ਅਸਫਲ ਸਟੇਟ?

## ਔਰਤਾਂ ਅਸੁਰੱਖਿਅਤ, ਘੱਟ-ਗਿਣਤੀਆਂ ਨਾਰਾਜ਼

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਦਿੱਲੀ ਵਿਚ ਜਬਰ ਜਨਾਹ ਦੀ ਵਾਰਦਾਤ ਤੋਂ ਬਾਅਦ ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਭਾਰਤ ਦੇ ਪ੍ਰਬੰਧ ਬਾਰੇ ਹੀ ਸਵਾਲ ਖੜ੍ਹਾ ਹੋ ਗਿਆ ਹੈ। ਮੀਡੀਆ, ਖਾਸ ਕਰ ਕੇ ਪੱਛਮੀ ਮੀਡੀਆ ਨੇ ਇਹ ਸਵਾਲ ਬਹੁਤ ਤਿੱਖੇ ਸੁਰ ਵਿਚ ਸਾਹਮਣੇ ਲਿਆਂਦਾ ਹੈ ਕਿ ਭਾਰਤ ਹੁਣ ਫੇਲ੍ਹ ਹੋ ਰਹੇ ਦੇਸ਼ਾਂ ਵਿਚ ਸ਼ਾਮਲ ਹੋ ਚੁੱਕਾ ਹੈ। ਅਰਬ ਦੇਸ਼ਾਂ ਦੇ ਮੀਡੀਆ ਨੇ ਤਾਂ ਐਨ ਸਪਸ਼ਟ ਰੂਪ ਵਿਚ ਲਿਖਿਆ ਹੈ ਕਿ ਘੱਟੋ-ਘੱਟ ਔਰਤਾਂ ਦੇ ਮਾਮਲੇ ਵਿਚ ਤਾਂ ਭਾਰਤ ਅਸਫਲ ਸਾਬਤ ਹੋਇਆ ਹੈ।




ਗੌਰਤਲਬ ਹੈ ਕਿ 16 ਦਸੰਬਰ 2012 ਨੂੰ ਦਿੱਲੀ 'ਚ ਚਲਦੀ ਬੱਸ ਵਿਚ ਇਕ ਵਿਦਿਆਰਥਣ ਨਾਲ ਬਲਾਤਕਾਰ ਅਤੇ ਫਿਰ ਉਸ ਨੂੰ ਚਲਦੀ ਬੱਸ ਵਿਚੋਂ ਹੀ ਥੱਲੇ ਸੁੱਟਣ (ਇਸ ਬੱਚੀ ਦਾ ਸਿੰਗਾਪੁਰ ਦੇ ਮਾਊਂਟ ਐਲਿਜ਼ਬਥ ਹਸਪਤਾਲ ਵਿਚ 29 ਦਸੰਬਰ ਨੂੰ ਦੇਹਾਂਤ ਹੋ ਗਿਆ) ਤੋਂ ਲੈ ਕੇ ਸਾਲ ਦੀ ਸਮਾਪਤੀ (31 ਦਸੰਬਰ) ਤੱਕ 16 ਦਿਨਾਂ ਦੌਰਾਨ ਦਿੱਲੀ ਵਿਚ ਸੱਤ ਹੋਰ ਬੱਚੀਆਂ ਜਬਰ ਜਨਾਹ ਦਾ ਸ਼ਿਕਾਰ ਹੋ ਗਈਆਂ ਹਨ। ਲੰਘੇ ਸ਼ਨਿੱਚਰਵਾਰ (29 ਦਸੰਬਰ) ਨੂੰ ਤਾਂ ਇਕ ਬੱਸ ਵਿਚ ਇਕ ਹੋਰ ਬੱਚੀ ਨਾਲ ਛੇੜ-ਛਾੜ ਦਾ ਮਾਮਲਾ ਵੀ ਸਾਹਮਣੇ ਆਇਆ ਹੈ। ਇਸ ਤੋਂ ਇਹ ਸਵਾਲ ਮੁੱਖ ਰੂਪ ਵਿਚ ਉਠਿਆ ਹੈ ਕਿ ਜੇ ਦਿੱਲੀ ਵਿਚ ਇੰਨੇ ਤਿੱਖੇ ਰੋਸ ਵਿਖਾਵਿਆਂ ਅਤੇ ਸਰਕਾਰ ਤੇ ਸੰਸਦ ਵਿਚ ਇੰਨੇ ਵੱਡੇ ਪੱਧਰ ਉਤੇ ਰੌਲਾ ਪੈਣ ਦੇ ਬਾਵਜੂਦ ਅਜਿਹੀਆਂ ਘਟਨਾਵਾਂ ਨੂੰ ਠੱਲ੍ਹ ਨਹੀਂ ਪਈ ਤਾਂ ਮਸਲਾ ਮਹਿਜ਼ ਕਾਨੂੰਨ-ਵਿਵਸਥਾ ਦਾ ਨਹੀਂ ਹੈ, ਸਗੋਂ ਸਮਾਜ ਅਤੇ ਸਰਕਾਰ ਦਾ ਪ੍ਰਬੰਧ ਹੀ ਇੰਨਾ ਨਿੱਘਰ ਚੁੱਕਾ ਹੈ ਕਿ ਹੁਣ ਇਸ ਵਿਚ ਬਹੁਤੀ ਸੁਧਾਰ ਦੀ ਗੁੰਜਾਇਸ਼ ਹੀ ਕੋਈ ਨਹੀਂ ਹੈ। ਹੋਰ ਤਾਂ ਹੋਰ, ਚੋਣ ਪ੍ਰਬੰਧ ਹੀ ਇੰਨਾ ਬੋਦਾ ਹੋ ਗਿਆ ਹੈ ਕਿ ਬਲਾਤਕਾਰ ਦੇ ਦੋਸ਼ਾਂ ਵਿਚ ਘਿਰੇ ਸਿਆਸੀ ਆਗੂ ਵਿਧਾਨ ਸਭਾਵਾਂ ਅਤੇ ਸੰਸਦ ਦੇ ਮੈਂਬਰ ਬਣ ਰਹੇ ਹਨ।

ਭਾਰਤ ਦੇ ਗ੍ਰਹਿ ਮੰਤਰਾਲੇ ਅਧੀਨ ਕੰਮ

***(ਬਾਕੀ ਸਫਾ 6 'ਤੇ)***

## ਕੀ ਹੁੰਦਾ ਹੈ ਅਸਫਲ ਸਟੇਟ!

ਫੇਲ੍ਹ ਸਟੇਟ ਬਾਰੇ ਫਿਲਹਾਲ ਸਰਬਸਹਿਮਤੀ ਵਾਲੀ ਕੋਈ ਪਰਿਭਾਸ਼ਾ ਤਾਂ ਨਹੀਂ ਹੈ, ਪਰ ਵਿਕੀਪੀਡੀਆ ਦੀ ਪਰਿਭਾਸ਼ਾ ਮੁਤਾਬਕ ਫੇਲ੍ਹ ਹੋਇਆ ਸਟੇਟ ਉਹ ਸਟੇਟ ਹੈ ਜਿਥੇ ਸਰਕਾਰ, ਬੁਨਿਆਦੀ ਅਤੇ ਜ਼ਰੂਰੀ ਜ਼ਿੰਮੇਵਾਰੀਆਂ ਨਿਭਾਉਣ ਵਿਚ ਵੀ ਨਾਕਾਮ ਰਹਿੰਦੀ ਹੈ। ਉਂਜ ਇਹ ਪਹਿਲੀ ਵਾਰ ਹੈ ਕਿ ਪੱਛਮ ਨੇ ਭਾਰਤ ਦੀ ਜਮਹੂਰੀਅਤ ਬਾਰੇ ਇਸ ਤਰ੍ਹਾਂ ਤਿੱਖੇ ਰੂਪ ਵਿਚ ਸਵਾਲ ਖੜ੍ਹੇ ਕੀਤੇ ਹਨ; ਨਹੀਂ ਤਾਂ ਹੁਣ ਤੱਕ ਇਸ ਨੂੰ ਸੰਸਾਰ ਦੇ ਸਭ ਤੋਂ ਵੱਡੇ ਜਮਹੂਰੀ ਦੇਸ਼ ਵਜੋਂ ਹੀ ਪ੍ਰਚਾਰਿਆ ਜਾਂਦਾ ਰਿਹਾ ਹੈ ਅਤੇ ਇਸ ਮਾਮਲੇ ਬਾਰੇ ਕੋਈ ਵਿਦਵਾਨ ਕੋਈ ਹੋਰ ਗੱਲ ਸੁਣਨ ਨੂੰ ਤਿਆਰ ਹੀ ਨਹੀਂ ਸੀ। ਹੁਣ ਇਹ ਸਵਾਲ ਮੁੱਖ ਬਣਿਆ ਹੈ ਕਿ ਭਾਰਤੀਆਂ ਦੇ ਲੋਕਾਂ ਦੀ ਸੁਰੱਖਿਆ ਦਾਅ ਉਤੇ ਲੱਗੀ ਹੋਈ ਹੈ, ਜਮਹੂਰੀ ਅਮਲ ਵਿਚ ਹੀ ਇਨ੍ਹਾਂ ਦੀ ਸ਼ਮੂਲੀਅਤ ਬੱਧੀ-ਰੁੱਧੀ ਹੀ ਹੈ ਅਤੇ ਪ੍ਰਬੰਧ ਇੰਨਾ ਨਾਕਸ ਹੈ ਕਿ ਨਿਆਂ ਹੁਣ ਦੂਰ ਦੀ ਗੱਲ ਬਣ ਗਿਆ ਹੈ।



# ਸ਼ਹੀਦੀ ਦਿਹਾੜਿਆਂ ਉਤੇ ਸਿਆਸੀ ਅਖਾੜਿਆਂ ਖਿਲਾਫ ਆਵਾਜ਼ ਬੁਲੰਦ

**ਫਤਿਹਗੜ੍ਹ ਸਾਹਿਬ (ਪੰਜਾਬ ਟਾਈਮਜ਼ ਬਿਊਰੋ):** ਫਤਿਹਗੜ੍ਹ ਸਾਹਿਬ ਦੀ ਧਰਤੀ ਉਤੇ ਜਿਥੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਨੂੰ ਸਮੇਂ ਦੇ ਹਾਕਮਾਂ ਨੇ ਸ਼ਹੀਦ ਕਰ ਦਿੱਤਾ ਸੀ, ਸੰਗਤ ਕੜਾਕੇ ਦੀ ਠੰਢ ਦੇ ਬਾਵਜੂਦ ਵਹੀਰਾਂ ਘੱਤ ਕੇ ਪੁੱਜੀ ਤੇ ਸ਼ਹੀਦਾਂ ਨੂੰ ਸਿਜਦਾ ਕੀਤਾ। ਐਤਕੀਂ ਪਹਿਲੀ ਵਾਰ ਸੰਗਤ ਨੇ ਸਿਆਸੀ ਆਗੂਆਂ ਦੀ ਇਸ ਪੱਖੋਂ ਨੁਕਤਾਚੀਨੀ ਕੀਤੀ ਕਿ ਇਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਅਤੇ ਉਨ੍ਹਾਂ ਤੋਂ ਪ੍ਰੇਰਨਾ ਲੈਣ ਦੀ ਥਾਂ ਆਪੋ-ਆਪਣੇ ਸੌੜੇ ਸਿਆਸੀ ਹਿਤਾਂ ਲਈ ਕਾਨਫਰੰਸਾਂ ਵਿਚ ਇਕ-ਦੂਜੇ ਉਤੇ ਤੋਹਮਤਾਂ ਲਾਉਂਦੇ ਹਨ।

### ਜਥੇਦਾਰ ਨੂੰ ਸਖਤੀ ਦੀ ਅਪੀਲ

ਯਾਦ ਰਹੇ ਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੇ ਅਪੀਲ ਕੀਤੀ ਸੀ ਕਿ ਸਿਆਸੀ ਆਗੂ ਇਕ-ਦੂਜੇ ਖਿਲਾਫ ਦੂਸ਼ਣਬਾਜ਼ੀ ਨਾ ਕਰਨ ਅਤੇ ਇਹ ਸ਼ਹੀਦੀ ਦਿਵਸ ਸਾਦਗੀ ਨਾਲ ਮਨਾਉਣ, ਵਿਸ਼ੇਸ਼ ਲੰਗਰ ਬਿਲਕੁਲ ਨਾ ਲਾਏ ਜਾਣ, ਪਰ ਸਿਆਸੀ ਆਗੂਆਂ ਨੇ ਉਨ੍ਹਾਂ ਦੀ

***(ਬਾਕੀ ਸਫਾ 6 'ਤੇ)***

## ਪਾਠਕਾਂ ਨੂੰ ਨਵਾਂ ਸਾਲ ਮੁਬਾਰਕ

**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ ਤੇ ਸਿਰਫ Shortsale Certified ਅਤੇ ਤਜ਼ਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
MBA • SFR • CDPE
Century 21
M&M and Associates
209.918.6464
ahundal@c21mm.com
605 Standiford Ave, Ste D • Modesto, CA 95350

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Raja™ SWEETS & CATERING®
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

ਨਿਰਵਿਘਨ ਪ੍ਰਕਾਸ਼ਨ ਦੇ 14ਵੇਂ ਸਾਲ 'ਚ (ਪਹਿਲੀ ਜਨਵਰੀ 2000-2013)

# ਅਦਾਰਾ ਪੰਜਾਬ ਟਾਈਮਜ਼ ਦੇ ਸਮੂਹ ਸਟਾਫ, ਕਾਲਮਨਵੀਸਾਂ, ਸਲਾਹਕਾਰ ਕਮੇਟੀ ਦੇ ਮੈਂਬਰਾਂ ਅਤੇ ਸ਼ੁਭਚਿੰਤਕਾਂ ਵਲੋਂ ਸਭ ਨੂੰ

# ਨਵਾਂ ਸਾਲ 2013 ਮੁਬਾਰਕ

ਪਿਛਲੇ 13 ਸਾਲਾਂ ਦੌਰਾਨ ਸਹਿਯੋਗੀਆਂ, ਵਿਗਿਆਪਕਾਂ ਅਤੇ ਪਾਠਕਾਂ ਵਲੋਂ ਮਿਲੇ ਸਹਿਯੋਗ ਲਈ ਦਿਲੀ ਧੰਨਵਾਦ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਸਵਰਨਜੀਤ ਸਿੰਘ ਢਿਲੋਂ


ਪ੍ਰੋ ਜੋਗਿੰਦਰ ਸਿੰਘ ਰਮਦੇਵ


ਅਮੋਲਕ ਸਿੰਘ ਗਾਖਲ


ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ


ਬਲਵਿੰਦਰ ਸਿੰਘ ਸੰਧੂ


ਸਰਵਣ ਸਿੰਘ ਟਿਵਾਣਾ


ਦਰਸ਼ਨ ਸਿੰਘ ਦਰੜ


ਰਾਜਿੰਦਰ ਸਿੰਘ ਬੈਂਸ


ਜੈਦੇਵ ਸਿੰਘ ਭੱਠਲ


ਜੱਸੀ ਗਿੱਲ


ਦਰਸ਼ਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ


ਮਨਦੀਪ ਸਿੰਘ ਭੂਰਾ


ਜਗਦੀਸ਼ ਸਿੰਘ ਕਲੇਰ


ਹੈਪੀ ਹੀਰ


ਗੁਰਿੰਦਰ ਸਿੰਘ ਗਿੱਲ


ਸਰਬਜੀਤ ਥਿਆੜਾ


ਯਾਦਵਿੰਦਰ ਸਿੰਘ (ਰਿੰਪੀ) ਖੱਟੜਾ


ਅਯੁਧਿਆ ਸਲਵਾਨ

**ਪੰਜਾਬ ਟਾਈਮਜ਼ ਦੀ 13ਵੀਂ ਵਰ੍ਹੇਗੰਢ ਮੌਕੇ ਪੰਜਾਬ ਟਾਈਮਜ਼ ਨਾਈਟ 6 ਅਪਰੈਲ 2013**
(ਇੰਡੀਆ ਹਾਊਸ, ਸ਼ਾਮਬਰਗ)


## ਸਾਡੇ ਕਾਲਮਨਵੀਸ


ਤਰਲੋਚਨ ਸਿੰਘ


ਐਸ. ਅਸ਼ੋਕ ਭੌਰਾ


ਡਾ. ਗੁਰਨਾਮ ਕੌਰ


ਸੁਰਜੀਤ ਕੌਰ


ਬਲਜੀਤ ਬਾਸੀ


ਜਤਿੰਦਰ ਪਨੂੰ


ਕੁਲਵੰਤ ਸਿੰਘ ਰੋਮਾਣਾ


ਮੇਜਰ ਕੁਲਾਰ


ਇਕਬਾਲ ਜੱਬੋਵਾਲ


ਸਵਰਨ ਟਹਿਣਾ


ਨਿੰਮਾ ਡੱਲੇਵਾਲਾ


ਬੌਬ ਖਹਿਰਾ

**ਪੰਜਾਬ ਟਾਈਮਜ਼** ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ

ਹੋਰ ਜਾਣਕਾਰੀ ਲਈ 847-359-0746 *e-mail: punjabtimes1@sbcglobal.net, website: www.punjabtimesusa.com*

# ਆਪਣੀ ਜ਼ਿੰਦਗੀ ਨੂੰ ਦਰਦਾਂ ਤੋਂ ਛੁਟਕਾਰਾ ਦਿਵਾਓ

Covered by Medi-Cal, MediCare & most PPO's!

ਕੀ ਨਿਊਰੋਪੈਥੀ, ਤਿੱਖੇ ਦਰਦ, ਸੁੰਨ ਹੋਣ, ਚੀਸਾਂ, ਸੁੱਜੇ ਹੋਏ ਅਤੇ ਬੇਰੰਗ ਹੋਏ ਪੈਰਾਂ ਜਾਂ ਉਭਰੀਆਂ ਨਸਾਂ ਨੇ ਤੁਹਾਡਾ ਜਿਊਣਾ ਦੁੱਭਰ ਕੀਤਾ ਹੋਇਆ ਹੈ?

## ਇਸ ਦਾ ਇਲਾਜ ਹੋ ਸਕਦਾ ਹੈ


*ਨਸਾਂ ਦੀ ਸੋਜਿਸ਼*


*ਸੋਜਿਸ਼*


*ਅਲਸਰ*

## ਸਾਡੇ ਇਲਾਜ ਰਾਹੀਂ ਤੁਹਾਨੂੰ ਫੌਰੀ ਰਾਹਤ ਮਿਲ ਸਕਦੀ ਹੈ

## ਸਿਰਫ ਸਾਡੀ ਗੱਲ 'ਤੇ ਬੇਸ਼ਕ ਯਕੀਨ ਨਾ ਕਰੋ, ਦੇਖੋ ਸਾਡੇ ਮਰੀਜ ਕੀ ਕਹਿੰਦੇ ਹਨ...



"ਮੈਨੂੰ ਇੰਨਾ ਦਰਦ ਹੁੰਦਾ ਸੀ ਕਿ ਤੁਰਨਾ-ਫਿਰਨਾ ਮੁਹਾਲ ਹੋਇਆ ਪਿਆ ਸੀ ਤੇ ਮੈਨੂੰ ਖੂੰਡੀ ਲੈ ਕੇ ਚੱਲਣਾ ਪੈਂਦਾ ਸੀ। ਪੈਰਾਂ 'ਚ ਦਰਦ ਹੁੰਦਾ ਸੀ ਤੇ ਚੋਖੀ ਸੋਜਿਸ਼ ਵੀ ਸੀ। ਮੈਨੂੰ ਜਾਪਣ ਲੱਗਿਆ ਸੀ, ਜਿਵੇਂ ਹੁਣ ਤਾਂ ਇਸੇ ਦਰਦ ਨਾਲ ਹੀ ਜਿਊਣਾ ਪਵੇਗਾ। ਮੈਂ ਸਲਾਹ ਮਸ਼ਵਰੇ ਲਈ ਪੈਸੇਫਿਕ ਕੋਸਟ ਮੈਡੀਕਲ ਸੈਂਟਰ ਗਈ ਅਤੇ ਇਕੋ ਵਾਰੀ ਦੇ ਇਲਾਜ ਨਾਲ ਮੇਰੀ ਤਕਲੀਫ 70% ਘਟ ਗਈ। ਮੈਨੂੰ ਹੁਣ ਖੂੰਡੀ ਦੀ ਹੁਣ ਕੋਈ ਲੋੜ ਨਹੀਂ। ਪੈਸੇਫਿਕ ਕੋਸਟ ਮੈਡੀਕਲ ਸਟਾਫ ਅਤੇ ਕਮਾਲ ਦੇ ਡਾਕਟਰ ਦਾ ਲੱਖ ਲੱਖ ਸ਼ੁਕਰਾਨਾ। ਜਿਸ ਕਿਸੇ ਨੂੰ ਵੀ ਪੈਰਾਂ ਤੇ ਲੱਤਾਂ ਦੀ ਦਰਦ ਹੈ, ਮੈਂ ਤਾਂ ਕਹਾਂਗੀ ਉਹ ਇਸ ਕਲੀਨਿਕ ਜ਼ਰੂਰ ਜਾਵੇ।" *-ਐਲੀਸੀਆ ਐਸ, ਉਮਰ 72 ਸਾਲ*



"ਪਿਛਲੇ ਕਈ ਚਿਰ ਤੋਂ ਮੇਰੀਆਂ ਲੱਤਾਂ ਵਿਚ ਦਰਦ ਸੀ ਅਤੇ ਖੂਨ ਦਾ ਦੌਰਾ ਬਹੁਤ ਘੱਟ ਸੀ। ਮੈਂ ਕੁਝ ਕਦਮ ਹੀ ਚੱਲ ਫਿਰ ਸਕਦਾ ਤੇ ਫਿਰ ਦਰਦ ਮੈਨੂੰ ਬਹਿਣ ਲਈ ਮਜਬੂਰ ਕਰ ਦਿੰਦੀ। ਫਿਰ ਮੈਨੂੰ ਪਤਾ ਲੱਗਾ ਕਿ ਪੈਸੇਫਿਕ ਕੋਸਟ ਮੈਡੀਕਲ ਸੈਂਟਰ ਵਾਲੇ ਇਕ ਨਵੇਂ ਤਰੀਕੇ ਨਾਲ ਇਲਾਜ ਕਰਦੇ ਹਨ ਅਤੇ ਮੈਂ ਸੋਚਿਆ ਕਿ ਚਲੋ ਅਜ਼ਮਾ ਕੇ ਤਾਂ ਦੇਖੋ। ਇਹ ਇਲਾਜ ਕਰਵਾਉਣ ਪਿਛੋਂ ਮੇਰੀ ਹਾਲਤ ਪਹਿਲਾਂ ਦੇ ਮੁਕਾਬਲੇ ਬਹੁਤ ਬਿਹਤਰ ਹੈ। ਮੈਂ ਹੁਣ ਕਿੰਨੀ ਕਿੰਨੀ ਦੂਰ ਤੱਕ ਚਲ ਫਿਰ ਸਕਦਾ ਹਾਂ ਤੇ ਦਰਦ ਵੀ ਨਹੀਂ ਹੁੰਦੀ। ਪੈਸੇਫਿਕ ਕੋਸਟ ਮੈਡੀਕਲ ਸੈਂਟਰ ਦੇ ਡਾਕਟਰਾਂ ਦਾ ਬਹੁਤ ਬਹੁਤ ਸ਼ੁਕਰੀਆ।" *-ਜੇ ਕਾਰਵੈਲ, ਉਮਰ 94 ਸਾਲ*

**ਜਲਦੀ ਕਰੋ!** ਸਭ ਤੋਂ ਪਹਿਲਾਂ ਫੋਨ ਕਰਨ ਵਾਲੇ ਪਹਿਲੇ 50 ਮਰੀਜਾਂ ਨੂੰ ਮੁਆਇਨਾ ਕਰਵਾਉਣ 'ਤੇ ਕੰਪਰੈਸ਼ਨ ਸਟਾਕਿੰਗਜ਼ (ਵਿਸ਼ੇਸ਼ ਕਿਸਮ ਦੀਆਂ ਜੁਰਾਬਾਂ) ਮੁਫਤ ਦਿੱਤੀਆਂ ਜਾਣਗੀਆਂ ਜਿਨ੍ਹਾਂ ਦੀ ਕੀਮਤ 70 ਡਾਲਰ ਹੈ।

**ਮੁਫਤ ਮੁਆਇਨਾ**

ਸਾਡਾ ਇਹ ਇਲਾਜ ਮੈਡੀਕੈਲ, ਮੈਡੀਕੇਅਰ ਅਤੇ ਬਹੁਤੀਆਂ ਪੀ ਪੀ ਓ ਕਵਰ ਕਰਦੀਆਂ ਹਨ

PACIFIC COAST MEDICAL CENTER INC.

ਤੁਹਾਡੀ ਸਹੂਲਤ ਲਈ ਸਟਾਕਟਨ ਅਤੇ ਸੈਕਰਾਮੈਂਟੋ ਵਿਚ ਦੋ ਲੋਕੇਸ਼ਨਾਂ
ਇਹ ਜਾਨਣ ਲਈ ਅੱਜ ਹੀ ਸਾਨੂੰ ਕਾਲ ਕਰੋ ਕਿ ਅਸੀਂ ਕਿਵੇਂ ਤੁਹਾਨੂੰ ਦਰਦਾਂ ਤੋਂ ਛੁਟਕਾਰਾ ਦਿਵਾ ਸਕਦੇ ਹਾਂ

**1-855-944-PAIN (7246)**



# Pacific Coast Law Firm P.C.

**A Professional Corporation**

2351 W. March Lane, Ste A, Stockton, CA 95207
704 I Street, Ste B, Modesto, CA 95253

**(209) 475-6001**

**DIVORCE/FAMILY LAW (ਡਿਵੋਰਸ ਅਤੇ ਫੈਮਿਲੀ ਲਾਅ)**
* Child Custody/Visitation
* Child Support
* Spousal Support/Alimony
* Property Division
* Restraining Orders
* Guardianships

**IMMIGRATION LAW (ਇਮੀਗਰੇਸ਼ਨ ਲਾਅ)**
* Family/Fiancee Visa
* Citizenship
* Removal/Deportation Defense
* Asylum
* Adjustment of Status
* Waivers (UP/Criminal)
* International Visas
* Passport Applications
* Power of Attorney
* Religious Visa/Adjustment
* EB-5/Investor Visas
* VAWA
* U/T Visas
* Green Card
* DACA
* OCI
* Passport/Identity Card

**BANKRUPTCY (ਬੈਂਕਰਪਸੀ)**
* Chapter 7
* Credit Card Bills
* Medical Bills
* Wage Garnishments



Harleen Wahid-Dail
Attorney at Law

**WILLS, TRUSTS & ESTATES (ਵਿਰਾਸਤ, ਟਰਸਟ ਅਤੇ ਐਸਟੇਟਸ)**
· Document Creation
· Inter Vivos Trusts
· Direction for Res Funding
· Notary on Site
· Durable Power of Attorney
· Power of Attorney

**TAX LAW (ਟੈਕਸ ਲਾਅ)**
* Offers In Compromise * Payment Plans

**SOCIAL SECURITY & VETERAN DISABILITY (ਸੋਸ਼ਲ ਸਿਕਿਉਰਿਟੀ ਅਤੇ ਵੈਟਰਨ ਡਿਸਏਬਲਿਟੀ)**
* Initial Applications
* SSDI / SSI
* Hearings / Appeals
* Survivor & Disabled
* Widower Benefit
* EDD Claims / Appeals



*Kiran Sihota*
*Attorney at Law*

# ਪਰਵਾਸੀ ਪੰਜਾਬੀ ਦਾ ਸਾਂਝੀ ਜਾਇਦਾਦ ਵਿਚ ਹਿੱਸਾ ਨਜ਼ਰ ਅੰਦਾਜ਼!

## ਸੈਰ ਸਪਾਟਾ ਵਿਭਾਗ ਨੇ ਕੋਈ ਪੱਲਾ ਨਾ ਫੜਾਇਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਪਰਵਾਸੀਆਂ ਦੇ ਮਾਮਲੇ ਪਹਿਲ ਦੇ ਆਧਾਰ ਉਤੇ ਹੱਲ ਕਰਨ ਤੇ ਉਨ੍ਹਾਂ ਨਾਲ ਬੇਇਨਸਾਫੀ ਨਾ ਹੋਣ ਦੇਣ ਦੇ ਲੱਖ ਦਾਅਵੇ ਕਰੇ, ਜਿੰਨੇ ਮਰਜੀ ਪਰਵਾਸੀ ਭਾਰਤੀ ਸਮਾਗਮ ਕਰਵਾਵੇ ਪਰ ਇਹ ਸੱਚ ਹੈ ਕਿ ਪਰਦੇਸੀਂ ਵੱਸੇ ਪੰਜਾਬੀਆਂ ਦੀਆਂ ਸਮੱਸਿਆਵਾਂ ਉਵੇਂ ਜਿਵੇਂ ਹੀ ਕਾਇਮ ਹਨ। ਅਜਿਹਾ ਹੀ ਇਕ ਮਾਮਲਾ ਅਮਰੀਕਾ ਵੱਸਦੇ ਪਰਵਾਸੀ ਪੰਜਾਬੀ ਸ. ਹਰਜੋਤ ਸਿੰਘ ਵਿਰਕ ਦਾ ਸਾਹਮਣੇ ਆਇਆ ਹੈ ਜਿਨ੍ਹਾਂ ਦੇ ਚਚੇਰੇ ਭਰਾ ਨੇ ਸਥਾਨਕ ਅਫਸਰਾਂ ਦੀ ਮਿਲੀਭੁਗਤ ਨਾਲ ਸਾਂਝੀ ਜੱਦੀ ਜਾਇਦਾਦ ਨੂੰ ਆਪਣੀ ਜਾਹਰ ਕਰਨ ਦਾ ਯਤਨ ਕੀਤਾ ਹੈ। ਸ. ਵਿਰਕ ਨੇ ਆਪਣੇ ਨਾਲ ਚਿੱਟੇ ਦਿਨ ਹੋਏ ਅਨਿਆਂ ਦਾ ਖੁਲਾਸਾ ਕਰਦਿਆਂ ਦੱਸਿਆ ਹੈ ਕਿ ਉਸ ਦੇ ਚਚੇਰੇ ਭਰਾ ਨੇ ਪੰਜਾਬ ਦੇ ਸੈਰ ਸਪਾਟਾ ਵਿਭਾਗ ਨਾਲ ਮਿਲ ਕੇ ਅਤੇ ਸਭ ਕਾਇਦੇ-ਕਾਨੂੰਨਾਂ ਦੀਆਂ ਧੱਜੀਆਂ ਉਡਾਉਂਦਿਆਂ ਉਸ ਦੇ ਹਿੱਸੇ ਆਉਂਦੀ ਜ਼ਮੀਨ ਉਤੇ ਸੈਲਾਨੀ ਕੇਂਦਰ ਮਨਜ਼ੂਰ ਕਰਵਾ ਲਿਆ ਹੈ। ਜਿਸ ਜ਼ਮੀਨ ਲਈ ਇਹ ਕੇਂਦਰ ਮਨਜ਼ੂਰ ਕਰਵਾਇਆ ਗਿਆ ਹੈ, ਉਸ ਬਾਰੇ ਕੇਸ ਵੀ ਰੂਪਨਗਰ (ਰੋਪੜ) ਅਦਾਲਤ ਵਿਚ ਪਹਿਲਾਂ ਤੋਂ ਹੀ ਵਿਚਾਰ ਅਧੀਨ ਹੈ।

ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਰਹਿੰਦੇ ਸ. ਹਰਜੋਤ ਸਿੰਘ ਵਿਰਕ ਨੇ ਦੱਸਿਆ ਕਿ ਜਿਲ੍ਹਾ ਰੂਪਨਗਰ ਦੇ ਇਤਿਹਾਸਕ ਪਿੰਡ ਭਰਤਗੜ੍ਹ ਵਿਚ ਸਥਿਤ ਕਿਲੇ ਦੀ 20 ਕਨਾਲ ਜ਼ਮੀਨ ਦਾ ਅੱਧਾ ਹਿੱਸਾ ਉਨ੍ਹਾਂ ਦੇ ਪਰਿਵਾਰ ਦਾ ਹੈ ਪਰ ਉਸ ਦੇ ਚਚੇਰੇ ਭਰਾ ਦੀਪਇੰਦਰ ਸਿੰਘ ਵਿਰਕ ਨੇ ਵਿਭਾਗ ਦੇ ਅਫਸਰਾਂ ਨਾਲ ਮਿਲ ਕੇ ਅਣਵੰਡੀ ਜਾਇਦਾਦ ਦੇ ਇੱਕ ਹਿੱਸੇ ਨੂੰ ਸੈਲਾਨੀਆਂ ਦੇ ਠਹਿਰਨ ਲਈ ਫਾਰਮ ਹਾਊਸ ਸਟੇਅ ਸਕੀਮ ਅਧੀਨ ਮਨਜ਼ੂਰ ਕਰਵਾ ਲਿਆ ਹੈ ਅਤੇ ਇਸ ਸਾਂਝੀ ਜਾਇਦਾਦ ਨੂੰ ਆਪਣੀ ਨਿੱਜੀ ਆਮਦਨ ਦਾ ਵਸੀਲਾ ਬਣਾ ਲਿਆ ਹੈ।

ਰੂਪਨਗਰ-ਨੰਗਲ ਮਾਰਗ ਉਤੇ ਪਿੰਡ ਭਰਤਗੜ੍ਹ ਵਿਖੇ ਸੜਕ ਦੇ ਪੱਛਮ ਵੱਲ ਪਹਾੜੀਆਂ ਉਤੇ ਸ਼ਾਨਦਾਰ ਕਿਲਾ ਹੈ। ਇਹ ਕਿਲਾ ਇਸ ਸਮੇਂ ਉਥੇ ਰਹਿ ਰਹੇ ਦੋ ਪਰਿਵਾਰਾਂ ਦੀ ਰਿਹਾਇਸ਼ਗਾਹ ਹੈ। ਇਹ ਪਰਿਵਾਰ ਸਿੰਘਪੁਰੀਆ ਮਿਸਲ ਦੇ ਬਾਨੀ ਸਰਦਾਰ-ਏ-ਕੌਮ ਨਵਾਬ ਕਪੂਰ ਸਿੰਘ ਦੀ ਪੀੜ੍ਹੀ ਦੀ ਨੌਵੀਂ ਪੁਸ਼ਤ ਵਿਚੋਂ ਹਨ। 1763 ਵਿਚ



ਕਿਲਾ ਭਰਤਗੜ੍ਹ

ਸਰਹਿੰਦ ਦੀ ਫਤਿਹ ਤੋਂ ਬਾਅਦ ਸਤਲੁਜ ਦਰਿਆ ਦੇ ਇਸ ਪਾਰ ਰੂਪਨਗਰ ਜ਼ਿਲ੍ਹੇ ਦਾ ਬਹੁਤ ਸਾਰਾ ਹਿੱਸਾ ਸਿੰਘਪੁਰੀਆ ਮਿਸਲ ਦੇ ਹਿੱਸੇ ਆਇਆ ਅਤੇ 1783 ਵਿਚ ਇਸ ਕਿਲੇ ਦੀ ਉਸਾਰੀ ਮਗਰੋਂ ਇਹ ਇਸ ਮਿਸਲ ਦੀਆਂ ਸਰਗਰਮੀਆਂ ਦਾ ਅਹਿਮ ਕੇਂਦਰ ਰਿਹਾ ਹੈ।

1955 ਵਿਚ ਸ. ਸੂਰਤ ਸਿੰਘ ਵਿਰਕ ਦੇ ਅਕਾਲ ਚਲਾਣੇ ਤੋਂ ਬਾਅਦ ਉਨ੍ਹਾਂ ਦੇ ਦੋ ਪੁੱਤਰ ਸ. ਨਰਿੰਦਰ ਸਿੰਘ ਵਿਰਕ ਅਤੇ ਸ. ਸੁਦਰਸ਼ਨ ਸਿੰਘ ਵਿਰਕ ਇਸ ਦੇ ਵਾਰਸ ਬਣੇ। ਬਾਕੀ ਜਾਇਦਾਦ ਦੋਹਾਂ ਪਰਿਵਾਰਾਂ ਦਰਮਿਆਨ ਸਰਕਾਰੀ ਤੌਰ 'ਤੇ ਤਕਸੀਮ ਹੋ ਚੁੱਕੀ ਹੈ, ਪਰ ਇਸ ਕਿਲੇ ਦਾ 20 ਕਨਾਲ ਦਾ ਰਕਬਾ ਉਦੋਂ ਤੋਂ ਹੀ ਅਣਵੰਡਿਆ ਪਿਆ ਹੈ। ਸ. ਨਰਿੰਦਰ ਸਿੰਘ ਦੀ ਔਲਾਦ ਵਿਚੋਂ ਦੋ ਪੁੱਤਰ ਹਰਜੋਤ ਸਿੰਘ ਵਿਰਕ (ਯੂ.ਐਸ.ਏ.), ਈਸ਼ਵਰਜੋਤ ਸਿੰਘ ਵਿਰਕ ਅਤੇ ਇਕ ਬੇਟੀ ਇੰਦਰਪ੍ਰੀਤ ਕੌਰ ਸੰਧੂ (ਯੂ.ਐਸ.ਏ.) ਹਨ ਅਤੇ ਸ. ਸੁਦਰਸ਼ਨ ਸਿੰਘ ਵਿਰਕ ਦੀ ਔਲਾਦ ਪੁੱਤਰ ਦੀਪਇੰਦਰ ਸਿੰਘ ਵਿਰਕ ਅਤੇ ਇਕ ਬੇਟੀ ਰਮਨੀਕ ਕੌਰ ਹੈ।

ਸ. ਹਰਜੋਤ ਸਿੰਘ ਮੁਤਾਬਕ ਇਹ ਕਿਲਾ ਦੋਹਾਂ ਪਰਿਵਾਰਾਂ ਦੀ ਸਾਂਝੀ ਮਲਕੀਅਤ ਹੈ ਅਤੇ ਇਸ ਦੀ ਵੰਡ ਸਬੰਧੀ ਮੁਕੱਦਮਾ ਰੂਪਨਗਰ ਅਦਾਲਤ ਵਿਚ ਚੱਲ ਰਿਹਾ ਹੈ। ਹੁਣ ਉਨ੍ਹਾਂ (ਹਰਜੋਤ ਸਿੰਘ) ਦੇ ਚਚੇਰੇ ਭਰਾ ਦੀਪਇੰਦਰ ਸਿੰਘ ਨੇ ਜ਼ਿਲ੍ਹੇ ਦੇ ਉਚ ਅਫਸਰਾਂ ਦੀ ਮਦਦ ਨਾਲ ਸੈਰ ਸਪਾਟਾ ਵਿਭਾਗ, ਪੰਜਾਬ ਨਾਲ ਮਿਲ ਕੇ ਸੈਲਾਨੀਆਂ ਦੇ ਠਹਿਰਨ ਲਈ ਇਸ ਨੂੰ 'ਫਾਰਮ ਹਾਊਸ ਸਟੇਅ' ਸਕੀਮ ਅਧੀਨ ਮਨਜ਼ੂਰ ਕਰਵਾ ਲਿਆ ਹੈ। ਇਸ ਤੋਂ ਬਾਦ ਦੀਪਇੰਦਰ ਸਿੰਘ ਵੱਲੋਂ ਅੰਗਰੇਜ਼ੀ ਦੇ ਵੱਖ-ਵੱਖ ਅਖਬਾਰਾਂ ਅਤੇ ਰਸਾਲਿਆਂ ਵਿਚ ਦਿਲਕਸ਼ ਤਸਵੀਰਾਂ ਅਤੇ ਲੇਖ ਛਪਵਾ ਕੇ ਅਤੇ ਇਸ ਦੀ ਸਾਂਭ ਸੰਭਾਲ ਬਾਰੇ ਝੂਠੇ ਤੱਥ ਅਤੇ ਵੇਰਵੇ ਦੇ ਕੇ ਇਸ ਦੇ ਆਪਣੀ ਨਿੱਜੀ ਜਾਇਦਾਦ ਦਾ ਭੁਲੇਖਾ ਪਾਉਣ ਦੀ ਕੋਸ਼ਿਸ਼ ਕੀਤੀ ਗਈ। ਸ਼ਿਕਾਇਤਕਰਤਾ ਵੱਲੋਂ ਸਮੇਂ ਸਮੇਂ ਤੇ ਸਬੰਧਤ ਅਖਬਾਰਾਂ ਕੋਲ ਤੱਥਾਂ ਦੇ ਆਧਾਰ 'ਤੇ ਸਪਸ਼ਟੀਕਰਣ ਅਤੇ ਇਤਰਾਜ਼ ਭੇਜੇ ਗਏ ਪਰ ਕਈ ਅਖਬਾਰਾਂ ਨੇ ਇਹ ਇਤਰਾਜ਼ ਨਜ਼ਰਅੰਦਾਜ਼ ਵੀ ਕੀਤੇ। ਸ. ਹਰਜੋਤ ਸਿੰਘ ਨੇ ਕਿਹਾ ਕਿ ਇਉਂ ਇਸ ਸਾਂਝੀ ਜਾਇਦਾਦ ਨੂੰ ਆਪਣੀ ਨਿੱਜੀ ਆਮਦਨ ਦਾ ਵਸੀਲਾ ਬਣਾ ਲਿਆ ਗਿਆ ਹੈ। ਉਨ੍ਹਾਂ ਦੇ ਪਰਿਵਾਰ ਦੇ ਕਿਸੇ ਵੀ ਜੀਅ ਨੂੰ ਇਸ ਦੀ ਭਿਣਕ ਤੱਕ ਨਹੀਂ ਪੈਣ ਦਿੱਤੀ ਗਈ। ਇਸ ਇਮਾਰਤ ਦੇ ਮੁੱਖ ਦੁਆਰ, ਵਿਹੜੇ ਅਤੇ ਘਰ ਦੀ ਡਿਉਢੀ ਦੋਹਾਂ ਪਰਿਵਾਰਾਂ ਦੇ ਸਾਂਝੇ ਹਨ। ਉਂਜ ਵੀ ਉਨ੍ਹਾਂ ਨੂੰ ਇਹ ਜਾਇਦਾਦ ਇਤਿਹਾਸਕ ਹੋਣ ਕਰਕੇ ਵਪਾਰਕ ਤੌਰ 'ਤੇ ਵਰਤਣ 'ਤੇ ਇਤਰਾਜ਼ ਹੈ।

ਸ. ਹਰਜੋਤ ਸਿੰਘ ਅਨੁਸਾਰ ਉਨ੍ਹਾਂ ਦੇ ਪੜਤਾਲ ਕਰਨ 'ਤੇ ਪਤਾ ਲੱਗਿਆ ਕਿ ਸੈਰ ਸਪਾਟਾ ਵਿਭਾਗ ਵੱਲੋਂ 'ਫਾਰਮ ਹਾਊਸ ਸਟੇਅ ਸਕੀਮ' ਅਧੀਨ ਪ੍ਰਵਾਨਗੀ ਦੇਣ ਤੋਂ ਪਹਿਲਾਂ ਇਸ ਜਾਇਦਾਦ ਦੀ ਮਲਕੀਅਤ ਬਾਰੇ ਮਾਲ ਮਹਿਕਮੇ ਤੋਂ ਪੁਸ਼ਟੀ ਕਰਨ ਦੀ ਕੋਈ ਕਾਰਵਾਈ ਨਹੀਂ ਕੀਤੀ ਗਈ। 2010 ਵਿਚ ਪੰਜਾਬ ਫੇਰੀ ਸਮੇਂ ਉਨ੍ਹਾਂ (ਹਰਜੋਤ ਸਿੰਘ) ਨੇ ਲਿਖਤੀ ਰੂਪ ਵਿਚ ਅਤੇ ਕਾਨੂੰਨੀ ਨੋਟਿਸ ਦੁਆਰਾ ਸੈਰ ਸਪਾਟਾ ਵਿਭਾਗ ਕੋਲ ਇਸ ਬਾਰੇ ਇਤਰਾਜ਼ ਕੀਤਾ ਸੀ ਅਤੇ ਇਸ ਇਮਾਰਤ ਨੂੰ ਇਸ ਸਕੀਮ ਵਿਚੋਂ ਕੱਢਣ ਲਈ ਦਰਖਾਸਤ ਵੀ ਦਿੱਤੀ ਸੀ। ਨਾਲ ਹੀ ਸਾਰੇ ਸਬੰਧਤ ਦਸਤਾਵੇਜ਼ ਵਿਭਾਗ ਦੇ ਹਵਾਲੇ ਕੀਤੇ ਗਏ ਸਨ। ਵਿਭਾਗ ਦੇ ਅਫਸਰਾਂ ਵੱਲੋਂ ਉਨ੍ਹਾਂ ਨੂੰ ਤਸੱਲੀ ਦਿਵਾਈ ਗਈ ਸੀ ਪਰ ਮਾਮਲਾ ਉਥੇ ਦਾ ਉਥੇ ਹੀ ਰਿਹਾ। ਅਮਰੀਕਾ ਤੋਂ ਕਈ ਟੈਲੀਫੋਨ ਕੀਤੇ ਅਤੇ ਈਮੇਲ ਵੀ ਭੇਜੇ ਗਏ ਪਰ ਵਿਭਾਗ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ।

ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਦੀਪਇੰਦਰ ਸਿੰਘ ਨੇ ਜ਼ਿਲ੍ਹਾ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਸੈਰ ਸਪਾਟਾ ਵਿਭਾਗ ਨੂੰ ਇਹ ਦੱਸਿਆ ਕਿ ਇਹ ਜਾਇਦਾਦ ਉਸ ਦੀ ਨਿੱਜੀ ਜਾਇਦਾਦ ਹੈ। ਦੂਜੇ ਪਰਿਵਾਰ ਦੀ ਹਿੱਸੇਦਾਰੀ ਅਤੇ ਮੁਕੱਦਮੇ ਬਾਰੇ ਨਾ ਦੱਸ ਕੇ ਉਸ ਨੇ ਵਿਭਾਗ ਨੂੰ ਤੱਥਾਂ ਤੋਂ ਹਨ੍ਹੇਰੇ ਵਿਚ ਰੱਖਿਆ ਹੈ। 2011 ਵਿਚ ਉਹ (ਹਰਜੋਤ ਸਿੰਘ) ਦੁਬਾਰਾ ਪੰਜਾਬ ਗਏ ਅਤੇ ਮਹਿਕਮੇ ਦੇ ਧਿਆਨ ਵਿਚ ਇੱਕ ਵਾਰ ਫਿਰ ਇਹ ਸ਼ਿਕਾਇਤ ਲਿਆਂਦੀ। ਨਾਲ ਹੀ ਘਰ ਦੇ ਨੰਬਰਾਂ ਦੀ ਫਰਦ, ਮੁਕੱਦਮੇ ਦੀ ਕਾਪੀ ਤੇ ਹੋਰ ਦਸਤਾਵੇਜ਼ ਦੁਬਾਰਾ ਵਿਭਾਗ ਦੇ ਹਵਾਲੇ ਕੀਤੇ ਗਏ। ਇਸ ਤੋਂ ਬਾਅਦ 17 ਮਈ 2012 ਨੂੰ ਮਹਿਕਮੇ ਵਲੋਂ ਇੰਸਪੈਕਸ਼ਨ ਰੱਖੀ ਗਈ। ਬਾਅਦ ਵਿਚ ਪਤਾ ਲੱਗਾ ਕਿ ਇਹ ਤਾਂ ਸਭ ਫਰਜ਼ੀ ਕਾਰਵਾਈ ਹੀ ਸੀ। ਉਸ ਇੰਸਪੈਕਸ਼ਨ ਦੀ ਰਿਪੋਰਟ ਅਜੇ ਤੱਕ ਜਾਰੀ ਨਹੀਂ ਕੀਤੀ ਗਈ। ਇਸ ਬਾਰੇ ਮਹਿਕਮੇ ਨੇ ਚੁੱਪ ਵੱਟੀ ਹੋਈ ਹੈ।

ਸ. ਹਰਜੋਤ ਸਿੰਘ ਵਿਰਕ ਅਨੁਸਾਰ ਉਨ੍ਹਾਂ ਆਪਣੇ ਵਕੀਲ ਦੁਆਰਾ ਆਰ.ਟੀ.ਆਈ. ਸੂਚਨਾ ਐਕਟ ਅਧੀਨ ਮਹਿਕਮੇ ਪਾਸੋਂ ਇਸ ਮਾਮਲੇ ਦੀ ਪ੍ਰਗਤੀ ਬਾਰੇ ਜਾਣਕਾਰੀ ਲੈਣ ਲਈ ਤਿੰਨ ਮਹੀਨੇ ਪਹਿਲਾਂ ਦਰਖਾਸਤ ਦਿੱਤੀ ਸੀ ਜਿਸ ਦੇ ਜਵਾਬ ਦੀ ਅਜੇ ਵੀ ਉਡੀਕ ਹੈ। ਡੇਢ ਮਹੀਨੇ ਦੀ ਉਡੀਕ ਤੋਂ ਬਾਅਦ ਯਾਦ ਪੱਤਰ ਵੀ ਭੇਜਿਆ ਗਿਆ ਪਰ ਉਸ ਦਾ ਵੀ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ। ਉਨ੍ਹਾਂ ਇਲਜ਼ਾਮ ਲਾਇਆ ਕਿ ਉਨ੍ਹਾਂ ਦੇ ਪਰਦੇਸ ਵਸਦੇ ਹੋਣ ਕਰ ਕੇ ਅਤੇ ਲੋਕਲ ਅਫਸਰਾਂ ਨਾਲ ਦੂਜੀ ਧਿਰ ਦਾ ਸਬੰਧ ਹੋਣ ਕਰ ਕੇ ਸੈਰ ਸਪਾਟਾ ਵਿਭਾਗ ਇਸ 'ਫਰਾਡ' ਨੂੰ ਨਜ਼ਰ ਅੰਦਾਜ਼ ਹੀ ਨਹੀਂ ਕਰ ਰਿਹਾ, ਸਗੋਂ ਖੁਦ ਇਸ 'ਫਰਾਡ' ਵਿਚ ਭਾਈਵਾਲ ਹੈ।

# ਕੁਨੈਕਟੀਕਟ ਗੋਲੀ ਕਾਂਡ ਦੇ ਬੱਚਿਆਂ ਨੂੰ ਸ਼ਰਧਾਂਜਲੀ

**ਫਰਿਜ਼ਨੋ (ਬਿਊਰੋ):** ਕੁਨੈਕਟੀਕਟ ਸਟੇਟ ਵਿਚ ਸੈਂਡੀ ਹੁੱਕ ਐਲੀਮੈਂਟਰੀ ਸਕੂਲ ਵਿਚ ਮਾਰੇ ਗਏ ਬੱਚਿਆਂ ਅਤੇ ਅਧਿਆਪਕਾਂ ਨੂੰ ਸ਼ਰਧਾਂਜਲੀ ਦੇਣ ਲਈ ਸਥਾਨਕ ਗੁਰਦੁਆਰਾ ਸਿੰਘ ਸਭਾ ਵਿਖੇ ਸ਼ਰਧਾਂਜਲੀ ਸਮਾਗਮ ਜੀ. ਐਚ. ਜੀ. ਡਾਂਸ ਐਂਡ ਸੰਗੀਤ ਅਕੈਡਮੀ ਅਤੇ ਪੰਜਾਬੀ ਸਕੂਲ ਫਰਿਜ਼ਨੋ ਦੇ ਬੱਚਿਆਂ ਵਲੋਂ ਸਮੂਹ






ਭਾਈਚਾਰੇ ਦੇ ਸਹਿਯੋਗ ਨਾਲ ਕੀਤਾ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਦੀਵਾਨ ਸਜਿਆ ਜਿਸ ਵਿਚ ਭਾਈ ਸਰਬਜੀਤ ਸਿੰਘ, ਭਾਈ ਹਰਵਿੰਦਰ ਸਿੰਘ ਅਤੇ ਭਾਈ ਮਲਕੀਤ ਸਿੰਘ ਸੁੰਦਰ ਨਗਰ ਫਗਵਾੜੇ ਵਾਲਿਆਂ ਨੇ ਸ਼ਬਦ ਕੀਰਤਨ ਕੀਤਾ। ਪ੍ਰੋ. ਗੁਰਚਰਨ ਸਿੰਘ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਗਾਥਾ ਸੰਗਤਾਂ ਨਾਲ ਸਾਂਝੀ ਕੀਤੀ।

ਇਸ ਮੌਕੇ ਬੋਲਦਿਆਂ ਵੱਖ ਵੱਖ ਬੁਲਾਰਿਆਂ ਨੇ ਲੋਕਾਂ ਵਿਚ ਵੱਧ ਰਹੀ ਬੇਚੈਨੀ ਅਤੇ ਵਿਗੜ ਰਹੀ ਮਾਨਸਿਕਤਾ 'ਤੇ ਚਿੰਤਾ ਪ੍ਰਗਟ ਕੀਤੀ। ਹਥਿਆਰਾਂ ਦੀ ਬੇਰੋਕ ਵਿਕਰੀ 'ਤੇ ਚਿੰਤਾ ਪ੍ਰਗਟਾਉਂਦਿਆਂ ਓਬਾਮਾ ਪ੍ਰਸ਼ਾਸਨ ਨੂੰ ਸਖਤ ਗਨ ਕੰਟਰੋਲ ਅਪਨਾਉਣ ਦੀ ਅਪੀਲ ਕੀਤੀ ਗਈ। ਮੁੱਖ ਬੁਲਾਰਿਆਂ ਵਿਚ ਡਾ. ਅਰਜਨ ਸਿੰਘ ਜੋਸਨ, ਬਰਾਇਨ ਬਿਲਨ, ਜਿਮ ਗਰੈਟ, ਡਾ. ਕ੍ਰਿਸ, ਸਰਵਨ ਸਿੰਘ, ਗੁਰਦੀਪ ਸਿੰਘ ਸ਼ੇਰਗਿੱਲ ਸ਼ਾਮਲ ਸਨ। ਮਨਵੀਰ ਕੌਰ ਧਾਲੀਵਾਲ, ਜਸਪ੍ਰੀਤ ਸਿੰਘ ਸਿੱਧੂ ਅਤੇ ਪ੍ਰਭਸਿਮਰਨ ਸਿੰਘ ਲਿੱਟ ਆਦਿ ਬੱਚਿਆਂ ਨੇ ਵੀ ਆਪਣੇ ਵਿਚਾਰ ਪ੍ਰਗਟਾਏ। ਮੰਚ ਸੰਚਾਲਨ ਗੁਰਪ੍ਰੀਤ ਸਿੰਘ ਮਾਨ ਨੇ ਕੀਤਾ। ਇਸ ਸਮੇਂ ਸੈਂਡੀ ਹੁਕ ਸਕੂਲ ਲਈ ਫੰਡ ਵੀ ਇਕੱਤਰ ਕੀਤਾ ਗਿਆ ਜੋ ਬੱਚਿਆਂ ਦੀ ਯਾਦਗਾਰ ਬਣਾਉਣ ਲਈ ਸਕੂਲ ਨੂੰ ਭੇਜਿਆ ਜਾਵੇਗਾ। ਲੰਗਰ ਦੀ ਸੇਵਾ ਨਿਰਮਲ ਸਿੰਘ ਗਿੱਲ ਤੇ ਧਨੋਲਾ ਪਰਿਵਾਰ ਵੱਲੋਂ ਕੀਤੀ ਗਈ।

ਇਸ ਸਮਾਗਮ ਵਿਚ ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ, ਗੁਰੂ ਨਾਨਕ ਸਿੱਖ ਟੈਂਪਲ ਅਤੇ ਸਪੋਰਟਸ ਕਲੱਬ ਸਨਵਾਕੀਨ, ਇੰਡੋ ਯੂ ਐਸ ਹੈਰੀਟੇਜ ਫੋਰਮ ਫਰਿਜ਼ਨੋ ਦੇ ਨੁਮਾਇੰਦਿਆਂ ਤੋਂ ਇਲਾਵਾ ਪਰਮਜੀਤ ਸਿੰਘ ਧਾਲੀਵਾਲ, ਉਦੈਦੀਪ ਸਿੰਘ ਸਿੱਧੂ, ਹਰਜਿੰਦਰ ਸਿੰਘ ਢਿੱਲੋਂ (ਪ੍ਰਧਾਨ), ਭਾਈ ਜਸਵੰਤ ਸਿੰਘ, ਮਹਿੰਦਰ ਸਿੰਘ ਗਰੇਵਾਲ, ਡਾ. ਸੁਦਰਸ਼ਨ ਕਪੂਰ, ਜਗਰੂਪ ਸਿੰਘ ਧਾਲੀਵਾਲ, ਸੁਖਦੇਵ ਸਿੰਘ ਚੀਮਾ, ਬਸੰਤ ਸਿੰਘ ਧਾਲੀਵਾਲ, ਸ਼ੌਕਤ ਅਲੀ, ਡਾ. ਗੁਦਾਵਰ ਸਿੰਘ ਧਾਲੀਵਾਲ, ਗੁੱਡੀ ਸਿੱਧੂ, ਗੁਲਵਿੰਦਰ ਸਿੰਘ ਢੇਸੀ, ਸਤਵੀਰ ਸਿੰਘ ਹੀਰ, ਅਵਤਾਰ ਸਿੰਘ ਗਰੇਵਾਲ, ਸਾਧੂ ਸਿੰਘ ਸੰਘਾ, ਸਿੱਧੂ ਦਮਦਮੀ, ਸੰਤੋਖ ਸਿੰਘ ਮਿਨਹਾਸ, ਪਾਲ ਸਿੰਘ ਧਾਲੀਵਾਲ, ਗੁਰਦੀਪ ਸਿੰਘ ਅਣਖੀ ਅਤੇ ਹੋਰ ਪਤਵੰਤੇ ਹਾਜ਼ਰ ਹੋਏ।

## ਬਾਬਾ ਹਰਨਾਮ ਸਿੰਘ ਮੋਇਲਾ ਸੁਰਗਵਾਸ

**ਸੈਨ ਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ):** ਗੜ੍ਹਸ਼ੰਕਰ ਕਸਬੇ ਲਾਗਲੇ ਪਿੰਡ ਮੋਇਲਾ ਵਾਹਿਦਪੁਰ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਹਰਨਾਮ ਸਿੰਘ ਬੀਤੇ ਦਿਨੀਂ ਗੁਰਪੁਰੀ ਸਿਧਾਰ ਗਏ। ਜਵਾਨ ਅਵਸਥਾ ਵਿਚ ਹੀ ਉਹ ਨਿਹੰਗ ਸਿੰਘ ਬਾਬਾ ਹਰਨਾਮ ਸਿੰਘ ਦੇ ਸਾਥੀ ਬਣ ਗਏ ਸਨ।



ਗੁਰੂ ਕੇ ਲੰਗਰਾਂ ਵਿਚ ਉਨ੍ਹਾਂ ਦੀ ਅਣਥਕ ਸੇਵਾ ਤੋਂ ਖੁਸ਼ ਹੁੰਦਿਆਂ ਨਿਹੰਗ ਸਿੰਘ ਨੇ ਬਾਬਾ ਹਰਨਾਮ ਸਿੰਘ ਦਾ ਨਾਂ 'ਭਾਈ ਲਾਂਗਰਾ ਸਿੰਘ' ਹੀ ਰੱਖ ਦਿੱਤਾ ਸੀ।

ਸਹਿਜ, ਸਾਦਗੀ, ਸੇਵਾ ਅਤੇ ਸਿਮਰਨ ਨੂੰ ਸਮਰਪਿਤ ਇਸ ਮਹਾਨ ਸ਼ਖਸੀਅਤ ਨੇ ਲੁਧਿਆਣਾ ਦੇ ਇਕ ਹਸਪਤਾਲ ਵਿਚ ਆਪਣੀ 92 ਸਾਲ ਲੰਮੀ ਉਮਰ ਦਾ ਆਖਰੀ ਸਵਾਸ ਲਿਆ। ਉਨ੍ਹਾਂ ਦੇ ਸ਼ਰਧਾਲੂ ਨਰਿੰਦਰ ਸਿੰਘ ਬਾਂਦੀ ਅਤੇ ਭਾਈ ਮਲੈਲ ਸਿੰਘ ਸਰਾਂ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਬਾਬਾ ਹਰਨਾਮ ਸਿੰਘ ਦਾ ਬਬਰਾਂ ਦੇ ਪਿੰਡ ਦੌਲਤਪੁਰ ਨਾਲ ਵੀ ਗੂੜ੍ਹਾ ਸਬੰਧ ਰਿਹਾ ਹੈ।

# ਪ੍ਰੋ. ਧੂੰਦਾ ਨੂੰ ਕਥਾ ਵਿਚਾਰ ਲਈ ਸਮਾਂ ਨਾ ਦੇਣ ਦਾ ਵਿਰੋਧ

**ਸੈਨ ਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ):** ਗੁਰਮਤਿ ਪ੍ਰਚਾਰਕ ਪ੍ਰੋ. ਸਰਬਜੀਤ ਸਿੰਘ ਧੂੰਦਾ ਦੇ ਕੈਲੀਫੋਰਨੀਆ ਦੌਰੇ ਨੂੰ ਲੈ ਕੇ ਸੰਗਤਾਂ ਵਿਚ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਜਿਥੇ ਬਹੁਤੇ ਗੁਰੂ ਘਰਾਂ ਵਿਚ ਉਨ੍ਹਾਂ ਦੇ ਵਿਸ਼ੇਸ਼ ਪ੍ਰੋਗਰਾਮ ਰੱਖੇ ਗਏ ਹਨ, ਉਥੇ ਗੁਰਦੁਆਰਾ ਸੈਨ ਹੋਜ਼ੇ ਅਤੇ ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧਕਾਂ ਨੇ ਪ੍ਰੋ. ਧੂੰਦਾ ਨੂੰ ਕਥਾ ਵਿਚਾਰ ਲਈ ਸਮਾਂ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਪ੍ਰੋ. ਧੂੰਦਾ ਇਨ੍ਹੀਂ ਦਿਨੀਂ ਵਰਲਡ ਸਿੱਖ ਫੈਡਰੇਸ਼ਨ ਵਲੋਂ ਉਲੀਕੇ ਗਏ ਪ੍ਰੋਗਰਾਮ ਤਹਿਤ ਗੁਰਮਤਿ ਪ੍ਰਚਾਰ ਲਈ ਅਮਰੀਕਾ ਦੌਰੇ 'ਤੇ ਹਨ।

ਵਰਲਡ ਸਿੱਖ ਫੈਡਰੇਸ਼ਨ ਨੇ ਗੁਰਦੁਆਰਾ ਸੈਨ ਹੋਜ਼ੇ ਅਤੇ ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧਕਾਂ ਦੇ ਫੈਸਲੇ ਉਤੇ ਤਿੱਖਾ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ, "ਗੁਰਦੁਆਰਾ ਸੈਨ ਹੋਜ਼ੇ ਅਤੇ ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧਕਾਂ ਨੇ ਜੋ ਡਿਕਟੇਟਰੀ ਹੁਕਮ ਚਾੜ੍ਹ ਕੇ ਨਿਧੜਕ ਗੁਰਮਤਿ ਪ੍ਰਚਾਰਕ ਪ੍ਰੋ. ਸਰਬਜੀਤ ਸਿੰਘ ਧੂੰਦਾ ਨੂੰ ਕਥਾ ਵਿਚਾਰ ਕਰਨ ਤੋਂ ਰੋਕਿਆ ਹੈ, ਅਸੀਂ ਇਸ ਹੈਂਕੜ ਭਰੇ ਫੈਸਲੇ ਵਿਰੁਧ ਪੂਰੇ ਤੱਥ ਲੈ ਕੇ ਸੰਗਤਾਂ ਵਿਚ ਜਾਵਾਂਗੇ ਤਾਂ ਕਿ ਵੋਟ ਸਿਆਸਤ ਦੇ ਨਜ਼ਰੀਏ ਤੋਂ ਗੁਰਦੁਆਰਾ ਪ੍ਰਬੰਧ ਉਤੇ ਆਪਣੀ ਜਕੜ ਬਣਾਈ ਰੱਖਣ ਦੇ ਚਾਹਵਾਨ ਇਨ੍ਹਾਂ ਬੇਦਲੀਲੇ ਪ੍ਰਬੰਧਕਾਂ ਦੇ ਅਸਲ ਮਨਸੂਬੇ ਜੱਗ ਜਾਹਰ ਕੀਤੇ ਜਾ ਸਕਣ।" ਇਲੈਕਟ੍ਰਾਨਿਕ ਮੀਡੀਏ ਰਾਹੀਂ ਗੁਰਮਤਿ ਪ੍ਰਚਾਰ ਵਿਚ ਜੁਟੀ ਇਸ ਸੰਸਥਾ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਅਮਰੀਕਾ ਭਰ ਤੋਂ ਵੱਡੀ ਗਿਣਤੀ ਵਿਚ ਗੁਰਦੁਆਰਾ ਪ੍ਰਬੰਧਕਾਂ ਨੇ ਪ੍ਰੋ. ਧੂੰਦਾ ਨੂੰ ਖੁੱਲ੍ਹਾ ਸਮਾਂ ਦੇਣ ਲਈ ਪਹੁੰਚ ਕੀਤੀ ਹੈ ਪਰ ਇਨ੍ਹਾਂ ਦੋਹਾਂ ਗੁਰੂ ਘਰਾਂ ਦੇ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਸਮਾਂ ਦੇਣ ਤੋਂ ਨਾਂਹ ਕੀਤੀ ਹੈ।

ਸੰਸਥਾ ਨੇ ਦੋਸ਼ ਲਾਇਆ ਹੈ ਕਿ ਇਨ੍ਹਾਂ ਗੁਰੂ ਘਰਾਂ ਦੇ ਪ੍ਰਬੰਧਕਾਂ ਨੇ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਅਤੇ ਇਸ ਦੀ ਪ੍ਰਵਾਨਿਤ ਰਹਿਤ ਮਰਿਆਦਾ ਦੇ ਪ੍ਰਚਾਰਕ ਪ੍ਰੋ. ਧੂੰਦਾ 'ਤੇ ਰੋਕ ਲਾ ਕੇ ਇਕ ਨਵੀਂ ਪਿਰਤ ਪਾਈ ਹੈ ਜਿਸ ਤੋਂ ਨਿਕਲਣ ਵਾਲੇ ਨਤੀਜਿਆਂ ਤੋਂ ਇਹ ਪ੍ਰਬੰਧਕ ਹੀ ਜ਼ਿੰਮੇਵਾਰ ਹੋਣਗੇ। ਸੰਸਥਾ ਨੇ ਇਹ ਵੀ ਕਿਹਾ ਹੈ ਕਿ ਇਨ੍ਹਾਂ ਦੋ ਗੁਰੂ ਘਰਾਂ ਦੇ ਫੈਸਲੇ ਵਿਰੁਧ ਸੰਗਤ ਨੂੰ



ਜਾਗਰੂਕ ਕਰਨ ਲਈ ਜ਼ੋਰਦਾਰ ਮੁਹਿੰਮ ਛੇੜੀ ਜਾਵੇਗੀ।

ਜ਼ਿਕਰਯੋਗ ਹੈ ਕਿ ਪ੍ਰੋ. ਧੂੰਦਾ ਦੀ ਇਸ ਫੇਰੀ ਦੌਰਾਨ ਰੇਡੀਓ ਚੜ੍ਹਦੀ ਕਲਾ ਤੋਂ 2 ਜਨਵਰੀ ਬੁੱਧਵਾਰ ਰਾਤ 8 ਤੋਂ 10 ਵਜੇ ਤੱਕ ਉਨ੍ਹਾਂ ਨਾਲ ਟਾਕ ਸ਼ੋਅ ਹੋਵੇਗਾ।

## 7 ਜਨਵਰੀ ਨੂੰ ਸੈਲਮਾ ਪਹੁੰਚਣਗੇ

**ਫਰਿਜ਼ਨੋ:** ਬਹੁ-ਚਰਚਿਤ ਕਥਾਕਾਰ ਭਾਈ ਸਰਬਜੀਤ ਸਿੰਘ ਧੂੰਦਾ ਆਪਣੀ ਅਮਰੀਕਾ ਫੇਰੀ ਦੌਰਾਨ 7 ਅਤੇ 8 ਜਨਵਰੀ ਨੂੰ ਪੈਸੇਫਿਕ ਸਿੱਖ ਸੈਂਟਰ ਗੁਰਦੁਆਰਾ ਸੈਲਮਾ ਅਤੇ 9 ਜਨਵਰੀ ਨੂੰ ਗੁਰਦੁਆਰਾ ਖਾਲਸਾ ਸੈਲਮਾ ਦੀਵਾਨ ਸੁਸਾਇਟੀ ਕਰੱਦਰ ਵਿਖੇ ਸ਼ਾਮ ਦੇ ਦੀਵਾਨਾਂ ਵਿਚ ਹਾਜ਼ਰੀ ਭਰਨਗੇ।

ਇਸ ਤੋਂ ਇਲਾਵਾ 13 ਜਨਵਰੀ ਨੂੰ ਉਹ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਦੁਪਹਿਰ 12 ਵਜੇ ਤੋਂ 1:30 ਵਜੇ ਤੱਕ ਅਤੇ ਇਸੇ ਦਿਨ ਸ਼ਾਮ ਨੂੰ ਗੁਰਦੁਆਰਾ ਅਨੰਦਗੜ੍ਹ ਸਾਹਿਬ ਕਰਮਨ ਵਿਖੇ ਸ਼ਾਮ 7:15 ਤੋਂ 8:15 ਤੱਕ ਸੰਗਤਾਂ ਨੂੰ ਸੰਬੋਧਨ ਕਰਨਗੇ। ਹੋਰ ਜਾਣਕਾਰੀ ਲਈ ਰਛਪਾਲ ਸਿੰਘ ਨਾਲ ਫੋਨ 559-994-3467 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਗਦਰ ਮੈਮੋਰੀਅਲ ਹਾਲ ਨੂੰ ਲੋਕ ਅਰਪਣ ਕਰਨ ਬਾਰੇ ਐਲਾਨ ਪ੍ਰਧਾਨ ਮੰਤਰੀ 8 ਨੂੰ ਕਰਨਗੇ

**ਸੈਕਰਾਮੈਂਟੋ (ਬਿਊਰੋ):** ਗਦਰੀ ਬਾਬਿਆਂ ਦੀ ਯਾਦ 'ਚ ਸੈਨ ਫਰਾਂਸਿਸਕੋ ਵਿਚਲੇ ਗਦਰ ਮੈਮੋਰੀਅਲ ਹਾਲ ਨੂੰ ਲਾਇਬਰੇਰੀ ਅਤੇ ਗਦਰ ਮਿਊਜ਼ੀਅਮ ਵਿਚ ਤਬਦੀਲ ਕਰਨ ਦਾ ਐਲਾਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ 7 ਅਤੇ 8 ਜਨਵਰੀ ਨੂੰ ਭਾਰਤ ਦੇ ਸ਼ਹਿਰ ਕੋਚੀ ਵਿਚ ਹੋ ਰਹੇ ਪਰਵਾਸੀ ਭਾਰਤੀ ਸੰਮੇਲਨ ਦੌਰਾਨ 8 ਜਨਵਰੀ ਨੂੰ ਗਦਰ ਸੈਸ਼ਨ ਦੌਰਾਨ ਕਰਨਗੇ। ਇਸ ਐਲਾਨ ਉਪਰੰਤ ਇਹ ਹਾਲ ਹਫਤੇ ਵਿਚ ਪੰਜ ਦਿਨ ਆਮ ਲੋਕਾਂ ਲਈ ਖੁੱਲ੍ਹਾ ਰਹੇਗਾ ਅਤੇ ਇਸ ਦਾ ਸਾਰਾ ਖਰਚਾ ਕੇਂਦਰ ਸਰਕਾਰ ਆਪਣੇ ਬਜਟ ਵਿਚੋਂ ਦੇਵੇਗੀ। ਗਦਰੀ ਬਾਬਿਆਂ ਬਾਰੇ ਇਕ ਡਾਕ ਟਿਕਟ ਵੀ ਪ੍ਰਧਾਨ ਮੰਤਰੀ ਇਸੇ ਸਮਾਗਮ ਦੌਰਾਨ ਜਾਰੀ ਕਰਨਗੇ। ਸੂਤਰਾਂ ਅਨੁਸਾਰ ਗਦਰ ਸੈਸ਼ਨ ਦੀ ਪ੍ਰਧਾਨਗੀ ਡਾ. ਹਰੀਸ਼ ਪੁਰੀ ਕਰਨਗੇ।

ਜ਼ਿਕਰਯੋਗ ਹੈ ਕਿ ਗਦਰ ਮੈਮੋਰੀਅਲ ਹਾਲ ਆਉਂਦੀ 2 ਜਨਵਰੀ ਨੂੰ ਸਵੇਰੇ 11 ਵਜੇ ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲ ਜਨਰਲ ਐਨ ਪਾਰਥਾਸਾਰਥੀ ਆਮ ਲੋਕਾਂ ਲਈ ਖੋਲ੍ਹਣਗੇ। ਭਾਰਤੀ ਭਾਈਚਾਰੇ ਵਲੋਂ ਇਕ ਲੰਮੇ ਅਰਸੇ ਤੋਂ ਮੰਗ ਕੀਤੀ ਜਾ ਰਹੀ ਸੀ ਕਿ ਗਦਰ ਲਹਿਰ ਦੀ ਇਸ ਯਾਦਗਾਰ ਨੂੰ ਆਮ ਲੋਕਾਂ ਲਈ ਖੋਲ੍ਹਿਆ ਜਾਵੇ। ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮੈਰਿਕਾ, ਸੈਕਰਾਮੈਂਟੋ ਅਤੇ ਗਦਰੀ ਬਾਬਿਆਂ ਦੀ ਯਾਦ ਵਿਚ ਮੇਲੇ ਕਰਵਾਉਣ ਵਾਲੀਆਂ ਹੋਰ ਜਥੇਬੰਦੀਆਂ ਲਗਾਤਾਰ ਭਾਰਤ ਸਰਕਾਰ ਉਤੇ ਇਸ ਸਬੰਧੀ ਜ਼ੋਰ ਪਾ ਰਹੀਆਂ ਸਨ। ਕੁਝ ਮਹੀਨੇ ਪਹਿਲਾਂ ਅਮਰੀਕਾ ਦੌਰੇ 'ਤੇ ਆਏ ਕਮਿਊਨਿਸਟ ਆਗੂ ਸੀਤਾ ਰਾਮ ਯੇਚੁਰੀ ਨੂੰ ਵੀ ਇਨ੍ਹਾਂ ਜਥੇਬੰਦੀਆਂ ਵਲੋਂ ਇਸ ਸਬੰਧੀ ਇਕ ਮੈਮੋਰੰਡਮ ਪ੍ਰਧਾਨ ਮੰਤਰੀ ਨੂੰ ਦੇਣ ਲਈ ਦਿੱਤਾ ਗਿਆ ਸੀ। ਗਦਰ ਮੈਮੋਰੀਅਲ ਫਾਊਂਡੇਸ਼ਨ ਦੇ ਪ੍ਰਧਾਨ ਸ. ਚਰਨ ਸਿੰਘ ਜੱਜ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਇੰਜ ਭਾਰਤੀ ਲੋਕਾਂ ਦੀ ਚਿਰੋਕਣੀ ਮੰਗ ਪੂਰੀ ਹੋ ਜਾਵੇਗੀ ਅਤੇ ਗਦਰੀ ਬਾਬਿਆਂ ਨੂੰ ਇਹ ਸਹੀ ਸ਼ਰਧਾਂਜਲੀ ਹੋਵੇਗੀ।

## ਐਨ.ਆਰ.ਆਈ. ਸਭਾ ਦੀ ਚੋਣ ਲਈ ਹੋਵੇਗੀ ਸਖ਼ਤ ਟੱਕਰ

**ਚੰਡੀਗੜ੍ਹ (ਬਿਊਰੋ):** ਐਨ.ਆਰ.ਆਈ. ਸਭਾ ਪੰਜਾਬ ਦੀ ਚੋਣ 27 ਜਨਵਰੀ ਨੂੰ ਹੋ ਰਹੀ ਹੈ ਜਿਸ ਵਿਚ ਇਹ ਵਾਰ ਸਖ਼ਤ ਟੱਕਰ ਹੋਣ ਦੀ ਉਮੀਦ ਹੈ। ਚੋਣ ਲਈ ਮੈਂਬਰ ਬਣਨ ਦੀ ਆਖਰੀ ਤਾਰੀਖ 31 ਦਸੰਬਰ ਸੀ। ਇਸ ਦਿਨ ਤੱਕ ਬਣੇ ਐਨ.ਆਰ.ਆਈ. ਵੋਟਰ ਹੀ ਆਖਰੀ ਵੋਟ ਦਾ ਇਸਤੇਮਾਲ ਕਰ ਸਕਣਗੇ। ਪਹਿਲੀ ਵਾਰ ਪ੍ਰਧਾਨ ਦੀ ਚੋਣ ਵਿਚ ਸਿਰਫ ਮੈਂਬਰ ਹੀ ਖੁਦ ਵੋਟ ਪਾ ਸਕੇਗਾ।

ਨਾਮਜ਼ਦ ਵਿਅਕਤੀਆਂ ਨੂੰ ਵੋਟ ਦਾ ਦਿੱਤਾ ਹੱਕ ਹੁਣ ਖਤਮ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਸਭਾ ਦੇ 40 ਮੈਂਬਰ ਬਣਾਉਣ ਵਾਲੇ ਨੂੰ ਡੈਲੀਗੇਟ ਤੇ 200 ਮੈਂਬਰ ਬਣਾਉਣ ਵਾਲੇ ਨੂੰ ਡਾਇਰੈਕਟਰ ਦਾ ਰੁਤਬਾ ਦਿੱਤਾ ਸੀ। ਡੈਲੀਗੇਟ ਨੂੰ ਪੰਜ ਤੇ ਡਾਇਰੈਕਟਰ 10 ਵੋਟਾਂ ਪਾਉਣ ਦਾ ਅਧਿਕਾਰ ਦਿੱਤਾ ਗਿਆ ਸੀ। ਨਵੇਂ ਫ਼ੈਸਲੇ ਮੁਤਾਬਕ ਹੁਣ ਕਿਸੇ ਨੂੰ ਇਕ ਤੋਂ ਵੱਧ ਵੋਟ ਦਾ ਅਧਿਕਾਰ ਨਹੀਂ। ਹਰ ਮੈਂਬਰ ਇਕ ਵੋਟ ਹੀ ਪਾਉਣ ਦਾ ਹੱਕਦਾਰ ਹੋਵੇਗਾ ਤੇ ਹਰ ਮੈਂਬਰ ਨੂੰ ਵੋਟ ਪਾਉਣ ਲਈ ਖੁਦ ਹਾਜ਼ਰ ਹੋਣਾ ਪਵੇਗਾ।

ਐਨ. ਆਰ. ਆਈ. ਸਭਾ ਦੇ ਚੇਅਰਮੈਨ ਅਨੁਰਾਗ ਵਰਮਾ ਨੇ ਦੱਸਿਆ ਕਿ 31 ਦਸੰਬਰ ਤੱਕ ਆਏ ਵੋਟਰਾਂ ਦੀ ਸੂਚੀ ਸਭਾ ਦੀ ਵੈੱਬਸਾਈਟ ਉਪਰ ਪਾ ਦਿੱਤੀ ਗਈ ਹੈ ਤੇ 15 ਜਨਵਰੀ ਤੱਕ ਇਤਰਾਜ਼ ਮੰਗੇ ਗਏ ਹਨ। ਇਤਰਾਜ਼ਾਂ ਉੱਪਰ ਸੁਣਵਾਈ ਤੋਂ ਬਾਅਦ ਅੰਤਿਮ ਸੂਚੀ ਜਾਰੀ ਕਰ ਦਿੱਤੀ ਜਾਵੇਗੀ। ਸਭਾ ਦੇ ਵੋਟਰਾਂ ਦੀ ਗਿਣਤੀ ਇਸ ਸਮੇਂ 18 ਹਜ਼ਾਰ ਦੇ ਕਰੀਬ ਹੈ ਤੇ ਨਵੀਂ ਮੈਂਬਰਸ਼ਿਪ ਨਾਲ ਹੁਣ ਇਹ ਗਿਣਤੀ 19 ਹਜ਼ਾਰ ਤੋਂ ਟੱਪਣ ਦੀ ਉਮੀਦ ਹੈ।

ਸਭਾ ਦੇ ਪ੍ਰਧਾਨ ਦੀ ਚੋਣ ਪਹਿਲਾਂ ਇਕੋ ਦਿਨ ਵਿਚ ਹੁੰਦੀ ਸੀ। ਸਵੇਰੇ ਹਾਜ਼ਰ ਮੈਂਬਰ ਜਾਂ ਉਨ੍ਹਾਂ ਦੇ ਨਾਮਿਨੀ ਪਹਿਲਾਂ ਸਰਬਸੰਮਤੀ ਨਾਲ ਪ੍ਰਧਾਨ ਬਣਾਉਣ ਦਾ ਯਤਨ ਕਰਦੇ ਸਨ, ਅਜਿਹਾ ਨਾ ਹੋਣ ਕਾਰਨ ਮੌਕੇ ਉੱਪਰ ਹੀ ਉਮੀਦਵਾਰਾਂ ਦਾ ਐਲਾਨ ਕਰਕੇ ਵੋਟਾਂ ਪਵਾਈਆਂ ਜਾਂਦੀਆਂ ਸਨ। ਇਕੋ ਦਿਨ ਵਿਚ ਸਾਰੀ ਪ੍ਰਕਿਰਿਆ ਪੂਰੀ ਹੋਣ ਕਾਰਨ ਕਈ ਤਰ੍ਹਾਂ ਦੇ ਸੁਆਲ ਉਠਦੇ ਸਨ। ਇਸ ਵਾਰ ਸਰਕਾਰ ਨੇ ਚੋਣਾਂ ਬਕਾਇਦਾ ਚੋਣ ਪ੍ਰਕ੍ਰਿਆ ਰਾਹੀਂ ਕਰਵਾਉਣ ਦੀ ਵਿਵਸਥਾ ਕੀਤੀ ਹੈ।

ਨਵੇਂ ਪ੍ਰੋਗਰਾਮ ਮੁਤਾਬਕ 16 ਤੇ 17 ਜਨਵਰੀ ਨੂੰ ਨਾਮਜ਼ਦਗੀ ਪੱਤਰ ਦਾਖਲ ਹੋਣਗੇ। 18 ਜਨਵਰੀ ਨੂੰ ਕਾਗਜ਼ਾਂ ਦੀ ਛਾਣਬੀਣ ਹੋਵੇਗੀ। 20 ਜਨਵਰੀ ਤੱਕ ਸਰਬਸੰਮਤੀ ਦਾ ਯਤਨ ਤੇ ਨਾਮਜ਼ਦਗੀ ਕਾਗਜ਼ ਵਾਪਸ ਲੈਣ ਦਾ ਸਮਾਂ ਹੋਵੇਗਾ। ਆਖਰ 27 ਜਨਵਰੀ ਨੂੰ ਸਵੇਰੇ 9 ਤੋਂ 5 ਵਜੇ ਤੱਕ ਵੋਟਾਂ ਪੈਣਗੀਆਂ ਤੇ ਉਸੇ ਦਿਨ ਗਿਣਤੀ ਤੋਂ ਬਾਅਦ ਨਤੀਜੇ ਦਾ ਐਲਾਨ ਹੋਵੇਗਾ।

ਸਭਾ ਦੀ ਚੋਣ ਇਸ ਵਾਰ ਤਿੰਨ ਸਾਲ ਬਾਅਦ ਹੋ ਰਹੀ ਹੈ ਕਿਉਂਕਿ ਪਿਛਲੇ ਸਾਲ ਮਿੱਥੇ ਸਮੇਂ ਉਪਰ ਚੋਣ ਨਹੀਂ ਸੀ ਹੋ ਸਕੀ। ਇਸ ਵਾਰ ਵੀ ਪਹਿਲਾਂ ਵਾਲੇ ਤਿੰਨ ਉਮੀਦਵਾਰ ਹਾਲੇ ਤੱਕ ਮੈਦਾਨ ਵਿਚ ਹਨ। ਸਭਾ ਦੇ ਦੋ ਵਾਰ ਲਗਾਤਾਰ ਪ੍ਰਧਾਨ ਰਹਿ ਚੁੱਕੇ ਕਮਲਜੀਤ ਸਿੰਘ ਹੇਅਰ ਤੀਜੀ ਵਾਰ ਅਹੁਦੇ ਲਈ ਜ਼ੋਰ ਅਜ਼ਮਾਈ ਕਰ ਰਹੇ ਹਨ ਜਦਕਿ ਪਿਛਲੇ ਦੋ ਵਾਰ ਉਨ੍ਹਾਂ ਖਿਲਾਫ਼ ਚੋਣ ਲੜਨ ਵਾਲੇ ਪ੍ਰੀਤਮ ਸਿੰਘ ਨਾਰੰਗਪੁਰ ਤੇ ਜਸਬੀਰ ਸਿੰਘ ਸ਼ੇਰਗਿੱਲ ਵੀ ਮੁੜ ਚੋਣ ਲੜਨ ਵਾਸਤੇ ਸਰਗਰਮ ਹਨ।


# Indian Restaurant For Sale

## ਇੰਡੀਅਨ ਰੈਸਟੋਰੈਂਟ ਵਿਕਾਊ ਹੈ

ਇੰਡੀਅਨਐਪੋਲਿਸ (ਇੰਡੀਆਨਾ) ਵਿਚ ਚੰਗਾ ਚਲਦਾ ਭਾਰਤੀ ਰੈਸਟੋਰੈਂਟ 80 ਸੀਟਾਂ, ਬੀਅਰ ਅਤੇ ਲਿਕਰ ਲਾਈਸੈਂਸ ਸਮੇਤ ਵਿਕਾਊ ਹੈ। ਬਹੁਤੇ ਗਾਹਕ ਅਮਰੀਕਨ ਗੋਰੇ, ਕੈਟਰਿੰਗ ਦਾ ਵੀ ਚੰਗਾ ਕਾਰੋਬਾਰ। **ਮਾਸਕ ਰੈਂਟ 3300 ਡਾਲਰ**

**ਕਾਲ ਕਰੋ: 317-313-9651**



## ਮੈਥ ਅਤੇ ਸਾਇੰਸ ਦੀ ਟਿਊਸ਼ਨ

ਐਲੀਮੈਂਟਰੀ, ਮਿਡਲ ਅਤੇ ਹੋਰ ਕਲਾਸਾਂ ਲਈ ਮੈਥ ਅਤੇ ਸਾਇੰਸ ਦੀਆਂ ਕਲਾਸਾਂ ਵਾਸਤੇ ਅਨੁਭਵੀ ਕੈਲੀਫੋਰਨੀਆ ਕਰੀਡੈਂਸ਼ੀਅਲਡ ਟੀਚਰ ਅਤੇ ਹੋਰ ਅਨੁਭਵੀ ਟਿਊਟਰ, ਜੋ ਹੋਮ ਵਰਕ ਕਰਾਉਣ ਵਿਚ ਵੀ ਮਾਹਿਰ ਹਨ।

ਸੰਪਰਕ: http://fremonttutorialhome.weebly.com/

**ਫੋਨ: 510-304-1475**



# Are You Tired Of All Treatments?

## Try Homeopathic Natural Medicines (HNM)

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**



*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***



## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

***National Truck Driving School***

## ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**
**Yuba City Ph:530-383-2785**

**1816 Main Ave., Secramento CA, 95838**




# Buy or Sell

*House, Liquor Store, Gas Station etc.*

## In Bay Area & Central Valley

* For Quick Short Sale
* Refinance @ Zero Cost
* Home Loans & SBA Loans
* Free Loan Approval Letter



**Raj Singh**
MA, Med.
(Retd. Principal)
Realtor/Notary
CA DRE#01776459
Mortgage Specialist
NMLS#361690

SMS or Call @
**510-452-7370**

www.singhraj.bayeastweb.com
**Fax: 510-490-9703**

MISSIONPEAK BROKERS, INC. PEAK OF EXCELLENCE

**46560 Fremont Blvd., Suite#111, Fremont, CA 94538**

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਰਤ ਅਸਫਲ ਸਟੇਟ?

*(ਸਫਾ ਇਕ ਦੀ ਬਾਕੀ)*

ਕਰਦੇ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ ਪਿਛਲੇ ਕਰੀਬ ਇਕ ਦਹਾਕੇ ਦੌਰਾਨ ਵੱਖ-ਵੱਖ ਰਾਜਾਂ ਵਿਚ ਦੇਸ਼ ਦੀਆਂ 167836 ਔਰਤਾਂ ਜਬਰ ਜਨਾਹ ਦੀਆਂ ਸ਼ਿਕਾਰ ਹੋਈਆਂ ਹਨ। ਪੰਜਾਬ ਵਿਚ ਇਸੇ ਸਮੇਂ ਦੌਰਾਨ 3754 ਔਰਤਾਂ ਨੂੰ ਜਬਰ ਜਨਾਹ ਦਾ ਸੰਤਾਪ ਭੋਗਣਾ ਪਿਆ ਹੈ। ਦਿੱਲੀ ਵਿਚ ਸਾਲ 2012 ਦੌਰਾਨ ਬਲਾਤਕਾਰ ਦੇ 635 ਕੇਸ ਦਰਜ ਹੋਏ ਪਰ ਅਜੇ ਤੱਕ ਇਨ੍ਹਾਂ ਵਿਚੋਂ ਸਿਰਫ ਇਕ ਜਣੇ ਨੂੰ ਸਜ਼ਾ ਹੋਈ ਹੈ। ਗ੍ਰਿਹ ਮੰਤਰਾਲੇ ਮੁਤਾਬਕ ਦਿੱਲੀ ਪੁਲਿਸ ਨੇ ਜਨਵਰੀ ਤੋਂ ਨਵੰਬਰ ਤੱਕ ਜਬਰ ਜਨਾਹ ਦੇ 635 ਕੇਸ ਦਰਜ ਕੀਤੇ ਅਤੇ ਇਸ ਸਬੰਧੀ 754 ਜਣਿਆਂ ਨੂੰ ਕਾਬੂ ਕੀਤਾ ਗਿਆ। ਇਨ੍ਹਾਂ ਮੁਲਜ਼ਮਾਂ ਵਿਚੋਂ ਸਿਰਫ ਇਕ ਨੂੰ ਸਜ਼ਾ ਹੋਈ ਹੈ। 403 ਮੁਲਜ਼ਮ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਹਨ ਅਤੇ 348 ਮੁਲਜ਼ਮਾਂ ਖਿਲਾਫ਼ ਜਾਂਚ ਚੱਲ ਰਹੀ ਹੈ। ਦੋ ਬਰੀ ਵੀ ਹੋ ਚੁੱਕੇ ਹਨ।

ਸੰਸਾਰ ਦੇ ਵੱਕਾਰੀ ਮੈਗਜ਼ੀਨ 'ਫੌਰਨ ਪਾਲਿਸੀ' ਵੱਲੋਂ 2012 ਵਿਚ ਕੀਤੇ ਅਧਿਐਨ ਮੁਤਾਬਕ ਸੰਸਾਰ ਦੇ ਫੇਲ੍ਹ ਜਾਂ ਫੇਲ੍ਹ ਹੋ ਰਹੇ ਦੇਸ਼ਾਂ ਵਿਚ ਭਾਰਤ ਦਾ ਨੰਬਰ 78ਵਾਂ ਹੈ। ਇਸ ਅਧਿਐਨ ਦਾ ਆਧਾਰ ਸਮਾਜਕ, ਆਰਥਿਕ ਅਤੇ ਸਿਆਸੀ ਦਬਾਵਾਂ ਨੂੰ ਬਣਾਇਆ ਗਿਆ ਹੈ। ਆਪਣੀ ਕਿਤਾਬ 'ਵ੍ਹਾਏ ਨੇਸ਼ਨ ਫੇਲ੍ਹ' ਵਿਚ ਡੈਰੇਨ ਅਸੈਮੋਗਲੂ ਅਤੇ ਜੇਮਸ ਰੋਬਿਨਸਨ ਨੇ ਕਿਹਾ ਹੈ ਕਿ ਭਾਰਤ ਫੇਲ੍ਹ ਹੋ ਰਹੇ ਦੇਸ਼ਾਂ ਦੀ ਸ਼੍ਰੇਣੀ ਵਿਚ ਸ਼ੁਮਾਰ ਹੋ ਚੁੱਕਾ ਹੈ।

1991 ਵਿਚ ਲਿਆਂਦੀਆਂ ਨਵੀਆਂ ਨੀਤੀਆਂ ਨੇ ਇਸ ਦੀ ਹਾਲਤ ਬਿਹਤਰ ਬਣਾਉਣ ਦੀ ਥਾਂ ਹਾਲਾਤ ਵਿਗਾੜੇ ਹੀ ਹਨ। ਇਨ੍ਹਾਂ ਦੋ ਦਹਾਕਿਆਂ ਦੌਰਾਨ ਸਿਆਸੀ ਆਪਾ-ਧਾਪੀ ਅਤੇ ਬੁਰਛਾਗਰਦੀ ਇੰਨੀ ਵਧ ਗਈ ਹੈ ਕਿ ਸਮੁੱਚਾ ਸਿਸਟਮ ਹੀ ਗਰਕ ਗਿਆ ਹੈ। ਬੁਰਛਾਗਰਦ ਲੀਡਰ ਚੰਮ ਦੀਆਂ ਚਲਾ ਰਹੇ ਹਨ। ਹੁਣ ਚੋਣਾਂ ਸਿਰਫ ਪੈਸੇ ਅਤੇ ਬਾਹੂਬਲ ਨਾਲ ਹੀ ਜਿੱਤੀਆਂ ਜਾ ਸਕਦੀਆਂ ਹਨ। ਭਾਰਤ ਦਾ ਅਮੀਰ ਉਚ ਤਬਕਾ ਇਨ੍ਹਾਂ ਨਵੀਆਂ ਨੀਤੀਆਂ ਨਾਲ ਮਾਲਾ-ਮਾਲ ਹੋਇਆ ਹੈ ਪਰ ਆਮ ਬੰਦਾ ਹਾਸ਼ੀਏ ਉਤੇ ਸੁੱਟ ਦਿੱਤਾ ਗਿਆ ਹੈ; ਕਿਸੇ ਵੀ ਮੰਚ ਉਤੇ ਉਸ ਦੀ ਸੁਣਵਾਈ ਨਹੀਂ ਹੈ। ਰਹਿੰਦੀ ਕਸਰ ਭ੍ਰਿਸ਼ਟਾਚਾਰ ਨੇ ਕੱਢ ਦਿੱਤੀ ਹੈ।

ਇਹੀ ਨਹੀਂ, 1984 ਵਿਚ ਸਿੱਖ ਕਤਲੇਆਮ, 2002 ਵਿਚ ਗੁਜਰਾਤ ਦੰਗਿਆਂ ਅਤੇ ਕਈ ਹੋਰ ਅਜਿਹੇ ਮਾਮਲਿਆਂ ਦੇ ਦੋਸ਼ੀਆਂ ਨੂੰ ਅਜੇ ਤੱਕ ਸਜ਼ਾਵਾਂ ਨਹੀਂ ਦਿੱਤੀਆਂ ਜਾ ਸਕੀਆਂ। ਇਨ੍ਹਾਂ ਮਾਮਲਿਆਂ ਬਾਰੇ ਜਿਹੜੇ ਕਮਿਸ਼ਨ ਬਣਾਏ ਗਏ ਹਨ, ਉਨ੍ਹਾਂ ਦੀਆਂ ਰਿਪੋਰਟਾਂ ਦਫਤਰਾਂ ਵਿਚ ਧੂੜ ਚੱਟ ਰਹੀਆਂ ਹਨ। ਗੁਜਰਾਤ ਦੰਗਿਆਂ ਦੀ ਜਾਂਚ ਕਰ ਰਹੇ ਨਾਨਾਵਤੀ ਕਮਿਸ਼ਨ ਦੀ ਮਿਆਦ ਹਾਲ ਹੀ ਵਿਚ 19ਵੀਂ ਵਾਰ ਵਧਾਈ ਗਈ ਹੈ, ਮਤਲਬ ਇਕ ਦਹਾਕੇ ਬਾਅਦ ਵੀ ਜਾਂਚ ਅਜੇ ਮੁਕੰਮਲ ਨਹੀਂ ਹੋਈ ਹੈ। ਸਿੱਖ ਕਤਲੇਆਮ ਬਾਰੇ ਅਨੇਕਾਂ ਕਮਿਸ਼ਨ ਬਣਾਏ ਗਏ, ਇਨ੍ਹਾਂ ਨੇ ਜਿਹੋ ਜਿਹੀਆਂ ਵੀ ਰਿਪੋਰਟਾਂ ਤਿਆਰ ਕੀਤੀਆਂ, ਪਰ ਅਜੇ ਤੱਕ ਇਨ੍ਹਾਂ ਉਤੇ ਕੋਈ ਅਮਲ ਨਹੀਂ ਹੋਇਆ। ਇਸੇ ਦੌਰਾਨ ਦਿੱਲੀ ਦੀ ਸਰਕਾਰ ਨੇ ਜਬਰ ਜਨਾਹ ਤੋਂ ਪੀੜਤ ਲੜਕੀ ਦਾਮਿਨੀ, ਜਿਸ ਦਾ ਹੁਣ ਦੇਹਾਂਤ ਹੋ ਚੁੱਕਾ ਹੈ, ਦੇ ਪਰਿਵਾਰ ਨੂੰ 15 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ। ਉਤਰ ਪ੍ਰਦੇਸ਼ ਦੀ ਸਰਕਾਰ ਨੇ ਵੀ ਪਰਿਵਾਰ ਨੂੰ 20 ਲੱਖ ਰੁਪਏ ਦੇਣ ਦਾ ਵਾਅਦਾ ਕੀਤਾ ਹੈ।

## ਸ਼ਹੀਦੀ ਦਿਹਾੜਿਆਂ ਉਤੇ ਸਿਆਸੀ ਅਖਾੜਿਆਂ ਖਿਲਾਫ ਆਵਾਜ਼ ਬੁਲੰਦ

*(ਸਫਾ ਇਕ ਦੀ ਬਾਕੀ)*

ਅਪੀਲ ਦਰਕਿਨਾਰ ਕਰ ਦਿੱਤੀ। ਇਹ ਲਗਾਤਾਰ ਤੀਜੀ ਵਾਰ ਹੈ ਕਿ ਸਿਆਸੀ ਆਗੂਆਂ ਨੇ ਜਥੇਦਾਰ ਵੱਲੋਂ ਜਾਰੀ ਅਪੀਲ ਇਸ ਤਰ੍ਹਾਂ ਵਿਸਾਰੀ ਹੈ। ਸਿੱਖ ਵਿਦਵਾਨਾਂ ਅਤੇ ਸੰਗਤ ਦਾ ਕਹਿਣਾ ਹੈ ਕਿ ਇਸ ਮਾਮਲੇ ਵਿਚ ਅਕਾਲ ਤਖਤ ਦੇ ਜਥੇਦਾਰ ਨੂੰ ਬਿਨਾਂ ਕਿਸੇ ਭਿੰਨ-ਭੇਦ ਦੇ ਕਾਰਵਾਈ ਕਰਨੀ ਚਾਹੀਦੀ ਹੈ। ਜੇ ਸਿਆਸੀ ਆਗੂਆਂ ਨੇ ਲਗਾਤਾਰ ਤੀਜੀ ਵਾਰ ਉਨ੍ਹਾਂ ਦੀ ਅਪੀਲ ਨੂੰ ਦਰਕਿਨਾਰ ਕੀਤਾ ਹੈ ਤਾਂ ਅਜਿਹੇ ਆਗੂਆਂ ਨੂੰ ਅਕਾਲ ਤਖਤ ਉਤੇ ਤਲਬ ਕਰਨਾ ਚਾਹੀਦਾ ਹੈ। ਸੰਗਤ ਦਾ ਕਹਿਣਾ ਹੈ ਕਿ ਜੇ ਸਿਆਸੀ ਆਗੂਆਂ ਨੇ ਜਥੇਦਾਰ ਦੀ ਉਹ ਗੱਲ ਵੀ ਨਹੀਂ ਸੁਣਨੀ ਜਿਸ ਦਾ ਸਾਹਿਬਜ਼ਾਦਿਆਂ ਦੀ ਸ਼ਹੀਦੀ ਨਾਲ ਸਿੱਧਾ ਸਬੰਧ ਹੈ, ਤਾਂ ਅਜਿਹੇ ਆਗੂਆਂ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਸੰਗਤ ਦੇ ਇਕ ਹਿੱਸੇ ਨੇ ਸਿਆਸੀ ਕਾਨਫਰੰਸਾਂ ਹੀ ਬੰਦ ਕਰਨ ਦੀ ਆਵਾਜ਼ ਉਠਾਈ ਹੈ। ਉਧਰ, ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਨੂੰ ਸਿਆਸੀ ਆਗੂਆਂ ਦੀ ਐਤਕੀਂ ਪਹਿਲੀ ਵਾਰ ਕੀਤੀ ਗਲਤੀ ਆਖਦਿਆਂ ਕਿਹਾ ਕਿ ਅਗਲੀ ਵਾਰ ਉਲੰਘਣਾ ਕਰਨ 'ਤੇ ਕਾਰਵਾਈ ਹੋਵੇਗੀ।

# ਕੇਂਦਰੀ ਸਹਾਇਤਾ ਲੈਣ ਲਈ ਪਾਵਰਕੌਮ ਹੋਇਆ ਨਰਮ

**ਚੰਡੀਗੜ੍ਹ:** ਬੇਹੱਦ ਘਾਟੇ ਵਿਚ ਚੱਲ ਰਹੇ ਪਾਵਰਕੌਮ ਕੋਲ ਹੁਣ ਕੇਂਦਰ 'ਤੇ ਟੇਕ ਲਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਰਿਹਾ। ਇਸ ਕਾਰਨ ਹੀ ਪਾਵਰਕੌਮ ਨੇ ਕੇਂਦਰ ਦੀ 13000 ਕਰੋੜ ਦੇ ਘਾਟੇ ਤੋਂ ਬਾਹਰ ਕੱਢਣ ਲਈ ਪੇਸ਼ਕਸ਼ ਠੁਕਰਾਉਣ ਪਿੱਛੋਂ ਹੁਣ ਕਿਹਾ ਹੈ ਕਿ ਜੇਕਰ ਕੇਂਦਰ ਆਪਣੀਆਂ ਸ਼ਰਤਾਂ ਨਰਮ ਕਰਦਾ ਹੈ ਤਾਂ ਉਹ ਇਸ ਪੇਸ਼ਕਸ਼ ਨੂੰ ਲਾਗੂ ਕਰ ਸਕਦਾ ਹੈ। ਇਸ ਵੇਲੇ ਪਾਵਰਕੌਮ 13000 ਕਰੋੜ ਰੁਪਏ ਤੋਂ ਜ਼ਿਆਦਾ ਦੇ ਘਾਟੇ ਵਿਚ ਚੱਲ ਰਿਹਾ ਹੈ।

ਕੇਂਦਰ ਨੇ ਇਸ ਵਿਚੋਂ 10000 ਕਰੋੜ ਦਾ ਘਾਟਾ ਉਤਾਰਨ ਦੀ ਪੇਸ਼ਕਸ਼ ਕਰਦਿਆਂ ਕਿਹਾ ਸੀ ਕਿ ਬਿਜਲੀ ਵੰਡ ਦਾ ਕੰਮ ਫਰੈਂਚਾਇਜ਼ੀ ਨੂੰ ਦਿੱਤਾ ਜਾਵੇ। ਪਾਵਰਕੌਮ ਨੇ ਕੇਂਦਰ ਦੀ ਪੇਸ਼ਕਸ਼ ਨੂੰ ਨਾਂਹ ਕਰ ਦਿੱਤੀ ਸੀ ਕਿ ਉਹ ਬਿਜਲੀ ਵੰਡ ਦਾ ਕੰਮ ਨਿੱਜੀ ਹੱਥਾਂ ਵਿਚ ਦੇਣ ਲਈ ਤਿਆਰ ਨਹੀਂ ਹੈ। ਪਾਵਰਕੌਮ ਨੂੰ ਖ਼ਦਸ਼ਾ ਸੀ ਕਿ ਜੇਕਰ ਪੇਸ਼ਕਸ਼ ਨੂੰ ਮੰਨ ਕਰ ਲਿਆ ਗਿਆ ਤਾਂ ਬਿਜਲੀ ਦੀ ਵੰਡ ਦਾ ਕੰਮ ਦੇਸ਼ ਦੀ ਵੱਡੀਆਂ ਕੰਪਨੀਆਂ ਹਾਸਲ ਕਰ ਲੈਣਗੀਆਂ। ਪਾਵਰਕੌਮ ਦਾ ਖਦਸ਼ਾ ਹੈ ਕਿ ਕੰਪਨੀਆਂ ਮੁਨਾਫ਼ੇ ਵਾਲੇ ਇਲਾਕਿਆਂ ਵਿਚ ਤਾਂ ਬਿਜਲੀ ਦੀ ਵੰਡ ਦਾ ਕੰਮ ਹਾਸਲ ਕਰ ਲੈਣਗੇ ਪਰ ਖੇਤੀ ਜਾਂ ਆਮ ਵਰਗ ਨੂੰ ਬਿਜਲੀ ਸਪਲਾਈ ਦਾ ਕੰਮ ਨਹੀਂ ਲੈਣਗੇ।

ਪਾਵਰਕੌਮ ਦਾ ਮੰਨਣਾ ਹੈ ਕਿ ਕੇਂਦਰ ਦੀਆਂ ਸ਼ਰਤਾਂ ਕਾਫ਼ੀ ਸਖਤ ਹਨ ਜਿਸ ਕਰਕੇ ਪੇਸ਼ਕਸ਼ ਨੂੰ ਮੌਜੂਦਾ ਰੂਪ ਵਿਚ ਨਹੀਂ ਸਵੀਕਾਰ ਕੀਤਾ ਜਾ ਸਕਦਾ ਹੈ। ਉਧਰ ਮਾਹਿਰਾਂ ਦਾ ਕਹਿਣਾ ਹੈ ਕਿ ਚਾਹੇ ਕੇਂਦਰ ਦੀ ਇਸ ਪੇਸ਼ਕਸ਼ ਨੂੰ ਨਾਂਹ ਕਰ ਦਿੱਤੀ ਗਈ ਹੈ ਪਰ ਕੇਂਦਰ ਦੀ ਮਦਦ ਲਏ ਬਿਨਾਂ ਪਾਵਰਕੌਮ ਇਸ ਵਿੱਤੀ ਘਾਟੇ ਤੋਂ ਬਾਹਰ ਨਹੀਂ ਆ ਸਕਦਾ ਹੈ ਕਿਉਂਕਿ ਪਾਵਰਕਾਮ ਬਿਜਲੀ ਬੋਰਡ ਟੁੱਟਣ ਤੋਂ ਬਾਅਦ ਮੁਨਾਫ਼ੇ ਵਿਚ ਨਹੀਂ ਆ ਸਕਿਆ ਹੈ। ਹੜਤਾਲਾਂ ਦੌਰਾਨ ਪ੍ਰਬੰਧਕਾਂ ਨੇ ਵਾਅਦਾ ਕੀਤਾ ਸੀ ਕਿ ਮੁਲਾਜ਼ਮਾਂ ਨੂੰ ਤਰੱਕੀ ਤੇ ਵਧੇ ਤਨਖਾਹ ਸਕੇਲ ਮਿਲਣਗੇ ਪਰ ਕਈ ਮੁਲਾਜ਼ਮ ਵੱਡੀ ਗਿਣਤੀ ਵਿਚ ਸੇਵਾਮੁਕਤ ਹੋ ਗਏ ਹਨ ਪਰ ਪਾਵਰਕੌਮ ਦੇ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਨਾ ਤਾਂ ਤਰੱਕੀ ਦਿੱਤੀ ਹੈ ਨਾ ਹੀ ਵਧੇ ਤਨਖਾਹ ਸਕੇਲ ਦਿੱਤੇ ਹਨ।

ਕਈ ਤਾਂ ਦੱਬੇ ਮੂੰਹ ਇਹ ਵੀ ਕਹਿੰਦੇ ਹਨ ਕਿ ਜੇਕਰ ਪਾਵਰਕੌਮ ਵਿਚ ਟਰਾਂਸਕੋ ਦੀ ਤਰਾਂ ਆਈਏਐਸ ਨੂੰ ਵਿੱਤੀ ਹਾਲਤ ਵਿਚ ਸੁਧਾਰ ਕਰਨ ਲਈ ਕਮਾਨ ਦਿੱਤੀ ਹੁੰਦੀ ਤਾਂ ਹਰ ਸਾਲ ਬਿਜਲੀ ਮਹਿੰਗੀ ਕਰਨ ਦੀ ਨੌਬਤ ਨਾ ਆਉਂਦੀ ਸਗੋਂ ਆਪਣੇ ਖਰਚੇ ਘਟਾਉਣ 'ਤੇ ਬਿਜਲੀ ਚੋਰੀ ਨੂੰ ਰੋਕਿਆ ਜਾਂਦਾ।

ਟਰਾਂਸਕੋ ਦਾ ਕੰਮ ਤਾਂ ਆਈਏਐਸ ਦੇ ਹਵਾਲੇ ਹੈ ਪਰ ਪਾਵਰਕਾਮ ਵਿਚ ਕਈ ਸਾਲਾਂ ਤੋਂ ਆਈਏਐਸ ਦੀ ਨਿਯੁਕਤੀ ਨਹੀਂ ਕੀਤੀ ਗਈ ਹੈ। ਸੂਤਰਾਂ ਦਾ ਕਹਿਣਾ ਹੈ ਕਿ ਕੇਂਦਰ ਦੀ ਮਦਦ ਲਏ ਬਿਨਾਂ 13000 ਕਰੋੜ ਦੇ ਘਾਟੇ ਤੋਂ ਪਾਵਰਕੌਮ ਕਿਵੇਂ ਬਾਹਰ ਆ ਸਕਦਾ ਹੈ ਜਦੋਂ ਕਿ ਉਸ ਨੂੰ ਹਰ ਸਾਲ ਆਪਣੇ ਖਰਚੇ ਪੂਰੇ ਕਰਨ ਲਈ ਪੰਜਾਬ ਬਿਜਲੀ ਅਥਾਰਿਟੀ ਕਮਿਸ਼ਨ ਕੋਲ ਬਿਜਲੀ ਦੇ ਟੈਰਿਫ਼ ਵਧਾਉਣ ਲਈ ਪਟੀਸ਼ਨ ਦਾਖਲ ਕਰਨੀ ਪੈਂਦੀ ਹੈ।

# ਜੰਮੂ ਕਸ਼ਮੀਰ ਸਰਕਾਰ ਘੱਟ-ਗਿਣਤੀ ਕਮਿਸ਼ਨ ਲਈ ਨਹੀਂ ਤਿਆਰ

**ਚੰਡੀਗੜ੍ਹ:** ਜੰਮੂ-ਕਸ਼ਮੀਰ ਵਿਚ ਹਿੰਦੂਆਂ ਤੇ ਸਿੱਖਾਂ ਨੂੰ ਆਪਣੇ ਦੁਖਾਂ-ਦਰਦਾਂ ਬਾਰੇ ਸ਼ਿਕਾਇਤਾਂ ਦੇ ਨਿਬੇੜੇ ਲਈ ਅਜੇ ਘੱਟ-ਗਿਣਤੀਆਂ ਦੇ ਹਿੱਤਾਂ ਦੀ ਰੱਖਿਆ ਲਈ ਘੱਟ-ਗਿਣਤੀ ਕਮਿਸ਼ਨ ਦੀ ਕਾਇਮੀ ਲਈ ਉਡੀਕ ਕਰਨੀ ਪਵੇਗੀ। ਲੰਘੇ ਦਿਨ ਰਾਜ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਸਪਸ਼ਟ ਤੌਰ 'ਤੇ ਕਿਹਾ ਸੀ ਕਿ ਰਾਜ ਸਰਕਾਰ ਨੇ ਅਜੇ ਤੱਕ ਇਸ ਬਾਰੇ ਕੋਈ ਫੈਸਲਾ ਨਹੀਂ ਲਿਆ ਤੇ ਇਹ ਮਾਮਲਾ ਅਜੇ ਵਿਚਾਰ ਅਧੀਨ ਹੈ। ਘੱਟ-ਗਿਣਤੀਆਂ ਲਈ ਕੌਮੀ ਕਮਿਸ਼ਨ ਐਕਟ 1992 ਜੰਮੂ-ਕਸ਼ਮੀਰ ਤੱਕ ਲਾਗੂ ਨਹੀਂ ਹੋਇਆ ਤੇ ਇਸ ਕਰਕੇ ਇਸ ਦਾ ਲਾਭ ਰਾਜ ਦੇ ਲੋਕਾਂ ਨੂੰ ਨਹੀਂ ਮਿਲਿਆ ਜਿਸ ਦੇ ਅਸਲ ਵਿਚ ਉਹ ਹੱਕਦਾਰ ਹਨ। ਜੰਮੂ-ਕਸ਼ਮੀਰ ਸਰਕਾਰ ਆਪਣੇ ਪੱਧਰ 'ਤੇ ਘੱਟ-ਗਿਣਤੀਆਂ ਲਈ ਕਮਿਸ਼ਨ ਕਾਇਮ ਕਰਨ ਲਈ ਯਤਨਸ਼ੀਲ ਹੈ ਤੇ ਸਰਕਾਰ ਰਾਜ ਵਿਚ ਮੁੜ ਤੋਂ ਘੱਟ ਗਿਣਤੀਆਂ ਲਈ ਮਿਆਰ ਤੈਅ ਕਰਨ ਲਈ ਯਤਨਸ਼ੀਲ ਹੈ। ਜ਼ਿਕਰਯੋਗ ਹੈ ਕਿ ਜੰਮੂ-ਕਸ਼ਮੀਰ ਦੇ ਸਿੱਖ ਤੇ ਹਿੰਦੂ ਲੰਮੇ ਸਮੇਂ ਤੋਂ ਨਵੇਂ ਸਿਰੇ ਤੋਂ ਘੱਟ-ਗਿਣਤੀਆਂ ਦੀ ਪਰਿਭਾਸ਼ਾ ਤੈਅ ਕਰਨ ਦੀ ਮੰਗ ਕਰ ਰਹੇ ਹਨ ਤਾਂ ਜੋ ਉਨ੍ਹਾਂ ਨੂੰ ਘੱਟ-ਗਿਣਤੀਆਂ ਵਾਲੇ ਲਾਭ ਮਿਲ ਸਕਣ। ਇਸ ਦੌਰਾਨ ਹੀ ਕੇਂਦਰ ਸਰਕਾਰ ਵੱਲੋਂ 17 ਸਾਲ ਪਹਿਲਾਂ ਐਲਾਨੇ ਊਧਮਪੁਰ-ਸ੍ਰੀਨਗਰ-ਬਾਰਾਮੂਲਾ ਰੇਲ ਲਿੰਕ ਨੇੜ ਭਵਿੱਖ ਵਿਚ ਵੀ ਪੂਰਾ ਹੁੰਦਾ ਨਜ਼ਰ ਨਹੀਂ ਆਉਂਦਾ।



3077 ਕਰੋੜ ਦੀ ਅੰਦਾਜ਼ਨ ਲਾਗਤ ਵਾਲਾ ਇਹ ਪ੍ਰਾਜੈਕਟ ਤਤਕਾਲੀ ਪ੍ਰਧਾਨ ਮੰਤਰੀ ਵੱਲੋਂ ਕੌਮੀ ਅਹਿਮੀਅਤ ਵਾਲਾ ਪ੍ਰਾਜੈਕਟ ਐਲਾਨਿਆ ਗਿਆ ਸੀ ਤੇ ਇਸ ਦੇ 2007 ਤੱਕ ਪੂਰਾ ਹੋਣ ਦੀ ਉਮੀਦ ਸੀ। ਦੇਸ਼ ਦੇ ਕੰਪਟਰੋਲਰ ਤੇ ਆਡਿਟਰ ਜਨਰਲ ਨੇ ਇਸ ਅਸਫਲ ਹੋਏ ਪ੍ਰਾਜੈਕਟ ਬਾਰੇ ਕਿਹਾ ਹੈ ਕਿ ਇਸ ਖਿੱਤੇ ਵਿਚ ਸੁਰੱਖਿਆ ਸਬੰਧੀ ਚੁਣੌਤੀਆਂ ਦੇ ਮੱਦੇਨਜ਼ਰ ਇਹ ਪ੍ਰਾਜੈਕਟ ਭਾਰਤੀ ਰੇਲਵੇ ਲਈ ਸਭ ਤੋਂ ਵੱਧ ਚੁਣੌਤੀਆਂ ਭਰਪੂਰ ਹੈ। ਅਜੇ ਇਸ ਪ੍ਰਾਜੈਕਟ ਦਾ ਜੰਮੂ ਤੋਂ ਕਟੜਾ ਤੱਕ ਲਿੰਕ ਵੀ ਪੂਰਾ ਨਹੀਂ ਹੋਇਆ ਜੋ 2003 ਤੱਕ ਪੂਰਾ ਕੀਤਾ ਜਾਣਾ ਤੈਅ ਸੀ।

## ਸਿਆਸੀ ਸਮਾਗਮਾਂ ਵਿਚ ਸਿਰੋਪਾਓ ਦੇਣ 'ਤੇ ਪਾਬੰਦੀ ਲੱਗੇਗੀ

**ਮਾਛੀਵਾੜਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕਿਹਾ ਹੈ ਕਿ ਸਿਆਸੀ ਸਮਾਗਮਾਂ ਵਿਚ ਪਾਰਟੀ ਬਦਲਣ ਜਾਂ ਸਨਮਾਨਤ ਕਰਨ ਮੌਕੇ ਪਤਿਤ ਸਿੱਖਾਂ ਨੂੰ ਜੋ ਸਿਰੋਪਾਓ ਭੇਟ ਕੀਤੇ ਜਾ ਰਹੇ ਹਨ, ਉਸ 'ਤੇ ਸ਼੍ਰੋਮਣੀ ਕਮੇਟੀ ਪਾਬੰਦੀ ਲਾਏਗੀ। ਸਿਰੋਪਾਓ ਸਿੱਖ ਧਰਮ ਦਾ ਪਵਿੱਤਰ ਨਿਸ਼ਾਨ ਹੈ ਤੇ ਇਹ ਕੇਵਲ ਸਿੱਖ ਰੂਪ ਵਿਚ ਸਜੇ ਸ਼ਖਸ ਨੂੰ ਹੀ ਮਿਲਣਾ ਚਾਹੀਦਾ ਹੈ।

ਜਥੇਦਾਰ ਮੱਕੜ ਨੇ ਕਿਹਾ ਕਿ ਧਾਰਮਿਕ ਸਮਾਗਮਾਂ ਵਿਚ ਸ਼ਾਮਲ ਹੋਣ ਵਾਲੇ ਸ਼ਖਸ ਜੋ ਗੁਰੂ ਘਰਾਂ ਦੀ ਸੇਵਾ ਕਰ ਰਹੇ ਹੋਣ, ਉਨ੍ਹਾਂ ਨੂੰ ਸਿਰੋਪਾਓ ਭੇਟ ਕੀਤਾ ਜਾ ਸਕਦਾ ਹੈ ਪਰ ਸਿਆਸੀ ਸਮਾਗਮਾਂ ਮੌਕੇ ਕਈ ਸ਼ਖਸ ਜਿਨ੍ਹਾਂ 'ਤੇ ਜੁਰਮ ਦੇ ਮਾਮਲੇ ਵੀ ਦਰਜ ਹੁੰਦੇ ਹਨ ਤੇ ਉਹ ਤੰਬਾਕੂ ਆਦਿ ਦਾ ਸੇਵਨ ਵੀ ਕਰਦੇ ਹਨ, ਉਨ੍ਹਾਂ ਨੂੰ ਸਿਰੋਪਾਓ ਭੇਟ ਕਰਨ ਮੌਕੇ ਬੇਕਦਰੀ ਹੁੰਦੀ ਹੈ।

ਉਨ੍ਹਾਂ ਕਿਹਾ ਕਿ ਕੁਝ ਸੰਸਥਾਵਾਂ ਸਿੱਖ ਧਰਮ ਦੀ ਰਵਾਇਤ ਗੱਤਕਾ ਨੂੰ ਬਾਣੇ ਤੇ ਬਾਣੀ ਵਿਚ ਖੇਡਣ ਦੀ ਬਜਾਏ ਟਰੈਕ ਸੂਟ ਵਿਚ ਖੇਡ ਰਹੀਆਂ ਹਨ। ਇਹ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਗੱਤਕੇ ਨਾਲ ਜੁੜੀਆਂ ਸਾਰੀਆਂ ਸੰਸਥਾਵਾਂ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਦਿਆਂ ਗੱਤਕੇ ਨੂੰ ਬਾਣੇ ਤੇ ਬਾਣੀ ਵਿਚ ਖੇਡਣ।

## ਪਾਕਿਸਤਾਨ ਨੇ ਸੰਭਾਲੀ ਸੁਰੱਖਿਆ ਕੌਂਸਲ ਦੀ ਕਮਾਨ

**ਸੰਯੁਕਤ ਰਾਸ਼ਟਰ:** ਪਾਕਿਸਤਾਨ ਨੇ ਇਸ ਮਹੀਨੇ ਲਈ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਦੀ ਵਾਗਡੋਰ ਸੰਭਾਲ ਲਈ ਹੈ ਤੇ ਸੁਰੱਖਿਆ ਕੌਂਸਲ ਵੱਲੋਂ ਸ਼ਾਂਤੀ ਮਿਸ਼ਨਾਂ ਤੇ ਦਹਿਸ਼ਤਵਾਦ ਦੇ ਟਾਕਰੇ ਬਾਰੇ ਵਿਸ਼ੇਸ਼ ਸੈਸ਼ਨ ਸੱਦੇ ਜਾਣਗੇ। ਸੰਯੁਕਤ ਰਾਸ਼ਟਰ ਵਿਚ ਪਾਕਿਸਤਾਨ ਦੇ ਸਥਾਈ ਪ੍ਰਤੀਨਿਧ ਮਸੂਦ ਖਾਨ ਨੇ ਕਿਹਾ ਕਿ ਆਪਣੀ ਪ੍ਰਧਾਨਗੀ ਦੌਰਾਨ ਪਾਕਿਸਤਾਨ ਕੌਂਸਲ ਮੈਂਬਰਾਂ ਦਰਮਿਆਨ ਆਮ ਸਹਿਮਤੀ ਬਣਾਉਣ ਤੇ ਮਤਭੇਦਾਂ 'ਤੇ ਪਾਰ ਪਾਉਣ ਲਈ ਮਦਦ ਦੇਵੇਗਾ। ਪਾਕਿਸਤਾਨ ਨੇ 10 ਮੈਂਬਰੀ ਸੁਰੱਖਿਆ ਕੌਂਸਲ ਦੇ ਅਸਥਾਈ ਮੈਂਬਰ ਵਜੋਂ ਆਪਣੀ ਦੋ ਸਾਲਾ ਪਾਰੀ ਪਿਛਲੇ ਸਾਲ ਸ਼ੁਰੂ ਕੀਤੀ ਸੀ ਤੇ ਇਹ ਜਨਵਰੀ ਮਹੀਨੇ ਲਈ ਸੁਰੱਖਿਆ ਕੌਂਸਲ ਦੀ ਪ੍ਰਧਾਨਗੀ ਸੰਭਾਲੇਗਾ। ਪਾਕਿਸਤਾਨ ਨੂੰ ਪਹਿਲੀ ਵਾਰ ਇਹ ਜ਼ਿੰਮੇਵਾਰੀ ਸੰਭਾਲਣ ਦਾ ਮੌਕਾ ਮਿਲਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ

ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ

ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੁਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

## ਐਮੀ ਬੇਰਾ ਤੇ ਤੁਲਸੀ ਕਾਂਗਰਸ ਮੈਂਬਰ ਵਜੋਂ ਹਲਫ ਲੈਣਗੇ

**ਵਾਸ਼ਿੰਗਟਨ:** ਭਾਰਤੀ ਅਮਰੀਕੀ ਐਮੀ ਬੇਰਾ ਤੇ ਤੁਲਸੀ ਗਾਬਾਰਡ ਇਸ ਹਫਤੇ ਦੇ ਅਖੀਰ ਵਿਚ ਅਮਰੀਕੀ ਪ੍ਰਤੀਨਿਧ ਸਦਨ ਕਾਂਗਰਸ ਦੇ ਮੈਂਬਰਾਂ ਵਜੋਂ ਸਹੁੰ ਚੁੱਕਣਗੇ ਜੋ ਦੇਸ਼ ਵਿਚ ਬਹੁਤ ਘੱਟ ਪਰ ਬਹੁਤ ਪ੍ਰਭਾਵਸ਼ਾਲੀ ਭਾਈਚਾਰੇ ਲਈ ਬੜੀ ਖੁਸ਼ੀ ਦੀ ਗੱਲ ਹੋਏਗੀ। ਪੰਜਾਬ ਤੋਂ ਅਮਰੀਕਾ ਪਹੁੰਚੇ ਮਾਪਿਆਂ ਦੇ ਘਰ ਜਨਮੀ ਕੈਲੀਫੋਰਨੀਆ ਦੀ ਐਮੀ ਤੀਜੀ ਭਾਰਤੀ ਅਮਰੀਕੀ ਹੈ ਜੋ ਅਮਰੀਕੀ ਕਾਂਗਰਸ ਦੀ ਮੈਂਬਰ ਬਣ ਰਹੀ ਹੈ ਜਦਕਿ ਇਰਾਕ ਜੰਗ ਵਿਚ ਹਿੱਸਾ ਲੈ ਚੁੱਕੀ ਤੁਲਸੀ ਗਾਬਾਰਡ ਕਾਂਗਰਸ 'ਚ ਚੁਣੀ ਗਈ ਪਹਿਲੀ ਹਿੰਦੂ ਹੈ।

ਇਹ ਜਾਣਕਾਰੀ ਸਦਨ ਦੇ ਬਹੁਗਿਣਤੀ ਆਗੂ ਐਰਿਕ ਕੈਂਟਰ ਨੇ ਦਿੱਤੀ। ਇਸ ਕਾਂਗਰਸ ਦਾ ਸੈਸ਼ਨ 3 ਜਨਵਰੀ 2015 ਤਕ ਹੋਏਗਾ ਤੇ ਇਸ ਵਿਚ 43 ਅਫਰੀਕੀ-ਅਮਰੀਕੀ ਮੈਂਬਰ, ਰਿਕਾਰਡ ਗਿਣਤੀ 100 ਮਹਿਲਾਵਾਂ, ਸੱਤ ਐਲਜੀਬੀਟੀ ਮੈਂਬਰ ਤੇ ਕੈਨੇਡੀ ਪਰਿਵਾਰ ਦਾ ਇਕ ਮੈਂਬਰ ਸ਼ਾਮਲ ਹੋਣਗੇ। 47 ਸਾਲਾ ਬੇਰਾ ਕੈਲੀਫੋਰਨੀਆ ਦੇ ਸੱਤਵੇਂ (ਕਾਂਗਰਸ) ਜ਼ਿਲ੍ਹੇ ਤੋਂ ਹੈ ਤੇ 31 ਸਾਲਾ ਗਾਬਾਰਡ ਹਵਾਈ ਤੋਂ ਹੈ। ਇਹ ਦੋਵੇਂ ਓਬਾਮਾ ਦੀ ਡੈਮੋਕਰੈਟਿਕ ਪਾਰਟੀ ਨਾਲ ਸਬੰਧਤ ਹਨ। ਅਮਰੀਕਾ ਦੀ ਵਰਤਮਾਨ ਆਬਾਦੀ ਦਾ ਹਿੰਦੂ ਇਕ ਫੀਸਦੀ ਤੋਂ ਵੀ ਘੱਟ ਹਨ।

## ਹਨੀ ਸਿੰਘ ਵਿਰੁਧ ਪਰਚਾ ਦਰਜ

**ਲਖਨਊ:** ਅਸ਼ਲੀਲ ਤੇ ਭੱਦੇਪਣ ਦੀਆਂ ਹੱਦਾਂ ਨੂੰ ਪਾਰ ਕਰਨ ਵਾਲੇ ਗਾਣਿਆਂ ਨੂੰ ਲਿਖਣ ਤੇ ਗਾਉਣ ਵਾਲੇ ਰੈਪ ਗਾਇਕ ਹਨੀ ਸਿੰਘ ਖਿਲਾਫ ਆਈ.ਪੀ.ਐਸ. ਅਧਿਕਾਰੀ ਅਮਿਤਾਭ ਠਾਕੁਰ ਨੇ ਐਫ.ਆਈ.ਆਰ. ਦਰਜ ਕਰਵਾਈ ਹੈ।

ਅਮਿਤਾਭ ਠਾਕੁਰ ਨੇ ਕਿਹਾ ਕਿ ਹਨੀ ਸਿੰਘ ਦੇ ਗਾਣੇ ਬੇਹੱਦ ਅਸ਼ਲੀਲ ਹਨ ਜੋ ਸਮਾਜ ਵਿਚ ਔਰਤਾਂ ਵਿਰੁਧ ਅਪਰਾਧ ਵਧਾਉਂਦੇ ਹਨ।

## ਸਿੱਖਸ ਫਾਰ ਜਸਟਿਸ ਵਲੋਂ ਬਾਦਲ ਨੂੰ ਪੇਸ਼ੀ ਲਈ ਸੱਦੇ ਜਾਣ ਦੀ ਮੰਗ

**ਫਰੀਮਾਂਟ, ਕੈਲੀਫੋਰਨੀਆ (ਬਿਊਰੋ):** ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਨੇ ਦੋਸ਼ ਲਾਇਆ ਹੈ ਕਿ ਅਮਰੀਕੀ ਗ੍ਰਹਿ ਵਿਭਾਗ ਵਿਸਕਾਨਸਿਨ ਦੀ ਸੰਘੀ ਅਦਾਲਤ ਵਿਚ ਚਲ ਰਹੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਮੁਕੱਦਮੇ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹੱਕ ਵਿਚ ਨਿਤਰਿਆ ਹੈ। ਅਮਰੀਕੀ ਗ੍ਰਹਿ ਵਿਭਾਗ ਦੀ ਡਿਪਲੋਮੈਟਿਕ ਸਕਿਉਰਟੀ ਸਰਵਿਸ ਦੇ ਵਿਸ਼ੇਸ਼ ਏਜੰਟਾਂ ਨੇ ਅਦਾਲਤ ਵਿਚ ਹਲਫੀਆ ਬਿਆਨ ਦਿੱਤੇ ਹਨ ਕਿ ਸ. ਬਾਦਲ ਨੂੰ ਸੰਮਨਾਂ ਦੀ ਤਾਮੀਲ ਨਹੀਂ ਹੋਈ। ਇਥੇ ਜਾਰੀ ਇਕ ਬਿਆਨ ਵਿਚ ਜਥੇਬੰਦੀ ਨੇ ਕਿਹਾ ਹੈ ਕਿ ਅਮਰੀਕੀ ਗ੍ਰਹਿ ਵਿਭਾਗ ਦੇ ਇਸ ਅਣਕਿਆਸੇ ਕਦਮ ਨੇ ਪੰਜਾਬ ਵਿਚ ਸਿੱਖਾਂ 'ਤੇ ਤਸ਼ਦਦ ਕਰਨ ਵਾਲੀ ਪੁਲਿਸ ਫੋਰਸ ਦੀ ਅਗਵਾਈ ਕਰਨ ਲਈ ਅਦਾਲਤ ਵਿਚ ਸ. ਬਾਦਲ ਨੂੰ ਜਵਾਬਦੇਹ ਬਣਾਉਣ ਦੇ ਆਸ਼ਿਆਂ ਨੂੰ ਢਾਹ ਲਾਈ ਹੈ। ਸਿੱਖਸ ਫਾਰ ਜਸਟਿਸ ਦਾ ਦਾਅਵਾ ਹੈ ਕਿ ਇਸ ਨੇ ਮੁੱਖ ਮੰਤਰੀ ਬਾਦਲ ਨੂੰ 1967 ਦੇ ਹੇਗ ਸਰਵਿਸ ਕਨਵੈਨਸ਼ਨ ਰਾਹੀਂ ਵੀ ਅਮਰੀਕੀ ਅਦਾਲਤ ਦੇ ਸੰਮਨ ਤਾਮੀਲ ਕਰਵਾਏ ਹਨ। ਜਥੇਬੰਦੀ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਅਨੁਸਾਰ ਕਿਉਂਕਿ ਮੁੱਖ ਮੰਤਰੀ ਬਾਦਲ ਖਿਲਾਫ ਮੁਕੱਦਮਾ ਅਮਰੀਕੀ ਅਦਾਲਤ ਦੇ ਸੰਮਨਾਂ ਦੀ ਤਾਮੀਲ 'ਤੇ ਨਿਰਭਰ ਹੈ ਤੇ ਇਸੇ ਨੂੰ ਮੁੱਖ ਮੰਤਰੀ ਬਾਦਲ ਵਲੋਂ ਅਮਰੀਕੀ ਗ੍ਰਹਿ ਵਿਭਾਗ ਦੀ ਮਦਦ ਨਾਲ ਚੁਣੌਤੀ ਦਿੱਤੀ ਗਈ ਹੈ। ਇਸ ਲਈ ਇਸਤਗਾਸਾ ਧਿਰ ਨੇ ਅਦਾਲਤ ਨੂੰ ਬੇਨਤੀ ਕੀਤੀ ਹੈ ਕਿ ਬਾਦਲ ਨੂੰ ਪੇਸ਼ੀ ਲਈ ਸੱਦਿਆ ਜਾਵੇ ਤਾਂ ਜੋ ਅਦਾਲਤ ਵਿਚ ਉਨ੍ਹਾਂ ਨਾਲ ਜਿਰਹ ਕੀਤੀ ਜਾ ਸਕੇ।

ਸਿੱਖਸ ਫਾਰ ਜਸਟਿਸ ਨੇ ਗ੍ਰਹਿ ਵਿਭਾਗ ਦੇ ਵਿਸ਼ੇਸ਼ ਏਜੰਟ ਓ ਟੂਲੇ ਅਤੇ ਸਕਾਰਲੈਟ ਦੇ ਅਦਾਲਤ ਨੂੰ ਦਿੱਤੇ ਹਲਫੀਆ ਬਿਆਨਾਂ ਦੀਆਂ ਕਾਪੀਆਂ ਜਾਰੀ ਕੀਤੀਆਂ ਹਨ ਜਿਨ੍ਹਾਂ ਵਿਚ ਦਾਅਵਾ ਕੀਤਾ ਗਿਆ ਹੈ ਕਿ 9 ਅਗਸਤ ਸ਼ਾਮ 4.50 ਵਜੇ ਸ. ਬਾਦਲ ਵਿਸਕਾਨਸਿਨ ਦੇ ਓਕ ਕਰੀਕ ਹਾਈ ਸਕੂਲ ਵਿਚ ਨਹੀਂ ਸਗੋਂ ਮਿਲਵਾਕੀ ਵਿਚ ਬੋਲਟਰ ਸੁਪਰ ਸਟੋਰ ਵਿਚ ਸਨ। ਇਹ ਵਿਸ਼ੇਸ਼ ਏਜੰਟ ਮੁੱਖ ਮੰਤਰੀ ਬਾਦਲ ਦੇ ਅਗਸਤ 2012 ਵਿਚ ਅਮਰੀਕੀ ਦੌਰੇ ਦੌਰਾਨ ਉਨ੍ਹਾਂ ਦੀ ਸੁਰਖਿਆ ਵਿਚ ਸ਼ਾਮਿਲ ਸਨ।

ਬਚਾਅ ਪੱਖ ਦਾ ਕੇਸ ਲੜ ਰਹੀ ਮਾਈਕਲ ਬੈਸਟ ਅਤੇ ਫਰੈਡਰਿਕ ਐਲ ਐਲ ਪੀ ਦੇ ਅਟਾਰਨੀ ਮਾਈਕਲ ਜੈਕਬਸ ਨੇ ਮੁੱਖ ਮੰਤਰੀ ਬਾਦਲ ਖਿਲਾਫ ਦਾਇਰ ਮੁਕੱਦਮੇ ਨੂੰ ਖਾਰਜ ਕਰਨ ਲਈ ਦਾਇਰ ਅਰਜ਼ੀ ਦੇ ਸਮਰਥਨ ਵਿਚ ਕਿਹਾ ਹੈ ਕਿ ਕਿਉਂਕਿ ਬਚਾਅ ਪੱਖ ਨੇ ਸਪਸ਼ਟ ਤੇ ਮੰਨਣਯੋਗ ਸਬੂਤ ਪੇਸ਼ ਕੀਤੇ ਹਨ ਕਿ ਬਾਦਲ ਨੂੰ ਸੰਮਨਾਂ ਦੀ ਤਾਮੀਲ ਨਹੀਂ ਕੀਤੀ ਗਈ ਇਸ ਲਈ ਇਹ ਕੇਸ ਖਾਰਜ ਕੀਤਾ ਜਾਵੇ।

## ਸਿੱਖਾਂ ਦੇ ਰੋਹ ਕਰਕੇ ਸੰਤ ਦਾਦੂਵਾਲ ਜ਼ਮਾਨਤ 'ਤੇ ਰਿਹਾ

**ਡੱਬਵਾਲੀ:** ਸਿਰਸਾ ਦੀ ਸੈਸ਼ਨ ਅਦਾਲਤ ਨੇ ਡੇਰਾ ਵਿਵਾਦ ਨਾਲ ਜੁੜੇ ਵੱਖ-ਵੱਖ ਮਾਮਲਿਆਂ ਵਿਚ ਬੀਤੇ ਦਿਨੀਂ ਅੰਮ੍ਰਿਤਸਰ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤੇ ਪੰਥਕ ਸੇਵਾ ਲਹਿਰ ਦੇ ਮੁਖੀ ਤੇ ਸਿੱਖ ਪ੍ਰਚਾਰਕ ਸੰਤ ਬਲਜੀਤ ਸਿੰਘ ਦਾਦੂਵਾਲ ਦੀ ਜ਼ਮਾਨਤ ਮਨਜ਼ੂਰ ਕਰ ਲਈ। ਇਹ ਜਾਣਕਾਰੀ ਸ਼੍ਰੋਮਣੀ ਅਕਾਲੀ ਦਲ (ਅ) ਦੇ ਜਨਰਲ ਸਕੱਤਰ ਗੁਰਸੇਵਕ ਸਿੰਘ ਜਵਾਹਰਕੇ ਤੇ ਸ਼੍ਰੋਮਣੀ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਨੇ ਦਿੱਤੀ। ਅਦਾਲਤ ਨੇ ਸੰਤ ਦਾਦੂਵਾਲ ਦੇ ਧਾਰਾ 307 ਕੇਸ ਵਿਚ ਇਕ-ਇਕ ਲੱਖ ਰੁਪਏ ਦੀਆਂ ਤੇ ਬਾਕੀ ਦੋ ਮਾਮਲਿਆਂ 'ਚ 20-20 ਹਜ਼ਾਰ ਰੁਪਏ ਦੀਆਂ ਜ਼ਮਾਨਤਾਂ ਤੇ ਮੁਚੱਲਕੇ ਲਏ। ਇਸ ਤੋਂ ਇਲਾਵਾ ਅਦਾਲਤ ਨੇ ਸੰਤ ਦਾਦੂਵਾਲ ਨੂੰ ਪਾਸਪੋਰਟ ਜਮ੍ਹਾਂ ਕਰਵਾਉਣ ਦੇ ਨਿਰਦੇਸ਼ ਦਿੱਤੇ ਹਨ। ਇਸ ਮਾਮਲੇ ਦੀ ਅਗਲੀ ਸੁਣਵਾਈ 8 ਜਨਵਰੀ ਨੂੰ ਹੋਣੀ ਹੈ।

ਜ਼ਿਕਰਯੋਗ ਹੈ ਕਿ ਸੰਤ ਦਾਦੂਵਾਲ ਦੀ ਹਰਿਆਣਾ ਪੁਲਿਸ ਵੱਲੋਂ ਕੀਤੀ ਗ੍ਰਿਫਤਾਰੀ ਦੇ ਵਿਰੋਧ ਵਿਚ ਪੰਥਕ ਸੇਵਾ ਲਹਿਰ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸ੍ਰੀ ਅਕਾਲ ਤਖਤ ਸਾਹਿਬ ਸੇਵਕ ਜਥਾ ਤੇ ਹੋਰ ਸਿੱਖ ਜਥੇਬੰਦੀਆਂ ਦੀਆਂ ਨੇ ਹਿਸਾਰ ਪੁੱਜ ਕੇ 31 ਦਸੰਬਰ ਨੂੰ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਸੀ । ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਖਾਲਸਾ ਐਕਸ਼ਨ ਕਮੇਟੀ ਦੇ ਭਾਈ ਮੋਹਕਮ ਸਿੰਘ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਗਦੀਸ਼ ਸਿੰਘ ਝੀਂਡਾ, ਅਕਾਲੀ ਦਲ-ਪੰਚ ਪ੍ਰਧਾਨੀ ਦੇ ਭਾਈ ਬਲਦੇਵ ਸਿੰਘ ਸਿਰਸਾ ਦੀ ਅਗਵਾਈ ਵਿਚ ਸਿੱਖ ਸੰਗਤਾਂ ਨੇ ਪ੍ਰਦਰਸ਼ਨ ਕਰਦਿਆਂ ਹਿਸਾਰ ਜੇਲ੍ਹ ਵੱਲ ਵਹੀਰਾਂ ਘੱਤ ਦਿੱਤੀਆਂ ਸਨ। ਪ੍ਰਦਰਸ਼ਨ ਕਰ ਰਹੀਆਂ ਸਿੱਖ ਸੰਗਤਾਂ ਨੇ ਹਿਸਾਰ-ਦਿੱਲੀ ਮੁੱਖ ਰੋਡ 'ਤੇ ਜਾਮ ਲਾ ਦਿੱਤਾ ਸੀ।

ਇਸ ਮੌਕੇ ਸ. ਸਿਮਰਨਜੀਤ ਸਿੰਘ ਮਾਨ, ਭਾਈ ਮੋਹਕਮ ਸਿੰਘ, ਜਗਦੀਸ਼ ਸਿੰਘ ਝੀਂਡਾ ਤੇ ਹੋਰ ਸਿੱਖ ਆਗੂਆਂ ਨੇ ਕਿਹਾ ਕਿ ਜਿਸ ਮਾਮਲੇ ਤਹਿਤ ਸੰਤ ਦਾਦੂਵਾਲ ਦੀ ਗ੍ਰਿਫਤਾਰੀ ਦਿਖਾਈ ਗਈ ਹੈ, ਉਹ 2007 ਵਿਚ ਡੇਰਾ ਸਿੱਖ ਵਿਵਾਦ ਦੌਰਾਨ ਦਰਜ ਕੀਤਾ ਗਿਆ ਸੀ ਤੇ ਉਸ ਤੋਂ ਬਾਅਦ ਸੰਤ ਦਾਦੂਵਾਲ ਸੈਂਕੜੇ ਵਾਰ ਹਰਿਆਣਾ ਆ ਚੁੱਕੇ ਹਨ ਪਰ ਹੁਣ ਉਨ੍ਹਾਂ ਨੂੰ ਅਚਾਨਕ ਵਿਦੇਸ਼ ਤੋਂ ਪਰਤਦਿਆਂ ਅੰਮ੍ਰਿਤਸਰ ਵਿਖੇ ਗ੍ਰਿਫਤਾਰ ਕਰ ਲਿਆ ਗਿਆ ਜਿਸ ਤੋਂ ਸਪੱਸ਼ਟ ਹੈ ਕਿ ਬੀਤੇ ਦਿਨੀਂ ਹੋਏ ਸਿਰਸਾ ਕਾਂਡ ਤੋਂ ਬਾਅਦ ਹਰਿਆਣਾ ਸਰਕਾਰ ਨੇ ਡੇਰਾ ਸਿਰਸਾ ਨੂੰ ਖੁਸ਼ ਕਰਨ ਦੀ ਨੀਤੀ ਤਹਿਤ ਹੀ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਹੈ।

## ਤੋਤਿਆਂ ਨੂੰ ਨਹੀਂ ਪਸੰਦ ਇਲੈਕਟ੍ਰਾਨਿਕ ਡਾਂਸ ਸੰਗੀਤ

**ਲੰਡਨ:** ਦੂਜਿਆਂ ਦੀ ਨਕਲ ਉਤਾਰਨ ਤੇ ਵੱਖ-ਵੱਖ ਆਵਾਜ਼ਾਂ ਕੱਢਣ ਬਾਰੇ ਤੋਤਿਆਂ ਦੀ ਮੁਹਾਰਤ ਬਾਰੇ ਤਾਂ ਸਭ ਜਾਣਦੇ ਹਨ ਪਰ ਹੁਣ ਵਿਗਿਆਨੀਆਂ ਨੇ ਖੋਜ ਕੀਤੀ ਹੈ ਕਿ ਉਹ ਵੱਖੋ-ਵੱਖਰੀਆਂ ਸੰਗੀਤਕ ਧੁਨਾਂ ਵੀ ਪਸੰਦ ਕਰਦੇ ਹਨ ਪਰ ਨਾਚ ਵਾਲੀਆਂ ਧੁਨਾਂ ਉਨ੍ਹਾਂ ਨੂੰ ਬਿਲਕੁਲ ਵੀ ਪਸੰਦ ਨਹੀਂ। ਕੁਝ ਤੋਤੇ ਸ਼ਾਸਤਰੀ ਸੰਗੀਤ ਪਸੰਦ ਕਰਦੇ ਹਨ ਤੇ ਕੁਝ ਪੌਪ ਤੇ ਲੋਕ ਸੰਗੀਤ ਪਰ ਉਹ ਜਿਹੜਾ ਮਿੱਠਾ ਹੋਵੇ। ਨਾਚ ਧੁਨਾਂ ਵਾਲਾ ਸੰਗੀਤ ਉਨ੍ਹਾਂ ਨੂੰ ਪਸੰਦ ਨਹੀਂ।

ਖੋਜਕਾਰਾਂ ਨੇ ਅਫ਼ਰੀਕੀ ਤੋਤਿਆਂ ਦੇ ਇਕ ਜੋੜੇ ਦੀਆਂ ਸੁਣਨ ਬਾਰੇ ਰੁਚੀਆਂ ਉਤੇ ਨਜ਼ਰ ਰੱਖੀ। 'ਟੈਲੀਗ੍ਰਾਫ' ਦੀ ਰਿਪੋਰਟ ਮੁਤਾਬਕ ਇਕ ਨੇ ਜਿਥੇ ਕਲਾਸਿਕ ਸੰਗੀਤ ਨੂੰ ਤਰਜੀਹ ਦਿੱਤੀ, ਉਥੇ ਦੂਜੇ ਨੂੰ ਆਧੁਨਿਕ ਸੰਗੀਤ ਪਸੰਦ ਸੀ। ਉਨ੍ਹਾਂ ਨੇ 'ਰੌਕ' ਤੇ 'ਫੋਕ' ਸੰਗੀਤ ਵੀ ਪਸੰਦ ਕੀਤਾ ਜਿਸ ਉਤੇ ਉਹ ਝੂਮਦੇ ਵੀ ਰਹੇ ਪਰ ਕਿਸੇ ਵੀ ਪੰਛੀ ਨੇ ਇਲੈਕਟ੍ਰਾਨਿਕ ਡਾਂਸ ਸੰਗੀਤ ਪਸੰਦ ਨਹੀਂ ਕੀਤਾ ਤੇ ਇਹ ਸੰਗੀਤ ਵਜਾਏ ਜਾਣ ਤੋਂ ਉਹ ਪਰੇਸ਼ਾਨ ਦਿਖਾਈ ਦਿੱਤੇ।

ਲਿੰਕਨ ਯੂਨੀਵਰਸਿਟੀ ਦੇ ਡਾ. ਫਰੈਂਕ ਪੇਰੋਲ ਮੁਤਾਬਕ ਦੋਵਾਂ ਨੇ ਆਪਣੀਆਂ ਤਰਜੀਹਾਂ ਸਾਫ਼ ਤੌਰ 'ਤੇ ਦੱਸੀਆਂ। ਦੂਜੀ ਵਾਰ ਦੋ ਨਰ ਤੋਤਿਆਂ- ਲਿਓ ਤੇ ਸ਼ੈਗੋ ਨੂੰ ਤਜਰਬੇ ਵਿਚ ਸ਼ਾਮਲ ਕੀਤਾ ਗਿਆ ਤੇ ਇਕ ਟੱਚ ਸਕਰੀਨ ਵਾਲਾ ਮਾਨਿਟਰ ਉਨ੍ਹਾਂ ਦੇ ਪਿੰਜਰੇ ਵਿਚ ਰੱਖਿਆ ਗਿਆ ਜਿਥੇ ਦੋ ਵੱਡੇ ਬਟਨ ਸਨ ਜਿਨ੍ਹਾਂ ਨੂੰ ਉਹ ਆਪਣੀਆਂ ਚੁੰਝਾਂ ਨਾਲ ਦਬਾ ਸਕਦੇ ਸਨ। ਇਹ ਸਕਰੀਨ ਇਕ ਮਹੀਨਾ ਪਿੰਜਰੇ ਵਿਚ ਪਈ ਰਹੀ ਤੇ ਤੋਤਿਆਂ ਨੂੰ ਆਪਣੀ ਪਸੰਦ ਦਾ ਸੰਗੀਤ ਚੁਣਨ ਦਾ ਮੌਕਾ ਦਿੱਤਾ ਗਿਆ।


Short Sale Specialist

Selling HUD homes anywhere in California



**Just Sold**
7 Derow Ct.,
Sacramento, CA 95833
**$40,000.00**
2625 Hayden Brook Ave.,
Stockton, CA 95212
**$141,500**

**Listing**
2519 Tornado Way,
Rancho Cordova, CA 95670
**$105,000**
4545 Valley Hi Dr.,
Sacramento, CA 95823
**$140,000**
2430 Yreka Ave,
Sacramento, CA 95822
**$63,000**

Call: Sohanpreet 'Sam' Chahal
@916-612-5773

Sohanpreet (Sam) Chahal
CA Lic. 01504071
Realtor/Notary Public
email:samchahal@hotmail.com

visit: www.hudhomestore.com
Serving from Bay Area to Sacramento

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ,
ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707





## ‘ਹੁਣ ਜਥੇਦਾਰ ਸਾਹਿਬ ਪਹਿਲ ਕਰਨ’

**ਅੰਮ੍ਰਿਤਸਰ:** ਸਿੱਖ ਵਿਦਵਾਨਾਂ ਦਾ ਕਹਿਣਾ ਹੈ ਕਿ ਇਸ ਮਾਮਲੇ ਵਿਚ ਅਕਾਲ ਤਖਤ ਦੇ ਜਥੇਦਾਰ ਨੂੰ ਬਿਨਾਂ ਕਿਸੇ ਭਿੰਨ-ਭੇਦ ਦੇ ਕਾਰਵਾਈ ਕਰਨੀ ਚਾਹੀਦੀ ਹੈ। ਜੇ ਸਿਆਸੀ ਆਗੂਆਂ ਨੇ ਲਗਾਤਾਰ ਤੀਜੀ ਵਾਰ ਉਨ੍ਹਾਂ ਦੇ ਅਪੀਲ ਨੂੰ ਦਰਕਿਨਾਰ ਕੀਤਾ ਹੈ ਤਾਂ ਉਨ੍ਹਾਂ ਨੂੰ ਅਕਾਲ ਤਖਤ ਉਤੇ ਤਲਬ ਕਰਨਾ ਚਾਹੀਦਾ ਹੈ। ਸਿੱਖ ਵਿਦਵਾਨਾਂ ਮੁਤਾਬਕ ਵੱਖ ਵੱਖ ਸ਼੍ਰੋਮਣੀ ਅਕਾਲੀ ਦਲ ਕਿਉਂਕਿ ਸਿੱਧੀਆਂ ਸਿੱਖ ਧਰਮ ਨਾਲ ਜੁੜੀਆਂ ਜਥੇਬੰਦੀਆਂ ਹਨ, ਇਸ ਲਈ ਜਥੇਦਾਰ ਨੂੰ ਇਨ੍ਹਾਂ ਤੋਂ ਹੀ ਕਾਰਵਾਈ ਆਰੰਭ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਦਲਾਂ ਦੇ ਆਗੂਆਂ ਨੂੰ ਸਕਤੀ ਨਾਲ ਹੁਕਮ ਜਾਰੀ ਕਰਨਾ ਚਾਹੀਦਾ ਹੈ। ਇਕ ਵਾਰ ਜੇ ਅਕਾਲੀ ਆਗੂ ਤੋਹਮਤਾਂ ਵਾਲੇ ਭਾਸ਼ਨਾਂ ਤੋਂ ਬਾਜ ਆ ਜਾਣ ਤਾਂ ਹੋਰ ਪਾਰਟੀਆਂ ਆਪਣੇ-ਆਪ ਪਿਛਾਂਹ ਹਟ ਜਾਣਗੀਆਂ। ਇਸ ਤੋਂ ਬਾਅਦ ਜੇ ਲੋੜ ਪਵੇ ਤਾਂ ਉਨ੍ਹਾਂ ਖਿਲਾਫ ਵੀ ਸਖਤ ਕਾਰਵਾਈ ਕੀਤੀ ਜਾਵੇ।

## ‘ਸਿਆਸੀ ਕਾਨਫਰੰਸਾਂ ਉਤੇ ਪਾਬੰਦੀ ਲੱਗੇ’

**ਫਤਿਹਗੜ੍ਹ ਸਾਹਿਬ:** ਸਿਆਸੀ ਆਗੂਆਂ ਵੱਲੋਂ ਅਕਾਲ ਤਖਤ ਦੇ ਜਥੇਦਾਰ ਦੀ ਅਪੀਲ ਦਰਕਿਨਾਰ ਕੀਤੇ ਜਾਣ ਤੋਂ ਸੰਗਤ ਵਿਚ ਬਹੁਤ ਰੋਸ ਹੈ। ਸੰਗਤ ਦਾ ਕਹਿਣਾ ਹੈ ਕਿ ਜੇ ਸਿਆਸੀ ਆਗੂਆਂ ਨੇ ਜਥੇਦਾਰ ਦੀ ਗੱਲ ਵੀ ਨਹੀਂ ਸੁਣਨੀ ਜਿਸ ਦਾ ਸਾਹਿਬਜ਼ਾਦਿਆਂ ਦੀ ਸ਼ਹੀਦੀ ਨਾਲ ਸਿੱਧਾ ਸਬੰਧ ਹੈ ਤਾਂ ਅਜਿਹੇ ਆਗੂਆਂ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਸੰਗਤ ਦੇ ਇਕ ਹਿੱਸੇ ਨੇ ਸਿਆਸੀ ਕਾਨਫਰੰਸਾਂ ਬੰਦ ਕਰਨ ਦੀ ਆਵਾਜ਼ ਉਠਾਈ ਹੈ। ਉਨ੍ਹਾਂ ਮੁਤਾਬਕ ਇਨ੍ਹਾਂ ਕਾਨਫਰੰਸਾਂ ਵਿਚ ਸਿੱਖੀ ਸਿਧਾਂਤਾਂ ਅਤੇ ਸ਼ਹੀਦਾਂ ਦੀ ਕੋਈ ਗੱਲ ਨਹੀਂ ਕੀਤੀ ਜਾਂਦੀ, ਬੱਸ ਇਕ-ਦੂਜੇ ਖਿਲਾਫ ਭੜਾਸ ਕੱਢੀ ਜਾਂਦੀ ਹੈ।




*ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਾਇਆ ਬੋਰਡ ਜਿਸ ਉਤੇ ਜਥੇਦਾਰ ਦੇ ਆਦੇਸ਼ਾਂ ਦੀ ਉਲੰਘਣਾ ਕਰ ਕੇ ਪ੍ਰਧਾਨ ਅਵਤਾਰ ਸਿੰਘ ਮੱਕੜ ਦੀ ਫੋਟੋ ਲਾਈ ਹੋਈ ਹੈ। ਕਿਸੇ ਸ਼ਰਧਾਲੂ ਨੇ ਇਹ ਫੋਟੋ ਉਖਾੜ ਸੁੱਟੀ।*

## ਕੀ ਸਨ ਜਥੇਦਾਰ ਦੀਆਂ ਹਦਾਇਤਾਂ

*ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਸਾਦਗੀ ਨਾਲ ਮਨਾਇਆ ਜਾਵੇ।*


*ਲੰਗਰਾਂ ਵਿਚ ਵਿਸ਼ੇਸ਼ ਪਕਵਾਨ ਨਾ ਬਣਾਏ ਜਾਣ।*

*ਸਿਆਸੀ ਪਾਰਟੀਆਂ ਕਾਨਫਰੰਸਾਂ ਵਿਚ ਇਕ-ਦੂਜੇ ‘ਤੇ ਦੂਸ਼ਣਬਾਜ਼ੀ ਨਾ ਕਰਨ; ਸਿਰਫ਼ ਗੁਰੂ ਸਾਹਿਬਾਨ ਤੇ ਸ਼ਹੀਦਾਂ ਦੀ ਗੱਲ ਕੀਤੀ ਜਾਵੇ।*

*ਸ਼ਹੀਦੀ ਸਮਾਗਮ ਜੋੜ ਮੇਲਾ ਨਹੀਂ।*

*ਸਪੀਕਰਾਂ ਦੀ ਆਵਾਜ਼ ਉੱਚੀ ਨਾ ਕੀਤੀ ਜਾਵੇ, ਸਿਰਫ਼ ਗੁਰਬਾਣੀ ਦਾ ਪਾਠ ਤੇ ਕੀਰਤਨ ਕੀਤਾ ਜਾਵੇ।*

*ਘਰਾਂ ਵਿਚ ਬੱਚਿਆਂ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਇਤਿਹਾਸ ਬਾਰੇ ਦੱਸਿਆ ਜਾਵੇ।*



## ਮੀਰੀ ਪੀਰੀ

ਸਿੱਖ ਧਰਮ ਵਿਚ ਮੀਰੀ ਪੀਰੀ ਦਾ ਸਿਧਾਂਤ ਛੇਵੇਂ ਗੁਰੂ ਹਰਗੋਬਿੰਦ ਨੇ ਲਿਆਂਦਾ ਸੀ। ਆਪਣੇ ਪਿਤਾ ਪੰਜਵੇਂ ਪਾਤਸ਼ਾਹ ਅਰਜਨ ਦੇਵ ਦੀ ਸ਼ਹੀਦੀ ਤੋਂ ਬਾਅਦ ਜਦੋਂ ਉਨ੍ਹਾਂ ਗੁਰਗੱਦੀ ਸੰਭਾਲੀ ਤਾਂ ਦੋ ਤਲਵਾਰਾਂ ਪਹਿਨੀਆਂ-ਇਕ ਮੀਰੀ ਦੀ ਅਤੇ ਦੂਜੀ ਪੀਰੀ ਦੀ। ਹੁਣ ਧਰਮ ਅਤੇ ਸਿਆਸਤ ਦੇ ਰਲੇਵੇਂ ਵੇਲੇ ਮੀਰੀ-ਪੀਰੀ ਦੇ ਇਸ ਸਿਧਾਂਤ ਨੂੰ ਹੀ ਆਧਾਰ ਦੱਸਿਆ ਜਾਂਦਾ ਹੈ। ਉਂਜ, ਇਸ ਦਾ ਅਰਥ ਸਿਆਸਤ ਉਤੇ ਧਰਮ ਦਾ ਕੁੰਡਾ ਹੈ, ਪਰ ਹੁਣ ਸਿਆਸਤ ਹੀ ਧਰਮ ਉਤੇ ਭਾਰੂ ਹੋ ਗਈ ਹੈ।

# ਆਪਣਾ ਧਰਮੁ ਗਵਾਵਹਿ

## ਸਿਆਸਤਦਾਨਾਂ ਨੇ ਧਰਮ ਦੀ ਲਾਜ ਨਾ ਰੱਖੀ

**ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਜਾਰੀ ਅਪੀਲ ਵਿਸਾਰ ਕੇ ਸਿਆਸਤਦਾਨਾਂ ਨੇ ਫਤਿਹਗੜ੍ਹ ਸਾਹਿਬ ਵਿਖੇ ਛੋਟੇ ਸਾਹਿਜ਼ਾਦਿਆਂ ਦੇ ਸ਼ਹੀਦੀ ਸਮਾਗਮ ਮੌਕੇ ਇਕ-ਦੂਜੇ ਖਿਲਾਫ ਖੂਬ ਦੂਸ਼ਣ ਲਾਏ। ਜਥੇਦਾਰ ਦੀ ਹਦਾਇਤ ਸੀ ਕਿ ਸ਼ਹੀਦੀ ਸਮਾਗਮ ਮੌਕੇ ਸ਼ਹੀਦਾਂ ਨੂੰ ਅਕੀਦਤ ਪੇਸ਼ ਕੀਤੀ ਜਾਵੇ, ਸਿਆਸਤ ਨਾ ਕੀਤੀ ਜਾਵੇ। ਅਸਲ ਵਿਚ ਇਹ ਸਮਾਗਮ ਪਿਛਲੇ ਸਮੇਂ ਦੌਰਾਨ ਸਿਆਸਤ ਦਾ ਅਖਾੜਾ ਬਣ ਚੁੱਕੇ ਹਨ। ਉਂਜ, ਐਤਕੀਂ ਪਹਿਲੀ ਵਾਰ ਆਪਣੀ ਇਹ ਆਵਾਜ਼ ਗੱਜ-ਵੱਜ ਕੇ ਬੁਲੰਦ ਕੀਤੀ ਕਿ ਅਜਿਹੇ ਸਮਾਗਮਾਂ ਮੌਕੇ ਅੱਵਲ ਤਾਂ ਸਿਆਸੀ ਕਾਨਫਰੰਸਾਂ ਬੰਦ ਕੀਤੀਆਂ ਜਾਣ; ਨਹੀਂ ਤਾਂ ਘੱਟੋ-ਘੱਟ ਸਿਆਸੀ ਦੂਸ਼ਣਬਾਜ਼ੀ ਤਾਂ ਜ਼ਰੂਰ ਹੀ ਬੰਦ ਕੀਤੀ ਜਾਵੇ।**

# ਜਥੇਦਾਰ ਦਾ ਹੁਕਮ ਦਰ-ਕਿਨਾਰ, ਕਾਨਫਰੰਸਾਂ ਵਿਚ ਤੋਹਮਤਾਂ ਭਾਰੂ

**ਫਤਹਿਗੜ੍ਹ ਸਾਹਿਬ:** ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਦੀ ਅਦੁੱਤੀ ਕੁਰਬਾਨੀ ਮੌਕੇ ਇੱਥੇ ਹੋਏ ਸਿਆਸੀ ਸਮਾਗਮਾਂ ਵਿਚ ਵੱਖ ਵੱਖ ਸਿਆਸੀ ਪਾਰਟੀਆਂ ਨੇ ਅਕਾਲ ਤਖ਼ਤ ਦੇ ਜਥੇਦਾਰ ਦੀ ਅਪੀਲ ਨਜ਼ਰਅੰਦਾਜ਼ ਕਰ ਕੇ ਇੱਕ ਦੂਜੀ ਉਤੇ ਰੱਜ ਕੇ ਚਿੱਕੜ ਉਛਾਲਿਆ। ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਅਪੀਲ ਕੀਤੀ ਸੀ ਕਿ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਮੱਦੇਨਜ਼ਰ ਕਾਨਫਰੰਸਾਂ ਵਿਚ ਸਿਰਫ ਸ਼ਹੀਦਾਂ ਦੀ ਹੀ ਗੱਲ ਕੀਤੀ ਜਾਵੇ ਅਤੇ ਮਾਹੌਲ ਸੰਜੀਦਾ ਰੱਖਿਆ ਜਾਵੇ। ਇਹ ਲਗਾਤਾਰ ਤੀਜੀ ਵਾਰ ਹੈ ਕਿ ਜਥੇਦਾਰ ਵੱਲੋਂ ਜਾਰੀ ਅਪੀਲ ਇਸ ਤਰ੍ਹਾਂ ਵਿਸਾਰੀ ਗਈ ਹੈ।

ਕਾਨਫਰੰਸਾਂ ਵਿਚ ਨਾ ਸ਼੍ਰੋਮਣੀ ਅਕਾਲੀ ਦਲ ਦੇ ਨੇਤਾਵਾਂ ਨੇ ਦੂਸ਼ਣਬਾਜ਼ੀ ਦੀ ਕੋਈ ਕਸਰ ਬਾਕੀ ਛੱਡੀ ਅਤੇ ਨਾ ਹੀ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ। ਅਕਾਲੀ ਦਲ ਅਤੇ ਕਾਂਗਰਸ ਨੇ ਤਾਂ ਇੱਕ ਦੂਜੇ ਨੂੰ ਗੁੰਡਿਆਂ ਦੀਆਂ ਪਾਰਟੀਆਂ ਕਹਿ ਕੇ ਭੰਡਿਆ। ਅਜਿਹਾ ਹੀ ਨਜ਼ਾਰਾ ਅਕਾਲੀ ਦਲ (ਅੰਮ੍ਰਿਤਸਰ) ਦੀ ਕਾਨਫਰੰਸ ਵਿਚ ਨਜ਼ਰ ਆਇਆ। ਚੇਤੇ ਰਹੇ ਕਿ ਸ਼੍ਰੋਮਣੀ





ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਵੀ ਸਿਆਸੀ ਧਿਰਾਂ ਨੂੰ ਅਕਾਲ ਤਖਤ ਦੇ ਜਥੇਦਾਰ ਦੀ ਅਪੀਲ ਨੂੰ ਅਮਲ ਵਿਚ ਲਿਆਉਣ ਦੀ ਬੇਨਤੀ ਕੀਤੀ ਸੀ, ਪਰ ਕਿਸੇ ਵੀ ਪਾਰਟੀ ਨੇ ਇਹ ਅਪੀਲ ਗੌਲੀ ਤੱਕ ਨਹੀਂ।

ਅਕਾਲੀ ਦਲ ਦੀ ਕਾਨਫਰੰਸ ਵਿਚ ਬਹੁਤੇ ਨੇਤਾਵਾਂ ਨੇ ਕਾਂਗਰਸ ਨੂੰ ਪੰਜਾਬ ਦੀਆਂ ਦੁੱਖ-ਤਕਲੀਫਾਂ ਦੀ ਜਨਨੀ ਦੱਸਿਆ। ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਅੰਦਰ ਕਿਸੇ ਨੂੰ ਵੀ ਅਮਨ ਕਾਨੂੰਨ ਦੀ ਸਥਿਤੀ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇਸ ਤੋਂ ਪਹਿਲਾਂ ਕਾਨਫਰੰਸ ਵਿਚ ਉਨ੍ਹਾਂ ਨੇ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਸਿਜਦਾ ਕੀਤਾ ਅਤੇ ਉਨ੍ਹਾਂ ਦੀ ਕੁਰਬਾਨੀ ਨੂੰ ਲਾਮਿਸਾਲ ਦੱਸਿਆ। ਉਨ੍ਹਾਂ ਐਲਾਨ ਕੀਤਾ ਕਿ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਯਾਦ ਨੂੰ ਸਮਰਪਿਤ ਕੌਮਾਂਤਰੀ ਪੱਧਰ ਦਾ ਖੇਡ ਸਟੇਡੀਅਮ ਫਤਹਿਗੜ੍ਹ ਸਾਹਿਬ ਵਿਖੇ ਬਣਾਇਆ ਜਾਵੇਗਾ।

ਕਾਂਗਰਸ ਦੀ ਕਾਨਫਰੰਸ ਵਿਚ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ ਭਾਜਪਾ ਦੇ ਰਾਜ ਨੂੰ ‘ਗੁੰਡਾ ਰਾਜ’ ਐਲਾਨਿਆ। ਉਨ੍ਹਾਂ ਆਖਿਆ ਕਿ ਅੱਜ ਪ੍ਰਕਾਸ਼ ਸਿੰਘ ਬਾਦਲ ਦੇ ਹੱਥੋਂ ਸਰਕਾਰ ਖਿਸਕ ਕੇ ਮਜੀਠੀਆ ਦੇ ਗੁੰਡਾ ਬ੍ਰਿਗੇਡ ਦੇ ਹੱਥਾਂ ਵਿਚ ਜਾ ਚੁੱਕੀ ਹੈ। ਇਸ ਬ੍ਰਿਗੇਡ ਦੇ ਮੈਂਬਰ ਆਮ ਆਦਮੀ ਨਾਲ ਵੀ ਧੱਕਾ ਕਰ ਰਹੇ ਹਨ।

## ਇਸ ਵਾਰ ਮੁਆਫ਼ ਕੀਤਾ: ਜਥੇਦਾਰ

**ਅੰਮ੍ਰਿਤਸਰ :** ਫਤਹਿਗੜ੍ਹ ਸਾਹਿਬ ਵਿਖੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਮਾਗਮ ਦੌਰਾਨ ਸਿਆਸੀ ਕਾਨਫਰੰਸਾਂ ਲਈ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਨੂੰ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ




ਪਹਿਲੀ ਵਾਰ ਹੋਈ ਗਲਤੀ ਕਰਾਰ ਦਿੰਦਿਆਂ ਆਖਿਆ ਕਿ ਅਗਲੀ ਵਾਰ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਹੋਵੇਗੀ। ਉਨ੍ਹਾਂ ਇਹ ਵੀ ਆਖਿਆ ਕਿ ਇਸ ਵਾਰ ਇਸ ਸਬੰਧੀ ਦਿਸ਼ਾ-ਨਿਰਦੇਸ਼ ਐਨ ਆਖਰੀ ਮੌਕੇ ਜਾਰੀ ਕੀਤੇ ਗਏ ਹਨ। ਜਦੋਂ ਉਨ੍ਹਾਂ ਨੂੰ ਯਾਦ ਕਰਵਾਇਆ ਕਿ ਉਨ੍ਹਾਂ ਪਿਛਲੇ ਸਾਲ ਵੀ ਅਜਿਹੇ ਦਿਸ਼ਾ-ਨਿਰਦੇਸ਼ ਦਿੱਤੇ ਸਨ, ਤਾਂ ਉਹ ਸਵਾਲ ਨੂੰ ਉਕਾ ਹੀ ਟਾਲ ਗਏ।

## ਸਾਹਿਬਜ਼ਾਦਿਆਂ ਦੀ ਸ਼ਹੀਦੀ ਪ੍ਰੇਰਨਾ ਦਾ ਸਰੋਤ: ਮਾਨ



**ਫ਼ਤਹਿਗੜ੍ਹ ਸਾਹਿਬ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਫ਼ਤਹਿਗੜ੍ਹ ਸਾਹਿਬ ਵਿਖੇ ਕੀਤੀ ਕਾਨਫ਼ਰੰਸ ਵਿਚ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫ਼ੁੱਲ ਭੇਟ ਕੀਤੇ ਅਤੇ ਨਾਲ ਹੀ ਆਖਿਆ ਕਿ ਅੱਜ ਸਾਨੂੰ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਸੇਧ ਲੈਣ ਦੀ ਬਹੁਤ ਲੋੜ ਹੈ। ਦੁਨਿਆਵੀ ਲਾਲਸਾਵਾਂ ਹੀ ਲੋਕ ਭਾਜਪਾ ਤੇ ਮੋਦੀ ਨੂੰ ਗੁਜਰਾਤ ਵਿਚ ਵੋਟਾਂ ਪਾ ਕੇ ਜਿਤਾ ਰਹੇ ਹਨ। ਇਹੀ ਹਾਲ ਪੰਜਾਬ ਦਾ ਹੋਇਆ ਹੈ, ਲੋਕਾਂ ਨੇ ਬਾਦਲਾਂ ਨੂੰ ਵੋਟਾਂ ਪਾ ਕੇ ਇਹੀ ਕੁਝ ਸਾਬਤ ਕੀਤਾ ਹੈ। ਸ. ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਖ਼ਾਲਿਸਤਾਨ ਜਮਹੂਰੀ ਅਤੇ ਅਮਨਮਈ ਤਰੀਕੇ ਨਾਲ ਕਾਇਮ ਕੀਤਾ ਜਾਵੇਗਾ। ਇਸ ਮੌਕੇ ਦਲ ਵੱਲੋਂ 23 ਮਤੇ ਪਾਸ ਕੀਤੇ ਗਏ। ਕਾਨਫਰੰਸ ਨੂੰ ਧਿਆਨ ਸਿੰਘ ਮੰਡ, ਪਰਮਜੀਤ ਸਿੰਘ ਸਹੋਲੀ, ਇਕਬਾਲ ਸਿੰਘ ਟਿਵਾਣਾ, ਬਲਵੰਤ ਸਿੰਘ ਗੋਪਾਲਾ, ਪ੍ਰੋ. ਮਹਿੰਦਰਪਾਲ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਬਾਬਾ ਅਮਰਜੀਤ ਸਿੰਘ ਕਿਲਾ ਹਕੀਮਾਂ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਗੁਰਸੇਵਕ ਸਿੰਘ ਜਵਾਹਰ ਕੇ, ਜਸਪਾਲ ਸਿੰਘ, ਗੁਰਪ੍ਰੀਤ ਸਿੰਘ ਝੱਬਰ, ਧਰਮ ਸਿੰਘ ਕਲੋੜ, ਰਣਦੇਵ ਸਿੰਘ ਦੇਵੀ, ਸਵਰਨ ਸਿੰਘ ਫਾਟਕ ਮਾਜਰੀ ਤੇ ਹੋਰ ਅਹੁਦੇਦਾਰ ਪੁੱਜੇ ਹੋਏ ਸਨ।

## ਸਮਾਗਮ ਸਿਆਸੀ ਅਖਾੜੇ ਨਾ ਬਣਨ: ਖਾਲਸਾ



**ਆਨੰਦਪੁਰ ਸਾਹਿਬ:** ਸੰਤ ਸਮਾਜ ਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਹਰਨਾਮ ਸਿੰਘ ਖਾਲਸਾ ਨੇ ਅਪੀਲ ਕੀਤੀ ਹੈ ਕਿ ਸਿੱਖਾਂ ਦੇ ਮਹਾਨ ਸ਼ਹੀਦਾਂ ਦੀ ਯਾਦ ਵਿਚ ਹੋਣ ਵਾਲੇ ਸਮਾਗਮਾਂ ਨੂੰ ਸਿਆਸੀ ਅਖਾੜੇ ਬਣਾ ਕੇ ਇਕ-ਦੂਜੇ ‘ਤੇ ਦੂਸ਼ਣ ਨਾ ਲਾਏ ਜਾਣ। ਇਸ ਨਾਲ ਸ਼ਹੀਦੀ ਸਮਾਗਮਾਂ ਦੀ ਮਹਾਨਤਾ ਤੇ ਪਵਿੱਤਰਤਾ ਨੂੰ ਸੱਟ ਵੱਜਦੀ ਹੈ। ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਆਏ ਸੰਤ ਖਾਲਸਾ ਨੇ ਕਿਹਾ ਕਿ ਇਹ ਬੇਹੱਦ ਦੁੱਖ ਦੀ ਗੱਲ ਹੈ ਕਿ ਇਕ ਪਾਸੇ ਤਾਂ ਸਮੁੱਚੀ ਸਿੱਖ ਕੌਮ ਸ਼ਹਾਦਤ ਦੇਣ ਵਾਲੇ ਮਹਾਨ ਸ਼ਹੀਦਾਂ ਨੂੰ ਯਾਦ ਕਰ ਰਹੀ ਹੈ, ਦੂਜੇ ਪਾਸੇ ਸਿਆਸੀ ਲੋਕ ਆਪਣੀਆਂ ਰੋਟੀਆਂ ਸੇਕ ਰਹੇ ਹਨ। ਸ਼ਹੀਦੀ ਸਮਾਗਮਾਂ ਵਿਚ ਕਿਸੇ ਵੀ ਪਾਰਟੀ ਨੂੰ ਸਿਆਸੀ ਕਾਨਫਰੰਸ ਕਰਨ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਸਾਕਾ ਨੀਲਾ ਤਾਰਾ ਦੇ ਸ਼ਹੀਦਾਂ ਦੀ ਯਾਦ ‘ਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਕੰਪਲੈਕਸ ‘ਚ ਤਿਆਰ ਹੋ ਰਹੀ ਸ਼ਹੀਦੀ ਯਾਦਗਾਰ ਜੂਨ ਦੇ ਪਹਿਲੇ ਹਫਤੇ ਪੰਥ ਨੂੰ ਸਮਰਪਤ ਕਰ ਦਿੱਤੀ ਜਾਵੇਗੀ। ਇਸ ਮੌਕੇ ਸ਼ਮੂਲੀਅਤ ਲਈ ਧੜੇਬੰਦੀ ਤੇ ਵਿਤਕਰੇ ਤੋਂ ਉਤੇ ਉੱਠ ਕੇ ਦੇਸ਼-ਵਿਦੇਸ਼ ਵਿਚ ਵਸਦੇ ਪੰਥ ਦਰਦੀਆਂ ਨੂੰ ਸ਼ਾਮਲ ਹੋਣ ਲਈ ਸੱਦਾ ਪੱਤਰ ਦਿੱਤਾ ਜਾਵੇਗਾ।

# Matrimonials

## ਕੰਨਿਆ ਦੀ ਲੋੜ ਹੈ

Suitable US/Canadian girl sought for Jatt Sikh boy 26/5'3", B. Pharmacy, MBA, Green Cardholder, Vegetarian. Cont: vicksidhu19@gmail.com Or 815-439-9369

Suitable US/Canadian match for Sikh 26, 5'-10" boy working as a software engineer. Green card under process. Caste no bar. Contact: ksingh0615@gmail.com or 425-773-9030

ਪੰਜਾਬ ਰਹਿੰਦੇ ਜੱਟ ਸਿੱਖ ਸੋਹਣੇ ਸੁਨੱਖੇ ਐਮ ਬੀ ਏ ਲੜਕੇ, ਉਮਰ 26 ਸਾਲ, ਕੱਦ 5'-11'', ਚੰਗਾ ਖਾਨਦਾਨ, ਚੰਗੀ ਪੇਂਡੂ ਤੇ ਸ਼ਹਿਰੀ ਜਾਇਦਾਦ, ਵਾਸਤੇ ਚੰਗੇ ਪਰਿਵਾਰ ਦੀ ਉਚੀ ਲੰਮੀ ਖੂਬਸੂਰਤ ਅਮਰੀਕਨ ਸਿਟੀਜਨ ਲੜਕੀ ਦੀ ਲੋੜ ਹੈ। ਲੜਕੇ ਦਾ ਪਿਤਾ ਪੰਜਾਬ ਸਰਕਾਰ ਵਿਚ ਉਚ ਅਫਸਰ। ਸੰਪਰਕ ਕਰੋ, ਫੋਨ: (510) 760-9600
E-Mail Tigerjatt@gmail.com

## ਵਰ ਦੀ ਲੋੜ ਹੈ

ਲੁਧਿਆਣਾ ਨਿਵਾਸੀ ਜੱਟ ਸਿੱਖ ਗਿੱਲ ਪਰਿਵਾਰ ਨੂੰ ਆਪਣੀ ਐਮ.ਐਸ.ਸੀ. ਨਰਸਿੰਗ ਖੂਬਸੂਰਤ ਲੜਕੀ 29 ਸਾਲ, ਕੱਦ 5'-1'' ਲਈ ਅਮਰੀਕਾ ਜਾਂ ਕੈਨੇਡਾ ਵਿਚ ਸਥਾਈ ਰਹਿਣ ਵਾਲੇ ਲੜਕੇ ਦੀ ਤਲਾਸ਼ ਹੈ। ਲੜਕੀ ਦੇ ਪਿਤਾ ਅਮਰੀਕਾ ਵਿਚ ਸਥਾਈ ਤੌਰ 'ਤੇ ਰਹਿੰਦੇ ਹਨ। ਵਧੇਰੇ ਜਾਣਕਾਰੀ ਲਈ 650-273-2999 'ਤੇ ਬਾਅਦ ਦੁਪਿਹਰ 1:00 ਤੋਂ ਰਾਤ 11:30 ਤੱਕ ਫ਼ੋਨ ਕਰੋ।

# ਕਹਾਣੀਕਾਰਾ ਰਵਿੰਦਰ ਸੈਣੀ ਨਾਲ ਸਾਹਿਤਕ ਮਿਲਣੀ

**ਯੂਨੀਅਨ ਸਿਟੀ (ਬਿਊਰੋ):** "ਪ੍ਰਿੰ. ਸੁਜਾਨ ਸਿੰਘ ਦੀਆਂ ਕਹਾਣੀਆਂ ਤੋਂ ਪ੍ਰੇਰਿਤ ਹੋ ਕੇ ਮੈਂ ਦਸਵੀਂ ਕਲਾਸ ਵਿਚ ਹੀ ਕਹਾਣੀ ਲਿਖਣੀ ਸ਼ੁਰੂ ਕਰ ਦਿੱਤੀ ਸੀ। ਗਿਆਰਵੀਂ ਕਲਾਸ ਵਿਚ ਮੈਨੂੰ ਆਲ ਇੰਡੀਆ ਰੇਡੀਓ ਜਲੰਧਰ ਦੇ ਯੁਵਵਾਣੀ ਪ੍ਰੋਗਰਾਮ ਵਿਚ ਕਹਾਣੀ ਪੜ੍ਹਨ ਲਈ ਬੁਲਾਇਆ ਗਿਆ। ਬਾਅਦ ਵਿਚ ਮੈਂ ਲੰਮਾ ਸਮਾਂ ਇਸ ਪ੍ਰੋਗਰਾਮ ਵਿਚ ਆਪਣੀਆਂ ਕਹਾਣੀਆਂ ਪੜ੍ਹਨ ਜਾਂਦੀ ਰਾਹੀਂ ਅਤੇ ਮੇਰੀਆਂ ਕਹਾਣੀਆਂ ਪੰਜਾਬੀ ਅਖਬਾਰ 'ਅਕਾਲੀ ਪਤ੍ਰਿਕਾ' ਵਿਚ ਪ੍ਰਕਾਸ਼ਿਤ ਹੁੰਦੀਆਂ ਰਹੀਆਂ।" ਇਹ ਵਿਚਾਰ ਕੈਨੇਡਾ ਤੋਂ ਅਮਰੀਕਾ ਦੌਰੇ 'ਤੇ ਆਈ ਹੋਈ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਇਕ ਪੁਰਾਣੀ ਮੈਂਬਰ ਰਵਿੰਦਰ ਸੈਣੀ ਨੇ ਸਥਾਨਕ ਸਾਹਿਤਕਾਰਾਂ ਨਾਲ ਇਕ ਰੂਬਰੂ ਦੌਰਾਨ ਪ੍ਰਗਟਾਏ।



ਇਥੇ ਰਾਜਾ ਸਵੀਟਸ ਰੈਸਟੋਰੈਂਟ ਵਿਚ ਇਕ ਸਾਹਿਤਕ ਮਿਲਣੀ ਦੌਰਾਨ ਉਨ੍ਹਾਂ ਕਿਹਾ ਕਿ ਵਿਆਹ ਤੋਂ ਬਾਅਦ ਥਾਈਲੈਂਡ ਵਿਚ 7-8 ਸਾਲ ਦੇ ਪਰਵਾਸ ਦੌਰਾਨ ਉਸ ਦਾ ਸਾਹਿਤ ਨਾਲੋਂ ਰਿਸ਼ਤਾ ਟੁੱਟਿਆ ਰਿਹਾ। 2003 ਵਿਚ ਅਮਰੀਕਾ ਆ ਕੇ ਉਹ ਸ਼ਾਇਰਾ ਸੁਰਜੀਤ ਨਾਲ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਨਾਲ ਜੁੜ ਗਈ, ਜਿਥੇ ਉਸ ਨੂੰ ਨੀਲਮ ਸੈਣੀ ਦਾ ਸਾਹਿਤਕ ਸਾਥ ਵੀ ਮਿਲਿਆ ਅਤੇ ਉਸ ਦੀ ਕਹਾਣੀ ਮੁੜ ਪੁੰਗਰਨ ਲੱਗੀ। 2005 ਵਿਚ ਉਸ ਨੂੰ ਕੈਨੇਡਾ ਜਾਣਾ ਪਿਆ ਜਿਥੇ ਉਸ ਦੀ ਕਹਾਣੀ ਮੁੜ ਕੁਮਲਾਉਣ ਲੱਗੀ ਪਰ ਪਿਛਲੇ ਕੁਝ ਸਮੇਂ ਤੋਂ ਉਸ ਨੇ ਮੁੜ ਕਹਾਣੀ ਸਰਗਰਮੀ ਨਾਲ ਲਿਖਣੀ ਸ਼ੁਰੂ ਕੀਤੀ ਹੈ।

ਇਸ ਸਾਹਿਤਕ ਬੈਠਕ ਵਿਚ ਰਵਿੰਦਰ ਸੈਣੀ ਨੇ ਆਪਣੀ ਨਵੀਂ ਕਹਾਣੀ 'ਮੁਤਬੰਨੀ' ਪੜ੍ਹੀ, ਜਿਸ 'ਤੇ ਹਾਜ਼ਰ ਸਾਹਿਤਕਾਰਾਂ ਪ੍ਰੋ. ਸੁਰਿੰਦਰ ਸਿੰਘ ਸੀਰਤ, ਰਾਠੇਸ਼ਵਰ ਸਿੰਘ ਸੂਰਾਪੁਰੀ, ਨਵਨੀਤ ਪਨੂੰ, ਤਾਰਾ ਸਿੰਘ ਸਾਗਰ ਅਤੇ ਨੀਲਮ ਸੈਣੀ ਨੇ ਉਸਾਰੂ ਚਰਚਾ ਕੀਤੀ। ਨਵਨੀਤ ਪਨੂੰ ਨੇ 'ਇਕਾਂਤ ਦਾ ਦਿਹਾਂਤ', ਤਾਰਾ ਸਿੰਘ ਸਾਗਰ ਨੇ 'ਰੇਤ ਮਹਿਲ' ਅਤੇ ਨੀਲਮ ਸੈਣੀ ਨੇ 'ਹਰਫ਼ਾਂ ਦੀ ਡੋਰ' ਕਾਵਿ ਸੰਗ੍ਰਿਹ ਵੀ ਰਵਿੰਦਰ ਸੈਣੀ ਨੂੰ ਭੇਂਟ ਕੀਤੇ। ਇਸ ਤੋਂ ਬਾਅਦ ਕਵੀ ਦਰਬਾਰ ਵਿਚ ਸਭ ਨੇ ਆਪੋ-ਆਪਣੀਆਂ ਰਚਨਾਵਾਂ ਕਹੀਆਂ।

# ਸੂ ਚੀ ਵੱਲੋਂ ਬੁਣਿਆ ਸਵੈਟਰ 50 ਹਜ਼ਾਰ ਡਾਲਰ 'ਚ ਵਿਕਿਆ

**ਯੈਂਗੌਨ:** ਮਿਆਂਮਾਰ 'ਚ ਜਮਹੂਰੀਅਤ ਦੀ ਝੰਡਾ ਬਰਦਾਰ ਅਤੇ ਨੋਬਲ ਇਨਾਮ ਜੇਤੂ ਆਗੂ ਅੰਗ ਸਾਨ ਸੂ ਚੀ ਵੱਲੋਂ ਆਪਣੇ ਹੱਥੀਂ ਬੁਣਿਆ ਉਨ ਦਾ ਸਵੈਟਰ ਮੁਲਕ ਵਿਚ ਹੋਈ ਨੀਲਾਮੀ ਦੌਰਾਨ ਤਕਰੀਬਨ 50 ਹਜ਼ਾਰ ਡਾਲਰ ਦਾ ਵਿਕਿਆ।

ਇਹ ਨੀਲਾਮੀ ਬੀਬੀ ਸੂ ਚੀ ਦੀ ਅਗਵਾਈ ਵਾਲੀ ਦੇਸ਼ ਦੀ ਵਿਰੋਧੀ ਪਾਰਟੀ ਲੀਗ ਫਾਰ ਡੈਮੋਕਰੇਸੀ ਨੇ ਕਰਵਾਈ ਤੇ ਬੋਲੀ ਇਥੋਂ ਦੇ ਇਕ ਰੇਡੀਓ ਸਟੇਸ਼ਨ ਦੇ ਨਾਂ ਟੁੱਟੀ। ਬੀਬੀ ਸੂਚੀ ਨੇ ਲਾਲ, ਹਰੇ ਤੇ ਨੀਲੇ ਰੰਗ ਦੇ ਇਸ ਸਵੈਟਰ ਦੇ ਪਿਛੋਕੜ ਜਾਂ ਬੋਲੀ ਬਾਰੇ ਕੋਈ ਟਿੱਪਣੀ ਨਹੀਂ ਕੀਤੀ। ਇਹ ਨੀਲਾਮੀ ਪਾਰਟੀ ਲਈ ਫੰਡ ਜੁਟਾਉਣ ਲਈ ਕਰਵਾਈ ਗਈ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



# ਪਰਵਾਸੀ ਭਾਰਤੀ ਹੋਇਆ ਨਸਲੀ ਹਿੰਸਾ ਦਾ ਸ਼ਿਕਾਰ

**ਨਿਊ ਯਾਰਕ:** ਸ਼ਹਿਰ ਦੇ ਬਾਹਰਵਾਰ ਰੇਲਵੇ ਲਾਈਨ ਉਤੇ ਇਕ ਭਾਰਤੀ ਨੂੰ ਧੱਕਾ ਦੇ ਕੇ ਮਾਰ ਦੇਣ ਦੇ ਦੋਸ਼ ਵਿਚ ਗ੍ਰਿਫਤਾਰ 31 ਸਾਲਾਂ ਦੀ ਇਕ ਔਰਤ ਵਿਰੁਧ ਨਸਲੀ ਨਫਰਤ ਤੇ ਕਤਲ ਦੇ ਦੋਸ਼ ਆਇਦ ਕੀਤੇ ਗਏ ਹਨ। ਇਸ ਔਰਤ ਨੇ ਪੁਲਿਸ ਕੋਲ ਇਕਬਾਲ ਕੀਤਾ ਹੈ ਕਿ ਉਸ ਨੇ ਭਾਰਤੀ ਨਾਗਰਿਕ ਨੂੰ ਇਸ ਕਰਕੇ ਧੱਕਾ ਦਿੱਤਾ ਹੈ ਕਿ ਉਹ ਹਿੰਦੂਆਂ ਤੇ ਮੁਸਲਮਾਨਾਂ ਨੂੰ ਨਫਰਤ ਕਰਦੀ ਹੈ। ਮੁਲਜ਼ਮ ਏਰੀਕਾ ਮੈਂਡੇਜ਼ ਵਿਰੁਧ ਉਸ ਦੇ ਕੰਮ ਕਰਨ ਵਾਲੇ ਸਥਾਨ ਤੋਂ ਗ਼ੈਰ-ਜ਼ਮਾਨਤੀ ਗ੍ਰਿਫਤਾਰੀ ਦੇ ਹੁਕਮ ਜਾਰੀ ਕੀਤੇ ਗਏ ਸਨ।

46 ਸਾਲਾ ਭਾਰਤੀ ਨਾਗਰਿਕ ਸੁਨੰਦੋ ਸੇਨ ਦੀ ਹੱਤਿਆ ਲਈ ਜ਼ਿੰਮੇਵਾਰ ਇਸ ਮੁਲਜ਼ਮ ਨੂੰ ਆਪਣੇ ਕੀਤੇ ਜੁਰਮ ਉਤੇ ਕਿਸੇ ਪ੍ਰਕਾਰ ਦਾ ਕੋਈ ਪਛਤਾਵਾ ਹੋਇਆ ਨਹੀਂ ਜਾਪਦਾ ਕਿਉਂਕਿ ਜਦੋਂ ਸਰਕਾਰੀ ਵਕੀਲਾਂ ਨੇ ਅਦਾਲਤ ਵਿਚ ਮੈਂਡੇਜ਼ ਵਿਰੁਧ ਦੋਸ਼ ਪੱਖ ਪੜ੍ਹ ਕੇ ਸੁਣਾਇਆ ਤਾਂ ਮੈਂਡੇਜ਼ ਬੇਹੱਦ ਬੇਸ਼ਰਮੀ ਭਰੇ ਢੰਗ ਨਾਲ ਹੱਸ ਰਹੀ ਸੀ। ਉਸ ਦੀ ਹਰਕਤ ਕਾਰਨ ਜੱਜ ਨੂੰ ਵੀ ਗੁੱਸਾ ਆਇਆ। ਕੁਈਨਜ਼ ਦੀ ਰਹਿਣ ਵਾਲੀ ਇਸ ਔਰਤ ਵਿਰੁਧ ਜੇ ਦੋਸ਼ ਸਿੱਧ ਹੋ ਜਾਂਦੇ ਹਨ ਤਾਂ ਉਸ ਨੂੰ 25 ਸਾਲ ਕੈਦ ਦੀ ਸਜ਼ਾ ਹੋਵੇਗੀ।

ਮੈਂਡੇਜ਼ ਨੇ ਕਿਹਾ ਕਿ ਉਹ ਟਾਈਮਜ਼ ਸੁਕੇਅਰ ਵਿਚ ਰਹਿੰਦੀ ਹੈ ਅਤੇ ਹਾਂ ਉਸ ਨੇ ਇਕ ਮੁਸਲਮਾਨ ਨੂੰ ਰੇਲ ਲਾਈਨ 'ਤੇ ਸੁੱਟਿਆ ਹੈ। ਉਸ ਨੇ ਪੁਲਿਸ ਕੋਲ ਦਿੱਤੇ ਬਿਆਨ ਵਿਚ ਕਿਹਾ ਹੈ ਕਿ 11 ਸਤੰਬਰ 2001 ਦੇ ਅਤਿਵਾਦੀ ਹਮਲਿਆਂ ਤੋਂ ਬਾਅਦ ਉਸ ਨੂੰ ਮੁਸਲਮਾਨਾਂ ਤੇ ਹਿੰਦੂਆਂ ਨਾਲ ਨਫਰਤ ਹੈ। ਜ਼ਿਕਰਯੋਗ ਹੈ ਕਿ ਲੰਘੇ ਦਿਨ ਕੁਈਨਜ਼ ਮੈਟਰੋ ਸਟੇਸ਼ਨ 'ਤੇ ਪਰਵਸੀ ਭਾਰਤੀ ਸੁਨੰਦੋ ਸੇਨ ਨੂੰ ਇਕ ਔਰਤ ਨੇ ਧੱਕਾ ਦੇ ਕੇ ਪਟੜੀ 'ਤੇ ਸੁੱਟ ਦਿੱਤਾ ਸੀ ਜਿਸ ਦੌਰਾਨ ਉਸ ਦੀ ਮੌਤ ਹੋ ਗਈ ਸੀ।

ਪਤਾ ਲੱਗਾ ਹੈ ਕਿ ਇਸ ਮੁਲਜ਼ਿਮ ਔਰਤ ਦੇ ਦਿਮਾਗ ਦੀ ਜਾਂਚ ਲਈ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰ ਕੋਲ ਭੇਜਿਆ ਗਿਆ। ਇਸ ਔਰਤ ਨੂੰ ਜਦੋਂ ਪੁਲਿਸ ਨੇ ਫੜ ਕੇ ਜੱਜ ਦੇ ਸਾਹਮਣੇ ਪੇਸ਼ ਕੀਤਾ ਤਾਂ ਉਹ ਜੱਜ ਨੂੰ ਇਹ ਦੱਸਦੀ ਹੋਈ ਦੰਦੀਆਂ ਕੱਢ ਰਹੀ ਸੀ ਕਿ ਪੀੜਤ ਨੂੰ ਰੇਲ ਗੱਡੀ ਦੇ ਅੱਗੇ ਸੁੱਟਣਾ ਸੁਖਾਵਾਂ ਅਹਿਸਾਸ ਸੀ।

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Friday 9am to 8pm
Sat- Sunday- 8am to 8pm
(Tuesday 9am to 4pm)
Cell: (510)-677-9942
Shop: (510)-505-9605





MRP TRAVEL
Lowest International and Domestic Fares
A·R·C FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available
India Vacation tour package also available.
Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES



FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com
Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ
Radio Chann Pardesi ਰੇਡੀਓ ਚੰਨ ਪ੍ਰਦੇਸੀ
ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
tunein market iPhone
ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ
RADIO CHANN PARDESI
ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com

# ਅੱਜ ਆਖਾਂ ਵਾਰਿਸ ਸ਼ਾਹ ਨੂੰ...

## ਬੱਚੀਆਂ ਨਾਲ ਵਧੀਕੀ ਖਿਲਾਫ ਰੋਹ ਪ੍ਰਚੰਡ

ਨਵੀਂ ਦਿੱਲੀ ਵਿਚ ਵਿਦਿਆਰਥਣ ਨਾਲ ਜ਼ਬਰਦਸਤੀ ਅਤੇ ਮਗਰੋਂ ਉਸ ਦੀ ਮੌਤ ਪਿੱਛੋਂ ਦੇਸ਼ ਭਰ ਵਿਚ ਭੜਕੇ ਰੋਹ ਦੌਰਾਨ ਨੌਜਵਾਨਾਂ ਨੇ ਥਾਂ ਥਾਂ ਰੋਸ ਵਿਖਾਵੇ ਕੀਤੇ। ਉਂਜ, ਇਹ ਅਸਫਲ ਸਿਸਟਮ ਦੀ ਹੀ ਕਹਾਣੀ ਹੈ ਕਿ 16 ਦਸੰਬਰ ਦੀ ਘਟਨਾ ਤੋਂ ਬਾਅਦ 31 ਦਸੰਬਰ ਤੱਕ, ਸੱਤ ਹੋਰ ਬੱਚੀਆਂ ਨਾਲ ਦਿੱਲੀ ਵਿਚ ਜਬਰ ਜਨਾਹ ਹੋਇਆ। ਲੰਘੇ ਸ਼ਨਿੱਚਰਵਾਰ ਹੀ ਇਕ ਬੱਸ ਵਿਚ ਬੱਚੀ ਨਾਲ ਫਿਰ ਛੇੜਖਾਨੀ ਕੀਤੀ ਗਈ। ਪੰਜਾਬ ਅਤੇ ਹੋਰ ਥਾਂਈਂ ਅਜਿਹੇ ਉਪੱਦਰ ਖਿਲਾਫ ਰੋਸ ਵਿਖਾਵਿਆਂ ਨੇ ਆਮ ਲੋਕਾਂ ਵਿਚ ਚੇਤਨਾ ਨੂੰ ਜਾਗ ਲਾਈ ਅਤੇ ਦੇਸ਼ ਭਰ ਵਿਚ ਅਜਿਹੇ ਹੋਰ ਬਹੁਤ ਸਾਰੇ ਕੇਸ ਵੀ ਸਾਹਮਣੇ ਆਏ।




# ਅਦਾਲਤ ਨੇ ਆਪੇ ਆਹੂ ਲਾਹੇ; ਪੰਜਾਬ ਪੁਲਿਸ ਦੀ ਝਾੜਝੰਬ

**ਚੰਡੀਗੜ੍ਹ:** ਸਮੂਹਿਕ ਬਲਾਤਕਾਰ ਦੇ ਕੇਸ ਵਿਚ ਪੰਜਾਬ ਪੁਲਿਸ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣ ਤੋਂ ਨਿਰਾਸ਼ ਹੋ ਕੇ ਪੀੜਤ ਕੁੜੀ ਦੇ ਖੁਦਕੁਸ਼ੀ ਕਰ ਲੈਣ ਦੇ ਮਾਮਲੇ ਦਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਆਪਣੇ ਤੌਰ 'ਤੇ ਨੋਟਿਸ ਲੈਂਦਿਆਂ ਪੁਲਿਸ ਨੂੰ ਨੋਟਿਸ ਜਾਰੀ ਕੀਤਾ ਹੈ। ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੂੰ ਜ਼ੋਰਦਾਰ ਝਟਕਾ ਦਿੰਦਿਆਂ ਹਾਈ ਕੋਰਟ ਦੇ ਮੁੱਖ ਜੱਜ ਜਸਟਿਸ ਅਰਜਨ ਕੁਮਾਰ ਸੀਕਰੀ ਨੇ ਨੋਟਿਸ ਜਾਰੀ ਕਰਦਿਆਂ ਕਿਹਾ ਕਿ ਇਹ ਤਾਂ ਹੱਦ ਹੀ ਹੋ ਗਈ ਹੈ। ਉਨ੍ਹਾਂ ਇਸ ਗੱਲ ਉਤੇ ਸਖ਼ਤ ਨਾਖੁਸ਼ੀ ਜ਼ਾਹਰ ਕੀਤੀ ਕਿ ਪੰਜਾਬ ਵਿਚ ਔਰਤਾਂ ਖ਼ਿਲਾਫ਼ ਜੁਰਮ ਵਧ ਰਹੇ ਹਨ। ਅਦਾਲਤ ਨੇ ਨਾਲ ਹੀ ਪੰਜਾਬ ਤੇ ਹਰਿਆਣਾ ਦੀਆਂ ਸਰਕਾਰਾਂ ਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਵੀ ਨੋਟਿਸ ਜਾਰੀ ਕੀਤਾ ਹੈ।ਗੌਰਤਲਬ ਹੈ ਕਿ 26 ਦਸੰਬਰ ਨੂੰ ਸਮਾਣਾ ਲਾਗਲੇ ਪਿੰਡ ਬਾਦਸ਼ਾਹਪੁਰ ਦੀ ਇਸ 19 ਸਾਲਾ ਕੁੜੀ ਨੇ ਖੁਦਕੁਸ਼ੀ ਕਰ ਲਈ ਸੀ ਕਿਉਂਕਿ 44 ਦਿਨ ਪਹਿਲਾਂ ਉਸ ਨਾਲ ਸਮੂਹਿਕ ਬਲਾਤਕਾਰ ਹੋਣ ਦੇ ਬਾਵਜੂਦ ਪੁਲਿਸ ਨੇ ਰਿਪੋਰਟ ਦਰਜ ਕਰਨ ਤੋਂ ਬਿਨਾਂ ਹੋਰ ਕੋਈ ਕਾਰਵਾਈ ਨਹੀਂ ਸੀ ਕੀਤੀ। ਇਸ ਬਾਰੇ ਅਖਬਾਰਾਂ ਵਿਚ ਛਪੀਆਂ ਰਿਪੋਰਟਾਂ ਦਾ ਨੋਟਿਸ ਲੈਂਦਿਆਂ ਅਦਾਲਤ ਨੇ ਪਟਿਆਲਾ ਦੇ ਆਈਜੀਪੀ ਨੂੰ ਕੁੜੀ ਦੀ ਸ਼ਿਕਾਇਤ ਉਤੇ ਕਾਰਵਾਈ ਵਿਚ ਹੋਈ ਦੇਰੀ ਦੇ ਕਾਰਨ ਦੱਸਣ ਲਈ ਕਿਹਾ ਹੈ। ਅਦਾਲਤ ਨੇ ਇਸ ਦੇ ਲਈ ਜ਼ਿੰਮੇਵਾਰ ਪੁਲੀਸ ਮੁਲਾਜ਼ਮਾਂ ਖ਼ਿਲਾਫ਼ ਕੀਤੀ ਗਈ ਕਾਰਵਾਈ ਦਾ ਵੇਰਵਾ ਵੀ ਮੰਗਿਆ ਹੈ। ਮਾਮਲੇ ਦੀ ਅਗਲੀ ਸੁਣਵਾਈ ਲਈ ਅਦਾਲਤ ਨੇ 8 ਜਨਵਰੀ ਦੀ ਤਰੀਕ ਮੁਕੱਰਰ ਕੀਤੀ ਹੈ।




## *ਇਨਸਾਫ ਨਾ ਮਿਲਣ 'ਤੇ ਲੜਕੀ ਵੱਲੋਂ ਖੁਦਕੁਸ਼ੀ*

**ਸਮਾਣਾ:** ਨੇੜਲੇ ਪਿੰਡ ਬਾਦਸ਼ਾਹਪੁਰ ਦੀ ਇਕ ਲੜਕੀ ਨਾਲ ਤਕਰੀਬਨ ਡੇਢ ਮਹੀਨਾ ਪਹਿਲਾਂ ਸਮੂਹਿਕ ਬਲਾਤਕਾਰ ਦੇ ਮਾਮਲੇ ਵਿਚ ਪੁਲੀਸ ਵੱਲੋਂ ਕਾਰਵਾਈ ਨਾ ਕੀਤੇ ਜਾਣ ਤੋਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਪੀੜਤ ਲੜਕੀ ਨੇ ਜ਼ਹਿਰੀਲੀ ਚੀਜ਼ ਨਿਗਲ ਕੇ ਖ਼ੁਦਕੁਸ਼ੀ ਕਰ ਲਈ। ਇਸ ਘਟਨਾਕ੍ਰਮ ਦਾ ਸਖ਼ਤ ਨੋਟਿਸ ਲੈਂਦਿਆਂ ਪਟਿਆਲਾ ਪੁਲਿਸ ਜ਼ੋਨ ਦੇ ਆਈ.ਜੀ. ਪਰਮਜੀਤ ਸਿੰਘ ਗਿੱਲ ਨੇ ਥਾਣਾ ਘੱਗਾ ਦੇ ਮੁਖੀ ਸਬ ਇੰਸਪੈਕਟਰ ਗੁਰਚਰਨ ਸਿੰਘ ਤੇ ਨਸੀਬ ਸਿੰਘ ਨੂੰ ਬਰਖਾਸਤ ਤੇ ਪਾਤੜਾਂ ਦੇ ਡੀਐਸਪੀ ਹਰਪ੍ਰੀਤ ਸਿੰਘ ਨੂੰ ਮੁਅੱਤਲ ਕਰ ਦਿੱਤਾ ਹੈ। ਇਹ ਕਾਰਵਾਈ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਹੁਕਮਾਂ 'ਤੇ ਕੀਤੀ ਗਈ। ਪਿੰਡ ਬਾਦਸ਼ਾਹਪੁਰ ਦੀ ਲੜਕੀ ਪਰਮਜੀਤ ਕੌਰ (19) ਨੇ ਘੱਗਾ ਥਾਣੇ ਵਿਚ ਸ਼ਿਕਾਇਤ ਦਰਜ ਕਰਾਈ ਸੀ ਕਿ ਪਿੰਡ ਦੀ ਇਕ ਔਰਤ ਛਿੰਦਰਪਾਲ ਕੌਰ ਉਸ ਨੂੰ ਆਪਣੇ ਨਾਲ ਲੈ ਗਈ ਜਿੱਥੇ ਖੇੜੀਨਗਾਈਆਂ ਦੇ ਬਲਵਿੰਦਰ ਸਿੰਘ ਤੇ ਗੁਰਪ੍ਰੀਤ ਸਿੰਘ ਨੇ ਉਸ ਨਾਲ ਕਈ ਵਾਰ ਬਲਾਤਕਾਰ ਕੀਤਾ। ਇਸ ਸ਼ਿਕਾਇਤ 'ਤੇ ਪੁਲਿਸ ਨੇ ਪੀੜਤ ਦਾ ਮੈਡੀਕਲ ਕਰਵਾ ਕੇ ਮੁਲਜ਼ਮਾਂ ਖ਼ਿਲਾਫ਼ ਥਾਣਾ ਘੱਗਾ ਵਿਖੇ 27 ਨਵੰਬਰ ਨੂੰ ਧਾਰਾ 376 ਤੇ 363 ਤਹਿਤ ਕੇਸ ਦਰਜ ਕਰ ਲਿਆ ਸੀ ਪਰ ਇਸ ਮਾਮਲੇ ਵਿਚ ਕਿਸੇ ਵੀ ਵਿਅਕਤੀ ਨੂੰ ਗ੍ਰਿਫ਼ਤਾਰ ਨਾ ਕੀਤਾ ਤੇ ਨਾ ਹੀ ਇਸ ਦੀ ਸੂਚਨਾ ਜ਼ਿਲ੍ਹਾ ਅਧਿਕਾਰੀਆਂ ਨੂੰ ਦਿੱਤੀ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਦੋਸ਼ ਲਾਇਆ ਕਿ ਉਹ ਜਦੋਂ ਵੀ ਪੁਲਿਸ ਕੋਲ ਇਨਸਾਫ਼ ਲਈ ਜਾਂਦੇ ਸਨ ਤਾਂ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਕਰਨ ਦੀ ਬਜਾਏ ਪੁਲਿਸ ਉਨ੍ਹਾਂ ਨੂੰ ਜ਼ਲੀਲ ਕਰਕੇ ਭੇਜ ਦਿੰਦੀ ਸੀ। ਪੁਲਿਸ ਨੇ ਇਸ ਮਾਮਲੇ ਦੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

## ਦਿੱਲੀ ਕੇਸ: ਪੀੜਤ ਦਾ ਚੁੱਪ-ਚੁਪੀਤੇ ਸਸਕਾਰ

**ਨਵੀਂ ਦਿੱਲੀ:** ਲੋਕ ਰੋਹ ਨੂੰ ਧਿਆਨ ਵਿਚ ਰੱਖਦਿਆਂ ਦਿੱਲੀ ਜਬਰ-ਜਨਾਹ ਦੀ ਪੀੜਤ ਲੜਕੀ ਦਾ ਚੁੱਪ-ਚੁਪੀਤੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਇਸ ਲੜਕੀ ਦੀ ਲੰਘੇ ਦਿਨ ਸਿੰਗਾਪੁਰ ਹਸਪਤਾਲ ਵਿਚ ਮੌਤ ਹੋ ਗਈ ਸੀ। ਜ਼ਿਕਰਯੋਗ ਹੈ ਕਿ 16 ਦਸੰਬਰ ਨੂੰ ਦਿੱਲੀ ਦੀ ਬੱਸ ਵਿਚ 23 ਸਾਲਾ ਪੈਰਾ-ਮੈਡੀਕਲ ਦੀ ਵਿਦਿਆਰਥਣ ਨਾਲ ਸਮੂਹਿਕ ਬਲਾਤਕਾਰ ਕਰਨ ਤੋਂ ਬਾਅਦ ਉਸ ਨੂੰ ਬੁਰੀ ਤਰ੍ਹਾਂ ਕੁੱਟਮਾਰ ਕਰਕੇ ਬੱਸ ਤੋਂ ਹੇਠਾਂ ਸੁੱਟ ਦਿੱਤਾ ਗਿਆ ਸੀ। ਉਹ ਪਿਛਲੇ ਦੋ ਹਫਤਿਆਂ ਤੋਂ ਜ਼ਿੰਦਗੀ ਤੇ ਮੌਤ ਦੀ ਜੰਗ ਲੜ ਰਹੀ ਸੀ ਪਰ ਲੰਘੇ ਦਿਨ ਸਿੰਗਾਪੁਰ ਦੇ ਹਸਪਤਾਲ ਵਿਚ ਉਸ ਦੀ ਮੌਤ ਹੋ ਗਈ।

## ਦੋਸ਼ੀਆਂ ਨੂੰ 30 ਸਾਲ ਕੈਦ ਦੀ ਤਜਵੀਜ਼

**ਨਵੀਂ ਦਿੱਲੀ:** ਔਰਤਾਂ ਵਿਰੁੱਧ ਬਲਾਤਕਾਰ ਦੇ ਮਾਮਲਿਆਂ ਵਿਚ ਦੋਸ਼ੀਆਂ ਨੂੰ ਸਖ਼ਤ ਮਿਸਾਲੀ ਸਜ਼ਾ ਦੇਣ ਲਈ ਤਿਆਰ ਕੀਤੇ ਜਾ ਰਹੇ ਬਿਲ ਵਿਚ 30 ਸਾਲ ਕੈਦ ਦੀ ਸਜ਼ਾ ਦੀ ਤਜਵੀਜ਼ ਹੈ। ਇਸ ਦੇ ਨਾਲ ਹੀ ਦੋਸ਼ੀ ਨੂੰ ਦਵਾਈ ਦੇ ਕੇ ਨਾਮਰਦ ਬਣਾਉਣ ਦਾ ਸੁਝਾਅ ਵੀ ਸ਼ਾਮਲ ਹੈ। ਦਿੱਲੀ ਵਿਚ 23 ਸਾਲਾਂ ਦੀ ਲੜਕੀ ਨਾਲ ਵਾਪਰੀ ਸਮੂਹਿਕ ਬਲਾਤਕਾਰ ਦੀ ਭਿਆਨਕ ਘਟਨਾ ਤੋਂ ਬਾਅਦ ਕੇਂਦਰ ਸਰਕਾਰ ਵੱਲੋਂ ਜਸਟਿਸ ਜੇ.ਐਸ. ਵਰਮਾ ਦੀ ਅਗਵਾਈ ਵਿਚ ਕਾਇਮ ਕੀਤੀ ਕਮੇਟੀ ਅੱਗੇ ਪੇਸ਼ ਕੀਤੇ ਜਾਣ ਵਾਲੇ ਖਰੜੇ ਵਿਚ ਬਲਾਤਕਾਰੀਆਂ ਨੂੰ 30 ਸਾਲ ਦੀ ਸਖ਼ਤ ਕੈਦ ਦੀ ਸਜ਼ਾ ਦਾ ਸੁਝਾਅ ਦਿੱਤਾ ਗਿਆ ਹੈ ਤੇ ਇਸ ਦੇ ਨਾਲ ਹੀ ਉਸ ਨੂੰ ਦਵਾਈ ਦੇ ਕੇ ਨਾਮਰਦ ਬਣਾਉਣਾ ਵੀ ਸ਼ਾਮਲ ਹੈ। ਸੂਤਰਾਂ ਨੇ ਦੱਸਿਆ ਕਿ ਇਹ ਬਿੱਲ ਅਜੇ ਮੁਕੰਮਲ ਨਹੀਂ ਹੋਇਆ। ਇਸ ਤੋਂ ਇਲਾਵਾ ਇਸ ਬਿੱਲ ਦੀਆਂ ਤਜਵੀਜ਼ਾਂ ਬਲਾਤਕਾਰ ਦੇ ਦੋਸ਼ੀਆਂ ਵਿਰੁੱਧ ਫਾਸਟ ਟਰੈਕ ਅਦਾਲਤਾਂ ਦੀ ਕਾਇਮੀ ਤੇ ਕੇਸ ਦਾ ਫੈਸਲਾ ਤਿੰਨ ਮਹੀਨਿਆਂ ਵਿਚ ਕਰਨਾ ਵੀ ਸ਼ਾਮਲ ਹੈ। ਇਹ ਤਜਵੀਜ਼ਾਂ 23 ਦਸੰਬਰ ਨੂੰ ਉਦੋਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਹਾਜ਼ਰੀ ਵਿਚ ਵਿਚਾਰੀਆਂ ਗਈਆਂ ਹਨ ਜਦੋਂ ਇਕ ਹਫਤਾ ਪਹਿਲਾਂ ਸਮੂਹਿਕ ਬਲਾਤਕਾਰ ਤੋਂ ਭੜਕੇ ਲੋਕ ਉਨ੍ਹਾਂ ਨੂੰ ਮਿਲੇ ਸਨ।

# ਕੰਮ-ਚਲਾਊ ਨੁਸਖਿਆਂ ਨਾਲ ਹੀ ਵਰਾਉਣ ਦਾ ਯਤਨ

### ਸਿਆਸੀ ਨੁਸਖਾ

## ਔਰਤਾਂ ਨੂੰ ਨਹੀਂ ਜਾਣਾ ਪਵੇਗਾ ਥਾਣੇ: ਬਾਦਲ



ਚੰਡੀਗੜ੍ਹ: ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੁਲਿਸ ਨੂੰ ਹਦਾਇਤ ਦਿੱਤੀ ਹੈ ਕਿ ਸ਼ਿਕਾਇਤਕਰਤਾ ਔਰਤਾਂ ਤੇ ਬੱਚਿਆਂ ਨੂੰ ਥਾਣਿਆਂ ਵਿਚ ਬੁਲਾਉਣ ਦੀ ਥਾਂ ਪੁਲਿਸ ਵੱਲੋਂ ਖੁਦ ਉਨ੍ਹਾਂ ਕੋਲ ਪਹੁੰਚ ਕਰ ਕੇ ਕਾਰਵਾਈ ਕੀਤੀ ਜਾਵੇ। ਮੁੱਖ ਮੰਤਰੀ ਨੇ ਪੁਲਿਸ ਅਧਿਕਾਰੀਆਂ ਨੂੰ ਆਖਿਆ ਕਿ ਭਵਿੱਖ ਵਿਚ ਔਰਤਾਂ ਤੇ ਬੱਚਿਆਂ ਦੇ ਸਤਿਕਾਰ ਤੇ ਸਨਮਾਨ ਨੂੰ ਧਿਆਨ ਵਿਚ ਰੱਖਦਿਆਂ ਇਨ੍ਹਾਂ ਵਿਰੁੱਧ ਹੋਏ ਜੁਰਮਾਂ ਦੇ ਕੇਸ ਵਿਚ ਕਿਸੇ ਵੀ ਸ਼ਿਕਾਇਤਕਰਤਾ ਔਰਤ ਜਾਂ ਬੱਚੇ ਨੂੰ ਥਾਣੇ ਵਿਚ ਨਹੀਂ ਬੁਲਾਇਆ ਜਾਵੇਗਾ। ਇਸੇ ਤਰ੍ਹਾਂ ਉਨ੍ਹਾਂ ਸੂਬੇ ਦੇ ਪੁਲਿਸ ਮੁਖੀ ਸੁਮੇਧ ਸਿੰਘ ਸੈਣੀ ਨੂੰ ਹੁਕਮ ਦਿੱਤੇ ਹਨ ਕਿ ਔਰਤਾਂ ਤੇ ਬੱਚਿਆਂ ਵਿਰੁੱਧ ਕੇਸਾਂ ਦੀ ਪੜਤਾਲ ਵੀ ਸਿਰਫ਼ ਗਜ਼ਟਿਡ ਅਧਿਕਾਰੀ ਦੀ ਨਿਗਰਾਨੀ ਹੇਠ ਹੀ ਕਰਵਾਈ ਜਾਵੇ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਔਰਤਾਂ ਤੇ ਬੱਚਿਆਂ ਵਿਰੁੱਧ ਜੁਰਮਾਂ ਦੀਆਂ ਸ਼ਿਕਾਇਤਾਂ ਲਈ ਸਮਰਪਿਤ ਟੈਲੀਫੋਨ ਨੰਬਰ ਸਥਾਪਤ ਕੀਤੇ ਜਾਣਗੇ ਜਿਨ੍ਹਾਂ ਨੂੰ ਸੁਣਨ ਲਈ ਸਿਰਫ਼ ਮਹਿਲਾ ਸਟਾਫ਼ ਨੂੰ ਹੀ ਤਾਇਨਾਤ ਕੀਤਾ ਜਾਵੇਗਾ। ਇਸੇ ਦੌਰਾਨ ਮੁੱਖ ਮੰਤਰੀ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਮੁੱਖ ਜੱਜ ਜਸਟਿਸ ਏਕੇ ਸੀਕਰੀ ਨੂੰ ਅਪੀਲ ਕੀਤੀ ਕਿ ਔਰਤਾਂ ਤੇ ਬੱਚਿਆਂ ਖਿਲਾਫ਼ ਜੁਰਮਾਂ ਦੇ ਕੇਸਾਂ ਦੇ ਪਹਿਲ ਦੇ ਆਧਾਰ 'ਤੇ ਨਿਬੇੜੇ ਲਈ ਸਾਰੇ ਜ਼ਿਲ੍ਹਿਆਂ ਵਿੱਚ ਸਮਰਪਿਤ ਫਾਸਟ ਟਰੈਕ ਅਦਾਲਤਾਂ ਤੈਅ ਕੀਤੀਆਂ ਜਾਣ।

### ਸੰਸਦੀ ਨੁਸਖਾ

## ਵਿਸ਼ੇਸ਼ ਸੈਸ਼ਨ ਬੁਲਾਉਣ ਲਈ ਦਬਾਅ

**ਨਵੀਂ ਦਿੱਲੀ:** ਦਿੱਲੀ ਦੇ ਸਮੂਹਿਕ ਬਲਾਤਕਾਰ ਕਾਂਡ ਤੋਂ ਉਪਜੇ ਲੋਕ ਰੋਹ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚੋਂ ਬਲਾਤਕਾਰ ਦੀਆਂ ਨਵੀਆਂ ਘਟਨਾਵਾਂ ਸਾਹਮਣੇ ਆਉਣ ਦੇ ਮੱਦੇਨਜ਼ਰ ਇਸਤਰੀਆਂ ਦੀ ਸੁਰੱਖਿਆ ਲਈ ਕਾਨੂੰਨਾਂ ਨੂੰ ਕਰੜਾ ਬਣਾਉਣ ਤੇ ਅਜਿਹੇ ਅਪਰਾਧਾਂ ਦੇ ਮੁਕੱਦਮੇ ਸੀਮਤ ਸਮੇਂ ਦੇ ਅੰਦਰ ਪੂਰੇ ਕਰਨ ਵਾਸਤੇ ਕਾਨੂੰਨੀ ਸੋਧਾਂ ਸੰਭਵ ਬਣਾਉਣ ਲਈ ਪਾਰਲੀਮੈਂਟ ਦਾ ਵਿਸ਼ੇਸ਼ ਇਜਲਾਸ ਸੱਦੇ ਜਾਣ ਦੀ ਮੰਗ ਜ਼ੋਰ ਫੜਦੀ ਜਾ ਰਹੀ ਹੈ। ਭਾਰਤੀ ਜਨਤਾ ਪਾਰਟੀ ਨੇ ਇਸ ਮੰਗ ਨੂੰ ਉਭਾਰਦਿਆਂ ਕਿਹਾ ਕਿ ਸਮਾਂ ਆ ਗਿਆ ਹੈ ਕਿ ਇਸਤਰੀਆਂ ਦੀ ਸੁਰੱਖਿਆ ਲਈ ਕਾਨੂੰਨਾਂ ਨੂੰ ਮਜ਼ਬੂਤੀ ਬਖ਼ਸ਼ੀ ਜਾਵੇ। ਇਹ ਕੁਝ ਸੰਸਦ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਕੀਤਾ ਜਾ ਸਕਦਾ ਹੈ।

### ਧਾਰਮਿਕ ਨੁਸਖਾ

## ਬੱਚੀਆਂ ਅੰਮ੍ਰਿਤਧਾਰੀ ਬਣਨ : ਜਥੇਦਾਰ



**ਅੰਮ੍ਰਿਤਸਰ:** ਦਿੱਲੀ ਵਿਚ ਵਾਪਰੀ ਲੜਕੀ ਨਾਲ ਸਮੂਹਿਕ ਜਬਰ ਜਬਰ ਜਨਾਹ ਦੀ ਘਟਨਾ ਨੂੰ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਅਤਿ ਮੰਦਭਾਗੀ ਘਟਨਾ ਕਰਾਰ ਦਿੰਦਿਆਂ ਆਖਿਆ ਕਿ ਸਿੱਖ ਪਰਿਵਾਰਾਂ ਦੀਆਂ ਬੱਚੀਆਂ ਆਪਣੀ ਸੁਰੱਖਿਆ ਲਈ ਅੰਮ੍ਰਿਤਧਾਰੀ ਬਣਨ। ਇਸੇ ਤਰ੍ਹਾਂ ਹੋਰ ਧਰਮਾਂ ਨਾਲ ਸਬੰਧਤ ਬੱਚੀਆਂ ਵੀ ਆਪਣੀ ਸੁਰੱਖਿਆ ਲਈ ਸਵੈ ਪ੍ਰਬੰਧ ਕਰਨ। ਇਸ ਦੌਰਾਨ ਗੁਰਦੁਆਰਾ ਸੁਧਾਰ ਲਹਿਰ ਦੇ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਔਰਤਾਂ ਦੇ ਸਤਿਕਾਰ ਦੇ ਮੱਦੇਨਜ਼ਰ ਉਹ ਆਦੇਸ਼ ਜਾਰੀ ਕਰਨ ਕਿ ਧਾਰਮਿਕ ਅਸਥਾਨਾਂ ਤੇ ਦਫਤਰਾਂ ਵਿਚ ਮੰਦੀ ਭਾਸ਼ਾ ਦੀ ਵਰਤੋਂ ਨਾ ਕੀਤੀ ਜਾਵੇ। ਗਿਆਨੀ ਗੁਰਬਚਨ ਸਿੰਘ ਨੇ ਦਿੱਲੀ ਤੇ ਹੋਰ ਥਾਵਾਂ ਵਿਚ ਵਾਪਰੀਆਂ ਜਬਰ- ਜਨਾਹ ਦੀਆਂ ਘਟਨਾਵਾਂ ਦੀ ਨਿਖੇਧੀ ਕਰਦਿਆਂ ਆਖਿਆ ਕਿ ਜੇ ਨਵੰਬਰ 1984 ਵਿੱਚ ਦਿੱਲੀ ਸਮੇਤ ਹੋਰ ਥਾਵਾਂ 'ਤੇ ਵਾਪਰੇ ਕਤਲੇਆਮ ਦੀਆਂ ਘਟਨਾਵਾਂ ਦੌਰਾਨ ਔਰਤਾਂ ਨਾਲ ਜਬਰ-ਜਨਾਹ ਤੇ ਵਧੀਕੀ ਕਰਨ ਵਾਲਿਆਂ ਖ਼ਿਲਾਫ਼ ਸਰਕਾਰਾਂ ਨੇ ਸਖ਼ਤ ਕਾਰਵਾਈ ਕੀਤੀ ਹੁੰਦੀ ਤਾਂ ਅੱਜ ਇਹ ਹਾਲਤ ਨਾ ਬਣਦੀ। ਉਨ੍ਹਾਂ ਆਖਿਆ ਕਿ ਦਿੱਲੀ ਜਬਰ ਜਨਾਹ ਦੀ ਸ਼ਿਕਾਰ ਹੋਈ ਕੁੜੀ ਭਾਵੇਂ ਮਰ ਗਈ ਹੈ ਪਰ ਉਹ ਆਪਣੇ ਪਿੱਛੇ ਸਮੁੱਚੀ ਮਨੁੱਖਤਾ ਲਈ ਇਕ ਸੁਨੇਹਾ ਛੱਡ ਗਈ ਹੈ। ਸਮੂਹ ਕੁੜੀਆਂ ਨੂੰ ਆਪਣੀ ਸਵੈ ਰੱਖਿਆ ਲਈ ਤਿਆਰ ਹੋਣਾ ਪਵੇਗਾ।



*'ਨਿੱਕੀਆਂ ਜਿੰਦਾਂ, ਵੱਡਾ ਸਾਕਾ' ਰੂਪਕ ਪੇਸ਼ ਕਰਨ ਲਈ ਯੂਬਾ ਸਿਟੀ ਜਾਣ ਵੇਲੇ ਬੱਚੇ ਅਤੇ ਮਾਪੇ*

# 'ਨਿੱਕੀਆਂ ਜਿੰਦਾਂ, ਵੱਡਾ ਸਾਕਾ' ਦੀ ਯੂਬਾ ਸਿਟੀ 'ਚ ਪੇਸ਼ਕਾਰੀ

**ਯੂਬਾ ਸਿਟੀ (ਬਿਊਰੋ):** ਪੰਜਾਬੀ ਸਹਿਤ ਸਭਾ ਕੈਲੀਫੋਰਨੀਆ (ਬੇ-ਏਰੀਆ) ਦੇ ਬਾਲ ਮੰਚ ਵਿੰਗ ਵਲੋਂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਰੂਪਕ 'ਨਿੱਕੀਆਂ ਜਿੰਦਾਂ, ਵੱਡਾ ਸਾਕਾ' ਲੰਘੀ 29 ਦਸੰਬਰ ਨੂੰ ਇਥੇ ਗੁਰਦੁਆਰਾ ਟਾਇਰਾ ਬਿਊਨਾ ਵਿਖੇ ਖੇਡਿਆ ਗਿਆ। ਪੰਜਾਬੀ ਸਹਿਤ ਸਭਾ ਕੈਲੀਫੋਰਨੀਆ ਦੀ ਕਾਰਜਕਾਰਨੀ ਦੇ ਮੈਂਬਰ ਇਹ ਨਾਟਕ ਖੇਡਣ ਲਈ ਬਾਲ ਕਲਾਕਾਰਾਂ ਨੂੰ ਬੱਸ ਭਰ ਕੇ ਯੂਬਾ ਸਿਟੀ ਲੈ ਕੇ ਪਹੁੰਚੇ। ਨਾਮੀ ਨਾਟਕ ਨਿਰਦੇਸ਼ਕ ਸ. ਚਰਨ ਸਿੰਘ ਸਿੰਧਰਾ ਦੇ ਨਿਰਦੇਸ਼ਨ ਹੇਠ ਤਿਆਰ ਕੀਤਾ ਗਿਆ ਰੋਸ਼ਨੀ ਤੇ ਅਵਾਜ਼ ਅਧਾਰਤ ਇਹ ਰੂਪਕ ਇਸ ਤੋਂ ਪਹਿਲਾਂ ਗੁਰਦੁਆਰਾ ਸੈਨ ਹੋਜ਼ੇ ਵਿਖੇ 22 ਦਸੰਬਰ ਨੂੰ ਖੇਡਿਆ ਗਿਆ ਸੀ।

ਕੁਲ ਮਿਲਾ ਕੇ ਬੇ-ਏਰੀਏ ਤੋਂ 75 ਦੇ ਕਰੀਬ ਬੱਚੇ, ਮਾਪੇ ਅਤੇ ਸਭਾ ਦੇ ਮੈਂਬਰ ਯੂਬਾ ਸਿਟੀ ਪਹੁੰਚੇ। ਗੁਰੂ ਘਰ ਫਰੀਮਾਂਟ ਦੇ ਸੇਵਾਦਾਰ ਭਾਈ ਤਰਸੇਮ ਸਿੰਘ ਬੱਸਾਂਵਾਲੇ ਖ਼ੁਦ ਬਸ ਚਲਾ ਕੇ ਇਨ੍ਹਾਂ ਬੱਚਿਆਂ ਨੂੰ ਯੂਬਾ ਸਿਟੀ ਲੈ ਕੇ ਗਏ। ਯੂਬਾ ਸਿਟੀ ਦੀਆਂ ਸੰਗਤਾਂ ਨੇ ਵੀ ਵੱਡੀ ਗਿਣਤੀ ਵਿਚ ਹਾਜ਼ਰ ਹੋ ਕੇ ਰੂਪਕ ਦਾ ਅਨੰਦ ਮਾਣਿਆ।

ਸਭਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਰੂਪਕ ਦਾ ਮਨੋਰਥ ਬੱਚਿਆਂ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਜੋੜਨਾ ਹੈ। ਰੂਪਕ ਲਈ ਪ੍ਰੋਗਰਾਮ ਬੁੱਕ ਕਰਵਾਉਣ ਲਈ ਕੁਲਦੀਪ ਸਿੰਘ ਢੀਂਡਸਾ ਫੋਨ 510-676-4440, ਡਾ. ਗੁਰਮੀਤ ਸਿੰਘ ਬਰਸਾਲ ਫੋਨ 408-209-7072 ਅਤੇ ਪ੍ਰਮਿੰਦਰ ਸਿੰਘ ਪਰਵਾਨਾ ਫੋਨ 510-415-9377 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਜੀਦੋਂਵਾਲ ਦੇ ਫੌਜੀ ਸੁੱਚਾ ਸਿੰਘ ਦਾ ਦਿਹਾਂਤ

**ਨਿਊ ਯਾਰਕ (ਇਕਬਾਲ ਜੱਬੋਵਾਲੀਆ):** ਸਥਾਨਕ ਪੰਜਾਬੀ ਭਾਈਚਾਰੇ 'ਚ ਜਾਣੀ ਪਛਾਣੀ ਸ਼ਖਸੀਅਤ ਫੌਜੀ ਸੁੱਚਾ ਸਿੰਘ ਜੀਦੋਂਵਾਲ ਲੰਘੀ 13 ਦਸੰਬਰ ਨੂੰ ਸਦੀਵੀ ਵਿਛੋੜਾ ਦੇ ਗਏ। ਉਹ 72 ਸਾਲਾਂ ਦੇ ਸਨ। ਉਹ ਕਰੀਬ 25 ਸਾਲ ਨਿਊ ਯਾਰਕ ਸਿਟੀ ਵਿਚ ਯੈਲੋ-ਟੈਕਸੀ ਚਲਾਉਂਦੇ ਰਹੇ। ਉਨ੍ਹਾਂ ਦੇ ਜੁਆਨ ਪੁੱਤਰ ਲਖਵੀਰ ਸਿੰਘ ਦੀ 1994 'ਚ ਮੌਤ ਹੋ ਗਈ ਸੀ। ਪਤਨੀ ਹਰਬੰਸ ਕੌਰ ਵੀ 2002 'ਚ ਪੂਰੀ ਹੋ ਗਈ ਸੀ। ਫ਼ਗਵਾੜੇ ਰਹਿੰਦੀ ਬੇਟੀ ਜਗਦੀਸ਼ ਕੌਰ ਅਤੇ ਸੀ ਐਮ ਓ ਦਾਮਾਦ ਥੋੜੇ ਚਿਰ ਵਿਚ ਹੀ ਅਮਰੀਕਾ ਆਉਣ ਵਾਲੇ ਸਨ। ਸੁੱਚਾ ਸਿੰਘ ਦਾ ਸੁਪਨਾ ਆਪਣੀ ਜ਼ਿੰਦਗੀ ਦੇ ਆਖਰੀ ਦਿਨ ਆਪਣੇ ਪਿੰਡ ਜੀਦੋਂਵਾਲ (ਨਜ਼ਦੀਕ ਬੰਗਾ) ਬਿਤਾਉਣ ਦਾ ਸੀ ਪਰ ਰੱਬ ਨੂੰ ਕੁਝ ਹੋਰ ਹੀ ਮਨਜ਼ੂਰ ਸੀ।



*ਫੌਜੀ ਸੁੱਚਾ ਸਿੰਘ*

ਮਾਤਾ ਜੈ ਕੌਰ ਅਤੇ ਸ. ਮੋਤਾ ਸਿੰਘ ਦਾ ਬੇਟਾ ਸੁੱਚਾ ਸਿੰਘ ਫੌਜੀ ਆਪਣੇ ਪਿਛੇ ਇਕ ਬੇਟਾ ਅਤੇ ਇਕ ਬੇਟੀ ਛੱਡ ਗਿਆ ਹੈ। ਇੰਗਲੈਂਡ ਤੋਂ ਭੈਣ ਗਿਆਨ ਕੌਰ, ਕੈਨੇਡਾ ਤੋਂ ਭਰਾ ਹਰਮੇਸ਼ ਸਿੰਘ, ਕੈਲੀਫੋਰਨੀਆ ਤੋਂ ਬੇਟੇ ਜਸਵੀਰ ਸਿੰਘ, ਭਾਣਜੇ ਪਰਮਜੀਤ ਸਿੰਘ ਪੰਮਾ ਤੇ ਮਨਜੀਤ ਸਿੰਘ ਅਤੇ ਨਿਊ ਯਾਰਕ ਰਹਿੰਦੇ ਚਚੇਰੇ ਭਰਾਵਾਂ ਮਹਿੰਦਰ ਸਿੰਘ, ਸੁਰਜੀਤ ਸਿੰਘ, ਰੇਸ਼ਮ ਸਿੰਘ, ਲਾਹੌਰੀ ਰਾਮ, ਚਮਨ ਸਿੰਘ, ਝਲਮਣ ਸਿੰਘ ਝੱਲੋ (ਸਕਾ ਭਰਾ), ਯਾਰਾਂ-ਦੋਸਤਾਂ ਅਤੇ ਰਿਸ਼ਤੇਦਾਰਾਂ ਨੇ ਉਨ੍ਹਾਂ ਦਾ ਸੰਸਕਾਰ ਕੀਤਾ ਅਤੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਰਵਿਦਾਸ ਗੁਰੂ-ਘਰ ਵਿਖੇ ਅੰਤਮ ਅਰਦਾਸ ਕੀਤੀ ਗਈ। ਉਨ੍ਹਾਂ ਦੇ ਭਰਾ ਝਲਮਣ ਸਿੰਘ ਝੱਲੋ ਨਾਲ ਫੋਨ 718-790-3126 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਜਰਨੈਲ ਸਿੰਘ ਲਾਲੜੀਆ ਨੂੰ ਸਦਮਾ, ਭੈਣ ਸੁਰਗਵਾਸ

**ਲਿਵਿੰਗਸਟਨ, ਕੈਲੀਫੋਰਨੀਆ (ਬਿਊਰੋ):** ਉਘੇ ਰਿਐਲਟਰ ਜਰਨੈਲ ਸਿੰਘ ਲਾਲੜੀਆ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਭੈਣ ਜੀ ਬੀਬੀ ਕੁਲਜੀਤ ਕੌਰ ਪਾਬਲਾ ਲੰਘੀ 22 ਦਸੰਬਰ ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ। 50 ਸਾਲਾ ਬੀਬੀ ਪਾਬਲਾ ਲਿਵਿੰਗਸਟਨ ਹੀ ਰਹਿੰਦੇ ਸਨ ਅਤੇ ਆਪਣੇ ਪਿਛੇ ਪਤੀ ਤਰਸੇਮ ਸਿੰਘ ਪਾਬਲਾ



*ਬੀਬੀ ਕੁਲਜੀਤ ਕੌਰ ਪਾਬਲਾ*

ਤੋਂ ਇਲਾਵਾ ਦੋ ਪੁੱਤਰ ਇੰਦਰਜੀਤ ਸਿੰਘ ਪਾਬਲਾ, ਨੂੰਹ ਰਣਵੀਰ ਕੌਰ, ਪੋਤਰਾ ਅਰਮਾਨ ਸਿੰਘ ਅਤੇ ਪੁੱਤਰ ਗੁਰਜੀਤ ਸਿੰਘ ਪਾਬਲਾ ਛੱਡ ਗਏ ਹਨ। ਉਨ੍ਹਾਂ ਦੀ ਇਕ ਵੱਡੀ ਭੈਣ ਅਤੇ ਇਕ ਛੋਟਾ ਭਰਾ ਜਰਨੈਲ ਸਿੰਘ ਲਾਲੜੀਆ ਹਨ।

ਨਵਾਂ ਸ਼ਹਿਰ, ਪੰਜਾਬ ਵਿਚ ਜਨਮੇ ਬੀਬੀ ਕੁਲਜੀਤ ਕੌਰ 1979 ਵਿਚ ਤਰਸੇਮ ਸਿੰਘ ਪਾਬਲਾ ਨਾਲ ਵਿਆਹ ਉਪਰੰਤ 1980 ਵਿਚ ਅਮਰੀਕਾ ਪਹੁੰਚ ਗਏ। ਬੀਬੀ ਕੁਲਜੀਤ ਕੌਰ ਦਾ ਸਸਕਾਰ ਅਤੇ ਅੰਤਿਮ ਅਰਦਾਸ 30 ਦਸੰਬਰ ਨੂੰ ਕਰ ਦਿੱਤੇ ਗਏ। ਪਰਿਵਾਰ ਨਾਲ ਸੰਪਰਕ ਤਰਸੇਮ ਸਿੰਘ ਫੋਨ 209-564-1374 ਜਾਂ ਜਰਨੈਲ ਸਿੰਘ ਲਾਲੜੀਆ ਫੋਨ 209-620-5393 ਰਾਹੀਂ ਕੀਤਾ ਜਾ ਸਕਦਾ ਹੈ।

# ਸਦਰ ਓਬਾਮਾ ਨੂੰ ਸਖਤ ਗਨ ਕੰਟਰੋਲ ਲਾਗੂ ਕਰਨ ਦੀ ਅਪੀਲ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਗੀਤਕਾਰ ਮੰਚ, ਕੈਲੀਫੋਰਨੀਆ ਨੇ ਕੁਨੈਕਟੀਕਟ ਸਟੇਟ ਦੇ ਸੈਂਡੀ ਹੁਕ ਐਲੀਮੈਂਟਰੀ ਸਕੂਲ ਵਿਚ ਵਾਪਰੇ ਗੋਲੀ ਕਾਂਡ ਵਿਚ 20 ਬੱਚਿਆਂ ਸਮੇਤ 27 ਲੋਕਾਂ ਦੇ ਮਾਰੇ ਜਾਣ ਉਤੇ ਡੂੰਘਾ ਦੁੱਖ ਪ੍ਰਗਟਾਉਂਦਿਆਂ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਹਥਿਆਰਾਂ ਉਤੇ ਕੰਟਰੋਲ ਕਰਨ ਲਈ ਵਿਸ਼ੇਸ਼ ਗਨ ਕੰਟਰੋਲ ਉਪਰਾਲੇ ਕਰਨ ਦੀ ਅਪੀਲ ਕੀਤੀ ਹੈ। ਕਲੱਬ ਦੀ ਇਥੇ ਹੋਈ ਇਕ ਮੀਟਿੰਗ ਵਿਚ ਕਿਹਾ ਗਿਆ ਕਿ ਸ਼ਾਇਦ ਇਨ੍ਹਾਂ ਮਾਸੂਮ ਬੱਚਿਆਂ ਦਾ ਡੁੱਲ੍ਹਿਆ ਖ਼ੂਨ ਦੇਸ਼ ਦੇ ਕਾਨੂੰਨਘਾੜਿਆਂ ਦੇ ਦਿਲਾਂ ਵਿਚ ਕੋਈ ਰੋਹ ਪੈਦਾ ਕਰੇ ਅਤੇ ਉਹ ਸਖਤ ਗਨ ਕੰਟਰੋਲ ਦੇ ਹੱਕ ਵਿਚ ਭੁਗਤਣ।

ਮੰਚ ਦੀ ਇਸ ਮੀਟਿੰਗ ਵਿਚ ਪ੍ਰਧਾਨ ਮੱਖਣ ਲੁਹਾਰ, ਜਨਰਲ ਸਕੱਤਰ ਬਿੱਕਰ ਸਿੰਘ ਕੰਮੇਆਣਾ, ਸਕੱਤਰ ਰਾਜ ਸੂਦ, ਖਜ਼ਾਨਚੀ ਕੁਲਜੀਤ ਮਾਨ ਤੋਂ ਇਲਾਵਾ ਪੱਤਰਕਾਰ ਜਗਦੇਵ ਭੰਡਾਲ, ਅਸ਼ੋਕ ਭੌਰਾ, ਲੇਖਕ ਤਾਰਾ ਸਾਗਰ, ਪਲਵਿੰਦਰ ਮਾਹੀ, ਐਮ ਆਰ ਪਾਲ, ਦਲਵੀਰ ਸਿੰਘ, ਮਾਸਟਰ ਗੁਰਚਰਨ ਸਿੰਘ, ਅਮਰ ਦੜੋਚ, ਤਰਲੋਚਨ ਸਿੰਘ, ਗਾਇਕ ਤਰਲੋਕ ਸਿੰਘ, ਅਨੂਪ ਸਿੰਘ ਚੀਮਾ ਤੇ ਹਰਮੇਸ਼ ਬੰਗੜ ਸ਼ਾਮਲ ਹੋਏ।


# ਰਾਜੇਸ਼ ਖੰਨਾ ਨੂੰ ਪਦਮ ਵਿਭੂਸ਼ਨ ਮਿਲਣ ਦੀ ਉਮੀਦ

**ਨਵੀਂ ਦਿੱਲੀ:** ਪਦਮ ਐਵਾਰਡਾਂ ਬਾਰੇ ਫੈਸਲਾ ਲੈਣ ਲਈ ਉੱਚ ਪੱਧਰੀ ਮੀਟਿੰਗ ਦੌਰਾਨ ਸਵਰਗੀ ਅਦਾਕਾਰ ਰਾਜੇਸ਼ ਖੰਨਾ ਦਾ ਨਾਂ ਪਦਮ ਵਿਭੂਸ਼ਨ ਲਈ ਸੂਚੀ ਵਿਚ ਸ਼ਾਮਲ ਕਰ ਲਿਆ ਗਿਆ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਪ੍ਰਵਾਨਗੀ ਮਿਲਣ ਬਾਅਦ ਐਵਾਰਡੀਆਂ ਦੇ ਨਾਵਾਂ ਦਾ ਐਲਾਨ 25 ਜਨਵਰੀ ਨੂੰ ਕੀਤਾ ਜਾਏਗਾ। ਉੱਘੇ ਫਿਲਮ ਨਿਰਮਾਤਾ ਰਮੇਸ਼ ਸਿੱਪੀ ਨੂੰ ਪਦਮਸ੍ਰੀ ਐਵਾਰਡ ਮਿਲਣ ਦੀ ਉਮੀਦ ਹੈ।



*ਪੰਜਾਬੀ ਸਾਹਿਤ ਸਭਾ ਦੇ ਸਾਬਕਾ ਪ੍ਰਧਾਨ ਤਾਰਾ ਸਿੰਘ ਸਾਗਰ ਦੀ ਪੁਸਤਕ 'ਰੇਤ ਮਹਲ' ਦਾ ਵਿਮੋਚਨ ਬੀਤੇ ਦਿਨੀਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਕੀਤਾ ਗਿਆ। ਤਸਵੀਰ ਵਿਚ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ, ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ, ਪੰਜਾਬੀ ਅਕਾਦਮੀ ਦਿੱਲੀ ਦੇ ਮੁਖੀ ਰਵੇਲ ਸਿੰਘ, ਫਿਲਮ ਕਲਾਕਾਰ ਰਮਾ ਵਿਜ, ਸ਼ਾਇਰ ਸੁਰਜੀਤ ਪਾਤਰ, ਡਾ. ਸਤੀਸ਼ ਵਰਮਾ ਅਤੇ ਡਾ. ਜਸਵਿੰਦਰ ਬਰਾੜ ਪੁਸਤਕ 'ਰੇਤ ਮਹਲ' ਲੋਕ ਅਰਪਿਤ ਕਰਦੇ ਹੋਏ।*


ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ
ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ
ਫੋਨ: (559) 317-2149



Paramjit S. Khaira
D.H.M.S (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
e- mail: drpskhaira@gmail.com
Working under state law SB 577





ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 3000 ਮਿੰਟ (50 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
vaisakhi
Coupon Code
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

# ਅਕਾਲੀਆਂ ਨੇ ਵੰਡ ਵੇਲੇ ਮੰਗਿਆ ਸੀ ਆਜ਼ਾਦ ਪੰਜਾਬ

## ਮਾਸਟਰ ਤਾਰਾ ਸਿੰਘ ਦੇ ਵਿਰੋਧ ਨਾਲ ਪਾਕਿਸਤਾਨ 'ਚ ਜਾਣੋਂ ਬਚਿਆ ਅੰਮ੍ਰਿਤਸਰ

**ਅੰਮ੍ਰਿਤਸਰ:** 1946 ਵਿਚ ਲਾਹੌਰ ਅਸੈਂਬਲੀ ਦੇ ਬਾਹਰ ਹੋਈ ਰੈਲੀ ਦੇ ਚਸ਼ਮਦੀਦ ਗਵਾਹ ਤੇ ਸ਼ਾਲ ਕਲੱਬ ਇੰਡੀਆ ਦੇ ਚੇਅਰਮੈਨ ਜੇ.ਐਸ. ਮਦਾਨ ਨੇ ਖੁਲਾਸਾ ਕੀਤਾ ਕਿ ਉਸ ਵੇਲੇ ਅਕਾਲੀ ਆਗੂਆਂ ਵੱਲੋਂ ਪੁਰਾਣੇ ਪੰਜਾਬ (ਲਹਿੰਦੇ ਤੇ ਚੜ੍ਹਦੇ ਪੰਜਾਬ) ਨੂੰ ਭਾਰਤ ਤੇ ਪਾਕਿਸਤਾਨ ਵਿਚਾਲੇ 'ਬਫਰ ਸਟੇਟ' ਬਣਾਉਣ ਦੀ ਮੰਗ ਰੱਖੀ ਗਈ ਸੀ ਜਿਸ ਨੂੰ ਆਜ਼ਾਦ ਪੰਜਾਬ ਦਾ ਨਾਂ ਦਿੱਤਾ ਗਿਆ ਸੀ ਪਰ ਇਹ ਮੰਗ ਪੂਰੀ ਨਾ ਹੋਣ ਕਾਰਨ ਪੰਜਾਬ ਦੋ ਹਿੱਸਿਆਂ ਵਿਚ ਵੰਡਿਆ ਗਿਆ ਤੇ ਸਿੱਟੇ ਵਜੋਂ ਦੋਵੇਂ ਪਾਸੇ ਵੱਡਾ ਖ਼ੂਨ ਖਰਾਬਾ ਵੀ ਹੋਇਆ ਜਿਸ ਵਿਚ ਲੱਖਾਂ ਲੋਕ ਉਜੜੇ ਤੇ ਮਾਰੇ ਗਏ। ਉਨ੍ਹਾਂ ਦਾ ਇਹ ਵੀ ਦਾਅਵਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਰਹੂਮ ਮਾਸਟਰ ਤਾਰਾ ਸਿੰਘ ਨੇ ਜੇਕਰ ਮੁਸਲਿਮ ਲੀਗ ਦੀ ਯੋਜਨਾ ਦਾ ਡੱਟ ਕੇ ਵਿਰੋਧ ਨਾ ਕੀਤਾ ਹੁੰਦਾ ਤਾਂ ਅੱਜ ਅੰਮ੍ਰਿਤਸਰ ਤੇ ਸਿੱਖਾਂ ਦਾ ਰੂਹਾਨੀ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਵੀ ਪਾਕਿਸਤਾਨ ਦਾ ਹਿੱਸਾ ਹੋਣਾ ਸੀ।

ਸ. ਮਦਾਨ 1946 ਵਿਚ ਲਾਹੌਰ ਅਸੈਂਬਲੀ ਦੇ ਬਾਹਰ ਹੋਈ ਰੈਲੀ ਵਿਚ ਸ਼ਾਮਲ ਸਨ ਜਿਥੇ ਮੁਸਲਿਮ ਲੀਗ ਦੀ ਇਸ ਜ਼ਿੱਦ ਖ਼ਿਲਾਫ਼ ਮਾਸਟਰ ਤਾਰਾ ਸਿੰਘ ਨੇ ਨਾ ਸਿਰਫ ਲੀਗ ਦਾ ਝੰਡਾ ਪਾੜਿਆ ਸੀ ਸਗੋਂ ਪਾਕਿਸਤਾਨ ਖ਼ਿਲਾਫ਼ ਨਾਅਰੇ ਵੀ ਲਾਏ ਸਨ। ਤਕਰੀਬਨ 90 ਸਾਲਾਂ ਦੇ ਸ. ਮਦਾਨ ਜੋ ਇਸ ਵੇਲੇ ਮਦਾਨ ਟੈਕਸਟਾਈਲ ਨਾਂ ਦੀ ਸੰਸਥਾ ਦੇ ਪ੍ਰਬੰਧਕੀ ਭਾਈਵਾਲ ਹਨ, ਨੇ ਦੱਸਿਆ ਕਿ 1946 ਵਿਚ ਜਦੋਂ ਇਹ ਘਟਨਾ ਵਾਪਰੀ, ਉਸ ਵੇਲੇ ਉਹ ਵੀ ਉਥੇ ਰੈਲੀ ਵਿਚ ਸ਼ਾਮਲ ਸਨ। ਇਹ ਰੈਲੀ



**ਮੁਸਲਿਮ ਲੀਗ ਨੇ ਅਸੈਂਬਲੀ ਭਵਨ ਵਿਚ ਅੰਮ੍ਰਿਤਸਰ ਨੂੰ ਪਾਕਿਸਤਾਨ ਵਿਚ ਸ਼ਾਮਲ ਕਰਨ ਦੀ ਯੋਜਨਾ ਦਾ ਕੀਤਾ ਸੀ ਖੁਲਾਸਾ**

ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਤੇ ਹਿੰਦੂ ਮਹਾਂ ਸਭਾ ਵੱਲੋਂ ਸਾਂਝੇ ਤੌਰ 'ਤੇ ਲਾਹੌਰ ਅਸੈਂਬਲੀ ਦੇ ਬਾਹਰ ਅਚਨਚੇਤੀ ਕੀਤੀ ਗਈ ਸੀ। ਉਸ ਦਿਨ ਅਸੈਂਬਲੀ ਭਵਨ ਵਿਚ ਮੁਸਲਿਮ ਲੀਗ ਵੱਲੋਂ ਅੰਮ੍ਰਿਤਸਰ ਨੂੰ ਪਾਕਿਸਤਾਨ ਵਿਚ ਸ਼ਾਮਲ ਕਰਨ ਦੀ ਯੋਜਨਾ ਦਾ ਖੁਲਾਸਾ ਕੀਤਾ ਗਿਆ ਸੀ ਜਿਸ ਦਾ ਮਾਸਟਰ ਤਾਰਾ ਸਿੰਘ ਨੇ ਬਾਹਰ ਡਟਵਾਂ ਵਿਰੋਧ ਕੀਤਾ।

ਉਨ੍ਹਾਂ ਦੱਸਿਆ ਕਿ ਰੈਲੀ ਵਿਚ ਕਾਂਗਰਸ ਤੇ ਹਿੰਦੂ ਮਹਾਂ ਸਭਾ ਨੇ ਐਲਾਨ ਕੀਤਾ ਸੀ ਕਿ ਇਸ ਮਾਮਲੇ ਵਿਚ ਮਾਸਟਰ ਤਾਰਾ ਸਿੰਘ ਵੱਲੋਂ ਜੋ ਵੀ ਫੈਸਲਾ ਕੀਤਾ ਜਾਵੇਗਾ, ਦੋਵੇਂ ਜਥੇਬੰਦੀਆਂ ਉਸ ਦਾ ਡਟ ਕੇ ਸਮਰਥਨ ਕਰਨਗੀਆਂ। ਉਨ੍ਹਾਂ ਦੱਸਿਆ ਕਿ ਅਕਾਲੀ ਆਗੂ ਨੇ ਇਸ ਸਮਾਗਮ ਵਿਚ ਮੁਸਲਿਮ ਲੀਗ ਦੀ ਯੋਜਨਾ ਦਾ ਡਟ ਕੇ ਵਿਰੋਧ ਕੀਤਾ ਤੇ ਆਪਣੀ ਕਿਰਪਾਨ ਨਾਲ ਮੁਸਲਿਮ ਲੀਗ ਦਾ ਝੰਡਾ ਪਾੜਿਆ। ਉਨ੍ਹਾਂ ਉਸ ਮੌਕੇ ਪਾਕਿਸਤਾਨ ਖ਼ਿਲਾਫ਼ ਨਾਅਰੇ ਵੀ ਲਾਏ ਜਿਸ ਨਾਲ ਮਾਹੌਲ ਵਿਚ ਤਣਾਅ ਪੈਦਾ ਹੋ ਗਿਆ ਸੀ।

ਉਨ੍ਹਾਂ ਦੱਸਿਆ ਕਿ ਅਚਨਚੇਤੀ ਕੀਤੀ ਗਈ ਇਸ ਰੈਲੀ ਵਿਚ ਉਸ ਵੇਲੇ ਭਾਵੇਂ ਵੱਡੀ ਗਿਣਤੀ ਲੋਕ ਸ਼ਾਮਲ ਨਹੀਂ ਸਨ ਪਰ ਜਿੰਨੇ ਵੀ ਲੋਕ ਸ਼ਾਮਲ ਸਨ, ਉਨ੍ਹਾਂ ਨੇ ਮਾਸਟਰ ਤਾਰਾ ਸਿੰਘ ਦੇ ਫੈਸਲੇ ਦਾ ਸਮਰਥਨ ਕੀਤਾ ਸੀ। ਇਸ ਵਿਰੋਧ ਨੂੰ ਦੇਖਦਿਆਂ ਹੀ ਮੁਸਲਿਮ ਲੀਗ ਨੇ ਆਪਣੀ ਜ਼ਿੱਦ ਛੱਡੀ, ਜਿਸ ਦੇ ਸਿੱਟੇ ਵਜੋਂ ਅੰਮ੍ਰਿਤਸਰ ਤੇ ਸ੍ਰੀ ਹਰਿਮੰਦਰ ਸਾਹਿਬ ਭਾਰਤ ਦਾ ਹਿੱਸਾ ਬਣੇ ਰਹੇ।

ਸ. ਮਦਾਨ ਉਸ ਵੇਲੇ ਲਾਹੌਰ ਦੇ ਰੋਇਲ ਪਾਰਕ ਇਲਾਕੇ ਵਿਚ ਸਥਾਪਤ ਖਾਦ ਪਦਾਰਥਾਂ ਦੀ ਜਾਂਚ ਏਜੰਸੀ ਦੀ ਪ੍ਰਯੋਗਸ਼ਾਲਾ ਵਿਚ ਤਾਇਨਾਤ ਸਨ। ਉਨ੍ਹਾਂ ਦਾ ਘਰ ਭਾਵੇਂ ਅੰਮ੍ਰਿਤਸਰ ਵਿਚ ਸੀ ਪਰ ਉਹ ਆਪਣੀ ਨੌਕਰੀ ਕਾਰਨ ਵਧੇਰੇ ਸਮਾਂ ਲਾਹੌਰ ਵਿਖੇ ਰਹਿੰਦੇ ਸਨ। ਉਸ ਦਿਨ ਉਹ ਆਪਣੇ ਕੁਝ ਸਾਥੀਆਂ ਨਾਲ ਲਾਹੌਰ ਅਸੈਂਬਲੀ ਦੇ ਬਾਹਰ ਹੋਈ ਰੈਲੀ ਨੂੰ ਦੇਖਣ ਗਏ ਸਨ ਤੇ ਇਸ ਘਟਨਾ ਦੇ ਚਸ਼ਮਦੀਦ ਗਵਾਹ ਹਨ। ਉਨ੍ਹਾਂ ਦੱਸਿਆ ਕਿ ਦੇਸ਼ ਦੀ ਵੰਡ ਤੋਂ ਕੁਝ ਸਮਾਂ ਪਹਿਲਾਂ ਹੀ ਹਾਲਾਤ ਬਦਲਣੇ ਸ਼ੁਰੂ ਹੋ ਗਏ ਸਨ। ਦੋਵੇਂ ਪਾਸੇ ਇਕ-ਦੂਜੇ ਦੇ ਫਿਰਕੇ ਦੇ ਲੋਕਾਂ ਨੂੰ ਕੌੜੀ ਨਜ਼ਰ ਨਾਲ ਦੇਖਿਆ ਜਾਂਦਾ ਸੀ।

## ਵੰਡ ਦੀ ਲਕੀਰ ਸਿੱਖਾਂ ਦੇ ਮੱਥੇ ਦੀ ਤਕਦੀਰ ਬਣ ਗਈ: ਜਥੇਦਾਰ



**ਲੁਧਿਆਣਾ:** ਨਨਕਾਣਾ ਸਾਹਿਬ ਤੇ ਪਾਕਿਸਤਾਨ ਦੇ ਹੋਰ ਗੁਰਦੁਆਰੇ ਪੁਸਤਕ ਰਿਲੀਜ਼ ਕਰਦਿਆਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਹਰ ਕੌਮ ਦਾ ਇਤਿਹਾਸ ਹੁੰਦਾ ਹੈ ਤੇ ਇਹੀ ਇਤਿਹਾਸ ਉਸ ਦਾ ਵਿਰਾਸਤੀ ਸਰਮਾਇਆ ਹੁੰਦਾ ਹੈ। ਸਿੱਖ ਕੌਮ ਦਾ ਆਪਣਾ ਸ਼ਾਨਦਾਰ ਇਤਿਹਾਸ ਹੈ ਜਿਸ ਵਿਚ ਭਾਵਨਾ ਤੇ ਸਿਦਕ ਦੋਵੇਂ ਸ਼ਾਮਲ ਹਨ।

ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਹਿੰਦ-ਪਾਕਿ ਦੀ ਵੰਡ ਹੋਣ ਕਰਕੇ ਸਿੱਖਾਂ ਨੂੰ ਇਕ ਵਿਸ਼ੇਸ਼ ਕਿਸਮ ਦੀ ਤ੍ਰਾਸਦੀ ਵਿਚੋਂ ਲੰਘਣਾ ਪਿਆ ਹੈ। ਜਿੱਥੇ ਇਹ ਦੋਵੇਂ ਦੇਸ਼ਾਂ ਵਿਚ ਵੰਡ ਦੀ ਲਕੀਰ ਹੈ, ਉੱਥੇ ਇਹ ਸਿੱਖ ਕੌਮ ਦੇ ਮੱਥੇ ਦੀ ਲਕੀਰ ਬਣ ਗਈ ਹੈ। ਪੂਰਬੀ ਪੰਜਾਬ ਦੇ ਸਿੱਖਾਂ ਨੂੰ ਇਸ ਲਕੀਰ ਨੇ ਆਪਣੀ ਜਨਮ ਭੂਮੀ ਨਨਕਾਣਾ ਸਾਹਿਬ ਤੋਂ ਦੂਰ ਕਰ ਦਿੱਤਾ ਹੈ। ਪਾਕਿਸਤਾਨੀ ਪੰਜਾਬ ਵਿਚ ਸਥਿਤ ਗੁਰਧਾਮਾਂ ਨੂੰ ਵੰਡ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਪਰੋਕਤ ਪੁਸਤਕ ਵਿਚ ਨੌਜਵਾਨ ਲੇਖਕ ਰਣਜੋਧ ਸਿੰਘ ਨੇ ਪਾਕਿਸਤਾਨ ਵਿਚ ਸਿੱਖਾਂ ਦੀ ਇਤਿਹਾਸਕ ਮਾਨਸਿਕਤਾ ਨੂੰ ਨਿਵੇਕਲੀ ਸ਼ੈਲੀ ਵਿਚ ਪੇਸ਼ ਕੀਤਾ ਹੈ। ਉਸ ਨੇ ਇਹ ਪੁਸਤਕ 2006 ਵਿਚ ਲਿਖਣੀ ਆਰੰਭ ਕੀਤੀ ਜੋ ਪੂਰੇ ਛੇ ਸਾਲਾਂ ਵਿਚ ਮਿਹਨਤ ਤੇ ਲਗਨ ਨਾਲ ਪੂਰੀ ਕੀਤੀ ਗਈ ਹੈ। ਲੇਖਕ ਨੇ ਜਿੱਥੇ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਨੂੰ ਕੈਮਰੇ ਵਿਚ ਕਲਿਕ ਕਰਕੇ ਖ਼ੂਬਸੂਰਤ ਚਿੱਤਰ ਇਸ ਪੁਸਤਕ ਵਿਚ ਪੇਸ਼ ਕੀਤੇ ਹਨ, ਉੱਥੇ ਨਾਲ ਹੀ ਸਿੱਖ ਸਰੋਕਾਰਾਂ ਦੀ ਇਤਿਹਾਸਕ ਸਮੱਗਰੀ ਬਹੁਤ ਸੁੰਦਰ ਸ਼ਾਬਦਿਕ ਸ਼ੈਲੀ ਵਿਚ ਦਿੱਤੀ ਗਈ ਹੈ। ਲੇਖਕ ਰਣਜੋਧ ਸਿੰਘ ਨੇ ਇਸ ਮੌਕੇ ਦੱਸਿਆ ਕਿ ਪਾਕਿਸਤਾਨ ਅੰਦਰ 200 ਦੇ ਕਰੀਬ ਗੁਰਦੁਆਰੇ ਹਨ। ਪੁਸਤਕ ਦੇ ਅੰਤ ਵਿਚ ਸਾਰੇ ਪਵਿੱਤਰ ਸਥਾਨਾਂ ਦੀ ਸੂਚੀ ਦਰਜ ਕੀਤੀ ਗਈ ਹੈ। ਇਸ ਪੁਸਤਕ ਵਿਚ ਜਨਮ ਅਸਥਾਨ ਨਨਕਾਣਾ ਸਾਹਿਬ ਤੋਂ ਇਲਾਵਾ ਗੁਰਦੁਆਰਾ ਬਾਬਾ ਲੀਲ੍ਹਾ ਸਾਹਿਬ, ਗੁਰਦੁਆਰਾ ਪੱਟੀ ਸਾਹਿਬ, ਗੁਰਦੁਆਰਾ ਮਾਲ ਜੀ ਸਾਹਿਬ, ਗੁਰਦੁਆਰਾ ਕਿਆਰ ਸਾਹਿਬ, ਗੁਰਦੁਆਰਾ ਤੰਬੂ ਸਾਹਿਬ, ਗੁਰਦੁਆਰਾ ਹਰਗੋਵਿੰਦ ਸਾਹਿਬ, ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ, ਸੱਚਾ ਸੌਦਾ ਸਾਹਿਬ, ਗੁਰਦੁਆਰਾ ਡੇਰਾ ਸਾਹਿਬ, ਗੁਰਦੁਆਰਾ ਪੰਜਾ ਸਾਹਿਬ, ਗੁਰਦੁਆਰਾ ਰੋੜੀ ਸਾਹਿਬ, ਗੁਰਦੁਆਰਾ ਚੱਕੀ ਸਾਹਿਬ, ਗੁਰਦੁਆਰਾ ਖੂਹੀ ਭਾਈ ਲਾਲੋ ਜੀ, ਗੁਰਦੁਆਰਾ ਕਰਤਾਰਪੁਰ ਸਾਹਿਬ ਅਤੇ ਹੋਰ ਇਤਿਹਾਸਕ ਸਥਾਨਾਂ ਦੇ ਖ਼ੂਬਸੂਰਤ ਚਿੱਤਰ ਤੇ ਇਨ੍ਹਾਂ ਦੇ ਇਤਿਹਾਸ ਨੂੰ ਖ਼ੂਬਸੂਰਤ ਸਰਲ, ਸੁਖੈਨ ਤੇ ਰਸੀਲੀ ਸ਼ੈਲੀ ਵਿਚ ਲਿਖ ਕੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਸਿੱਖ ਜਗਤ ਦੇ ਸਨਮੁੱਖ ਕੀਤਾ ਹੈ।

## ਆਸਟਰੇਲੀਅਨ ਸਕੂਲਾਂ 'ਚ ਕਿਰਪਾਨ 'ਤੇ ਪਾਬੰਦੀ ਖਿਲਾਫ ਆਵਾਜ਼ ਬੁਲੰਦ

**ਸਿਡਨੀ:** ਆਸਟਰੇਲੀਆ ਦੇ ਸਿੱਖ ਭਾਈਚਾਰੇ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਆਪਣਾ ਧਾਰਮਿਕ ਚਿੰਨ੍ਹ ਕਿਰਪਾਨ ਪਹਿਨ ਕੇ ਸਕੂਲ ਜਾਣ ਦੀ ਮਨਜ਼ੂਰੀ ਦਿੱਤੀ ਜਾਵੇ। ਸਰਕਾਰ ਨੇ ਸੰਵਿਧਾਨ ਵਿਚ ਸੋਧ ਕਰਕੇ ਸਕੂਲਾਂ ਵਿਚ



ਇਹ ਲਿਜਾਣ 'ਤੇ ਰੋਕ ਲਾ ਦਿੱਤੀ ਸੀ ਜਿਸ ਨੂੰ ਲੈ ਕੇ ਸਿੱਖ ਭਾਈਚਾਰੇ ਵਿਚ ਰੋਸ ਹੈ।

ਹਥਿਆਰਾਂ ਬਾਰੇ ਐਕਟ 1990 ਅਨੁਸਾਰ ਇਕ ਸਿੱਖ ਜਨਤਕ ਸਥਾਨ 'ਤੇ ਆਪਣੇ ਧਾਰਮਿਕ ਚਿੰਨ੍ਹ ਵਜੋਂ ਕਿਰਪਾਨ ਪਹਿਨ ਸਕਦਾ ਹੈ। ਹੁਣ ਇਸ ਸੰਵਿਧਾਨ ਵਿਚ ਸੋਧ ਮਗਰੋਂ ਇਹ ਸ਼ਾਮਲ ਕਰ ਦਿੱਤਾ ਗਿਆ ਹੈ ਕਿ ਇਹ ਕੋਈ ਤਰਕਪੂਰਨ ਬਹਾਨਾ ਨਹੀਂ ਹੈ ਕਿ ਧਾਰਮਿਕ ਚਿੰਨ੍ਹ ਵਜੋਂ ਸਕੂਲਾਂ ਵਿਚ ਕਿਰਪਾਨ ਲਿਜਾਣੀ ਲਾਜ਼ਮੀ ਹੈ। ਆਸਟਰੇਲੀਆ ਦੀ ਸਿੱਖ ਕੌਂਸਲ ਤੇ ਕੁਈਨਜ਼ਲੈਂਡ ਦੇ ਭੇਦਭਾਵ ਵਿਰੋਧੀ ਕਮਿਸ਼ਨਰ ਅਨੁਸਾਰ ਇਹ ਸੋਧ ਸਿੱਖਾਂ ਲਈ ਪੱਖਪਾਤੀ ਹੈ।

ਜ਼ਿਕਰਯੋਗ ਹੈ ਕਿ 2010 ਵਿਚ ਇਕ 12 ਸਾਲਾ ਸਕੂਲੀ ਬੱਚੇ ਦੀ ਚਾਕੂ ਮਾਰੇ ਜਾਣ ਨਾਲ ਹੋਈ ਮੌਤ ਮਗਰੋਂ ਕਿਰਪਾਨਾਂ ਸਕੂਲ ਵਿਚ ਲਿਜਾਣ ਦਾ ਮੁੱਦਾ ਕੁਈਨਜ਼ਲੈਂਡ ਵਿਚ ਅਹਿਮ ਮੁੱਦਾ ਰਿਹਾ ਹੈ। ਸਾਬਕਾ ਪ੍ਰਧਾਨ ਮੰਤਰੀ ਅੱਨਾ ਬਲੀਹ ਦੇ ਦਫਤਰ ਵੱਲੋਂ ਸਿੱਖ ਕੌਂਸਲ ਆਫ ਆਸਟਰੇਲੀਆ ਨੂੰ ਲਿਖਤੀ ਰੂਪ ਵਿਚ ਦੱਸਿਆ ਸੀ ਕਿ ਭਾਵੇਂ ਕਿਸੇ ਸਿੱਖ ਵੱਲੋਂ ਕੁਈਨਜ਼ਲੈਂਡ ਵਿਚ ਕਿਰਪਾਨ ਨਾਲ ਕੋਈ ਖ਼ਤਰਨਾਕ ਕਿਸਮ ਦਾ ਹਮਲਾ ਕਰਨ ਦਾ ਖ਼ਤਰਾ ਮਾਮੂਲੀ ਹੈ ਪਰ ਸਕੂਲਾਂ ਨੂੰ ਤਿੱਖੇ ਹਥਿਆਰਾਂ ਤੋਂ ਮੁਕਤ ਰੱਖਣ ਦਾ ਤਰਕ ਆਪਣੇ-ਆਪ ਵਿਚ ਵੱਡਾ ਹੈ।

ਡਿਪਾਰਟਮੈਂਟ ਆਫ ਐਜੂਕੇਸ਼ਨ, ਟਰੇਨਿੰਗ ਐਂਡ ਐਂਪਲਾਇਮੈਂਟ ਅਸਿਸਟੈਂਟ ਡਾਇਰੈਕਟਰ ਜਨਰਲ ਮਾਰਗ ਪੇਥੀਆਗੋਡਾ ਅਨੁਸਾਰ ਇਹ ਮਾਮਲਾ ਕੇਸ ਦਰ ਕੇਸ ਵਿਚਾਰਿਆ ਜਾਏਗਾ। ਜੇਕਰ ਕਿਸੇ ਸਕੂਲ ਦੇ ਪ੍ਰਿੰਸੀਪਲ ਨੂੰ ਪਤਾ ਲੱਗਦਾ ਹੈ ਕਿ ਕਿਸੇ ਵਿਦਿਆਰਥੀ ਜਾਂ ਸਟਾਫ ਮੈਂਬਰ ਵੱਲੋਂ ਪਹਿਨੀ ਕਿਰਪਾਨ ਬਹੁਤ ਤਿੱਖੀ ਤੇ ਨੋਕ ਵਾਲੀ ਤੇ ਕਿਸੇ ਨੂੰ ਨੁਕਸਾਨ ਪਹੁੰਚਾਉਣ ਦੇ ਮੰਤਵ ਨਾਲ ਰੱਖੀ ਗਈ ਹੈ, ਤਾਂ ਉਹ ਇਹ ਲੈ ਲਏਗਾ ਤੇ ਮਾਮਲਾ ਪੁਲਿਸ ਨੂੰ ਸੌਂਪ ਦੇਵੇਗਾ।

## ਭਗਤ ਸਿੰਘ ਦੇ ਨਾਂ 'ਤੇ ਪੁਰਸਕਾਰ ਦੇਣੋਂ ਭੱਜੀ ਬਾਦਲ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਭਾਵੇਂ ਕਬੱਡੀ ਦੀ ਖੇਡ ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਤੇ ਹੋਰ ਬੁਰਾਈਆਂ ਤੋਂ ਦੂਰ ਰੱਖਣ ਦੇ ਦਾਅਵੇ ਕਰ ਰਹੀ ਹੈ ਪਰ ਵੱਖ-ਵੱਖ ਖੇਤਰਾਂ ਵਿਚ ਸਲਾਹੁਣਯੋਗ ਕੰਮ ਕਰਨ ਵਾਲੇ ਨੌਜਵਾਨ ਪੰਜਾਬ ਸਰਕਾਰ ਦੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਪੁਰਸਕਾਰ ਦਾ ਇੰਤਜ਼ਾਰ ਕਰਦੇ ਬੁੱਢੇ ਹੋਣ ਲੱਗੇ ਹਨ। ਸੂਚਨਾ ਅਧਿਕਾਰ ਕਾਨੂੰਨ ਤਹਿਤ ਹਾਸਲ ਜਾਣਕਾਰੀ ਚੰਗੇ ਕੰਮ ਕਰਨ ਵਾਲੇ ਨੌਜਵਾਨਾਂ ਪ੍ਰਤੀ ਸਰਕਾਰ ਦੀ ਬੇਰੁਖੀ ਦਾ ਭੇਤ ਖੋਲ੍ਹਦੀ ਹੈ।

ਹਾਸਲ ਜਾਣਕਾਰੀ ਅਨੁਸਾਰ ਸ਼ਹੀਦ ਭਗਤ ਸਿੰਘ ਰਾਜ ਨੌਜਵਾਨ ਪੁਰਸਕਾਰ ਹਰੇਕ ਸਾਲ ਪੰਜਾਬ ਦੇ ਉਨ੍ਹਾਂ 15 ਤੋਂ 35 ਸਾਲ ਦੇ ਮੁੰਡੇ-ਕੁੜੀਆਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਨੇ ਨੌਜਵਾਨ ਸਰਗਰਮੀਆਂ ਤੇ ਸਮਾਜ ਸੇਵਾ ਲਈ ਸ਼ਲਾਘਾਯੋਗ ਕੰਮ ਕੀਤਾ ਹੋਵੇ। ਪਿਛਲੇ 12 ਸਾਲਾਂ ਵਿਚ ਸਿਰਫ

**1998 ਤੋਂ 2007 ਤੱਕ ਉਮੀਦਵਾਰਾਂ ਤੋਂ ਨਾਮਜ਼ਦਗੀਆਂ ਵੀ ਨਾ ਮੰਗੀਆਂ**



59 ਨੌਜਵਾਨ ਨੂੰ ਹੀ ਇਹ ਪੁਰਸਕਾਰ ਦਿੱਤੇ ਗਏ ਹਨ। ਡਾਇਰੈਕਟਰ ਯੁਵਕ ਸੇਵਾਵਾਂ ਨੇ ਵੱਖਰੇ ਪੱਤਰ ਵਿਚ ਇਹ ਵੀ ਮੰਨਿਆ ਸੀ ਕਿ ਫੰਡਾਂ ਦੀ ਘਾਟ ਕਰਕੇ 1998 ਤੋਂ 2007 ਤੱਕ ਉਮੀਦਵਾਰਾਂ ਤੋਂ ਨਾਮਜ਼ਦਗੀਆਂ ਦੀ ਮੰਗ ਹੀ ਨਹੀਂ ਕੀਤੀ ਗਈ।

1985 ਤੋਂ ਸ਼ੁਰੂ ਇਸ ਪੁਰਸਕਾਰ ਵਿਚ ਇਕ ਮੈਡਲ, ਇਕ ਸਕਰੋਲ, ਇਕ ਸਰਟੀਫਿਕੇਟ ਤੇ ਨਕਦ ਰਾਸ਼ੀ ਹੁੰਦੀ ਹੈ। ਨਕਦ ਰਾਸ਼ੀ ਪਹਿਲਾਂ 5000 ਰੁਪਏ ਫਿਰ 10000 ਰੁਪਏ ਤੋਂ ਹੁਣ 20000 ਰੁਪਏ ਤੈਅ ਕੀਤੀ ਗਈ ਹੈ। ਜੇਕਰ ਸਾਲ ਵਿਚ ਹਰ ਜ਼ਿਲ੍ਹੇ ਵਿਚ ਇਕ ਨੌਜਵਾਨ ਨੂੰ ਵੀ ਇਹ ਅਵਾਰਡ ਦੇਣਾ ਹੋਵੇ ਤਾਂ ਪੰਜ ਲੱਖ ਰੁਪਏ ਵਿਚ ਸਾਰੇ ਭੁਗਤਾਨ ਹੋ ਸਕਦੇ ਹਨ। ਸ਼ਹੀਦ ਭਗਤ ਸਿੰਘ ਦੇ ਭਾਣਜੇ ਤੇ ਉੱਘੇ ਚਿੰਤਕ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਹੈ ਕਿ ਐਵਾਰਡ ਦੇਣ ਲਈ ਅੱਠ ਮਾਪਦੰਡ ਤੈਅ ਕਰਨੇ ਚਾਹੀਦੇ ਹਨ।

## ਵਿਸ਼ਵ ਸਿੱਖ ਯੂਨੀਵਰਸਿਟੀ ਨੇ ਪੰਜਾਬੀ ਨੂੰ ਵਿਸਾਰਿਆ

**ਚੰਡੀਗੜ੍ਹ:** ਥੋੜ੍ਹਾ ਪੜ੍ਹ ਲਿਖ ਜਾਣ ਮਗਰੋਂ ਆਪਣੀ ਮਾਂ-ਬੋਲੀ ਤੋਂ ਅੱਖਾਂ ਫੇਰ ਲੈਣ ਦੀ ਫਿਤਰਤ ਪੰਜਾਬੀ ਭਾਈਚਾਰੇ ਵਿਚ ਕਾਫੀ ਵੇਖਣ ਨੂੰ ਮਿਲਦੀ ਹੈ ਜਦਕਿ ਵਿਸ਼ਵ ਵਿਚ ਅਜਿਹੇ ਮੁਲਕ ਵੀ ਹਨ ਜਿਨ੍ਹਾਂ ਆਪਣੀ ਮਾਂ-ਬੋਲੀ ਦਾ ਪੱਲਾ ਫੜਕੇ ਅੰਗਰੇਜ਼ੀ ਮੁਲਕਾਂ ਦੇ ਬਰਾਬਰ ਮਜ਼ਬੂਤ ਅਰਥਚਾਰਾ ਖੜ੍ਹਾ ਕਰ ਦਿੱਤਾ। ਪੰਜਾਬੀ ਨੂੰ ਦਰਕਿਨਾਰ ਕਰਨ ਦੀ ਤਾਜ਼ਾ ਮਿਸਾਲ ਸਿੱਖ ਪੰਥ ਦੇ ਨਾਂ 'ਤੇ ਉਸਾਰੀ ਗਈ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਦੀ ਵੈਬਸਾਈਟ ਹੈ ਜਿਸ ਵਿਚੋਂ ਪੰਜਾਬੀ ਭਾਸ਼ਾ ਪੂਰੀ ਤਰ੍ਹਾਂ ਗਾਇਬ ਹੈ।

ਜ਼ਿਕਰਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਵੈੱਬਸਾਈਟ ਅੰਗਰੇਜ਼ੀ ਤੇ ਪੰਜਾਬੀ ਦੋਵਾਂ ਭਾਸ਼ਾਵਾਂ ਵਿਚ ਹੈ। ਵਿਸ਼ਵ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਦੀ ਵੈਬਸਾਈਟ 'ਤੇ 'ਵਰਸਿਟੀ ਦੇ ਚਾਂਸਲਰ ਭਾਵ ਕੁਲਪਤੀ ਜਥੇਦਾਰ




ਅਵਤਾਰ ਸਿੰਘ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੀ ਹਨ, ਦਾ ਸੁਨੇਹਾ ਅੰਗਰੇਜ਼ੀ ਵਿਚ ਹੈ। ਇਸ ਤੋਂ ਇਲਾਵਾ ਮੁੱਖ ਮੰਤਰੀ ਪੰਜਾਬ ਦਾ ਸੁਨੇਹਾ ਵੀ ਅੰਗਰੇਜ਼ੀ ਵਿਚ ਹੈ। ਵਰਸਿਟੀ ਵਿਚਲੇ ਵਿਭਾਗ, ਅਧਿਆਪਕਾਂ ਦਾ ਬਿਓਰਾ, ਬੁਨਿਆਦੀ ਢਾਂਚੇ ਦੀ ਅਧੂਰੀ ਜਾਣਕਾਰੀ ਅੰਗਰੇਜ਼ੀ ਵਿਚ ਹੀ ਹੈ।

ਹੋਰ ਦਿਲਚਸਪ ਗੱਲ ਇਹ ਕਿ ਵੈੱਬਸਾਈਟ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਕੋਈ ਜਾਣਕਾਰੀ ਦਰਜ ਨਹੀਂ ਕੀਤੀ ਗਈ ਜਦਕਿ 'ਵਰਸਿਟੀ ਦਾ ਨਾਂ ਗੁਰੂ ਗ੍ਰੰਥ ਸਾਹਿਬ ਦੇ ਨਾਂ 'ਤੇ ਹੈ ਤੇ ਨਾ ਹੀ ਯੂਨੀਵਰਸਿਟੀ ਦੀ ਉਸਾਰੀ ਦੇ ਇਤਿਹਾਸ ਦਾ ਕੋਈ ਜ਼ਿਕਰ ਹੈ। ਵੈੱਬਸਾਈਟ ਵਿਚ ਸੂਚਨਾ ਅਧਿਕਾਰ ਐਕਟ ਦਾ ਕੋਈ ਕਾਲਮ ਨਜ਼ਰ ਨਹੀਂ ਆਉਂਦਾ। ਯੂਨੀਵਰਸਿਟੀ ਵਿਚ ਆਰੰਭੇ ਗਏ ਸਿੱਖ ਅਧਿਐਨ ਕੋਰਸਾਂ ਦਾ ਬਿਓਰਾ ਵੀ ਨਿਰੋਲ ਅੰਗਰੇਜ਼ੀ ਵਿਚ ਹੀ ਦਰਜ ਕੀਤਾ ਗਿਆ ਹੈ। ਇਸ ਬਾਰੇ ਯੂਨੀਰਵਰਸਿਟੀ ਦੇ ਕਾਰਜਕਾਰੀ ਉਪ ਕੁਲਪਤੀ ਡਾ. ਗੁਰਮੋਹਨ ਸਿੰਘ ਵਾਲੀਆ ਦਾ ਕਹਿਣਾ ਹੈ ਕਿ ਉਹ ਟੈਕਨੀਕਲ ਟੀਮ ਨਾਲ ਗੱਲ ਕਰਨ ਮਗਰੋਂ ਹੀ ਇਸ ਬਾਰੇ ਕੁਝ ਕਹਿ ਸਕਦੇ ਹਨ।

# ਪਿਓ-ਪੁੱਤ ਦੇ ਮਨਸੂਬੇ ਪੂਰੇ ਨਹੀਂ ਹੋਣਗੇ: ਮਨਪ੍ਰੀਤ



**ਚੰਡੀਗੜ੍ਹ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਪੀਪੀਪੀ ਨੇ ਵਿਧਾਨ ਸਭਾ ਚੋਣਾਂ ਦੌਰਾਨ ਸੂਬੇ ਵਿਚ ਪੰਜ ਪ੍ਰਤੀਸ਼ਤ ਵੋਟਾਂ ਹਾਸਲ ਕਰਕੇ ਆਪਣੀ ਤਾਕਤ ਦਿਖਾਈ ਹੈ ਜਿਸ ਤੋਂ ਬੁਖਲਾਹਟ ਵਿਚ ਆ ਕੇ ਦੋਵੇਂ ਬਾਦਲ ਹੁਣ ਪੀਪੀਪੀ ਨੂੰ ਕਮਜ਼ੋਰ ਕਰਨ ਦੀ ਵਿਉਂਤ ਤਹਿਤ ਉਨ੍ਹਾਂ ਦੇ ਬੰਦਿਆਂ ਨੂੰ ਡਰਾਅ ਧਮਕਾ ਕੇ ਖਰੀਦਣ ਦਾ ਯਤਨ ਕਰ ਰਹੇ ਹਨ ਪਰ ਉਹ ਆਪਣੇ ਇਨ੍ਹਾਂ ਘਟੀਆ ਮਨਸੂਬਿਆਂ ਵਿਚ ਕਾਮਯਾਬ ਨਹੀਂ ਹੋ ਸਕਣਗੇ।

ਉਨ੍ਹਾਂ ਕਿਹਾ ਕਿ ਪਾਰਟੀ ਨੂੰ ਮਜ਼ਬੂਤ ਕਰਨ ਲਈ ਉਹ ਪੰਜਾਬ ਦੇ ਪਿੰਡ-ਪਿੰਡ ਜਾ ਕੇ ਹਰ ਘਰ ਦਾ ਕੁੰਡਾ ਖੜਕਾ ਕੇ ਲੋਕਾਂ ਨੂੰ ਲਾਮਬੰਦ ਕਰਨਗੇ ਜਿਸ ਲਈ ਉਨ੍ਹਾਂ ਨੇ ਆਪਣੇ ਨਾਲ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਭੱਟੀ ਨੂੰ ਵਿਸ਼ੇਸ਼ ਤੌਰ 'ਤੇ ਜ਼ਿੰਮੇਵਾਰੀ ਸੌਂਪੀ ਹੈ। ਸ. ਮਨਪ੍ਰੀਤ ਨੇ ਕਿਹਾ ਕਿ ਪੰਜਾਬ ਦੀ ਅਕਾਲੀ ਭਾਜਪਾ ਸਰਕਾਰ ਨੇ ਪੰਜਾਬ ਨੂੰ ਕਰਜ਼ੇ ਨਾਲ ਵਿੰਨ੍ਹ ਕੇ ਰੱਖ ਦਿੱਤਾ ਹੈ ਜਿਸ ਕਰਕੇ ਸੂਬਾ ਆਰਥਿਕ ਪੱਖੋਂ ਬੁਰੀ ਤਰ੍ਹਾਂ ਡਗਮਗਾ ਚੁੱਕਾ ਹੈ। ਉਨ੍ਹਾਂ ਤੱਥਾਂ 'ਤੇ ਅਧਾਰਤ ਗੱਲ ਕਰਦਿਆਂ ਕਿਹਾ ਕਿ 11ਵੀਂ ਪੰਜ ਸਾਲਾ ਯੋਜਨਾ ਤਹਿਤ ਅਕਾਲੀ-ਭਾਜਪਾ ਸਰਕਾਰ ਨੇ 29,000 ਕਰੋੜ ਰੁਪਏ ਜੁਟਾਉਣ ਦਾ ਦਾਅਵਾ ਕੀਤਾ ਸੀ ਜਦੋਂਕਿ ਇਹ ਸਿਰਫ 25,000 ਕਰੋੜ ਹੀ ਜੁਟਾਅ ਸਕੀ। ਦੂਜੇ ਪਾਸੇ ਹਰਿਆਣਾ ਸਰਕਾਰ ਨੇ 33,000 ਕਰੋੜ ਰੁਪਏ ਜੁਟਾਉਣ ਦੀ ਗੱਲ ਕਹੀ ਸੀ ਤੇ ਉਹ 64,000 ਕਰੋੜ ਜੁਟਾਉਣ ਵਿਚ ਸਫਲ ਰਹੀ। ਹੁਣ 12ਵੀਂ ਪੰਜ ਸਾਲਾ ਯੋਜਨਾ ਤਹਿਤ ਪੰਜਾਬ ਨੇ 79,000 ਜੁਟਾਉਣ ਦਾ ਦਾਅਵਾ ਕੀਤਾ ਹੈ ਪਰ ਲੱਗਦਾ ਹੈ ਕਿ ਪੰਜਾਬ ਇਸ ਵਾਰ ਆਪਣੀ ਯੋਜਨਾ ਦੇ ਅੱਧੇ ਅੰਕੜੇ ਨੂੰ ਵੀ ਪਾਰ ਨਹੀਂ ਕਰ ਸਕੇਗਾ। ਉਨ੍ਹਾਂ ਪਾਰਟੀ ਅਹੁਦੇਦਾਰਾਂ ਤੇ ਵਰਕਰਾਂ ਵਿਚ ਜੋਸ਼ ਭਰਦਿਆਂ ਹੌਸਲਾ ਦਿੱਤਾ ਕਿ ਉਨ੍ਹਾਂ ਨੂੰ ਬਾਦਲਾਂ ਦੀਆਂ ਗਿੱਦੜ ਭਭਕੀਆਂ ਤੋਂ ਡਰਨ ਦੀ ਲੋੜ ਨਹੀਂ।

ਉਨ੍ਹਾਂ ਅਫਸੋਸ ਜ਼ਾਹਿਰ ਕੀਤਾ ਕਿ ਪੰਜਾਬ ਪੁਲਿਸ ਬਾਦਲਾਂ ਦੀ ਕਠਪੁਤਲੀ ਬਣ ਕੇ ਰਹਿ ਗਈ ਹੈ। ਸ. ਮਨਪ੍ਰੀਤ ਬਾਦਲ ਨੇ ਕਿਹਾ ਕਿ ਸੂਬੇ ਦੇ ਲੋਕ ਪੂਰੀ ਤਰ੍ਹਾਂ ਮਯੂਸ ਤੇ ਲਾਚਾਰ ਹੋ ਚੁੱਕੇ ਹਨ ਤੇ ਸੁਆਹ ਦੀ ਢੇਰੀ ਬਣ ਚੁੱਕੇ ਪੰਜਾਬ ਵਿਚੋਂ ਕੋਈ ਅਜਿਹਾ ਅੰਗਿਆਰਾ ਲਭ ਰਹੇ ਹਨ ਜੋ ਸੂਬੇ ਦੇ ਬੁੱਝਦੇ ਦੀਵੇ ਨੂੰ ਬਾਲ ਸਕੇ। ਉਨ੍ਹਾਂ ਸਪੱਸ਼ਟ ਲਫਜ਼ਾਂ ਵਿਚ ਕਿਹਾ ਕਿ ਪੀ.ਪੀ.ਪੀ. ਦੇ ਕਾਂਗਰਸ ਨਾਲ ਫਿਲਹਾਲ ਸਮਝੌਤੇ ਦੇ ਕੋਈ ਅਸਾਰ ਨਹੀਂ ਤੇ ਉਨ੍ਹਾਂ ਦੇ ਵਿਰੋਧੀਆਂ ਵੱਲੋਂ ਪਾਰਟੀ ਨੂੰ ਕਮਜ਼ੋਰ ਕਰਨ ਲਈ ਜਾਣਬੁੱਝ ਕੇ ਕਾਂਗਰਸ ਨਾਲ ਸਮਝੌਤੇ ਬਾਰੇ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ।

## ਪੰਜਾਬ ਪੁਲਿਸ ਖ਼ੁਦ ਅਕਾਲੀਆਂ ਦੀ ਧੱਕੇਸ਼ਾਹੀ ਦਾ ਸ਼ਿਕਾਰ

**ਜਲੰਧਰ:** ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ ਖਾੜਕੂਵਾਦ ਦੇ ਦੌਰ ਤੋਂ ਪਹਿਲਾਂ ਕਦੇ ਵੀ ਪੁਲਿਸ ਮੁਲਾਜ਼ਮਾਂ ਤੇ ਅਧਿਕਾਰੀਆਂ ਨੂੰ ਉਨੀ ਬੇਰਹਿਮੀ ਨਾਲ ਨਿਸ਼ਾਨਾ ਨਹੀਂ ਬਣਾਇਆ ਗਿਆ ਸੀ ਜਿੰਨਾ ਕਿ ਅਕਾਲੀ ਦਲ ਤੇ ਭਾਜਪਾ ਗੱਠਜੋੜ ਸਰਕਾਰ ਸਮੇਂ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਜਦੋਂ ਪੰਜਾਬ ਪੁਲਿਸ, ਅਕਾਲੀ ਦਲ ਤੋਂ ਆਪਣਾ ਬਚਾਅ ਕਰਨ ਲਈ ਇਕਮੁੱਠ ਹੋ ਜਾਵੇ ਕਿਉਂਕਿ ਪੰਜਾਬ ਦੇ ਲੋਕ ਹੁਣ ਆਪਣਾ ਬਚਾਅ ਆਪੇ ਕਰ ਲੈਣਗੇ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਦਲ ਪੁਲਿਸ ਤੋਂ ਨਾਜਾਇਜ਼ ਕੰਮ ਲੈਣ ਲਈ ਉਸ ਨੂੰ ਡਰਾ ਕੇ ਰੱਖਦਾ ਹੈ। ਅਕਾਲੀ ਦਲ ਪੁਲਿਸ ਨੂੰ ਡਰਾਉਂਦਾ ਹੈ ਤੇ ਅੱਗੋਂ ਪੁਲਿਸ ਅਕਾਲੀ ਦਲ ਦੇ ਵਿਰੋਧੀਆਂ ਨੂੰ ਡਰਾਉਂਦੀ-ਧਮਕਾਉਂਦੀ ਹੈ। ਉਨ੍ਹਾਂ ਕਿਹਾ ਕਿ ਇਹੋ ਜਿਹੀ ਹਾਲਤ ਵਿਚ ਆਮ ਆਦਮੀ ਆਪਣੀ ਰਾਖੀ ਆਪ ਕਰਨ ਲਈ ਰਹਿ ਗਏ ਹਨ। ਉਨ੍ਹਾਂ ਕਿਹਾ ਕਿ ਮੁਜਰਮ ਧੜਾਧੜ ਅਕਾਲੀ ਦਲ ਦੇ ਮੈਂਬਰ ਬਣਦੇ ਜਾ ਰਹੇ ਹਨ ਕਿਉਂਕਿ ਅਕਾਲੀ ਦਲ ਦੇ ਮੈਂਬਰ ਬਣ ਕੇ ਉਨ੍ਹਾਂ ਨੂੰ ਪੁਲਿਸ ਦਾ ਕੋਈ ਖ਼ੌਫ਼ ਨਹੀਂ ਰਹਿੰਦਾ ਤੇ ਫਿਰ ਉਹ ਆਪਣੀਆਂ ਮੁਜਰਮਾਨਾ ਕਾਰਵਾਈਆਂ ਖੁੱਲ੍ਹੇਆਮ ਤੇ ਚਿੱਟੇ ਦਿਨ ਕਰ ਸਕਦੇ ਹਨ। ਪੀਪੀਪੀ ਪ੍ਰਧਾਨ ਨੇ ਕਿਹਾ ਕਿ ਉਹ ਹਰ ਇਕ ਨੂੰ ਚਿਤਾਵਨੀ ਦਿੰਦੇ ਆ ਰਹੇ ਹਨ ਕਿ ਪੰਜਾਬ ਪੁਲਿਸ ਨੂੰ ਸਿਆਸੀ ਕੰਮਾਂ ਲਈ ਵਰਤਣ ਦਾ ਰੁਝਾਨ, ਸੂਬੇ ਵਿਚ ਕਾਨੂੰਨ ਪ੍ਰਬੰਧ ਦਾ ਦੀਵਾਲਾ ਕੱਢਣ ਦੇ ਤੁਲ ਹੈ। ਜੇ ਪੰਜਾਬ ਪੁਲਿਸ ਤੋਂ ਅਕਾਲੀ ਦਲ ਦੇ ਵਿਰੋਧੀਆਂ ਨੂੰ ਡਰਾਉਣ-ਧਮਕਾਉਣ ਦਾ ਕੰਮ ਹੀ ਲਿਆ ਜਾਣ ਲੱਗ ਪਿਆ ਤੇ ਪੁਲਿਸ ਨੂੰ ਅਕਾਲੀ ਦਲ ਦੀ ਨਿੱਜੀ ਫੌਜ ਬਣਾ ਲਿਆ ਗਿਆ ਤਾਂ ਸੂਬੇ ਵਿਚ ਕਾਨੂੰਨ ਪ੍ਰਬੰਧ ਦਾ ਜਨਾਜ਼ਾ ਤਾਂ ਨਿਕਲਣਾ ਹੀ ਹੈ।

# ਪੰਜਾਬ ਵਿਚੋਂ ਬਿਕਰਮ ਸੈਨਾ ਦਾ ਖ਼ਾਤਮਾ ਕੀਤਾ ਜਾਵੇ: ਕੈਪਟਨ

**ਮੇਲਾ ਮਾਘੀ ਮੌਕੇ ਕਾਂਗਰਸ ਖੋਲ੍ਹੇਗੀ ਮਜੀਠੀਆ ਦੀ ਪੋਲ**



**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਨੇ ਮੇਲਾ ਮਾਘੀ ਮੌਕੇ ਮੁਕਤਸਰ ਵਿਖੇ ਯੂਥ ਅਕਾਲੀ ਦਲ ਦੇ ਪ੍ਰਧਾਨ ਤੇ ਮਾਲ ਤੇ ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਪੋਲ ਖੋਲ੍ਹਣ ਦਾ ਮਨ ਬਣਾ ਲਿਆ ਹੈ ਤੇ ਇਸ ਕੰਮ ਲਈ ਸ. ਮਜੀਠੀਆ ਵੱਲੋਂ ਵਿਧਾਨ ਸਭਾ 'ਚ ਕਾਂਗਰਸੀਆਂ ਨੂੰ ਕੱਢਿਆਂ ਗਾਲ੍ਹਾਂ ਦੀ ਸੀ.ਡੀ ਨੂੰ ਵਰਤਿਆ ਜਾਵੇਗਾ। ਪੰਜਾਬ ਕਾਂਗਰਸ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਮੰਗ ਕੀਤੀ ਕਿ ਪੰਜਾਬ ਨੂੰ ਬਚਾਉਣ ਲਈ ਸ. ਮਜੀਠੀਆ ਦੀ ਤੁਰੰਤ ਮੰਤਰੀ ਮੰਡਲ 'ਚੋਂ ਛਾਂਟੀ ਕੀਤੀ ਜਾਵੇ ਤੇ ਇਸ ਆਗੂ ਵੱਲੋਂ ਬਣਾਈ 'ਬਿਕਰਮ ਸੈਨਾ' ਦਾ ਪੰਜਾਬ ਵਿਚੋਂ ਖ਼ਾਤਮਾ ਕੀਤਾ ਜਾਵੇ।

ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਇਥੇ ਕਾਂਗਰਸ ਭਵਨ ਵਿਚ ਪਾਰਟੀ ਮੀਟਿੰਗ 'ਚ ਦੋਸ਼ ਲਾਇਆ ਕਿ ਅੰਮ੍ਰਿਤਸਰ ਵਿਖੇ ਸਹਾਇਕ ਸਬ ਇੰਸਪੈਕਟਰ ਦੇ ਕਤਲ ਤੋਂ ਲੈ ਕੇ ਲੁਧਿਆਣਾ ਵਿਖੇ ਅਸਿਸਟੈਂਟ ਇੰਸਪੈਕਟਰ ਜਨਰਲ 'ਤੇ ਹਮਲੇ ਤੱਕ ਦੇ ਕਈ ਮਾਮਲਿਆਂ ਦਾ ਸਿੱਧਾ ਸਬੰਧ ਮਜੀਠੀਆ ਦੀ ਸੈਨਾ ਨਾਲ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਅਕਾਲੀ ਦਲ ਦੇ ਆਗੂਆਂ ਦੀਆਂ ਵਧੀਕੀਆਂ ਉਪਰ ਪੋਚਾ ਪਾਉਣ ਲਈ ਹੇਠਲੇ ਪੁਲਿਸ ਮੁਲਾਜ਼ਮਾਂ ਦੀ ਬਲੀ ਲੈ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਦੇ ਸਪੀਕਰ ਵੱਲੋਂ ਸੈਸ਼ਨ ਦੀ ਕਾਰਵਾਈ ਬਾਹਰ ਨਸ਼ਰ ਨਾ ਕਰਨ ਦੇ ਦਿੱਤੇ ਹੁਕਮਾਂ ਉਪਰ ਟਿੱਪਣੀ ਕਰਦਿਆਂ ਕਿਹਾ ਕਿ ਇਹ ਰਿਕਾਰਡਿੰਗ ਪਹਿਲਾਂ ਹੀ ਜਨਤਕ ਹੋ ਚੁੱਕੀ ਹੈ ਤੇ ਸਪੀਕਰ ਨੂੰ ਇਹ ਸੀ.ਡੀ. ਦਿਖਾਉਣ ਤੋਂ ਰੋਕਣ ਦਾ ਕੋਈ ਅਧਿਕਾਰ ਨਹੀਂ। ਸੂਬਾ ਪ੍ਰਧਾਨ ਨੇ ਕਿਹਾ ਕਿ ਅੱਜ ਪੰਜਾਬ ਪੁਲਿਸ ਦੇ ਨੌਜਵਾਨ ਅਫਸਰਾਂ ਦਾ ਮਨੋਬਲ ਡਿੱਗਿਆ ਪਿਆ ਹੈ ਅਤੇ ਫੋਰਸ ਭੰਬਲਭੂਸੇ ਵਿਚ ਹੈ ਕਿਉਂਕਿ ਥਾਣਿਆਂ ਉਪਰ ਪੂਰੀ ਤਰ੍ਹਾਂ ਸਿਆਸੀ ਗਲਬਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕਈ ਨੌਜਵਾਨ ਪੁਲਿਸ ਅਫਸਰਾਂ ਨੇ ਉਨ੍ਹਾਂ ਕੋਲ ਖੁਦ ਇਹ ਚਿੰਤਾ ਜ਼ਾਹਿਰ ਕੀਤੀ ਹੈ। ਸਾਬਕਾ ਮੁੱਖ ਮੰਤਰੀ ਨੇ ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸਿੰਘ ਸੈਣੀ ਨੂੰ ਵੰਗਾਰਦਿਆਂ ਕਿਹਾ ਕਿ ਉਨ੍ਹਾਂ ਨੂੰ ਮਹਿਜ਼ ਆਪਣੇ ਲਈ ਨਹੀਂ, ਸਗੋਂ ਫੋਰਸ ਦੇ ਭਵਿੱਖ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਸੰਕੇਤ ਦਿੱਤਾ ਕਿ ਪੰਜਾਬ ਦੇ ਵਿਗੜ ਰਹੇ ਹਾਲਾਤ ਤੇ ਪੁਲਿਸ ਦੇ ਡਿੱਗ ਰਹੇ ਮਨੋਬਲ ਉਤੇ ਕੇਂਦਰੀ ਗ੍ਰਹਿ ਵਿਭਾਗ ਅਤੇ ਖ਼ੁਫ਼ੀਆ ਏਜੰਸੀਆਂ ਨੇੜਿਓਂ ਨਜ਼ਰ ਰੱਖ ਰਹੀਆਂ ਹਨ। ਕੈਪਟਨ ਨੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਰਾਜ ਵਿਚ ਰਾਤ ਦੀ ਗਸ਼ਤ ਲਈ ਪੁਲਿਸ ਦਾ ਵੱਖਰਾ ਕੇਡਰ ਬਣਾਉਣ ਦੇ ਐਲਾਨ ਉਪਰ ਟਿੱਪਣੀ ਕਰਦਿਆਂ ਕਿਹਾ ਕਿ ਪਹਿਲਾਂ ਸਰਕਾਰ ਦਿਨ-ਦਿਹਾੜੇ ਹੋ ਰਹੀ ਗੁੰਡਾਗਰਦੀ ਨੂੰ ਤਾਂ ਨੱਥ ਪਾਵੇ। ਉਨ੍ਹਾਂ ਸੰਕੇਤ ਦਿੱਤਾ ਕਿ ਫਿਲਹਾਲ ਸਾਂਝੇ ਮੋਰਚੇ ਨਾਲ ਕੋਈ ਸਾਂਝ ਪਾਈ ਜਾ ਰਹੀ। ਉਨ੍ਹਾਂ ਕਿਹਾ ਕਿ ਮੋਗਾ ਦੇ ਸਾਬਕਾ ਵਿਧਾਇਕ ਜੋਗਿੰਦਰਪਾਲ ਜੈਨ ਦੀ ਅਕਾਲੀ ਦਲ ਨਾਲ ਸੌਦੇਬਾਜ਼ੀ ਹੋਈ ਹੈ ਤੇ ਕਾਂਗਰਸ ਦੇ ਮਨੋਬਲ ਨੂੰ ਕੋਈ ਠੇਸ ਨਹੀਂ ਲੱਗੀ।

# ਪੰਜਾਬ ਦੇ ਟਰਾਂਸਪੋਰਟਰਾਂ ਨੂੰ ਅਦਾਲਤੀ ਝਟਕਾ

## ਹਜ਼ਾਰਾਂ ਕਿਲੋਮੀਟਰ ਵਧਾਏ ਰੂਟ ਪਰਮਿਟ ਰੱਦ

ਜਲੰਧਰ: ਪੰਜਾਬ ਸਰਕਾਰ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਟਰਾਂਸਪੋਰਟ ਨੀਤੀ ਵਿਚ ਵਾਰ-ਵਾਰ ਸੋਧਾਂ ਕਰਕੇ ਪ੍ਰਾਈਵੇਟ ਧਨਾਢ ਟਰਾਂਸਪੋਰਟ ਕੰਪਨੀਆਂ ਦੀ ਕੀਤੀ ਜਾਂਦੀ ਪੁਸ਼ਤਪਨਾਹੀ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਵੱਡਾ ਝਟਕਾ



ਦਿੱਤਾ ਹੈ। ਅਦਾਲਤ ਨੇ ਨਿਯਮਾਂ ਦੀਆਂ ਧੱਜੀਆਂ ਉਡਾ ਕੇ ਰੂਟਾਂ ਵਿਚ ਵਾਰ-ਵਾਰ ਵਾਧਾ ਕਰਕੇ ਹਜ਼ਾਰਾਂ ਕਿਲੋਮੀਟਰ ਵਧਾਏ ਸਾਰੇ ਰੂਟ ਪਰਮਿਟ ਰੱਦ ਕਰਨ ਦਾ ਫ਼ੈਸਲਾ ਸੁਣਾਇਆ ਹੈ।

ਮੋਟਰ ਵਹੀਕਲ ਐਕਟ 1988 ਵਿਚ ਵਿਵਸਥਾ ਹੈ ਕਿ ਕਿਸੇ ਵੀ ਰੂਟ ਪਰਮਿਟ ਨੂੰ ਜ਼ਰੂਰਤ ਪੈਣ 'ਤੇ ਸਿਰਫ਼ ਤੇ ਸਿਰਫ਼ ਇਕ ਵਾਰ 24 ਕਿਲੋਮੀਟਰ ਤੱਕ ਅੱਗੇ ਵਧਾਇਆ ਜਾ ਸਕਦਾ ਹੈ ਪਰ ਤਕਰੀਬਨ ਪਿਛਲੇ ਇਕ ਦਹਾਕੇ ਤੋਂ ਨਿੱਜੀ ਟਰਾਂਸਪੋਰਟਰਾਂ ਤੇ ਵਿਭਾਗੀ ਉੱਚ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਇਕ ਤੋਂ ਵੱਧ ਵਾਰ ਰੂਟਾਂ ਵਿਚ ਵਾਧੇ ਕੀਤੇ ਜਾਂਦੇ ਰਹੇ ਹਨ। ਕਈ ਵਾਰ ਤਾਂ ਵਾਧਿਆਂ ਰਾਹੀਂ ਇਹ ਰੂਟ ਵੀ ਨਵੇਂ ਬਣ ਗਏ। ਉਦਾਹਰਨ ਵਜੋਂ ਬਟਾਲਾ-ਜਲੰਧਰ ਰੂਟ ਨੂੰ ਪਹਿਲਾਂ ਵਧਾ ਕੇ ਫਗਵਾੜਾ ਤੱਕ ਕਰ ਲਿਆ, ਫਿਰ ਦੂਜੀ ਵਾਰ ਵਧਾ ਕੇ ਫਿਲੌਰ ਤੱਕ ਲੈ ਗਏ ਤੇ ਤੀਜੇ ਵਾਧੇ ਰਾਹੀਂ ਲੁਧਿਆਣਾ ਨਾਲ ਜੋੜ ਦਿੱਤਾ ਗਿਆ।

ਮੋਟਰ ਵਹੀਕਲ ਕਾਨੂੰਨ ਇਕ ਤੋਂ ਵੱਧ ਵਾਧੇ ਦੀ ਇਜਾਜ਼ਤ ਨਹੀਂ ਦਿੰਦਾ ਪਰ ਵਿਭਾਗੀ ਅਧਿਕਾਰੀ ਆਪਣੇ ਹਿੱਤਾਂ ਤੇ ਵੱਡੇ ਟਰਾਂਸਪੋਰਟਰਾਂ ਦੇ ਹਿਤ ਪੂਰਨ ਲਈ ਆਪਣੇ ਤੌਰ 'ਤੇ ਹੀ ਨਿਯਮਾਂ ਵਿਚ ਸੋਧਾਂ ਕਰਦੇ ਰਹੇ। 20 ਦਸੰਬਰ, 2011 ਨੂੰ ਵੀ ਟਰਾਂਸਪੋਰਟ ਨੀਤੀ ਵਿਚ ਅਜਿਹੀ ਸੋਧ ਕੀਤੀ ਗਈ ਜੋ ਬੇਨਿਯਮੇ ਢੰਗ ਨਾਲ ਕੀਤੇ ਰੂਟਾਂ ਦੇ ਵਾਧੇ ਨੂੰ ਵਾਜ਼ਬ ਠਹਿਰਾਉਂਦੀ ਸੀ। ਅਦਾਲਤ ਨੇ ਇਸ ਫੈਸਲੇ ਵਿਚ 24 ਕਿਲੋਮੀਟਰ ਤੋਂ ਵਧੇਰੇ ਵਾਧੇ ਵਾਲੇ ਸਾਰੇ ਅਸੀਮਤ ਹੱਦ ਵਾਲੇ ਰੂਟ ਪਰਮਿਟ ਰੱਦ ਕਰ ਦਿੱਤੇ ਹਨ। ਹੱਦ ਤੋਂ ਵਧੇਰੇ ਵਧਾਏ ਗਏ ਰੂਟ ਪਰਮਿਟ ਹੁਣ ਨਵਿਆਏ ਨਹੀਂ ਜਾ ਸਕਣਗੇ। ਅਦਾਲਤ ਦੇ ਫ਼ੈਸਲੇ ਨਾਲ ਕਈ ਵੱਡੀਆਂ ਕੰਪਨੀਆਂ, ਖਾਸ ਕਰ ਕੁਝ ਵੱਡੇ ਰਾਜਸੀ ਪਰਿਵਾਰਾਂ ਦੀਆਂ ਟਰਾਂਸਪੋਰਟ ਕੰਪਨੀਆਂ ਨੂੰ ਵੱਡਾ ਝਟਕਾ ਲੱਗੇਗਾ। ਪਤਾ ਲੱਗਾ ਹੈ ਕਿ ਕਈ ਰੂਟ 8-8 ਵਾਰ ਵਧਾਏ ਗਏ ਹਨ।

ਅਦਾਲਤ ਨੇ ਸੁਪਰੀਮ ਕੋਰਟ ਦੇ ਇਕ ਫ਼ੈਸਲੇ ਦੀ ਆੜ ਹੇਠ ਰੋਡਵੇਜ਼ ਦੇ ਸੈਂਕੜੇ ਪਰਮਿਟ ਨਿੱਜੀ ਟਰਾਂਸਪੋਰਟਰਾਂ ਹਵਾਲੇ ਕਰਨ ਦੀ ਵੱਡੀ ਬੇਨਿਯਮੀ ਦਾ ਵੀ ਨੋਟਿਸ ਲੈਂਦਿਆਂ ਅਜਿਹੇ ਸਾਰੇ ਰੂਟ ਪਰਮਿਟਾਂ ਨੂੰ ਗ਼ੈਰਕਾਨੂੰਨੀ ਕਰਾਰ ਦਿੰਦਿਆਂ ਰੱਦ ਕਰਨ ਦਾ ਫ਼ੈਸਲਾ ਸੁਣਾਇਆ ਹੈ। ਸੁਪਰੀਮ ਕੋਰਟ ਨੇ ਇਕ ਮਾਮਲੇ ਦੀ ਸੁਣਵਾਈ ਕਰਦਿਆਂ ਕਿਹਾ ਸੀ ਕਿ ਲੋਕ ਹਿੱਤ ਵਿਚ ਵਿਸ਼ੇਸ਼ ਹਾਲਤ ਵਿਚ ਰੋਡਵੇਜ਼ ਦਾ ਖਾਲੀ ਪਿਆ ਪਰਮਿਟ ਨਿੱਜੀ ਅਪਰੇਟਰ ਨੂੰ ਵੀ ਦਿੱਤਾ ਜਾ ਸਕਦਾ ਹੈ।

ਇਸ ਫ਼ੈਸਲੇ ਦੀ ਆੜ ਵਿਚ ਰੋਡਵੇਜ਼ ਵੱਲੋਂ ਵਾਪਸ ਕੀਤੇ ਜਾਂ ਅਣਚੱਕੇ ਸੈਂਕੜੇ ਰੂਟਾਂ ਬਾਰੇ ਦਲਾਲਾਂ ਤੇ ਟਰਾਂਸਪੋਰਟ ਵਿਭਾਗ ਦੇ ਉੱਚ-ਅਧਿਕਾਰੀਆਂ ਦੀ ਮਿਲੀਭੁਗਤ ਨਾਲ ਪੰਜਾਬ ਸਟੇਟ ਟਰਾਂਸਪੋਰਟ ਟ੍ਰਿਬਿਊਨਲ 'ਚ ਨਿੱਜੀ ਆਪ੍ਰੇਟਰਾਂ ਨੇ ਪਟੀਸ਼ਨਾਂ ਪਾ ਕੇ ਇਹ ਰੂਟ ਆਰਜ਼ੀ ਤੌਰ 'ਤੇ ਹਾਸਲ ਕਰ ਲਏ। ਕੁਝ ਸਮੇਂ ਬਾਅਦ ਹੀ ਵਿਭਾਗ ਦੇ ਅਧਿਕਾਰੀਆਂ ਨੇ ਆਰਜ਼ੀ ਰੂਟਾਂ ਨੂੰ ਰੈਗੂਲਰ 'ਚ ਬਦਲਣ ਦਾ ਕਾਰਨਾਮਾ ਕਰ ਮਾਰਿਆ। ਅਦਾਲਤ ਨੇ ਇਸ ਸਾਰੇ ਮਾਮਲੇ ਦੀ ਸੁਣਵਾਈ ਕਰਦਿਆਂ ਟ੍ਰਿਬਿਊਨਲ ਰਾਹੀਂ ਜਾਰੀ ਹੋਏ ਅਜਿਹੇ ਪਰਮਿਟਾਂ ਨੂੰ ਗੈਰਕਾਨੂੰਨੀ ਕਰਾਰ ਦੇ ਕੇ ਰੱਦ ਕਰਨ ਦਾ ਹੁਕਮ ਸੁਣਾਇਆ ਹੈ। ਰਾਜ ਦੇ ਹੁਕਮਰਾਨ ਪਾਰਟੀ ਨਾਲ ਸਬੰਧਤ ਇਕ ਵੱਡੇ ਟਰਾਂਸਪੋਰਟ ਕਾਰੋਬਾਰੀ ਘਰਾਣੇ ਨੂੰ ਅਦਾਲਤ ਨੇ ਇਕ ਹੋਰ ਵੱਡਾ ਝਟਕਾ ਦਿੰਦਿਆਂ ਚੰਡੀਗੜ੍ਹ 'ਚ ਸਿਰਫ਼ ਇੰਟੈਗਰਲ ਕੋਚਾਂ ਦੇ ਦਾਖਲੇ ਦੀ ਪ੍ਰਵਾਨਗੀ ਵੀ ਰੱਦ ਕਰ ਦਿੱਤੀ ਹੈ। ਇਸ ਵੇਲੇ ਚੰਡੀਗੜ੍ਹ ਜਾਣ ਵਾਲੀਆਂ ਇੰਟੈਗਰਲ ਕੋਚਾਂ ਵਿਚ ਸਿਰਫ 2 ਜਾਂ 3 ਹੀ ਹੋਰ ਕੰਪਨੀਆਂ ਦੀਆਂ ਹਨ ਤੇ ਬਾਕੀ ਸਭ ਇਕੋ ਘਰਾਣੇ ਨਾਲ ਸਬੰਧਤ ਹਨ।

# ਜੋਗਿੰਦਰ ਪਾਲ ਜੈਨ ਨੂੰ ਪੈਂਦੀ ਸੱਟੇ ਹੀ ਮਿਲ ਗਈ ਚੇਅਰਮੈਨੀ

## ਬਾਦਲਾਂ ਦੇ ਦਬਾਅ ਨੇ ਛੁਡਵਾਈ ਕਾਂਗਰਸ



**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੀ ਹਾਰ ਤੇ ਇਸ ਪਿੱਛੋਂ ਸੀਨੀਅਰ ਆਗੂਆਂ ਵੱਲੋਂ ਪਾਰਟੀ ਨੂੰ ਅਲਵਿਦਾ ਆਖ ਕੇ ਵਿਰੋਧੀ ਪਾਰਟੀ ਵਿਚ ਸ਼ਾਮਲ ਹੋਣਾ ਕਾਂਗਰਸ ਪਾਰਟੀ ਦੇ ਇਤਿਹਾਸ ਵਿਚ ਸਭ ਤੋਂ ਨਮੋਸ਼ੀ ਭਰਿਆ ਸਮਾਂ ਮੰਨਿਆ ਜਾ ਸਕਦਾ ਹੈ। ਪਿਛਲੇ ਦਿਨੀਂ ਮੋਗਾ ਤੋਂ ਵਿਧਾਇਕ ਜੋਗਿੰਦਰ ਜੈਨ ਦਾ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣਾ ਤੇ ਆਉਂਦਿਆਂ ਹੀ ਉਨ੍ਹਾਂ ਨੂੰ ਚੇਅਰਮੈਨੀ ਮਿਲਣੀ ਕਈ ਸਵਾਲ ਖੜ੍ਹੇ ਕਰਦੀ ਹੈ। ਉਸ ਨੂੰ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਦਾ ਚੇਅਰਮੈਨ ਲਾਇਆ ਗਿਆ ਹੈ।

ਸ੍ਰੀ ਜੈਨ ਨੇ ਭਾਵੇਂ ਇਸ ਦਾ ਕਾਰਨ ਪਾਰਟੀ ਦੇ ਆਗੂਆਂ ਦੇ ਗਲਤ ਰਵੱਈਏ ਤੇ ਨੀਤੀਆਂ ਦੱਸਿਆ ਹੈ ਪਰ ਸਿਆਸੀ ਹਲਕਿਆਂ ਵਿਚ ਜੈਨ ਵੱਲੋਂ ਇਹ ਫੈਸਲਾ ਆਪਣੀ ਆਰਥਕ ਹਾਲਤ ਕਮਜ਼ੋਰ ਹੋਣ ਦੇ ਮੱਦੇਨਜ਼ਰ ਲੈਣ ਬਾਰੇ ਚਰਚਾ ਹੈ। ਅਹਿਮ ਤੱਥ ਇਹ ਹੈ ਕਿ ਸੂਬੇ ਦੇ ਰਾਜਸੀ ਦ੍ਰਿਸ਼ 'ਤੇ ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਸ਼੍ਰੋਮਣੀ ਅਕਾਲੀ ਦਲ ਹੁਕਮਰਾਨ ਹੁੰਦਿਆਂ ਹੋਇਆਂ ਵੀ ਵਿਵਾਦਾਂ ਵਿਚ ਘਿਰਿਆ ਹੋਇਆ ਹੈ। ਜੋਗਿੰਦਰ ਜੈਨ ਨੇ ਦਲ ਬਦਲੀ ਤੋਂ ਪਹਿਲਾਂ ਮੋਗਾ ਵਿਧਾਨ ਸਭਾ ਹਲਕੇ ਦੇ ਵਿਧਾਇਕ ਵਜੋਂ ਅਸਤੀਫ਼ਾ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਨੂੰ ਸੌਂਪਿਆ। ਉਨ੍ਹਾਂ ਕਾਂਗਰਸ ਦੀ ਮੁਢਲੀ ਮੈਂਬਰਸ਼ਿਪ ਤੋਂ ਵੀ ਅਸਤੀਫ਼ਾ ਦੇਣ ਦਾ ਐਲਾਨ ਕੀਤਾ। ਇਸ ਤਰ੍ਹਾਂ ਮੋਗਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਹੋਣ ਦਾ ਮੁੱਢ ਬੱਝ ਗਿਆ ਹੈ। ਸੁਖਬੀਰ ਬਾਦਲ ਨੇ ਜ਼ਿਮਨੀ ਚੋਣ ਵਿਚ ਜੋਗਿੰਦਰ ਜੈਨ ਨੂੰ ਹੀ ਪਾਰਟੀ ਦਾ ਉਮੀਦਵਾਰ ਐਲਾਨ ਦਿੱਤਾ ਹੈ।

ਸ੍ਰੀ ਜੈਨ ਨੇ ਕਾਂਗਰਸੀ ਆਗੂਆਂ ਨਾਲ ਗੁੱਸੇ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਪੁਲਿਸ ਕੇਸਾਂ ਦੌਰਾਨ ਕਿਸੇ ਵੀ ਕਾਂਗਰਸੀ ਆਗੂ ਨੇ ਮਦਦ ਨਹੀਂ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਇਸ ਸਮੇਂ ਕੋਈ ਵੀ ਕੇਸ ਅਦਾਲਤ ਵਿਚ ਨਹੀਂ ਚੱਲ ਰਿਹਾ ਤੇ ਸਾਰੇ ਕੇਸਾਂ ਦਾ ਨਿਬੇੜਾ ਹੋ ਚੁੱਕਾ ਹੈ। ਉਧਰ ਸੁਖਬੀਰ ਸਿੰਘ ਬਾਦਲ ਨੇ ਇਸ ਸਾਬਕਾ ਵਿਧਾਇਕ ਦਾ ਸਵਾਗਤ ਕਰਦਿਆਂ ਕਿਹਾ ਕਿ ਕਿਸੇ ਰਾਜਸੀ ਆਗੂ ਵੱਲੋਂ ਵਿਧਾਨ ਸਭਾ ਦੇ ਮੈਂਬਰ ਹੁੰਦਿਆਂ ਰਾਜਸੀ ਪਾਰਟੀ ਤੇ ਮੈਂਬਰੀ ਛੱਡਣਾ ਇਤਿਹਾਸਕ ਘਟਨਾ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 5 ਜਨਵਰੀ 2013*

## 'ਪੰਜਾਬ ਟਾਈਮਜ਼' 14ਵੇਂ ਵਰ੍ਹੇ 'ਚ

ਸਾਲ 2012 ਨੂੰ ਅਲਵਿਦਾ ਆਖਦਿਆਂ 'ਪੰਜਾਬ ਟਾਈਮਜ਼' ਨੇ ਆਪਣੇ ਨਿਰਵਿਘਨ ਸਫਰ ਦੇ 13 ਵਰ੍ਹੇ ਮੁਕੰਮਲ ਕਰ ਲਏ ਹਨ ਅਤੇ 14ਵੇਂ ਵਰ੍ਹੇ ਵਿਚ ਪੈਰ ਧਰ ਲਿਆ ਹੈ। ਜਦੋਂ ਇਹ ਪਰਚਾ ਸ਼ੁਰੂ ਕੀਤਾ ਗਿਆ, ਉਸ ਸਮੇਂ ਅਮਰੀਕਾ ਦੀ ਧਰਤੀ ਤੋਂ ਇਕੋ ਹੋਰ ਪਰਚਾ 'ਸ਼ੇਰੇ ਪੰਜਾਬ' ਨਿਕਲਦਾ ਸੀ ਜੋ ਇਸ ਤੋਂ ਕੁਝ ਹੀ ਮਹੀਨੇ ਪਹਿਲਾਂ ਨਿਊ ਯਾਰਕ ਤੋਂ ਇਕ ਸਥਾਪਤ ਅਖਬਾਰੀ ਅਦਾਰੇ 'ਇੰਡੀਆ ਅਬਰੌਡ' ਵਲੋਂ ਸ਼ੁਰੂ ਕੀਤਾ ਗਿਆ ਸੀ। ਬਿਨਾ ਕਿਸੇ ਪੂੰਜੀ ਅਤੇ ਉਹ ਵੀ ਸ਼ਿਕਾਗੋ ਜਿਹੇ ਘੱਟ ਪੰਜਾਬੀ ਵਸੋਂ ਵਾਲੇ ਸ਼ਹਿਰ ਤੋਂ ਪਰਚਾ ਸ਼ੁਰੂ ਕਰਨਾ ਕੋਈ ਸੌਖਾ ਕੰਮ ਨਹੀਂ ਸੀ। ਇਨ੍ਹਾਂ 13 ਸਾਲਾਂ ਦੌਰਾਨ ਅਮਰੀਕਾ 'ਚ ਕਈ ਪੰਜਾਬੀ ਪਰਚੇ ਸ਼ੁਰੂ ਹੋਏ ਤੇ ਬੰਦ ਹੋਏ। ਇਸ ਸਮੇਂ ਕੋਈ ਦੋ ਦਰਜ਼ਨ ਹਫਤਾਵਾਰੀ ਤੇ 15 ਰੋਜ਼ਾ ਪਰਚੇ ਨਿਕਲ ਰਹੇ ਹਨ। ਇਨ੍ਹਾਂ ਸਾਲਾਂ ਦੌਰਾਨ 'ਪੰਜਾਬ ਟਾਈਮਜ਼' ਦੇ ਨਾਲ ਤੁਰੇ ਸਾਥੀਆਂ ਅਤੇ ਕਲਮਾਂ ਦੇ ਬਣੇ ਕਾਫਲੇ ਦਾ ਆਪਣਾ ਮੁਕਾਮ ਹੈ। ਪਾਠਕਾਂ ਦੇ ਹੁੰਗਾਰੇ ਦੀਆਂ ਤਾਂ ਬਾਤਾਂ ਹੀ ਕਿਆ! ਇਸ ਹੁੰਗਾਰੇ ਨੇ ਇੰਨਾ ਹੁਲਾਰਾ ਦਿੱਤਾ ਹੈ ਕਿ ਰਾਹ ਵਿਚ ਆਇਆ ਕੋਈ ਵੀ ਅੜਿੱਕਾ ਬਹੁਤਾ ਔਖਾ ਨਹੀਂ ਲੱਗਾ। ਇਹ ਦੁਵੱਲਾ ਰਿਸ਼ਤਾ ਹੈ। ਪੱਤਰਕਾਰੀ ਅਸਲ ਵਿਚ ਪਾਠਕਾਂ ਨਾਲ ਬਹੁਤ ਨੇੜੇ ਹੋ ਕੇ ਕੀਤੀਆਂ ਗੱਲਾਂ ਤੇ ਉਨ੍ਹਾਂ ਦੇ ਦਿਲਾਂ ਦੀ ਰਮਜ ਬੁਝਣਾ ਵੀ ਹੈ। ਪਾਠਕਾਂ ਨੇ ਵੀ ਸਾਡੀਆਂ ਗੱਲਾਂ ਬਹੁਤ ਧਿਆਨ ਨਾਲ ਸੁਣੀਆਂ ਹਨ। ਇਸੇ ਸਦਕਾ ਹੀ ਅਸੀਂ ਗੁਰਬਾਣੀ ਦੇ ਮਹਾਂਵਾਕ 'ਕਿਛੁ ਸੁਣੀਐ ਕਿਛੁ ਕਹੀਐ' ਦੇ ਅਨੁਸਾਰੀ ਹੋ ਕੇ ਪੰਜਾਬ, ਪੰਜਾਬੀਅਤ ਅਤੇ ਪੰਥ ਨਾਲ ਜੁੜੇ ਬਹੁਤ ਸਾਰੇ ਅਹਿਮ ਮਾਮਲਿਆਂ 'ਤੇ ਬਹਿਸ ਚਲਾ ਸਕੇ ਹਾਂ। ਅਦਾਰੇ ਦੀ ਹਰ ਸੰਭਵ ਕੋਸ਼ਿਸ਼ ਰਹੀ ਹੈ ਕਿ ਪਰਚਾ ਹਰ ਕਿਸਮ ਦੇ ਵਿਚਾਰਾਂ ਦਾ ਮੰਚ ਬਣੇ; ਕਿਸੇ ਇਕ ਖਾਸ ਧੜੇ, ਜਥੇਬੰਦੀ ਜਾਂ ਸੰਸਥਾ ਦਾ ਅਨੁਸਾਰੀ ਹੋਣ ਦੀ ਥਾਂ ਲੋਕਾਈ ਨਾਲ ਜੁੜੇ ਸਰੋਕਾਰਾਂ ਨੂੰ ਕੇਂਦਰ ਵਿਚ ਰੱਖੇ ਅਤੇ ਸਰਬੱਤ ਦੇ ਭਲੇ ਦੀ ਗੱਲ ਤੋਰੇ। ਇਹੀ ਰਾਹ ਸੁਲੱਖਣਾ ਸੀ।

ਅਸਲ ਵਿਚ ਮੂੰਹ-ਜ਼ੋਰ ਸਿਆਸਤ ਨੇ ਪਿਛਲੇ ਇਕ ਦਹਾਕੇ ਦੌਰਾਨ ਆਮ ਜ਼ਿੰਦਗੀ ਨਾਲ ਜੁੜੇ ਹਰ ਪਹਿਲੂ ਤੇ ਸਰੋਕਾਰ ਨੂੰ ਇੰਨੀ ਵੱਡੀ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ ਕਿ ਕੋਈ ਵੀ ਖੇਤਰ ਇਸ ਦੀ ਮਾਰ ਤੋਂ ਬਚ ਨਹੀਂ ਸਕਿਆ। ਮੀਡੀਏ 'ਤੇ ਵੀ ਇਸ ਨੇ ਚੋਖਾ ਤੇ ਡੂੰਘਾ ਅਸਰ ਪਾਇਆ ਹੈ। ਮੀਡੀਏ ਦੀ ਮੁਹਿੰਮ ਮੁੱਢ ਤੋਂ ਹੀ ਮਿਸ਼ਨ ਨਾਲ ਜੁੜੀ ਰਹੀ ਹੈ ਪਰ ਜਦੋਂ ਤੋਂ ਸਿਆਸਤ ਚਲਾਉਣ ਲਈ ਮਾਇਆ ਦਾ ਸਹਾਰਾ ਲਿਆ ਜਾਣ ਲੱਗਾ ਹੈ, ਸਭ ਕੁਝ ਮੂਲੋਂ ਹੀ ਬਦਲਦਾ ਜਾ ਰਿਹਾ ਹੈ। 21ਵੀਂ ਸਦੀ ਦਾ ਪਹਿਲਾ ਦਹਾਕਾ ਪਾਰ ਕਰਦਿਆਂ ਹੀ ਮੀਡੀਆ ਮੰਡੀ ਦੀ ਇਕ ਵਸਤ ਮਾਤਰ ਜਾਪਣ ਲੱਗ ਪਿਆ ਹੈ ਅਤੇ ਇਸ ਨੂੰ ਚਲਾਉਣ ਵਾਲਿਆਂ ਦੇ ਸਿਆਸੀ ਤੇ ਆਰਥਕ ਸਰੋਕਾਰ ਮਿਸ਼ਨ ਦੀ ਭਾਵਨਾ ਨੂੰ ਲਾਂਭੇ ਰੱਖ ਕੇ ਮਾਇਆ ਦੇ ਲੜ ਜਾ ਲੱਗੇ ਹਨ। ਸਿਆਸਤ ਚਲਾਉਣ ਲਈ ਮਣਾਂ-ਮੂੰਹੀਂ ਧਨ ਚਾਹੀਦਾ ਹੈ ਅਤੇ ਦੇਖਦਿਆਂ ਹੀ ਦੇਖਦਿਆਂ ਮੀਡੀਆ ਤੇ ਮਾਇਆ ਇਕੋ ਤਸਵੀਰ ਦੇ ਦੋ ਪਾਸੇ ਜਾਪਣ ਲੱਗ ਪਏ ਹਨ। ਕੋਈ ਸਮਾਂ ਸੀ ਜਦੋਂ ਪਾਠਕ ਲਈ ਕਾਗਜ਼ 'ਤੇ ਛਪਿਆ ਹਰ ਅੱਖਰ ਸੱਚ ਤੋਂ ਕਿਸੇ ਵੀ ਸੂਰਤ ਘੱਟ ਨਹੀਂ ਹੁੰਦਾ ਸੀ; ਇਹ ਅੱਖਰ ਇਕ ਲਿਹਾਜ ਯਕੀਨ ਦਾ ਹੀ ਦੂਜਾ ਰੂਪ ਸੀ ਤੇ ਜਵਾਬ ਵਿਚ ਛਪੇ ਹੋਏ ਅੱਖਰਾਂ ਨੂੰ ਪਾਠਕ ਵੀ ਸੱਚੀ ਸਲਾਮੀ ਦਿੰਦਾ ਸੀ; ਪਰ ਹੁਣ ਜਦੋਂ ਮੀਡੀਆ ਦੀ ਮੰਡੀ ਦੇ ਨਵੇਂ ਤੋਂ ਨਵੇਂ ਖੁਲਾਸੇ ਨਿੱਤ ਦਿਨ ਹੋ ਰਹੇ ਹਨ ਤਾਂ ਪਾਠਕ ਹੱਕਾ-ਬੱਕਾ ਰਹਿ ਗਿਆ ਹੈ। ਦੂਜੇ, ਉਸ ਕੋਲ ਚੋਣ ਵੀ ਬਹੁਤ ਘੱਟ ਰਹਿ ਗਈ ਹੈ। ਮੰਡੀ ਦਾ ਪਾਸਾਰਾ ਹੀ ਇੰਨਾ ਜ਼ਿਆਦਾ ਹੋ ਚੁੱਕਾ ਹੈ ਕਿ ਬਹੁਤ ਵਾਰ ਮੀਡੀਆ, ਮੰਡੀ ਅਤੇ ਮਾਇਆ ਦੇ ਬਹੁਤ ਪੀਡੇ ਹੋ ਚੁੱਕੇ ਰਿਸ਼ਤੇ ਦੀ ਕੰਨੋਂ-ਕੰਨ ਖਬਰ ਵੀ ਨਹੀਂ ਹੁੰਦੀ। ਇਸ ਨਾਲ ਬਿਨਾਂ ਸ਼ੱਕ ਪਾਠਕ ਦੇ ਭਰੋਸੇ ਨੂੰ ਖੋਰਾ ਲੱਗਾ ਹੈ।

ਇਸ ਤਰ੍ਹਾਂ ਦੇ ਡਾਵਾਂਡੋਲ ਹਾਲਾਤ 'ਚ ਮੀਡੀਆ ਪ੍ਰਤੀ ਪ੍ਰੋਫੈਸ਼ਨਲ ਪਹੁੰਚ ਦੇ ਮਾਅਨੇ ਬਹੁਤ ਵੱਡੇ ਹੁੰਦੇ ਹਨ। ਇਹੀ ਪਹੁੰਚ ਪੱਤਰਕਾਰੀ ਦੇ ਦਾਮਨ ਨੂੰ ਪਾਕ-ਸਾਫ ਰੱਖਦੀ ਹੈ ਅਤੇ ਮੁਸੀਬਤਾਂ ਨਾਲ ਆਢਾ ਲਾਉਣ ਦਾ ਬਲ ਵੀ ਬਖ਼ਸ਼ਦੀ ਹੈ। ਇਹੀ ਉਹ ਬਿਖੜਾ ਪੈਂਡਾ ਹੈ ਜਿਸ 'ਤੇ ਤੁਰ ਕੇ ਕੋਈ ਅਦਾਰਾ, ਸੰਸਥਾ ਜਾਂ ਸ਼ਖ਼ਸ ਵਕਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਣ ਦਾ ਹੀਆ ਕਰਦਾ ਹੈ। ਸਾਨੂੰ ਇਸ ਗੱਲ 'ਤੇ ਤਸੱਲੀ ਹੈ ਕਿ 'ਪੰਜਾਬ ਟਾਈਮਜ਼' ਨੇ ਐਨ ਇਸੇ ਤਰ੍ਹਾਂ ਵਕਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਣ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ ਤੇ ਮੁਸੀਬਤਾਂ ਨਾਲ ਨੱਕੋ-ਨੱਕ ਭਰੇ ਅੱਗ ਦੇ ਦਰਿਆ ਵਿਚ ਆਪਣੀ ਬੇੜੀ ਠੇਲ੍ਹੀ ਹੈ। ਪਿਛਲੇ ਵਰ੍ਹੇ ਵੀ ਅਸੀਂ ਆਪਣੇ ਪਾਠਕਾਂ ਤੇ ਸਨੇਹੀਆਂ ਨਾਲ ਦਿਲ ਦੀਆਂ ਇਹ ਗੱਲਾਂ ਕੀਤੀਆਂ ਸਨ। ਉਂਜ, ਲੰਘਿਆ ਸਾਲ ਵਾਹਵਾ ਉਥਲ-ਪੁਥਲ ਵਾਲਾ ਰਿਹਾ ਹੈ। ਅਮਰੀਕਾ ਅਤੇ ਸਾਡਾ ਆਪਣਾ ਦੇਸ਼ ਲਗਾਤਾਰ ਹੋ ਰਹੀ ਤੇ ਤੇਜ਼ੀ ਫੜ ਰਹੀ ਇਸ ਤਬਦੀਲੀ ਨਾਲ ਦੋ-ਚਾਰ ਹੋ ਰਿਹਾ ਹੈ। ਹਰ ਖੇਤਰ ਦੀਆਂ ਤਰਜੀਹਾਂ ਵੀ ਉਨੀ ਤੇਜ਼ੀ ਨਾਲ ਬਦਲ ਰਹੀਆਂ ਹਨ ਅਤੇ ਇਹ ਮੋੜਵੇਂ ਰੂਪ ਵਿਚ ਸਾਡੀ ਜ਼ਿੰਦਗੀ 'ਤੇ ਸਿੱਧੀਆਂ ਅਸਰਅੰਦਾਜ਼ ਹੋ ਰਹੀਆਂ ਹਨ। ਇਹੀ ਅਸਲ ਵਿਚ ਅਜ਼ਮਾਇਸ਼ ਦੀਆਂ ਘੜੀਆਂ ਹਨ। 'ਪੰਜਾਬ ਟਾਈਮਜ਼' ਇਸ ਅਜ਼ਮਾਇਸ਼ ਵਿਚ ਸਦਾ ਪਾਠਕਾਂ ਦੇ ਲਾਗੇ ਹੋ ਕੇ ਖੜ੍ਹਾ ਹੋਇਆ ਹੈ ਤੇ ਇਸ ਨੇ ਨਿਰੋਲ ਸ਼ਬਦਾਂ ਦੀ ਸੌਦਾਗਰੀ ਦੇ ਜ਼ਰੀਏ ਨਵੇਂ ਦਿਸਹੱਦਿਆਂ ਤੋਂ ਪਾਰ ਝਾਕਣ ਲਈ ਰਾਹ ਬਣਾਉਣ ਦਾ ਹੀਲਾ ਕੀਤਾ ਹੈ। ਇਸ ਦੀ ਪਹਿਲ ਸਦਾ ਹੀ ਪੰਜਾਬੀ ਭਾਈਚਾਰਾ ਤੇ ਇਸ ਦੇ ਅਸਲ ਸਰੋਕਾਰ ਹੀ ਰਹੇ ਹਨ। ਇਸ ਦੇ ਨਾਲ ਹੀ 2013 ਦੇ ਨਵੇਂ ਵਰ੍ਹੇ ਦਾ ਪੰਜਾਬੀਆਂ ਲਈ ਖਾਸ ਮਹੱਤਵ ਹੈ। ਇਕ ਸਦੀ ਪਹਿਲਾਂ ਅਮਰੀਕਾ ਦੀ ਧਰਤੀ 'ਤੇ ਗਦਰੀਆਂ ਨੇ ਆਪਣੇ ਦੇਸ਼ ਦੀ ਅਜ਼ਾਦੀ ਲਈ ਮਿਸ਼ਨ ਅਰੰਭਿਆ ਸੀ। ਉਸ ਮਿਸ਼ਨ ਦੀ ਸ਼ਤਾਬਦੀ ਵੱਖ ਵੱਖ ਧਿਰਾਂ ਆਪੋ-ਆਪਣੇ ਢੰਗ ਨਾਲ ਮਨਾ ਰਹੀਆਂ ਹਨ। 'ਪੰਜਾਬ ਟਾਈਮਜ਼' ਵੀ ਇਨ੍ਹਾਂ ਗਦਰੀਆਂ ਦੇ ਮਿਸ਼ਨ ਦੇ ਅਸਲ ਸਰੋਕਾਰ ਉਜਾਗਰ ਕਰ ਕੇ ਉਸ ਵਿਚ ਆਪਣੇ ਤਿਲ-ਫੁਲ ਪਾ ਰਿਹਾ ਹੈ। 'ਪੰਜਾਬ ਟਾਈਮਜ਼' ਦਾ ਨਾਤ੍ਹਾ ਅਸਲ 'ਚ ਗਦਰੀਆਂ ਦੀ ਉਸੇ ਸੱਚੀ ਸੁੱਚੀ ਸੋਚ ਨਾਲ ਜੁੜਿਆ ਹੋਇਆ ਹੈ। ਇਸ ਵਿਚ ਰਲਾ ਕੋਈ ਨਹੀਂ, ਬੱਸ ਮਿਸ਼ਨ ਹੀ ਮੁੱਖ ਸਰੋਕਾਰ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼


*ਪੰਜਾਬ ਦਾ ਵਿਕਾਸ?*

ਧੀਆਂ ਪਤਿ ਬਚਾਉਣ ਲਈ ਜਾਣ ਕਿੱਥੇ, ਯੂਥ ਵਿੰਗ ਦੇ ਵਿਗੜਿਆਂ ਕਾਕਿਆਂ ਤੋਂ।
ਥਰ ਥਰ ਕੰਬਦੇ 'ਸੂਰਮੇ' ਪੁਲਸੀਏ ਵੀ, ਜਥੇਦਾਰਾਂ ਦੇ ਖੁਲ੍ਹ ਗਏ ਝਾਕਿਆਂ ਤੋਂ।
ਅਫਸਰਸ਼ਾਹੀ ਗੁਲਾਮ ਹੈ ਹਾਕਮਾਂ ਦੀ, ਕਾਹਦੀ ਆਸ ਕਾਨੂੰਨ ਦੇ ਰਾਖਿਆਂ ਤੋਂ।
ਗੈਂਗ ਮਾਫੀਏ 'ਕੁਰਸੀਆਂ' ਮੱਲ ਬੈਠੇ, ਹਿੱਸਾ-ਪੱਤੀਆਂ ਲੈਂਦੇ ਨੇ ਨਾਕਿਆਂ ਤੋਂ।
ਬੁਰਛਾਗਰਦੀ ਨੇ ਪੈਰ ਪਸਾਰ ਲੀਤੇ, ਡੇਰਾ ਲਾ ਲਿਆ ਇੱਥੇ ਬਦਹਾਲੀਆਂ ਨੇ।
ਰੋਂਦਾ ਹੋਇਆ ਪੰਜਾਬ ਇਹ ਦੱਸਦਾ ਏ, ਕਰ'ਤਾ ਕਿੰਨਾ 'ਵਿਕਾਸ' ਅਕਾਲੀਆਂ ਨੇ!

# ਮੋਦੀ ਦੀਆਂ ਸਿਆਸੀ ਮੁਰਕੀਆਂ

***ਗੁਜਰਾਤ ਵਿਚ ਕਾਂਗਰਸ ਦਾ ਐਨ ਪੰਜਾਬ ਵਾਲਾ ਹਾਲ ਹੋਇਆ ਹੈ। ਕਾਂਗਰਸ ਨੇ ਜੇ ਡਟ ਕੇ ਲੜਾਈ ਲੜੀ ਹੁੰਦੀ ਅਤੇ 2002 ਵਿਚ 1200 ਤੋਂ ਵੱਧ ਮੁਸਲਮਾਨਾਂ ਦੇ ਕਤਲ ਵਿਚ ਮੋਦੀ ਦੀ ਭੂਮਿਕਾ, ਧਾਰਮਿਕ ਘੱਟ-ਗਿਣਤੀਆਂ ਪ੍ਰਤੀ ਉਨ੍ਹਾਂ ਦੀ ਵੈਰ-ਭਾਵਨਾ ਅਤੇ ਉੱਚ ਵਰਗ ਤੇ ਵੱਡੇ ਕਾਰੋਬਾਰੀ ਅਦਾਰਿਆਂ ਦੇ ਸਮਰਥਨ ਵਾਲੀਆਂ ਉਨ੍ਹਾਂ ਦੀਆਂ ਨੀਤੀਆਂ ਵਰਗੇ ਸਵਾਲਾਂ 'ਤੇ ਮੋਦੀ ਨੂੰ ਘੇਰਦੀ ਤਾਂ ਕਾਂਗਰਸ ਉਨ੍ਹਾਂ ਨੂੰ ਹਰਾ ਸਕਦੀ ਸੀ ਪਰ ਕਾਂਗਰਸ ਇਹ ਸਭ ਕੁਝ ਕਰਨ ਦੀ ਹਿੰਮਤ ਨਹੀਂ ਜੁਟਾ ਸਕੀ ਤੇ ਗੋਡੇ ਟੇਕਣ ਵਾਲੀ ਆਪਣੀ ਉਸੇ ਨੀਤੀ 'ਤੇ ਚਲਦੀ ਰਹੀ ਜਿਸ 'ਤੇ ਉਹ ਅਹਿਮਦ ਪਟੇਲ ਦੀ ਅਗਵਾਈ ਹੇਠ 2002 ਤੋਂ ਚਲਦੀ ਆਈ ਹੈ। ਜ਼ਾਹਿਰ ਹੈ ਕਿ ਮੋਦੀ ਦੀ ਜਿੱਤ ਕਾਂਗਰਸ ਦੀ ਹਾਰ ਕਾਰਨ ਹੀ ਹੋਈ ਹੈ, ਨਹੀਂ ਤਾਂ ਐਤਕੀਂ ਮੋਦੀ ਦਾ ਦੁਰਗ ਢਹਿ ਵੀ ਸਕਦਾ ਸੀ।***

ਵਿਧਾਨ ਸਭਾ ਵਿਚ ਨਰਿੰਦਰ ਮੋਦੀ ਦੀ ਲਗਾਤਾਰ ਤੀਜੀ ਜਿੱਤ ਦੇ ਰੂਪ ਵਿਚ ਗੁਜਰਾਤ ਨੇ ਪਿੱਛੇ ਵੱਲ ਬਹੁਤ ਵੱਡਾ ਕਦਮ ਉਠਾਇਆ ਹੈ। ਭਾਰਤ ਲਈ ਇਹ ਤਕੜਾ ਸਿਆਸੀ ਧੱਕਾ ਹੈ।



ਪ੍ਰਫੁੱਲ ਬਿਦਵਈ


ਗੁਜਰਾਤ ਦੇ ਚੋਣ ਨਤੀਜੇ ਕੌਮੀ ਰਾਜਨੀਤੀ ਵਿਚ ਅਹਿਮ ਭੂਮਿਕਾ ਅਦਾ ਕਰਨ ਦੀ ਮੋਦੀ ਦੀ ਖਾਹਿਸ਼ ਹੋਰ ਵਧਾ ਦੇਣਗੇ। ਉਨ੍ਹਾਂ ਨੇ ਆਪਣੀ ਜਿੱਤ ਤੋਂ ਬਾਅਦ ਹਿੰਦੀ ਵਿਚ ਭਾਸ਼ਨ ਦੇ ਕੇ ਇਸ ਦਾ ਸਪੱਸ਼ਟ ਸੰਕੇਤ ਦੇ ਵੀ ਦਿੱਤਾ ਹੈ ਪਰ ਇਸ ਸਭ ਕੁਝ ਨਾਲ ਦੇਸ਼ ਦੀ ਰਾਜਨੀਤੀ ਵਿਚ ਹੋਰ ਟਕਰਾਅ, ਤਣਾਅ ਅਤੇ ਫਿਰਕਾਪ੍ਰਸਤੀ ਵਧੇਗੀ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਆਪਣੀ ਉਮੀਦਵਾਰੀ ਯਕੀਨੀ ਬਣਾਉਣ ਲਈ ਕੌਮੀ ਜਮਹੂਰੀ ਗਠਜੋੜ ਦੇ ਕਈ ਭਾਈਵਾਲ ਦਲਾਂ ਨੂੰ ਰਾਜ਼ੀ ਕਰਨ ਸਬੰਧੀ ਮੋਦੀ ਦੇ ਰਾਹ ਵਿਚ ਮੌਜੂਦ ਅੜਿੱਕੇ ਬਣੇ ਰਹਿਣਗੇ।

ਨਰਿੰਦਰ ਮੋਦੀ ਇਹ ਦਾਅਵਾ ਨਹੀਂ ਕਰ ਸਕਦੇ ਕਿ ਚੋਣ ਪ੍ਰਦਰਸ਼ਨ ਪੱਖੋਂ ਉਹ ਗੁਜਰਾਤ ਦੇ ਸਭ ਤੋਂ ਹਰਮਨ-ਪਿਆਰੇ ਆਗੂ ਹਨ। ਰਿਕਾਰਡਾਂ ਤੋਂ ਪਤਾ ਲਗਦਾ ਹੈ ਕਿ 1980 ਵਿਚ ਗੁਜਰਾਤ ਵਿਚ 141 ਸੀਟਾਂ ਜਿੱਤ ਕੇ ਕਾਂਗਰਸ ਨੇ 52 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਸਨ ਅਤੇ 1985 ਵਿਚ ਇਕ ਮਜ਼ਬੂਤ ਖੱਤਰੀ, ਦਲਿਤ, ਆਦਿਵਾਸੀ ਤੇ ਮੁਸਲਿਮ ਗਠਜੋੜ ਦੀ ਬਦੌਲਤ ਇਸ ਨੂੰ 56 ਫ਼ੀਸਦੀ ਵੋਟਾਂ ਮਿਲੀਆਂ ਸਨ। ਇਨ੍ਹਾਂ ਚੋਣਾਂ ਵਿਚ ਭਾਜਪਾ ਨੂੰ 48 ਫ਼ੀਸਦੀ ਵੋਟਾਂ ਮਿਲੀਆਂ ਹਨ ਜੋ 2007 ਦੇ ਮੁਕਾਬਲੇ ਇਕ ਫ਼ੀਸਦੀ ਘੱਟ ਹਨ। ਕਾਂਗਰਸ ਦਾ ਹਿੱਸਾ ਇਕ ਫ਼ੀਸਦੀ ਵਧ ਕੇ 39 ਹੋ ਗਿਆ ਹੈ। ਭਾਜਪਾ ਦਾ ਪ੍ਰਦਰਸ਼ਨ ਸ਼ਾਇਦ ਮੱਧ ਤੇ ਉੱਚ ਵਰਗ ਦੇ ਲੋਕਾਂ ਵਿਚ ਚੰਗਾ ਰਿਹਾ ਹੈ। ਗੁਜਰਾਤ ਦਾ ਸਭ ਤੋਂ ਵੱਧ ਸ਼ਹਿਰੀਕਰਨ ਵਾਲਾ ਰਾਜ ਹੈ ਜਿਥੇ ਦੇ 58 ਫ਼ੀਸਦੀ ਲੋਕ ਸ਼ਹਿਰਾਂ ਵਿਚ ਰਹਿੰਦੇ ਹਨ ਪਰ ਪਿੰਡਾਂ ਵਿਚ ਭਾਜਪਾ ਦੀ ਕਾਰਗੁਜ਼ਾਰੀ ਕਾਫੀ ਮਾੜੀ ਰਹੀ। ਕੇਂਦਰੀ ਗੁਜਰਾਤ ਦੇ ਬਨਾਸਕਾਂਥਾ ਤੋਂ ਲੈ ਕੇ ਦੱਖਣੀ ਗੁਜਰਾਤ ਦੇ ਉਮੇਰਗਾਮ ਤੱਕ ਦੀ ਆਦੀਵਾਸੀ ਆਬਾਦੀ ਵਿਚ ਵੀ ਇਸ ਦਾ ਪ੍ਰਦਰਸ਼ਨ ਚੰਗਾ ਨਹੀਂ ਰਿਹਾ।

ਲਿਊਵਾ ਪਟੇਲ ਭਾਈਚਾਰੇ ਵਿਚ ਡੂੰਘਾ ਆਧਾਰ ਰੱਖਣ ਵਾਲੀ ਕੇਸ਼ੂਭਾਈ ਪਟੇਲ ਦੀ ਗੁਜਰਾਤ ਪਰਿਵਰਤਨ ਪਾਰਟੀ ਸਿਰਫ 8 ਫ਼ੀਸਦੀ ਵੋਟਾਂ ਲੈ ਕੇ ਸੌਰਾਸ਼ਟਰ ਵਿਚ ਹੀ ਕੁਝ ਅਸਰ ਦਿਖਾ ਸਕੀ। ਉੱਤਰੀ, ਕੇਂਦਰੀ ਅਤੇ ਦੱਖਣੀ ਗੁਜਰਾਤ ਵਿਚ ਇਹ ਹਾਸ਼ੀਏ 'ਤੇ ਰਹੀ। ਇਨ੍ਹਾਂ ਇਲਾਕਿਆਂ ਵਿਚ ਭਾਜਪਾ ਦੀ ਕਾਰਗੁਜ਼ਾਰੀ ਵੀ ਇਕਸਾਰ ਨਹੀਂ ਰਹੀ। ਉੱਤਰੀ ਗੁਜਰਾਤ ਜਿਸ ਨੂੰ ਨਰਿੰਦਰ ਮੋਦੀ ਦਾ 'ਪਿਛਲਾ ਵਿਹੜਾ' ਵੀ ਕਿਹਾ ਜਾਂਦਾ ਹੈ, ਵਿਚ ਭਾਜਪਾ ਦੀਆਂ ਸੀਟਾਂ 25 ਤੋਂ ਘਟ ਕੇ 16 ਰਹਿ ਗਈਆਂ ਅਤੇ ਵੋਟ ਫ਼ੀਸਦੀ ਵਿਚ ਵੀ ਇਸ ਦੀ ਹਿੱਸੇਦਾਰੀ ਘਟ ਗਈ। ਇਸ ਤੋਂ ਮੋਦੀ ਦੀ ਜਿੱਤ ਦੇ ਸੀਮਤ ਪ੍ਰਭਾਵ ਦਾ ਪਤਾ ਲਗਦਾ ਹੈ।

ਗੁਜਰਾਤ ਵਿਚ ਕਾਂਗਰਸ ਦਾ ਐਨ ਪੰਜਾਬ ਵਾਲਾ ਹਾਲ ਹੋਇਆ ਹੈ। ਕਾਂਗਰਸ ਨੇ ਜੇ ਡਟ ਕੇ ਲੜਾਈ ਲੜੀ ਹੁੰਦੀ ਤੇ 2002 ਵਿਚ 1200 ਤੋਂ ਵੱਧ ਮੁਸਲਮਾਨਾਂ ਦੇ ਕਤਲ ਵਿਚ ਮੋਦੀ ਦੀ ਭੂਮਿਕਾ, ਧਾਰਮਿਕ ਘੱਟ-ਗਿਣਤੀਆਂ ਪ੍ਰਤੀ ਉਨ੍ਹਾਂ ਦੀ ਵੈਰ-ਭਾਵਨਾ ਅਤੇ ਉੱਚ ਵਰਗ ਤੇ ਵੱਡੇ ਕਾਰੋਬਾਰੀ ਅਦਾਰਿਆਂ ਦੇ ਸਮਰਥਨ ਵਾਲੀਆਂ ਉਨ੍ਹਾਂ ਦੀਆਂ ਨੀਤੀਆਂ ਵਰਗੇ ਸਵਾਲਾਂ 'ਤੇ ਮੋਦੀ ਨੂੰ ਘੇਰਦੀ ਤਾਂ ਕਾਂਗਰਸ ਉਨ੍ਹਾਂ ਨੂੰ ਹਰਾ ਸਕਦੀ ਸੀ ਪਰ ਕਾਂਗਰਸ ਇਹ ਸਭ ਕੁਝ ਕਰਨ ਦੀ ਹਿੰਮਤ ਨਹੀਂ ਜੁਟਾ ਸਕੀ ਤੇ ਗੋਡੇ ਟੇਕਣ ਵਾਲੀ ਆਪਣੀ ਉਸੇ ਨੀਤੀ 'ਤੇ ਚਲਦੀ ਰਹੀ ਜਿਸ 'ਤੇ ਉਹ ਅਹਿਮਦ ਪਟੇਲ ਦੀ ਅਗਵਾਈ ਹੇਠ 2002 ਤੋਂ ਚਲਦੀ ਆਈ ਹੈ। ਜ਼ਾਹਿਰ ਹੈ ਕਿ ਮੋਦੀ ਦੀ ਜਿੱਤ ਕਾਂਗਰਸ ਦੀ ਹਾਰ ਕਾਰਨ ਹੀ ਹੋਈ ਹੈ, ਨਹੀਂ ਤਾਂ ਐਤਕੀਂ ਮੋਦੀ ਦਾ ਦੁਰਗ ਢਹਿ ਵੀ ਸਕਦਾ ਸੀ।

ਨਰੋਦਾ ਪਾਟੀਆ ਅਤੇ ਦੂਜੇ ਮਾਮਲਿਆਂ ਵਿਚ ਆਏ ਤਾਜ਼ੇ ਅਦਾਲਤੀ ਫ਼ੈਸਲਿਆਂ ਦੇ ਬਾਵਜੂਦ ਕਾਂਗਰਸ ਨੇ ਆਪਣੀ ਚੋਣ ਮੁਹਿੰਮ ਵਿਚ ਧਰਮ-ਨਿਰਪੱਖਤਾ, ਫਿਰਕਾਪ੍ਰਸਤੀ ਅਤੇ 2002 ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਦੀ ਗੱਲ ਨਹੀਂ ਕੀਤੀ। ਸਮਾਜਕ ਵਿਕਾਸ ਨੂੰ ਅਣਡਿੱਠ ਕਰਨ ਅਤੇ ਸ਼ਰਮਨਾਕ ਪੂੰਜੀਵਾਦੀ ਪੱਖੀ ਨੀਤੀਆਂ ਰਾਹੀਂ ਵੱਡੇ ਕਾਰੋਬਾਰੀ ਅਦਾਰਿਆਂ ਨੂੰ ਸਹੂਲਤਾਂ ਦੇਣ ਸਬੰਧੀ ਮੋਦੀ 'ਤੇ ਚੋਟ ਕਰਦਿਆਂ ਕਾਂਗਰਸ ਖੁਦ ਗਰੀਬਾਂ ਅਤੇ ਸਹੂਲਤਾਂ ਵਿਹੂਣੇ ਲੋਕਾਂ ਸਬੰਧੀ ਸਰੋਕਾਰ ਉਭਾਰ ਨਹੀਂ ਸਕੀ। ਮੋਦੀ ਦੀ ਜਿੱਤ ਪਿੱਛੇ ਕਾਫੀ ਹੱਦ ਤੱਕ ਇਕ ਗਲਤੀ ਦਾ ਹੱਥ ਹੈ। ਗਲਤੀ ਇਹ ਕਿ ਕਾਂਗਰਸ ਦੀਆਂ ਨੀਤੀਆਂ ਵਿਚ



*ਨਰਿੰਦਰ ਮੋਦੀ*

ਇਕਸਾਰਤਾ ਦੀ ਘਾਟ ਸੀ। ਕਾਂਗਰਸ ਆਪਣੇ ਸਪੱਸ਼ਟ ਸਮਾਜਕ ਆਧਾਰ ਅਤੇ ਸੱਤਾ ਲਈ ਆਸਵੰਦ ਹੀ ਨਹੀਂ ਸੀ। ਇੰਜ ਲਗਦਾ ਸੀ ਕਿ ਕਾਂਗਰਸ ਨੇ ਗੁਜਰਾਤ ਨੂੰ ਸਿਆਸੀ ਤੌਰ 'ਤੇ ਹੱਥੋਂ ਨਿਕਲ ਗਿਆ ਮੰਨ ਲਿਆ ਸੀ ਤੇ ਉਹ ਸਿਰਫ ਪ੍ਰਤੀਕਾਤਮਕ ਲੜਾਈ ਹੀ ਲੜ ਰਹੀ ਸੀ। ਫਿਰ ਵੀ ਇਹ ਤਾਂ ਮੰਨਿਆ ਹੀ ਜਾਣਾ ਚਾਹੀਦਾ ਹੈ ਕਿ ਇਹ ਜਿੱਤ ਭਾਜਪਾ ਦੀ ਘੱਟ ਅਤੇ ਨਿੱਜੀ ਤੌਰ 'ਤੇ ਮੋਦੀ ਦੀ ਜ਼ਿਆਦਾ ਸੀ। ਕਾਰਨ ਇਹ ਹੈ ਕਿ ਮੋਦੀ ਦੀ ਵਿਅਕਤੀ ਪੂਜਾ ਨੇ ਭਾਜਪਾ ਨੂੰ ਇਕ ਪਾਸੇ ਕਰ ਦਿੱਤਾ ਸੀ ਤੇ ਮੋਦੀ ਦੀ ਕਠਪੁਤਲੀ ਮਾਤਰ ਬਣਾ ਦਿੱਤਾ ਸੀ। ਮੋਦੀ ਨੇ ਰਾਸ਼ਟਰੀ ਸੋਇਮ ਸੇਵਕ ਸੰਘ ਨੂੰ ਵੀ ਉਸ ਦੀ ਔਕਾਤ ਦੱਸ ਦਿੱਤੀ। ਮੋਦੀ ਦੇ ਮੰਤਰੀ ਮੰਡਲ ਵਿਚ ਮੋਦੀ ਤੋਂ ਬਿਨਾਂ ਕਿਸੇ ਦੀ ਕੋਈ ਅਹਿਮੀਅਤ ਨਹੀਂ ਹੈ। ਸਾਰੇ ਮੰਤਰੀ ਉਨ੍ਹਾਂ ਦੀਆਂ ਕਠਪੁਤਲੀਆਂ ਵਾਂਗ ਹਨ। ਜਮਹੂਰੀਅਤ ਮੋਦੀ ਦੇ ਗੋਡੇ ਹੇਠ ਬਾਂ-ਬਾਂ ਕਰ ਰਹੀ ਹੈ।

ਨਰਿੰਦਰ ਮੋਦੀ ਦਾ ਦਾਅਵਾ ਹੈ ਕਿ ਇਹ ਜਿੱਤ ਉਥੇ (ਗੁਜਰਾਤ 'ਚ) ਹੋਏ ਵਿਕਾਸ ਕਾਰਨ ਹੋਈ ਹੈ। ਇਹ ਸਭ ਤੋਂ ਵੱਡਾ ਝੂਠ ਹੈ। ਜੇ ਵਿਕਾਸ ਦਾ ਕੋਈ ਸਬੰਧ ਲੋਕਾਂ ਦੀ ਭਲਾਈ, ਉਨ੍ਹਾਂ ਦੇ ਜੀਵਨ ਦੀ ਗੁਣਵੱਤਾ ਸੁਧਾਰਨ ਅਤੇ ਗਰੀਬੀ ਤੇ ਭੁੱਖ ਨੂੰ ਘੱਟ ਕਰਨ ਨਾਲ ਹੈ ਤਾਂ ਗੁਜਰਾਤ ਦਾ ਪ੍ਰਦਰਸ਼ਨ ਬਿਲਕੁਲ ਚੰਗਾ ਨਹੀਂ ਰਿਹਾ। ਭੁੱਖਮਰੀ, ਖੁਰਾਕ ਦੀ ਘਾਟ, ਘੱਟ ਭਾਰ ਦੇ ਸ਼ਿਕਾਰ ਬਾਲਾਂ ਅਤੇ ਬਾਲ ਮੌਤ ਦਰ ਆਦਿ ਦੇ ਮਾਮਲੇ ਵਿਚ ਸਭ ਤੋਂ ਮਾੜੀ ਹਾਲਤ ਵਾਲੇ 17 ਰਾਜਾਂ ਵਿਚੋਂ ਗੁਜਰਾਤ 13ਵੇਂ ਸਥਾਨ 'ਤੇ ਹੈ। ਉੱਤਰ ਪ੍ਰਦੇਸ਼, ਉੜੀਸਾ, ਆਸਾਮ ਅਤੇ ਬੰਗਾਲ ਤੱਕ ਦੀ ਹਾਲਤ ਵੀ ਇਸ ਤੋਂ ਬਿਹਤਰ ਹੈ। 2004-05 ਤੋਂ ਗੁਜਰਾਤ ਵਿਚ ਰੁਜ਼ਗਾਰ ਦੇ ਮੌਕਿਆਂ 'ਚ ਕੋਈ ਵਾਧਾ ਨਹੀਂ ਹੋਇਆ। ਗੁਜਰਾਤ ਦੀ ਜਿੱਤ ਨੇ ਭਾਜਪਾ ਦੀ ਦੂਜੀ ਪੀੜ੍ਹੀ ਦੀ ਲੀਡਰਸ਼ਿਪ ਵਿਚ ਮੋਦੀ ਦੀ ਹਾਲਤ ਮਜ਼ਬੂਤ ਕਰ ਦਿੱਤੀ ਹੈ ਪਰ ਅਜਿਹਾ ਹੋਣ ਨਾਲ ਉਨ੍ਹਾਂ ਲਈ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਉਮੀਦਵਾਰੀ 'ਤੇ ਦਾਅਵਾ ਕਰਨਾ ਸੌਖਾ ਨਹੀਂ ਹੋ ਜਾਂਦਾ। ਭਾਜਪਾ ਦਾ ਕੋਈ ਵੀ ਨੇਤਾ ਉਨ੍ਹਾਂ 'ਤੇ ਭਰੋਸਾ ਨਹੀਂ ਕਰਦਾ। ਇਸ ਅਹੁਦੇ ਲਈ ਉਨ੍ਹਾਂ ਦੀ ਦਾਅਵੇਦਾਰੀ ਮਜ਼ਬੂਤ ਹੋਣ ਨਾਲ ਪਾਰਟੀ ਦੇ ਅੰਦਰਲੇ ਦਵੰਦ ਤਿੱਖੇ ਹੋ ਜਾਣਗੇ। ਰਾਸ਼ਟਰੀ ਸੋਇਮ ਸੇਵਕ ਸੰਘ ਵੀ ਉਨ੍ਹਾਂ ਤੋਂ ਪ੍ਰੇਸ਼ਾਨ ਹੈ। ਉਹ ਬਹੁਤ ਜ਼ਿਆਦਾ ਵਿਅਕਤੀਵਾਦੀ ਹਨ ਅਤੇ ਉਨ੍ਹਾਂ ਨੇ ਗੁਜਰਾਤ ਵਿਚ ਸੰਘ ਨੂੰ ਬਰਬਾਦ ਕਰ ਦਿੱਤਾ ਹੈ। ਕੌਮੀ ਜਮਹੂਰੀ ਗਠਜੋੜ ਵਿਚਲੇ ਸਹਿਯੋਗੀਆਂ ਅਤੇ ਖਾਸ ਕਰ ਕੇ ਜਨਤਾ ਦਲ (ਯੂ) ਦੇ ਨਿਤਿਸ਼ ਕੁਮਾਰ ਨੇ ਉਨ੍ਹਾਂ ਦੇ ਦਾਅਵੇ ਦਾ ਖੁੱਲ੍ਹਾ ਵਿਰੋਧ ਕੀਤਾ ਹੈ। ਸਭ ਤੋਂ ਅਹਿਮ ਗੱਲ ਤਾਂ ਇਹ ਹੈ ਕਿ ਆਮ ਲੋਕਾਂ ਦੇ ਬਹੁਗਿਣਤੀ ਹਿੱਸੇ ਵਿਚ ਮੋਦੀ ਨੂੰ ਬਹੁਤ ਘੱਟ ਸਵੀਕਾਰ ਕੀਤਾ ਜਾਂਦਾ ਹੈ। ਉਹ ਬਹੁਤ ਜ਼ਿਆਦਾ ਫੁੱਟ ਪਾਉਣ ਵਾਲੇ, ਹਮਲਾਵਰ ਅਤੇ ਇੰਨੇ ਜ਼ਹਿਰੀਲੇ ਫਿਰਕੂ ਬੰਦੇ ਹਨ ਕਿ ਸੰਘ ਪਰਿਵਾਰ ਦੇ ਘੋਰ ਕੱਟੜਵਾਦੀ ਹਿੱਸੇ ਤੋਂ ਬਾਅਦ ਉਨ੍ਹਾਂ ਦੇ ਹੱਕ ਵਿਚ ਬਹੁਤੇ ਲੋਕ ਨਹੀਂ ਹਨ। ਮੋਦੀ ਗੁਜਰਾਤ ਵਰਗੇ ਦੋ-ਧਰੁਵੀ ਸੂਬੇ ਵਿਚ ਜਿੱਤ ਹਾਸਲ ਕਰ ਸਕਦੇ ਹਨ ਪਰ ਗੁਜਰਾਤ ਵਾਲੇ ਅਮਲ ਨੂੰ ਬਹੁ-ਧਰੁਵੀ ਰਾਜਨੀਤੀ ਵਾਲੇ ਭਾਰਤ ਵਿਚ ਨਹੀਂ ਦੁਹਰਾਇਆ ਜਾ ਸਕਦਾ। ਉਹ ਭਾਰਤ ਦਾ ਸਰਬਉੱਚ ਅਹੁਦਾ ਹਾਸਲ ਨਹੀਂ ਕਰ ਸਕਦੇ, ਸਿਵਾਏ ਅਜਿਹੀ ਅਸੰਭਵ ਜਿਹੀ ਹਾਲਤ ਵਿਚ ਕਿ ਭਾਜਪਾ ਨੂੰ 200 ਸੀਟਾਂ ਮਿਲ ਜਾਣ ਅਤੇ ਫਿਰ ਚੋਣਾਂ ਤੋਂ ਬਾਅਦ ਬਣੇ ਗਠਜੋੜਾਂ ਵਿਚ ਉਹ ਨਰਿੰਦਰ ਮੋਦੀ ਨੂੰ ਕੌਮੀ ਜਮਹੂਰੀ ਗਠਜੋੜ ਦਾ ਪ੍ਰਧਾਨ ਮੰਤਰੀ ਪਦ ਦਾ ਉਮੀਦਵਾਰ ਐਲਾਨ ਕਰ ਦੇਵੇ।

## ਸੁਖਬੀਰ ਦੀ ਰਿਸ਼ਤੇਦਾਰ ਅਜੇ ਤੀਕ ਨਹੀਂ ਲੱਭੀ

**ਲਾਹੌਰ:** ਪਾਕਿਸਤਾਨ ਵਿਚ ਲਾਪਤਾ ਹੋਈ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਰਿਸ਼ਤੇਦਾਰ ਅਜੇ ਤਾਈਂ ਨਹੀਂ ਲੱਭੀ। ਲਾਹੌਰ ਹਾਈ ਕੋਰਟ ਨੇ ਪੁਲਿਸ ਨੂੰ ਹੁਕਮ ਦਿੱਤੇ ਹਨ ਕਿ ਉਹ ਕੈਨੇਡੀਅਨ ਸਿੱਖ ਮੁਟਿਆਰ ਰਾਜਵਿੰਦਰ ਕੌਰ ਗਿੱਲ ਦੀ ਗੁੰਮਸ਼ੁਦਗੀ ਬਾਰੇ ਰਿਪੋਰਟ ਦਰਜ ਕਰੇ। ਅਦਾਲਤ ਨੇ ਇਹ ਕਾਰਵਾਈ ਲਾਪਤਾ ਲੜਕੀ ਦੇ ਪਿਤਾ ਸਿਕੰਦਰ ਸਿੰਘ ਦੀ ਅਰਜ਼ੀ ਉਤੇ ਕੀਤੀ ਹੈ।

ਸ੍ਰੀ ਗਿੱਲ ਦੇ ਵਕੀਲ ਅਫਤਾਬ ਅਹਿਮਦ ਬਾਜਵਾ ਨੇ ਅਦਾਲਤ ਨੂੰ ਜਾਣਕਾਰੀ ਦਿੱਤੀ ਹੈ ਕਿ ਰਾਜਵਿੰਦਰ ਕੌਰ ਗਿੱਲ 25 ਅਗਸਤ, 2012 ਨੂੰ ਲਾਹੌਰ ਵਿਚ ਡਾਇਮੰਡ ਪ੍ਰਦਰਸ਼ਨੀ ਵਿਚ ਹਿੱਸਾ ਲੈਣ ਆਈ ਸੀ ਤੇ ਜਦੋਂ ਦੀ ਉਹ ਲਾਹੌਰ ਹਵਾਈ ਅੱਡੇ ਉਤੇ ਉੱਤਰੀ ਹੈ, ਉਸ ਤੋਂ ਬਾਅਦ ਉਸ ਦੇ ਬਾਰੇ ਕੋਈ ਜਾਣਕਾਰੀ ਨਹੀਂ ਮਿਲ ਰਹੀ।

ਦਿ 'ਨੇਸ਼ਨ' ਅਖ਼ਬਾਰ ਦੀ ਰਿਪੋਰਟ ਅਨੁਸਾਰ ਭਾਰਤੀ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪੱਛਮੀ ਪੰਜਾਬ ਦੇ ਮੁੱਖ ਮੰਤਰੀ ਮੀਆਂ ਸ਼ਾਹਬਾਜ਼ ਸ਼ਰੀਫ ਕੋਲ ਆਪਣੀ ਪਾਕਿਸਤਾਨ ਯਾਤਰਾ ਦੌਰਾਨ ਇਹ ਮਾਮਲਾ ਵੀ ਉਠਾਇਆ ਸੀ। ਪਿਤਾ ਨੇ ਅਦਾਲਤ ਵਿਚ ਅਪੀਲ ਕੀਤੀ ਸੀ ਕਿ ਪੁਲੀਸ ਉਸ ਦੀ ਧੀ ਨੂੰ ਲੱਭਣ ਵਿਚ ਸਹਾਇਤਾ ਕਰੇ।

**ਦੇਸ-ਪਰਦੇਸ**

### ਬੇਨਾਮ ਸਮਕਾਲੀ ਦੀ ਸ਼ਰਧਾਂਜਲੀ

# ਇਤਿਹਾਸ ਤੇ ਬਿਹਤਰ ਸਮਾਜ

***ਇੱਕ ਦਲੀਲ ਵਾਰ-ਵਾਰ ਦਿੱਤੀ ਗਈ ਕਿ ਜੋ ਹੁਣ ਬੋਲੇ ਹਨ, ਉਹ ਪਹਿਲਾਂ ਕਿੱਥੇ ਸਨ? ਉਹ ਦੂਜੀਆਂ ਥਾਵਾਂ ਸੋਨੀ ਸੋਰੀ ਤੋਂ ਮਨੋਰਮਾ ਤੱਕ ਦੀ ਵਾਰੀ ਕਿਉਂ ਚੁੱਪ ਸਨ? ਉਹ 1984, 1992, 2002 ਅਤੇ 2008 ਦੇ ਫਿਰਕੂ ਕਤਲੇਆਮ ਮੌਕੇ ਕਿਉਂ ਚੁੱਪ ਰਹੇ ਸਨ? ਇਨ੍ਹਾਂ ਦਲੀਲਾਂ ਦੀ ਅਹਿਮੀਅਤ ਬਹੁਤ ਜ਼ਿਆਦਾ ਹੈ। ਇਸ ਵਿਚੋਂ ਦੋ ਨੁਕਤੇ ਸਮਝਣੇ ਜ਼ਰੂਰੀ ਹਨ। ਪਹਿਲਾਂ ਉਨ੍ਹਾਂ ਬਾਬਤ ਹੈ ਜੋ ਆਪਣੇ-ਆਪ ਨੂੰ ਗ਼ੈਰ-ਸਿਆਸੀ ਮੰਨਦੇ ਹਨ ਤੇ ਇਸ ਮੌਕੇ ਸੜਕਾਂ ਉੱਤੇ ਉਤਰ ਆਏ ਹਨ। ਇਹ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਅਜਿਹੀ ਪੀੜ ਦਾ ਅਹਿਸਾਸ ਪਹਿਲੀ ਵਾਰ ਹੋਇਆ ਹੋਵੇ। ਕੀ ਇਸ ਅਹਿਸਾਸ ਦਾ ਕਾਰਨ ਪੀੜਤ ਦਾ ਉਨ੍ਹਾਂ ਦੇ ਆਪਣੇ ਤਬਕੇ ਵਿਚੋਂ ਹੋਣ ਕਾਰਨ ਹੋਇਆ ਹੈ? ਇਸ ਤਬਕੇ ਨਾਲ ਸੰਵਾਦ ਕਰਨਾ ਦਾ ਮੌਕਾ ਹੈ। ਜਦੋਂ ਅਸੀਂ ਇੱਕੋ ਜਿਹੀਆਂ ਘਟਨਾਵਾਂ ਵਿਚੋਂ ਚੋਣ ਕਰਦੇ ਹਾਂ ਕਿ ਕਿਸ ਨੂੰ ਹੁੰਗਾਰਾ ਭਰਨਾ ਹੈ ਤੇ ਕਦੋਂ ਚੁੱਪ ਵੱਟਣੀ ਹੈ ਤਾਂ ਇਹ ਸਾਡੀ ਸੁਚੇਤ ਨਹੀਂ, ਅਚੇਤ ਪਰ ਸਿਆਸੀ ਚੋਣ ਹੁੰਦੀ ਹੈ। ਹੁਣ ਜਦੋਂ ਸੰਵਾਦ ਦਾ ਪਿੜ ਬੱਝਿਆ ਹੈ ਤਾਂ ਇਸ ਮੌਕੇ ਬਲਾਤਕਾਰੀ ਨੂੰ ਹਥਿਆਰ ਵਜੋਂ ਵਰਤਦੀ ਪੁਲਿਸ ਤੇ ਫ਼ੌਜ ਜਾਂ ਸਿਆਸੀ ਸਰਪ੍ਰਸਤੀ ਹੇਠ ਪਲਦੇ ਫਿਰਕੂ ਜਨੂੰਨੀ ਜਾਂ ਗੁੰਡੇ ਇਸ ਮਰਦਾਵੇਂ ਦਾਬੇ ਦੀਆਂ ਕੜੀਆਂ ਜੋੜ ਕੇ ਲੜੀ ਨੂੰ ਬੇਪਰਦ ਕਰ ਸਕਦੇ ਹਨ। ਜੋ ਕੱਲ੍ਹ ਚੁੱਪ ਸੀ ਤੇ ਅੱਜ ਬੋਲਿਆ ਹੈ, ਉਸ ਦੇ ਭਲਕੇ ਬੋਲਣ ਦੀ ਸੰਭਾਵਨਾ ਹੈ। ਅੱਜ ਤੇ ਭਲਕ ਦੇ ਵਿਚਕਾਰ ਉਸ ਦੀ ਸੰਵੇਦਨਾ ਦਲੀਲ ਦੀ ਸਾਣ ਉੱਤੇ ਚੜ੍ਹ ਕੇ ਸਿਦਕਦਿਲੀ ਤੱਕ ਦਾ ਸਫ਼ਰ ਤੈਅ ਕਰ ਸਕਦੀ ਹੈ।***



**ਦਲਜੀਤ ਅਮੀ**
*ਫੋਨ: 91-97811-21873*

ਪਿਛਲੇ ਦਿਨਾਂ ਦੀਆਂ ਘਟਨਾਵਾਂ ਨੇ ਬਹੁਤ ਕੁਝ ਬਦਲਿਆ ਹੈ। ਇਸ ਬਦਲਾਅ ਬਾਰੇ ਦਲੀਲਬੰਦ ਖ਼ਦਸ਼ਾ ਹੈ ਕਿ ਇਹ ਵਕਤੀ ਉਬਾਲ ਸਾਬਤ ਹੋਵੇਗਾ। ਇਸ ਬਦਲਾਅ ਦੇ ਚਿਰਕਾਲੀ ਹੋਣ ਦੀ ਗੁੰਜਾਇਸ਼ ਵੀ ਫਰੋਲੀ ਜਾ ਰਹੀ ਹੈ। ਸਮਾਜ ਵਿਚਲੇ ਮਰਦਾਵੇਂ ਦਾਬੇ ਦੀ ਕਰੂਰਤਾ ਦਾ ਸ਼ਿਕਾਰ ਹੋਈ ਬੀਬੀ ਨੇ ਸਾਲ 2012 ਦਾ ਲੇਖਾ-ਜੋਖਾ ਤਾਂ ਬਦਲ ਦਿੱਤਾ। 'ਆਪ-ਮੁਹਾਰੇ' ਹੋਏ ਰੋਸ ਮੁਜ਼ਾਹਰਿਆਂ ਨੇ ਦਰਸਾ ਦਿੱਤਾ ਕਿ ਇੰਤਜ਼ਾਮੀਆ ਦੀਆਂ ਲਗਾਈਆਂ ਪਾਬੰਦੀਆਂ ਅਤੇ ਸਿਆਸੀ ਪਾਰਟੀਆਂ ਨੂੰ ਨਜ਼ਰਅੰਦਾਜ਼ ਕਰ ਕੇ ਸਰਕਾਰ ਦੀ ਜਵਾਬਤਲਬੀ ਕੀਤੀ ਜਾ ਸਕਦੀ ਹੈ। ਦੂਜੇ ਪਾਸੇ ਇਹ ਖ਼ਦਸ਼ਾ ਵੀ ਕਾਇਮ ਰਿਹਾ ਕਿ ਬਿਨਾਂ ਅਗਵਾਈ ਤੋਂ ਚੱਲ ਰਹੀ ਰੋਸ-ਮੁਹਿੰਮ ਕਦੇ ਵੀ ਲੀਹੋਂ ਲੱਥ ਸਕਦੀ ਹੈ। ਇਸ ਸਮੁੱਚੇ ਘਟਨਾਚੱਕਰ ਨੂੰ ਗ਼ੈਰ-ਸਿਆਸੀ ਕਰਾਰ ਦੇਣ ਲਈ ਪੜਚੋਲੀਆਂ ਅਤੇ ਹਿੱਸਾ ਲੈਣ ਵਾਲਿਆਂ ਵਿਚ ਦੌੜ ਲੱਗੀ ਰਹੀ। ਇਸੇ ਦੌਰਾਨ ਇਹ ਵੀ ਸਵਾਲ ਕੀਤੇ ਗਏ ਕਿ ਔਰਤਾਂ ਖ਼ਿਲਾਫ਼ ਹਿੰਸਾ ਮੌਜੂਦਾ ਪ੍ਰਬੰਧਕੀ ਢਾਂਚੇ ਦੀ ਦੇਣ ਹੈ। ਇਹ ਮਾਮਲਾ ਦਿੱਲੀ ਕਾਰਨ ਵਧੇਰੇ ਚਰਚਾ ਵਿਚ ਆਇਆ ਹੈ। ਇਸ ਮੁਹਿੰਮ ਦੌਰਾਨ ਵੀ ਅਜਿਹੀਆਂ ਘਟਨਾਵਾਂ ਵਿਚ ਕਮੀ ਨਹੀਂ ਆਈ। ਸਭ ਤੋਂ ਤਿੱਖਾ ਸਵਾਲ ਇਹ ਸੀ ਕਿ ਇਸ ਮੌਕੇ ਰੋਸ ਮੁਜ਼ਾਹਰੇ ਕਰਨ ਵਾਲਿਆਂ ਵਿਚੋਂ ਬਹੁਤ ਸਾਰੇ ਕਿਸੇ ਹੋਰ ਮੌਕੇ ਮੁਲਜ਼ਮਾਂ ਦੀ ਧਿਰ ਵਿਚ ਹੋ ਸਕਦੇ ਹਨ। ਪੜਚੋਲ ਵਿਚ ਇਹ ਵੀ ਨੁਕਤਾ ਆਇਆ ਕਿ ਮੁਜ਼ਾਹਰਾਕਾਰੀ ਮਰਦ ਇਨਸਾਫ਼ ਦੀ ਥਾਂ ਸ਼ਰਮਸ਼ਾਰੀ ਦੇ ਅਹਿਸਾਸ ਨਾਲ ਵਧੇਰੇ ਆਏ ਹਨ। ਇਸੇ ਦੌਰਾਨ ਸਖ਼ਤ ਸਜ਼ਾਵਾਂ ਦੀ ਮੰਗ ਅਤੇ ਦੋਸ਼ੀਆਂ ਨੂੰ ਫਾਂਸੀ ਦੇਣ ਦੀ ਲਗਾਤਾਰ ਮੰਗ, ਵਾਰ-ਵਾਰ ਚਰਚਾ ਦਾ ਵਿਸ਼ਾ ਬਣਦੀ ਰਹੀ।

ਅਜਿਹੀਆਂ ਘਟਨਾਵਾਂ ਦੀ ਬੁਨਿਆਦ ਕਿਸ ਮਾਨਸਿਕਤਾ ਵਿਚ ਖੜ੍ਹੀ ਹੈ? ਇੱਕ ਦਲੀਲ ਇਹ ਹੈ ਕਿ ਮੌਜੂਦਾ ਦੌਰ ਵਿਚ ਬੀਬੀਆਂ ਆਪਣੀ ਕਾਰਗੁਜ਼ਾਰੀ ਰਾਹੀਂ ਹਰ ਖੇਤਰ ਵਿਚ ਮਰਦਾਂ ਨੂੰ ਵੰਗਾਰ ਰਹੀਆਂ ਹਨ; ਸੋ, ਮਰਦ ਦੀ ਸਮਾਜਕ ਹਕੂਮਤ ਡੋਲ ਰਹੀ ਹੈ। ਦੂਜੀ ਦਲੀਲ ਇਹ ਹੈ ਕਿ ਮਰਦ ਆਪਣੀ ਹਕੂਮਤ ਲਿਆਕਤ ਨਾਲ ਤਾਂ ਨਹੀਂ ਬਚਾ ਸਕਿਆ ਪਰ ਪਸ਼ੂਬਲ ਨਾਲ ਬਚਾ ਲੈਣ ਲਈ ਕਿਸੇ ਵੀ ਹੱਦ ਤੱਕ ਜਾ ਰਿਹਾ ਹੈ। ਤੀਜੀ ਦਲੀਲ ਇਹ ਹੈ ਕਿ ਧੜੱਲੇ ਨਾਲ ਫਿਰਦੀਆਂ ਬੀਬੀਆਂ ਮਰਦਾਂ ਤੋਂ ਜਰੀਆਂ ਨਹੀਂ ਜਾਂਦੀਆਂ। ਚੌਥੀ ਦਲੀਲ ਇਹ ਹੈ ਕਿ ਹੁਣ ਬੀਬੀਆਂ ਦੇਰ ਰਾਤ ਤੱਕ ਬਾਹਰ ਰਹਿੰਦੀਆਂ ਹਨ ਜਿਸ ਕਾਰਨ ਅਹਿਸਾਸ-ਏ-ਕਮਤਰੀ ਤੋਂ ਪੀੜਤ ਮਰਦ ਹਮਲਾਵਰ ਹੋ ਜਾਂਦੇ ਹਨ। ਇਨ੍ਹਾਂ ਸਾਰੀਆਂ ਦਲੀਲਾਂ ਦੀ ਸ਼ਹਿਰੀ ਤਬਕੇ ਦੀ ਰੁਜ਼ਗਾਰ-ਮੰਡੀ ਵਿਚ ਕਾਰਜਸ਼ੀਲ ਬੀਬੀਆਂ ਦੇ ਮਾਮਲੇ ਵਿਚ ਅਹਿਮੀਅਤ ਹੋ ਸਕਦੀ ਹੈ। ਇਸੇ ਤਬਕੇ ਦੇ ਜ਼ਿਆਦਾ ਮਾਮਲੇ ਚਰਚਾ ਵਿਚ ਆਉਂਦੇ ਹਨ ਤੇ ਸਮੁੱਚੀ ਬਹਿਸ ਦਾ ਧੁਰਾ ਬਣਦੇ ਹਨ। ਕਾਰਨ ਇਹ ਹੈ ਕਿ ਇਹੋ ਤਬਕਾ ਇਨ੍ਹਾਂ ਮਾਮਲਿਆਂ ਵਿਚ ਸਭ ਤੋਂ ਅਸਰਦਾਰ ਤੇ ਜਾਗਰੂਕ ਹੈ। ਇਸ ਤਬਕੇ ਨਾਲ ਮੀਡੀਆ ਦੀ ਸਮਾਜਕ ਪਛਾਣ ਜੁੜਦੀ ਹੈ। ਇਨ੍ਹਾਂ ਦੋਵਾਂ ਦਾ ਪੇਸ਼ੇਵਰ ਤੇ ਸਮਾਜਕ ਮੇਲ-ਜੋਲ ਵਧੇਰੇ ਹੈ। ਇਸ ਤਬਕੇ ਤੋਂ ਬਾਹਰ ਹੁੰਦੀਆਂ ਅਜਿਹੀਆਂ ਘਟਨਾਵਾਂ ਦੇ ਕਾਰਨ ਇਹ ਵੀ ਹੋ ਸਕਦੇ ਹਨ ਪਰ ਇਨ੍ਹਾਂ ਤੋਂ ਵੀ ਹੋਰ ਕਾਰਨ ਹਨ। ਅਜਿਹੀਆਂ ਘਟਨਾਵਾਂ ਵਿਚ ਤਕਰੀਬਨ ਦੋ ਤਿਹਾਈ ਮੁਲਜ਼ਮ ਪੀੜਤ ਦੀ ਜਾਣ-ਪਛਾਣ ਜਾਂ ਪਰਿਵਾਰ ਦੇ ਜੀਅ ਹੁੰਦੇ ਹਨ। ਇਹ ਘਟਨਾਵਾਂ ਕੁਝ ਮਹੀਨਿਆਂ ਦੀ ਉਮਰ ਤੋਂ ਲੈ ਕੇ ਬਜ਼ੁਰਗ ਔਰਤਾਂ ਨਾਲ ਵਾਪਰ ਰਹੀਆਂ ਹਨ। ਇਹ ਘਟਨਾਵਾਂ ਹਰ ਤਰ੍ਹਾਂ ਦੇ ਲਿਬਾਸਾਂ, ਹਰ ਵੇਲੇ ਅਤੇ ਹਰ ਥਾਂ ਹੋ ਰਹੀਆਂ ਹਨ। ਪੰਜਾਬ ਦੇ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਹਰਚਰਨ ਬੈਂਸ ਤੋਂ ਲੈ ਕੇ ਬਹੁਤ ਸਾਰੇ ਜਣੇ ਲਿਬਾਸ ਨੂੰ ਅਜਿਹੀਆਂ ਘਟਨਾਵਾਂ ਦਾ ਅਹਿਮ ਕਾਰਨ ਮੰਨਦੇ ਹਨ। ਇਹ ਸਲਾਹ ਦਿੰਦੇ ਹਨ ਕਿ ਬੀਬੀਆਂ ਦੀ ਪੁਸ਼ਾਕ 'ਸਲੀਕੇ' ਵਾਲੀ ਹੋਣੀ ਚਾਹੀਦੀ ਹੈ। ਦੁਨੀਆਂ ਭਰ ਦੇ ਵਿਦਵਾਨਾਂ ਨੇ ਅਧਿਐਨਾਂ ਅਤੇ ਅੰਕੜਿਆਂ ਰਾਹੀਂ ਸਾਬਤ ਕਰ ਦਿੱਤਾ ਹੈ ਕਿ ਲਿਬਾਸ ਦੀ ਇਸ ਮਾਮਲੇ ਵਿਚ ਕੋਈ ਭੂਮਿਕਾ ਨਹੀਂ ਹੈ। ਇਹ ਸਲਵਾਰ-ਕਮੀਜ਼, ਪੈਂਟ-ਸ਼ਰਟ, ਬੁਰਕੇ, ਫਰਾਕ ਅਤੇ ਸਿਰ ਤੋਂ ਪੈਰ ਤੱਕ ਢਕਣ ਵਾਲੇ ਲਿਬਾਸਾਂ ਵਾਲੀਆਂ ਬੀਬੀਆਂ ਵੀ ਮਰਦ ਦਾਬੇ ਵਿਚੋਂ ਉਪਜਦੀ ਇਸ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ, ਜਦੋਂ ਲਿਬਾਸ ਦੀ ਦਲੀਲ ਉਸੇ ਮਰਦਾਵੇਂ ਦਾਬੇ ਵਿਚੋਂ ਉਪਜਦੀ ਹੈ। ਇੱਕ ਮਰਦ ਆਪਣਾ ਗ਼ਲਬਾ ਬੀਬੀਆਂ ਦੇ ਜਿਸਮ ਨੂੰ ਮਧੋਲ ਕੇ ਕਾਇਮ ਕਰਦਾ ਹੈ ਤੇ ਦੂਜਾ ਕੱਪੜਿਆਂ ਤੱਕ ਦੀ ਚੋਣ ਵੀ ਆਪਣੇ ਹੱਥ ਰੱਖ ਕੇ ਔਰਤ ਦੇ ਤੁਰਨ-ਫਿਰਨ ਦਾ ਕਾਇਦਾ-ਕਾਨੂੰਨ ਤੈਅ ਕਰ ਕੇ ਹਮਦਰਦ ਦੇ ਰੂਪ ਵਿਚ ਗ਼ਾਲਬ ਬਣਦਾ ਹੈ।

ਇਹ ਖ਼ਦਸ਼ਾ ਆਪਣੀ ਥਾਂ ਜਾਇਜ਼ ਹੋ ਸਕਦਾ ਹੈ ਕਿ ਇਹ ਸਭ ਕੁਝ ਵਕਤੀ ਉਬਾਲ ਹੈ ਪਰ ਦੂਜੇ ਪਾਸੇ ਇਸ ਦਲੀਲ ਨਾਲ ਸਭ ਕੁਝ ਨੂੰ ਦਰਕਿਨਾਰ ਕਰ ਦੇਣਾ ਵੀ ਤਾਂ ਸਨਕੀਪੁਣੇ ਦੇ ਘੇਰੇ ਵਿਚ ਬਾਹਰ ਨਹੀਂ ਜਾ ਸਕਦਾ। ਇਸ ਦੇ ਨਾਲ ਦੂਜੀ ਜੁੜਵੀਂ ਦਲੀਲ ਇਹ ਰਹੀ ਕਿ ਸ਼ਰਮਸ਼ਾਰੀ ਦਾ ਅਹਿਸਾਸ ਪ੍ਰਦਰਸ਼ਨਕਾਰੀਆਂ ਵਿਚ ਭਾਰੂ ਰਿਹਾ। ਇਸੇ ਦਲੀਲ ਦਾ ਦੂਜਾ ਪੱਖ ਹੈ ਕਿ ਰੋਹ ਲਈ ਲੋੜੀਂਦੇ ਅਹਿਸਾਸ ਵਿਚ ਸ਼ਰਮਸ਼ਾਰੀ ਵਾਧਾ ਕਰਦੀ ਹੈ ਤੇ ਬੰਦੇ ਨੂੰ ਬਾਹਰਮੁਖੀ ਹੁੰਦਿਆਂ ਵੀ ਅੰਦਰਮੁਖੀ ਹੋਣ ਦਾ ਸਬੱਬ ਬਣਾਉਂਦੀ ਹੈ। ਸ਼ਰਮਸ਼ਾਰੀ ਮੌਜੂਦਾ ਮੁਹਿੰਮ ਦੇ ਅਹਿਸਾਸ ਵਿਚ ਸ਼ੁਮਾਰ ਹੈ। ਸ਼ਰਮਸ਼ਾਰ ਹੋਣ ਵਾਲਾ ਸੰਵੇਦਨਸ਼ੀਲ ਤਾਂ ਹੋਵੇਗਾ ਹੀ, ਤੇ ਉਸ ਦੇ ਸੁਹਜਮੰਦ ਹੋਣ ਦੀ ਵੀ ਸੰਭਾਵਨਾ ਹੈ। ਕੋਈ ਕਿਸੇ ਵੀ ਅਹਿਸਾਸ, ਮਜਬੂਰੀ ਜਾਂ ਲਾਲਸਾ ਹਿੱਤ ਮੁਹਿੰਮ ਵਿਚ ਸ਼ਾਮਿਲ ਹੋਇਆ ਹੋਵੇ, ਕੀ ਸੰਵਾਦ ਦੀ ਸੰਜੀਦਗੀ ਉਸ ਨਾਲ ਵੀ ਕਾਇਮ ਨਹੀਂ ਰੱਖਣੀ ਚਾਹੀਦੀ? ਅੱਜ ਦੀ ਸ਼ਰਮਸ਼ਾਰੀ ਸਾਨੂੰ ਭਲਕੇ ਦਰਦਮੰਦ ਹੋਣ ਦੇ ਰਾਹ ਪਾਏਗੀ। ਸੰਵਾਦ ਦੇ ਘੇਰੇ ਵਿਚ ਆਏ ਜਣੇ/ਜਣੀ ਨੂੰ ਇਹ ਸਮਝਣ ਵਿਚ ਦੇਰ ਨਹੀਂ ਲੱਗਣੀ ਕਿ ਬਲਾਤਕਾਰ ਨੂੰ ਹਾਲਾਤ ਤੇ ਵਿਹਾਰ ਨਾਲੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਸਾਡੀ ਪਸੰਦ-ਨਾਪਸੰਦ ਦੇ ਬਾਵਜੂਦ ਮੌਜੂਦਾ ਮਾਹੌਲ ਵਿਚ ਸੰਜੀਦਾ ਸੰਵਾਦ ਦੀ ਸੰਭਾਵਨਾ ਘਟ ਰਹੀ ਹੈ। ਅਜਿਹੇ ਮੌਕੇ ਉੱਤੇ ਲੋਕ ਇੱਕ ਮਸਲੇ ਬਾਰੇ ਗੱਲ ਕਰਦੇ ਹਨ; ਸੋ, ਸੁਣਦੇ ਵੀ ਹਨ। ਚੇਤਨ ਬੰਦੇ ਦੀ ਜ਼ਿੰਮੇਵਾਰੀ ਹੈ ਕਿ ਇਸ ਮੌਕੇ ਸੰਵਾਦ ਦੀ ਸੰਜੀਦਗੀ ਵਿਚ ਵਾਧਾ ਕਰੇ ਤੇ ਮਸਲੇ ਦੀਆਂ ਰਮਜ਼ਾਂ ਫਰੋਲੇ। ਇਸ ਮੌਕੇ ਸੜਕਾਂ ਉੱਤੇ ਉਤਰੇ ਲੋਕਾਂ ਵਿਚੋਂ ਬਹੁਤ ਸਾਰੇ ਹੋਣਗੇ ਜੋ ਪਹਿਲਾਂ ਵਰਗੇ ਕਦੇ ਨਹੀਂ ਹੋ ਸਕਣਗੇ। ਜੋ ਪਹਿਲਾਂ ਵਰਗੇ ਨਹੀਂ ਹੋ ਸਕਣਗੇ, ਉਨ੍ਹਾਂ ਵਿਚੋਂ ਕੁਝ ਨਿਰਾਸ਼ ਹੋ ਕੇ ਪਰਤਣਗੇ ਤੇ ਕੁਝ ਬਿਹਤਰ ਮਨੁੱਖ ਹੋਣ ਦੇ ਨਾਲ-ਨਾਲ ਚੰਗਾ ਸਮਾਜ ਸਿਰਜਣ ਦੇ ਰਾਹ ਪੈ ਸਕਦੇ ਹਨ।

ਇੱਕ ਦਲੀਲ ਇਹ ਵੀ ਵਾਰ-ਵਾਰ ਦਿੱਤੀ ਗਈ ਕਿ ਜੋ ਹੁਣ ਬੋਲੇ ਹਨ, ਉਹ ਪਹਿਲਾਂ ਕਿੱਥੇ ਸਨ? ਉਹ ਦੂਜੀਆਂ ਥਾਵਾਂ ਸੋਨੀ ਸੋਰੀ ਤੋਂ ਮਨੋਰਮਾ ਤੱਕ ਦੀ ਵਾਰੀ ਕਿਉਂ ਚੁੱਪ ਸਨ? ਉਹ 1984, 1992, 2002 ਅਤੇ 2008 ਦੇ ਫਿਰਕੂ ਕਤਲੇਆਮ ਮੌਕੇ ਕਿਉਂ ਚੁੱਪ ਰਹੇ ਸਨ? ਇਨ੍ਹਾਂ ਦਲੀਲਾਂ ਦੀ ਅਹਿਮੀਅਤ ਬਹੁਤ ਜ਼ਿਆਦਾ ਹੈ। ਇਸ ਵਿਚੋਂ ਦੋ ਨੁਕਤੇ ਸਮਝਣੇ ਜ਼ਰੂਰੀ ਹਨ। ਪਹਿਲਾਂ ਉਨ੍ਹਾਂ ਬਾਬਤ ਹੈ ਜੋ ਆਪਣੇ-ਆਪ ਨੂੰ ਗ਼ੈਰ-ਸਿਆਸੀ ਮੰਨਦੇ ਹਨ ਤੇ ਇਸ ਮੌਕੇ ਸੜਕਾਂ ਉੱਤੇ ਉਤਰ ਆਏ ਹਨ। ਇਹ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਅਜਿਹੀ ਪੀੜ ਦਾ ਅਹਿਸਾਸ ਪਹਿਲੀ ਵਾਰ ਹੋਇਆ ਹੋਵੇ। ਕੀ ਇਸ ਅਹਿਸਾਸ ਦਾ ਕਾਰਨ ਪੀੜਤ ਦਾ ਉਨ੍ਹਾਂ ਦੇ ਆਪਣੇ ਤਬਕੇ ਵਿਚੋਂ ਹੋਣ ਕਾਰਨ ਹੋਇਆ ਹੈ? ਇਸ ਤਬਕੇ ਨਾਲ ਸੰਵਾਦ ਕਰਨਾ ਦਾ ਮੌਕਾ ਹੈ। ਜਦੋਂ ਅਸੀਂ ਇੱਕੋ ਜਿਹੀਆਂ ਘਟਨਾਵਾਂ ਵਿਚੋਂ ਚੋਣ ਕਰਦੇ ਹਾਂ ਕਿ ਕਿਸ ਨੂੰ ਹੁੰਗਾਰਾ ਭਰਨਾ ਹੈ ਤੇ ਕਦੋਂ ਚੁੱਪ ਵੱਟਣੀ ਹੈ ਤਾਂ ਇਹ ਸਾਡੀ ਸੁਚੇਤ ਨਹੀਂ, ਅਚੇਤ ਪਰ ਸਿਆਸੀ ਚੋਣ ਹੁੰਦੀ ਹੈ। ਹੁਣ ਜਦੋਂ ਸੰਵਾਦ ਦਾ ਪਿੜ ਬੱਝਿਆ ਹੈ ਤਾਂ ਇਸ ਮੌਕੇ ਬਲਾਤਕਾਰੀ ਨੂੰ ਹਥਿਆਰ ਵਜੋਂ ਵਰਤਦੀ ਪੁਲਿਸ ਤੇ ਫ਼ੌਜ ਜਾਂ ਸਿਆਸੀ ਸਰਪ੍ਰਸਤੀ ਹੇਠ ਪਲਦੇ ਫਿਰਕੂ ਜਨੂੰਨੀ ਜਾਂ ਗੁੰਡੇ ਇਸ ਮਰਦਾਵੇਂ ਦਾਬੇ ਦੀਆਂ ਕੜੀਆਂ ਜੋੜ ਕੇ ਲੜੀ ਨੂੰ ਬੇਪਰਦ ਕਰ ਸਕਦੇ ਹਨ। ਜੋ ਕੱਲ੍ਹ ਚੁੱਪ ਸੀ ਤੇ ਅੱਜ ਬੋਲਿਆ ਹੈ, ਉਸ ਦੇ ਭਲਕੇ ਬੋਲਣ ਦੀ ਸੰਭਾਵਨਾ ਹੈ। ਅੱਜ ਤੇ ਭਲਕ ਦੇ ਵਿਚਕਾਰ ਉਸ ਦੀ ਸੰਵੇਦਨਾ ਦਲੀਲ ਦੀ ਸਾਣ ਉੱਤੇ ਚੜ੍ਹ ਕੇ ਸਿਦਕਦਿਲੀ ਤੱਕ ਦਾ ਸਫ਼ਰ ਤੈਅ ਕਰ ਸਕਦੀ ਹੈ।

ਇਸ ਮੌਕੇ ਉਸ ਦੀ ਬੇਨਾਮੀ ਦੀ ਅਹਿਮੀਅਤ ਸਮਝ ਆਉਂਦੀ ਹੈ ਤਾਂ ਉਹ 1947, 1984, 1992 ਜਾਂ 2002 ਵਿਚ ਧਰਮ ਦੇ ਨਾਮ ਉੱਤੇ ਬਲਾਤਕਾਰ ਦਾ ਸ਼ਿਕਾਰ ਹੋਈਆਂ ਬੀਬੀਆਂ ਵਿਚੋਂ ਇੱਕ ਜਾਪਦੀ ਹੈ। ਅਸੀਂ ਉਸ ਵਿਚੋਂ ਕਸ਼ਮੀਰ ਦੀਆਂ ਬੀਬੀਆਂ ਜਾਂ ਨਾਗਾਲੈਂਡ ਦੀ ਮਨੋਰਮਾ ਨੂੰ ਵੀ ਲੱਭ ਸਕਦੇ ਹਾਂ। ਇਹ ਸਾਡੀ ਆਪਣੀ ਕਿਰਨਜੀਤ ਦਾ ਕੋਈ ਰੂਪ ਵੀ ਹੋ ਸਕਦੀ ਹੈ। ਇਸ ਵਿਚੋਂ ਜਾਪਾਨੀ ਫ਼ੌਜ ਹੱਥੋਂ ਜ਼ੁਲਮ ਦਾ ਸ਼ਿਕਾਰ ਹੋਈਆਂ ਕੋਰੀਆਈ ਬੀਬੀਆਂ ਵੀ ਤਾਂ ਦਿਸਦੀਆਂ ਹਨ ਜੋ ਹੁਣ ਵੀ ਜਾਪਨੀ ਸਫ਼ਾਰਤਖ਼ਾਨੇ ਮੂਹਰੇ ਮੁਜ਼ਾਹਰੇ ਕਰਦੀਆਂ ਹਨ। ਅਮਰੀਕੀਆਂ ਦੀ ਹਵਸ ਦਾ ਸ਼ਿਕਾਰ ਹੋਈਆਂ ਅਫ਼ਗ਼ਾਨ ਤੇ ਇਰਾਕੀ ਬੀਬੀਆਂ ਵੀ ਤਾਂ ਉਸ ਦੀਆਂ ਹਮਨਾਮ ਹਨ। ਸਾਡੇ ਲਈ ਤਾਂ ਸਵਾਲ ਇਹੋ ਹੈ ਕਿ ਇਤਿਹਾਸ ਵਿਚੋਂ ਤੁਰੀ ਆਉਂਦੀ ਇਸ ਲੜੀ ਨੂੰ ਭਵਿੱਖ ਵਿਚ ਪਸਰਨ ਤੋਂ ਕਿਵੇਂ ਰੋਕਣਾ ਹੈ। ਬਿਹਤਰ ਮਨੁੱਖ ਕਿਵੇਂ ਬਣਨਾ ਹੈ?

ਇਸ ਮਾਮਲੇ 'ਤੇ ਮੀਡੀਆ ਦੀ ਕਾਰਗੁਜ਼ਾਰੀ ਉੱਤੇ ਕਈ ਸਵਾਲ ਹੋਏ ਹਨ। ਬਤੌਰ ਮੀਡੀਆ ਕਰਮੀ ਮੈਂ ਵੀ ਇਨ੍ਹਾਂ ਸਵਾਲਾਂ ਨਾਲ ਦੋ-ਚਾਰ ਹੋਇਆ ਹਾਂ। ਆਪਣੇ ਕੰਮ ਦੀ ਪੜਚੋਲ ਕਰਨ ਦਾ ਉਪਰਾਲਾ ਵੀ ਕੀਤਾ ਹੈ, ਦੂਜਿਆਂ ਤੋਂ ਵੀ ਪੁੱਛਿਆ ਹੈ। ਜਦੋਂ ਸਰਕਾਰਾਂ ਸੰਜੀਦਾ ਖੋਜਾਂ ਅਤੇ ਸਮਾਜਕ ਰੁਝਾਨ (ਵਿਗਾੜ ਤੇ ਨਿਘਾਰ) ਦਾ ਦੱਸ ਪਾਉਂਦੇ ਲੇਖਾਂ ਨੂੰ ਨਜ਼ਰਅੰਦਾਜ਼ ਕਰਦੀਆਂ ਹਨ ਤਾਂ ਘਟਨਾਵਾਂ ਦੇ ਹਵਾਲੇ ਨਾਲ ਹੀ ਸਹੀ, ਘੱਟੋ-ਘੱਟ ਗੱਲ ਤਾਂ ਹੁੰਦੀ ਹੈ। ਬਹੁਤ ਸ਼ਰਮ ਆਈ ਜਦੋਂ ਮੇਰੇ ਸਹਿਕਰਮੀ ਉਸ ਦੀ ਐਂਬੂਲੈਂਸ ਪਿੱਛੇ ਭੱਜੇ। ਉਧਰ, ਸਰਕਾਰ ਔਖੀ ਹੋਈ ਪਰ ਮੀਡੀਆ ਨੇ ਪ੍ਰਦਰਸ਼ਨਕਾਰੀਆਂ ਨੂੰ ਨਾ ਸਿਰਫ਼ ਦਿਖਾਇਆ ਬਲਕਿ ਲਗਾਤਾਰ ਚਰਚਾ ਵੀ ਕੀਤੀ। ਹੁਣ ਸਰਕਾਰ ਦੀ ਇਸੇ ਔਖ ਦੀ ਹਾਮੀ ਭਰਦੇ 'ਵਿਦਵਾਨ' ਆਪਣਾ ਪੱਖ ਵਿਚਾਰਨ ਕਿ ਉਹ ਕਿਸ ਦੇ ਨਾਲ ਹਨ? ਸਾਡੇ ਕੋਲ ਕੋਈ ਮੰਤਰ ਨਹੀਂ ਕਿ ਮੀਡੀਆ ਕਿਵੇਂ ਅਜਿਹੇ ਮੌਕੇ ਕੰਮ ਕਰੇ, ਪਰ ਸਰਕਾਰ ਦੀ ਔਖ ਕਾਰਨ ਤਾਂ ਚੁੱਪ ਨਹੀਂ ਕੀਤਾ ਜਾ ਸਕਦਾ! ਦਿੱਲੀ ਮੌਕੇ ਕੇਂਦਰ ਸਰਕਾਰ ਔਖੀ ਹੁੰਦੀ ਹੈ ਤੇ ਅੰਮ੍ਰਿਤਸਰ ਮੌਕੇ ਪੰਜਾਬ ਸਰਕਾਰ ਪੱਖਪਾਤੀ ਕਰਾਰ ਦਿੰਦੀ ਹੈ। ਪਤਾ ਹੈ, ਕਿ ਸਰਕਾਰ ਦਾ ਲੋਕ ਸੰਪਰਕ ਮਹਿਕਮਾ ਆਪਣੇ ਪ੍ਰਬੰਧਕੀ ਹੁਨਰ ਨਾਲ ਦਖ਼ਲਅੰਦਾਜ਼ੀ ਕਰ ਰਿਹਾ ਹੈ ਤੇ ਚੋਖਾ ਕਾਮਯਾਬ ਵੀ ਹੈ। ਇਸ ਮਾਹੌਲ ਵਿਚ ਇਹ ਮਹਿਕਮਾ ਵੀ ਹੂੰਝਾ ਨਹੀਂ ਫੇਰ ਸਕਿਆ। ਜ਼ਾਹਿਰ ਹੈ ਕਿ ਜਿਉਂਦੇ ਹੋਣ ਦਾ ਅਹਿਸਾਸ ਤਾਂ ਹੈ, ਭਾਵੇਂ ਜਿਉਂਦੇ ਰਹਿਣ ਲਈ ਹਰ ਸਾਹ ਲੜਾਈ ਹੋ ਰਹੀ ਹੈ।




*ਸਿਓਲ 'ਚ ਜਪਾਨੀ ਸਫਾਰਤਖਾਨੇ ਦੇ ਐਨ ਸਾਹਮਣੇ ਲੱਗਾ 'ਕੰਫਰਟ ਵਿਮੈਨ' ਦਾ ਬੁੱਤ। ਜਪਾਨੀ ਫੌਜੀਆਂ ਨੇ ਕੋਰੀਆਈ ਔਰਤਾਂ ਨੂੰ ਵੇਸਵਾਵਾਂ ਬਣਨ ਲਈ ਮਜਬੂਰ ਕਰ ਦਿੱਤਾ ਸੀ। ਇਹ ਔਰਤਾਂ ਹੁਣ ਵੀ ਜਪਾਨੀ ਸਫਾਰਤਖਾਨੇ ਅੱਗੇ ਰੋਸ ਵਿਖਾਵੇ ਕਰਦੀਆਂ ਹਨ।*

ਇਸ ਮੁਹਿੰਮ ਵਿਚ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਤੇ ਫ਼ਾਂਸੀ ਦੀ ਮੰਗ ਲਗਾਤਾਰ ਉੱਠਦੀ ਰਹੀ। ਇਸ ਦਲੀਲ ਦਾ 'ਮੌਤ ਦੀ ਸਜ਼ਾ' ਖ਼ਿਲਾਫ਼ ਚੱਲਦੀ ਆਲਮੀ ਮੁਹਿੰਮ ਨਾਲ ਟਾਕਰਾ ਦਿੱਲੀ ਦੀਆਂ ਸੜਕਾਂ ਉੱਤੇ ਹੋਇਆ। ਬਹੁਤ ਸਾਰੀਆਂ ਔਰਤ ਜਥੇਬੰਦੀਆਂ ਬੀਬੀਆਂ ਦੇ ਹਕੂਕ ਲਈ ਜੂਝਦੀਆਂ ਹਨ ਤੇ ਨਾਲੋ-ਨਾਲ ਉਹ 'ਮੌਤ ਦੀ ਸਜ਼ਾ' ਦੇ ਵੀ ਖ਼ਿਲਾਫ਼ ਹਨ। 'ਮੌਤ ਦੀ ਸਜ਼ਾ' ਦੇ ਖ਼ਿਲਾਫ਼ ਦਲੀਲਾਂ ਵਿਚ ਇੱਕ ਦਲੀਲ ਇਹ ਹੈ ਕਿ ਰਾਜ ਪ੍ਰਬੰਧ ਨੂੰ ਕਤਲ ਕਰਨ ਦਾ ਕਾਨੂੰਨੀ ਹੱਕ ਨਹੀਂ ਹੋਣਾ ਚਾਹੀਦਾ ਤੇ ਇਹ ਅਕਸਰ ਆਵਾਮ ਖ਼ਿਲਾਫ਼ ਜ਼ਿਆਦਾ ਵਰਤਿਆ ਜਾਂਦਾ ਹੈ। ਦਿੱਲੀ ਦੀਆਂ ਸੜਕਾਂ ਉੱਤੇ ਫਾਂਸੀ ਦੀ ਸਜ਼ਾ ਮੰਗਣ ਲਈ ਆਏ ਕਈ ਬੰਦਿਆਂ ਨੇ ਇਨ੍ਹਾਂ ਬੀਬੀਆਂ ਦੀ ਦਲੀਲ ਦਾ ਅਸਰ ਕਬੂਲ ਕਰ ਕੇ ਆਪਣੀ ਸਮਝ ਨੂੰ ਦਰੁਸਤ ਕਰਨ ਦਾ ਮੌਕਾ ਨਹੀਂ ਖੁੰਝਾਇਆ। ਸਖ਼ਤ ਸਜ਼ਾਵਾਂ ਤੇ ਫ਼ਾਂਸੀ ਦੀ ਸਜ਼ਾ ਦੀ ਮੰਗ ਰਵਾਇਤੀ ਮਰਦਾਵੀਂ ਹੈਂਕੜ ਜਾਂ ਪਸ਼ੂਬਲ ਦੇ ਇਸਤੇਮਾਲ ਦੀ ਧਾਰਨਾ ਨਾਲ ਜੁੜੀ ਹੋਈ ਹੈ। ਸਿਆਸੀ ਪਾਰਟੀਆਂ ਸਾਰੇ ਮੁੱਦੇ ਦਾ ਹੱਲ ਸਖ਼ਤ ਸਜ਼ਾਵਾਂ ਤੇ ਕਾਨੂੰਨਾਂ ਤੱਕ ਮਹਿਦੂਦ ਕਰਦੀਆਂ ਹਨ। ਭਾਜਪਾ ਬਲਾਤਕਾਰੀਆਂ ਲਈ ਫ਼ਾਂਸੀ ਦੀ ਸਜ਼ਾ ਦੀ ਮੰਗ ਕਰ ਰਹੀ ਹੈ। ਕਾਂਗਰਸ ਦੱਬੀ ਸੁਰ ਵਿਚ ਬਲਾਤਕਾਰੀਆਂ ਨੂੰ ਰਸਾਇਣਕ ਢੰਗ ਨਾਲ ਖੱਸੀ ਕਰਨ ਦੀ ਵਕਾਲਤ ਕਰ ਰਹੀ ਹੈ। ਇਸੇ ਢੰਗ ਦੀ ਮੰਗ ਜੈਲਲਿਤਾ ਨੇ ਕਰ ਦਿੱਤੀ ਹੈ। ਸਵਾਲ ਇਹ ਹੈ ਕਿ ਮੌਜੂਦਾ ਕਾਨੂੰਨ ਤੇ ਨਿਆਂ ਪ੍ਰਬੰਧ ਵਿਚ ਅਦਾਲਤ ਤੱਕ ਪੁੱਜੇ ਇੱਕ ਚੌਥਾਈ ਦੋਸ਼ੀਆਂ ਨੂੰ ਹੀ ਸਜ਼ਾ ਮਿਲਦੀ ਹੈ। ਚਾਰ ਦਹਾਕੇ ਪਹਿਲਾਂ ਹਰ ਦੂਜੇ ਦੋਸ਼ੀ ਨੂੰ ਸਜ਼ਾ ਮਿਲ ਰਹੀ ਸੀ। ਪੁਖ਼ਤਾ ਢੰਗ ਨਾਲ ਜਾਂਚ ਕਰ ਕੇ ਸਮਾਂਬੱਧ ਅਦਾਲਤੀ ਕਾਰਵਾਈ ਬਿਹਤਰ ਇਨਸਾਫ਼ ਯਕੀਨੀ ਬਣ ਸਕਦਾ ਹੈ ਪਰ ਕੋਈ ਸਿਆਸੀ ਪਾਰਟੀ ਇਸ ਪੱਖ ਵਿਚ ਦਿਲਚਸਪੀ ਨਹੀਂ ਰੱਖਦੀ। ਸਾਰੀਆਂ ਪਾਰਟੀਆਂ ਅਜਿਹੇ ਉਮੀਦਵਾਰਾਂ ਨੂੰ ਚੋਣ ਮੈਦਾਨ ਵਿਚ ਉਤਾਰਦੀਆਂ ਹਨ ਜੋ ਇਸੇ ਪੱਖੋਂ ਦਾਗ਼ੀ ਹਨ। ਜੇ ਸਿਆਸੀ ਪਾਰਟੀਆਂ ਸੰਜੀਦਾ ਹੋਣ ਤਾਂ ਉਨ੍ਹਾਂ ਦੀ ਸਿਆਸਤ ਵਿਚ ਔਰਤਾਂ ਦੇ ਮਸਲਿਆਂ ਨੂੰ ਤਰਜੀਹ ਮਿਲਣੀ ਚਾਹੀਦੀ ਹੈ। ਇਸ ਵੇਲੇ ਉਹ ਉਲਾਰ ਬਿਆਨਬਾਜ਼ੀ ਦਾ ਮੁਕਾਬਲਾ ਕਰ ਰਹੀਆਂ ਹਨ।

ਕੁਝ ਤਬਕਿਆਂ ਨੇ ਦਲੀਲ ਦਿੱਤੀ ਹੈ ਕਿ ਔਰਤਾਂ ਉੱਤੇ ਮਰਦਾਵੇਂ ਦਾਬੇ ਨੂੰ ਮੌਜੂਦਾ ਪ੍ਰਬੰਧ ਵਿਚ ਨਹੀਂ ਤੋੜਿਆ ਜਾ ਸਕਦਾ। ਇਸ ਦਲੀਲ ਵਿਚ ਬਹੁਤ ਵਜ਼ਨ ਹੈ ਕਿਉਂਕਿ ਸਿਆਸੀ ਸਰਪ੍ਰਸਤੀ ਤੇ ਘੇਸਲ ਨਾਲ ਇਹ ਰੁਝਾਨ ਬਾਦਸਤੂਰ ਜਾਰੀ ਹੈ। ਸਿਆਸਤਦਾਨ ਸਭ ਕੁਝ ਕਰ ਰਹੇ ਹਨ ਤਾਂ ਇਸ ਦਾ ਮਤਲਬ ਇਹ ਤਾਂ ਨਹੀਂ ਕਿ ਸਮਾਜ ਵਿਚ ਇਹ 'ਖੁੱਲ੍ਹਾਂ' ਜਾਇਜ਼ ਕਰਾਰ ਦੇ ਦਿੱਤੀਆਂ ਜਾਣ। ਸਰਕਾਰਾਂ ਖ਼ਿਲਾਫ਼ ਅਤੇ ਗੁੰਡਿਆਂ ਖ਼ਿਲਾਫ਼ ਤਾਂ ਹਰ ਹੀਲੇ, ਹਰ ਤਰ੍ਹਾਂ ਤੇ ਹਰ ਵੇਲੇ ਲੜਨਾ ਹੀ ਚਾਹੀਦਾ ਹੈ ਪਰ ਨਾਲੋ-ਨਾਲ ਆਪਣੇ ਆਪ ਨੂੰ 'ਸਰਕਾਰੀ' ਬੰਦੇ ਤੋਂ ਬਿਹਤਰ ਵੀ ਬਣਾਉਣਾ ਚਾਹੀਦਾ ਹੈ। ਇਹ ਸਵਾਲ ਸਾਨੂੰ ਇਕਾਈਆਂ ਵਜੋਂ ਵੀ ਪੁੱਛਣਾ ਚਾਹੀਦਾ ਹੈ ਤੇ ਅਦਾਰਿਆਂ ਵਜੋਂ ਵੀ। ਹਰ ਹਾਲਾਤ ਵਿਚ ਤਮਾਮ ਪਾਬੰਦੀਆਂ ਦੇ ਬਾਵਜੂਦ ਕੁਝ ਵਿੱਥ ਹੁੰਦੀ ਹੈ ਜਿਸ ਵਿਚੋਂ ਬੰਦਿਆਈ ਸਾਹ ਲੈਂਦੀ ਹੈ। ਜਾਗਰੂਕ ਬੰਦੇ ਦਾ ਫ਼ਰਜ਼ ਬਣਦਾ ਹੈ ਕਿ ਇਸ ਥਾਂ ਦਾ ਪਸਾਰਾ ਕਰਨ ਲਈ ਤਰੱਦਦ ਕਰੇ। ਜਾਗਰੂਕ ਤੇ ਚੇਤਨ ਬੰਦੇ ਦੀ ਕਿਸੇ ਸੱਤਾ ਨੇ ਬਾਂਹ ਨਹੀਂ ਫੜੀ ਹੋਈ ਕਿ ਉਹ ਬਿਹਤਰ ਮਨੁੱਖ ਹੋਣ ਤੋਂ ਮੁਨਕਰ ਹੋ ਜਾਵੇ। ਬਹੁਤ ਕੁਝ ਸਰਕਾਰਾਂ ਹੱਥ ਹੁੰਦਾ ਹੈ ਪਰ ਬੰਦਾ ਆਪਣੀ ਚੰਗਿਆਈ ਤੋਂ ਖਹਿੜਾ ਛੁਡਾਉਣ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਸਿਰ ਨਹੀਂ ਪਾ ਸਕਦਾ। ਸਮਾਜ ਦੀਆਂ ਬਾਕੀ ਇਕਾਈਆਂ ਅਤੇ ਅਦਾਰੇ ਕਿੱਥੇ ਹਨ? ਉਨ੍ਹਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਬਣਦੀ? ਜਿਨ੍ਹਾਂ ਨੇ ਚੰਗਾ ਸਮਾਜ ਸਿਰਜਣਾ ਹੈ ਜਾਂ ਬਿਹਤਰ ਸੱਤਾ ਸਿਰਜਣੀ ਹੈ, ਉਨ੍ਹਾਂ ਨੂੰ ਮੌਜੂਦਾ ਪ੍ਰਬੰਧ ਨੂੰ ਚੰਗਿਆਈ ਵਿਚ ਵੀ ਮਾਤ ਦੇਣੀ ਹੋਵੇਗੀ। ਕੁਝ ਦਿਨਾਂ ਬਾਅਦ ਇਹ ਮਸਲਾ ਪੁਰਾਣਾ ਪੈ ਜਾਵੇਗਾ। ਉਸ ਵੇਲੇ ਮੁੜ ਕੇ ਆਵਾਜ਼ਾਂ ਆਉਣਗੀਆਂ ਕਿ ਕੁਝ ਨਹੀਂ ਹੋ ਸਕਦਾ। ਜਿਨ੍ਹਾਂ ਦੇ ਅੰਦਰੋਂ ਉਸ ਬੇਨਾਮ ਦੇ ਨਾਲ ਕੁਝ ਖੁਰ ਗਿਆ ਹੈ, ਉਨ੍ਹਾਂ ਨੂੰ ਇਸ ਅਹਿਸਾਸ ਦੀ ਕਦਰ ਕਰਨੀ ਹੋਵੇਗੀ। ਇਸ ਨਾਲ ਵਕਤੀ ਉਬਾਲ ਚਿਰਕਾਲੀ ਸੂਹਜ ਦਾ ਰੂਪ ਧਾਰੇਗਾ ਤੇ ਅਸੀਂ ਬਿਹਤਰ ਮਨੁੱਖ ਹੋ ਸਕਾਂਗੇ। ਇਹ ਕਿਹਾ ਜਾ ਸਕਦਾ ਹੈ ਕਿ ਚਿਰਕਾਲੀ ਪ੍ਰਾਪਤੀ ਸ਼ਾਇਦ ਕੁਝ ਨਾ ਹੋਵੇ। ਜਿਨ੍ਹਾਂ ਨੂੰ ਬਿਹਤਰ ਸਮਾਜ ਚਾਹੀਦਾ ਹੈ, ਉਨ੍ਹਾਂ ਨੂੰ ਅਸੰਭਵ ਬਾਰੇ ਸੋਚਣ ਤੋਂ ਅਤੇ ਚਾਰਾਜੋਈ ਤੋਂ ਕੌਣ ਰੋਕ ਸਕਦਾ ਹੈ?

#

# ਬਾਬੇ ਨਾਨਕ ਦੇ ਨਾਂ 'ਤੇ ਕਰਮ ਕਾਂਡ ਦਾ ਬੋਲਬਾਲਾ

## ਨੇਪਾਲ ਵਿਚ ਹੋ ਰਹੀ ਹੈ ਮਰਿਆਦਾ ਭੰਗ

**ਚੰਡੀਗੜ੍ਹ:** ਸ੍ਰੀ ਗੁਰੂ ਨਾਨਕ ਦੇਵ ਦੀਆਂ ਉਦਾਸੀਆਂ ਨਾਲ ਸਬੰਧਤ ਨੇਪਾਲ ਦੇ ਵੱਖ-ਵੱਖ ਮੱਠਾਂ ਵਿਚ ਮੌਜੂਦ ਕਈ ਯਾਦਗਾਰ ਵਸਤਾਂ ਤੇ ਪੁਰਾਤਨ ਹੱਥ ਲਿਖਤ ਬੀੜਾਂ ਪ੍ਰਤੀ ਮਰਿਆਦਾ ਦਾ ਬਿਲਕੁਲ ਖਿਆਲ ਨਹੀਂ ਰੱਖਿਆ ਜਾ ਰਿਹਾ ਤੇ ਵੱਡੇ ਪੱਧਰ 'ਤੇ ਮਨਮਤ ਦਾ ਬੋਲਬਾਲਾ ਹੈ। ਮੱਠਾਂ ਨੂੰ ਚਲਾ ਰਹੇ ਯੋਗੀ ਤੇ ਹੋਰ ਪੁਜਾਰੀ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਕਰਮ ਕਾਂਡ ਕਰਕੇ ਜਿਥੇ ਲੱਖਾਂ ਦੀ ਕਮਾਈ ਕਰ ਰਹੇ ਹਨ, ਉਥੇ ਗੁਰੂ ਨਾਨਕ ਦੇਵ ਦੇ ਨਾਂ 'ਤੇ ਲਾਈ ਸੈਂਕੜੇ ਏਕੜ ਜ਼ਮੀਨ ਨੂੰ ਵੀ ਖੁਰਦ-ਬੁਰਦ ਕਰ ਰਹੇ ਹਨ।

ਇਹ ਖੁਲਾਸਾ ਸਿੰਘ ਸਜ ਚੁੱਕੇ ਨੇਪਾਲੀ ਲੜਕੇ ਸਾਹਿਬ ਸਿੰਘ ਨੇ ਕੀਤਾ ਹੈ। ਉਸ ਨੇ ਵੱਖ-ਵੱਖ ਮੱਠਾਂ ਬਾਰੇ ਦੱਸਦੇ ਹੋਏ ਵੀਡੀਓ ਕਲਿੱਪ ਵੀ ਦਿਖਾਏ। ਖਡੂਰ ਸਾਹਿਬ ਵਿਖੇ ਕਾਰ ਸੇਵਾ ਵਾਲੇ ਬਾਬਾ ਸੇਵਾ ਸਿੰਘ ਨਾਲ ਜੁੜ ਕੇ ਸਿੱਖ ਧਰਮ ਵਿਚ ਆਏ ਸਾਹਿਬ ਸਿੰਘ ਨੇ ਦੱਸਿਆ ਕਿ ਉਹ ਪਿੰਡ ਬਲਾਰਾ ਜ਼ਿਲ੍ਹਾ ਸਰਲਾਹੀ ਨੇਪਾਲ ਦਾ ਰਹਿਣ ਵਾਲਾ ਹੈ ਤੇ ਉਸ ਦੇ ਪਿਤਾ ਲਕਸ਼ਮੀ ਸਾਹਨੀ ਤੇ ਮਾਤਾ ਰਾਮਪਰੀ ਸਾਹਨੀ ਸਮੇਤ ਉਸ ਦੇ ਦੋ ਵੱਡੇ ਭਰਾ ਤੇ ਤਿੰਨ ਵੱਡੀਆਂ ਭੈਣਾਂ ਉਥੇ ਹੀ ਰਹਿੰਦੀਆਂ ਹਨ। ਉਹ ਮੈਟ੍ਰਿਕ ਕਰਨ ਉਪਰੰਤ 2008 ਵਿਚ ਪਿੰਡ ਦੇ ਬੰਦਿਆਂ ਨਾਲ ਪੰਜਾਬ ਆਇਆ ਤੇ ਪਹਿਲਾਂ ਲੁਧਿਆਣਾ ਤੇ ਫਿਰ ਜਲੰਧਰ ਰਿਹਾ। ਬਾਬਾ ਸੇਵਾ ਸਿੰਘ ਬਾਰੇ ਸੁਣਿਆ ਤਾਂ ਉਹ ਖਡੂਰ ਸਾਹਿਬ ਆ ਗਿਆ ਤੇ ਇਥੇ ਹੀ ਸੇਵਾ ਕਰਨ ਲੱਗਾ।

ਲੰਘੀ 13 ਦਸੰਬਰ ਨੂੰ ਉਹ ਸਿੰਘ ਸੱਜਣ ਉਪਰੰਤ ਨੇਪਾਲ ਆ ਗਿਆ ਤਾਂ ਉਸ ਦੇ ਮਨ ਅੰਦਰ ਕਾਠਮੰਡੂ ਦੇ ਗੁਰਦੁਆਰੇ ਵੇਖਣ ਦੀ ਇੱਛਾ ਹੋਈ। ਉਥੇ ਦੋ ਸਿੰਘ ਸਭਾ ਦੇ ਗੁਰਦੁਆਰੇ ਹਨ ਤੇ ਨੇਪਾਲੀ ਸਿੱਖ ਕਦੇ ਕਦੇ ਹੀ ਉਥੇ ਜਾਂਦੇ ਹਨ। ਇਨ੍ਹਾਂ ਗੁਰਦੁਆਰਿਆਂ ਵਿਚ ਸਿੱਖ ਗ੍ਰੰਥੀ ਹੀ ਹਨ। ਉਸ ਨੇ ਜਦ ਹੋਰ ਘੋਖ ਕੀਤੀ ਤਾਂ ਪਤਾ ਲੱਗਾ ਕਿ ਨਾਨਕਮੱਠ, ਅਖਾੜਾ ਮੱਠ, ਭੇੜੀਆ ਮੱਠ, ਗਿਆਨੇਸ਼ਵਰ ਮੱਠ, ਭੀਮਨੇਸ਼ਵਰ ਮੱਠ ਵਿਚ ਵੀ ਗੁਰੂ ਗ੍ਰੰਥ ਸਾਹਿਬ ਮੌਜੂਦ ਹਨ।



ਨਾਨਕਮੱਠ ਦਾ ਮੁੱਖ ਦੁਆਰ।

ਦੁਖ ਦੀ ਗੱਲ ਹੈ ਕਿ ਮੱਠਾਂ ਦੇ ਜੋਗੀ ਨਾ ਤਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਹਨ, ਨਾ ਸੁੱਖ ਆਸਣ ਤੇ ਪੂਜਾ ਕਰਦੇ ਸਮੇਂ ਪਾਣੀ ਤੇ ਫੁੱਲ ਆਦਿ ਉਪਰ ਸੁੱਟਦੇ ਰਹਿੰਦੇ ਹਨ। ਕੋਲ ਹੀ ਸ਼ਿਵਲਿੰਗ ਤੇ ਹੋਰ ਮੂਰਤੀਆਂ ਰੱਖੀਆਂ ਹੁੰਦੀਆਂ ਹਨ ਤੇ ਬਗੈਰ ਰੁਮਾਲੇ, ਚੰਦੋਏ ਤੇ ਚੌਰ ਸਾਹਿਬ ਤੋਂ ਰੱਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਉਪਰ ਮੋਮਬੱਤੀਆਂ ਦੀ ਮੋਮ ਤੇ ਹੋਰ ਘੱਟਾ ਮਿੱਟੀ ਪੈਂਦਾ ਹੈ।

ਪਸ਼ੂ ਪਤੀ ਨਾਥ ਮੰਦਰ ਦੇ ਕੋਲ ਸਥਿਤ ਭੀਮਨੇਸ਼ਵਰ ਮੱਠ ਨੇੜੇ ਹਰ ਰੋਜ਼ ਲਾਸ਼ਾਂ ਸਾੜੀਆਂ ਜਾਂਦੀਆਂ ਹਨ ਤੇ ਨੇੜੇ ਹੀ ਗੁਰੂ ਗ੍ਰੰਥ ਸਾਹਿਬ ਨੂੰ ਕਿਤਾਬ ਵਜੋਂ ਰੱਖ ਲਿਆ ਜਾਂਦਾ ਹੈ। ਉਸ ਨੇ ਸਮੂਹ ਸਿੱਖ ਜਥੇਬੰਦੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸੰਸਥਾਵਾਂ ਕੋਲੋਂ ਮੰਗ ਕੀਤੀ ਕਿ ਗੁਰੂ ਨਾਨਕ ਦੇਵ ਨਾਲ ਜੁੜੀਆਂ ਵਸਤਾਂ ਤੇ ਸਥਾਨਾਂ ਦੀ ਸਾਂਭ ਸੰਭਾਲ ਕੀਤੀ ਜਾਵੇ ਤੇ ਗੁਰੂ ਗ੍ਰੰਥ ਸਾਹਿਬ ਦੀ ਹੋ ਰਹੀ ਬੇਅਦਬੀ ਰੋਕੀ ਜਾਵੇ।

# ਚੁਰਾਸੀ ਦੀ ਚੀਸ: ਇਹ ਦਰਦ ਭੁਲਾਇਆਂ ਨਹੀਂ ਭੁੱਲਣੇ

**ਚੰਡੀਗੜ੍ਹ:** ਨਵੰਬਰ 1984 ਦੇ ਸਿੱਖ ਕਤਲੇਆਮ ਜਾਂਚ ਲਈ ਗਠਿਤ ਜਸਟਿਸ ਗਰਗ ਕਮਿਸ਼ਨ ਅੱਗੇ ਪੇਸ਼ ਹੋਈ ਜੀਵਨ ਬਾਈ ਨੇ ਆਪਣਾ ਦੁੱਖ ਫਰੋਲਦੇ ਹੋਏ ਦੱਸਿਆ ਕਿ ਗੁੜਗਾਓਂ ਜ਼ਿਲ੍ਹੇ ਦੇ ਪਿੰਡ ਪਟੌਦੀ ਵਿਚ ਰਹਿੰਦੇ ਉਨ੍ਹਾਂ ਦੇ ਪਰਿਵਾਰ ਦੇ ਚਾਰ ਜੀਆਂ ਨੂੰ ਦਾਤਰੀ ਨਾਲ ਵੱਢ ਦਿੱਤਾ ਗਿਆ ਸੀ ਤੇ ਪਰਿਵਾਰ ਵਿਚੋਂ ਉਹ ਉਹ ਇਕਲੌਤੀ ਮੈਂਬਰ ਬਚੀ ਹੈ। ਉਸ ਨੇ ਕਮਿਸ਼ਨ ਨੂੰ ਦੱਸਿਆ ਕਿ ਦੋ ਨਵੰਬਰ ਦੀ ਸ਼ਾਮ ਨੂੰ ਹਮਲਾਵਰ ਪਟੌਦੀ ਪੁੱਜੇ ਤੇ ਉਨ੍ਹਾਂ ਸਿੱਖ ਪਰਿਵਾਰਾਂ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਦੱਸਿਆ ਕਿ ਹਮਲਾਵਰਾਂ ਨੇ ਉਸ ਦੇ ਪਤੀ ਕਿਸ਼ਨ ਸਿੰਘ, ਤਿੰਨ ਪੁੱਤਰਾਂ ਕਪੂਰ ਸਿੰਘ, ਕੁਲਦੀਪ ਸਿੰਘ ਤੇ ਹਰਭਜਨ ਸਿੰਘ ਨੂੰ ਉਸ ਦੀਆਂ ਅੱਖਾਂ ਸਾਹਮਣੇ ਦਾਤੀਆਂ ਮਾਰ-ਮਾਰ ਕੇ ਕਤਲ ਕਰ ਦਿੱਤਾ।



ਇਕ ਹੋਰ ਪਟੀਸ਼ਨਰ ਮਹਿੰਦਰ ਸਿੰਘ ਦੇ ਦੋਵੇਂ ਪੁੱਤਰ ਵੀ ਮੌਤ ਦੇ ਘਾਟ ਉਤਾਰ ਦਿੱਤੇ ਗਏ ਸਨ। ਉਸ ਨੇ ਘਟਨਾ ਦਾ ਵੇਰਵਾ ਦਿੰਦਿਆਂ ਦੱਸਿਆ ਕਿ ਉਸ ਨੇ ਹਮਲਾਵਰਾਂ ਅੱਗੇ ਆਪਣੇ ਪੁੱਤਰਾਂ ਦੇ ਬੇਕਸੂਰ ਹੋਣ ਦੇ ਤਰਲੇ ਪਾਏ ਪਰ ਉਨ੍ਹਾਂ ਰਹਿਮ ਨਾ ਕੀਤਾ। ਉਸ ਦਾ ਕਹਿਣਾ ਸੀ ਕਿ ਹਮਲਾਵਰ ਉਸ ਨੂੰ ਅਧਮੋਇਆ ਕਰਕੇ ਸੁੱਟ ਗਏ ਪਰ ਉਹ ਬਚ ਗਿਆ। ਦੋ ਪੁੱਤਰਾਂ ਦੀ ਅੱਖਾਂ ਸਾਹਮਣੇ ਹੋਈ ਮੌਤ ਤੋਂ ਬਾਅਦ ਉਸ ਨੂੰ ਜੀਣਾ ਨਰਕ ਲੱਗ ਰਿਹਾ ਹੈ। ਇਕ ਹੋਰ ਪੀੜਤ ਸ਼ਾਂਤੀ ਦੇਵੀ ਨੇ ਦੱਸਿਆ ਕਿ ਉਸ ਦੇ ਪਰਿਵਾਰ ਦੇ ਤਿੰਨ ਜੀਆਂ ਨੂੰ ਜਿਉਂਦੇ ਜੀਅ ਸਾੜ ਦਿੱਤਾ ਗਿਆ ਸੀ। ਮਰਨ ਵਾਲਿਆਂ ਵਿਚ ਉਸ ਦੇ ਪਰਿਵਾਰ ਦੇ ਮੈਂਬਰ ਸੁਰਜੀਤ ਸਿੰਘ, ਮਹਿੰਦਰ ਸਿੰਘ ਅਤੇ ਗੁਰਮੁੱਖ ਸਿੰਘ ਸ਼ਾਮਲ ਸਨ। ਪਟੌਦੀ ਦੇ ਗੁਰਜੀਤ ਸਿੰਘ ਨੇ ਜਸਟਿਸ ਗਰਗ ਨੂੰ ਕਤਲੇਆਮ ਦਾ ਅੱਖੀਂ ਡਿੱਠਾ ਹਾਲ ਸੁਣਾਉਂਦਿਆਂ ਦੱਸਿਆ ਕਿ ਉਹ ਉਸ ਵੇਲੇ ਤੇਰਾਂ ਸਾਲਾਂ ਦਾ ਸੀ ਤੇ ਉਸ ਨੇ ਆਪਣੀ ਜਾਨ ਇਕ ਸਰਕਾਰੀ ਤੰਬੂ ਵਿਚ ਸ਼ਰਨ ਲੈ ਕੇ ਬਚਾਈ ਸੀ। ਉਦੋਂ ਹਾਲਾਤ ਇਹ ਸਨ ਕਿ ਨਾ ਕੋਈ ਚੀਕ ਚਿਹਾੜਾ ਸੁਣਨ ਵਾਲਾ ਸੀ ਤੇ ਨਾ ਹੀ ਕਿਸੇ ਨੇ ਮਦਦ ਦੀ ਲੋੜ ਸਮਝੀ ਸੀ। ਇਥੋਂ ਤੱਕ ਕਿ ਪੁਲਿਸ ਕੇਸ ਦਰਜ ਕਰਨ ਤੋਂ ਵੀ ਇਨਕਾਰੀ ਸੀ। ਜ਼ਿਕਰਯੋਗ ਹੈ ਕਿ ਹਰਿਆਣਾ ਸਰਕਾਰ ਵੱਲੋਂ ਹੋਦ ਚਿੱਲੜ ਕਤਲੇਆਮ ਦੀ ਜਾਂਚ ਲਈ ਜਸਟਿਸ ਟੀ. ਪੀ ਗਰਗ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ। ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ 'ਤੇ ਬਾਅਦ ਵਿਚ ਪਟੌਦੀ ਤੇ ਗੁੜਗਾਓਂ ਨੂੰ ਵੀ ਸ਼ਾਮਲ ਕਰ ਦਿੱਤਾ ਗਿਆ ਹੈ।ਹੋਦ ਚਿੱਲੜ ਕੇਸ ਦੀ ਸੁਣਵਾਈ ਲਈ ਕਈ ਤਾਰੀਖਾਂ ਪੈ ਚੁੱਕੀਆਂ ਹਨ।ਕਮਿਸ਼ਨ ਨੇ ਕੇਸ ਦੀ ਅਗਲੀ ਸੁਣਵਾਈ 22 ਜਨਵਰੀ ਲਈ ਤੈਅ ਕਰ ਦਿੱਤੀ ਹੈ।

# ਸਿੱਖ ਕੈਦੀਆਂ ਨੂੰ ਬਚਾਉਣ ਵਾਲੇ ਜਸਟਿਸ ਚੀਮਾ ਦਾ ਸਨਮਾਨ

**ਚੰਡੀਗੜ੍ਹ:** ਮਨੁੱਖੀ ਅਧਿਕਾਰ ਜਥੇਬੰਦੀਆਂ ਵੱਲੋਂ ਨਾਭਾ ਜੇਲ੍ਹ ਵਿਚ ਨਜ਼ਰਬੰਦ ਸਾਕਾ ਨੀਲਾ ਤਾਰਾ ਦੇ ਕੈਦੀਆਂ ਨੂੰ ਲੱਧਾ-ਕੋਠੀ ਵਿਚਲੇ ਪੁਲਿਸ ਤਸ਼ੱਦਦ ਤੋਂ ਬਚਾਉਣ ਵਾਲੇ ਸਾਬਕਾ ਜਸਟਿਸ ਟੀ.ਐਸ ਚੀਮਾ ਦਾ ਸਨਮਾਨ ਕੀਤਾ ਗਿਆ। ਜਸਟਿਸ ਚੀਮਾ ਇਸ ਵੇਲੇ 80 ਵਰ੍ਹਿਆਂ ਦੇ ਹਨ ਤੇ ਬਿਰਧ ਅਵਸਥਾ ਦੌਰਾਨ ਹੋਣ ਵਾਲੀਆਂ ਸਰੀਰਕ ਸਮੱਸਿਆਵਾਂ ਨਾਲ ਜੂਝ ਰਹੇ ਹਨ।

ਸੰਗਠਨ ਦੇ ਪ੍ਰਧਾਨ ਜਸਟਿਸ ਅਜੀਤ ਸਿੰਘ ਬੈਂਸ ਤੇ ਸਰਕਾਰੀ ਜਬਰ ਵਿਰੁੱਧ ਲਹਿਰ ਦੇ ਬੁੱਧੀਜੀਵੀ ਆਗੂ ਚੰਡੀਗੜ੍ਹ ਦੇ ਸੈਕਟਰ 36 ਵਿਚ ਜਸਟਿਸ ਚੀਮਾ ਦੀ ਰਿਹਾਇਸ਼ ਵਿਖੇ ਪਹੁੰਚੇ ਤੇ ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਦੀ ਮੌਜੂਦਗੀ ਵਿਚ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤਾ।

ਜ਼ਿਕਰਯੋਗ ਹੈ ਕਿ ਜਸਟਿਸ ਚੀਮਾ 1984 ਦੌਰਾਨ ਪਟਿਆਲਾ ਵਿਖੇ ਜ਼ਿਲ੍ਹਾ ਤੇ ਸੈਸ਼ਨ ਜੱਜ ਹੁੰਦੇ ਹੋਏ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀਆਂ ਹਦਾਇਤਾਂ ਮੁਤਾਬਕ ਉਪ-ਮੰਡਲ ਨਾਭਾ ਕਸਬੇ ਵਿਖੇ ਇਕ ਸੁਰੱਖਿਆ ਵਾਲੀ ਜੇਲ੍ਹ ਦਾ ਦੌਰਾ ਕਰਨ ਗਏ ਸਨ ਜਿਥੇ ਸਾਕਾ ਨੀਲਾ ਤਾਰਾ ਦੇ ਕਈ ਨਜ਼ਰਬੰਦਾਂ ਨੇ ਜਸਟਿਸ ਚੀਮਾ ਨੂੰ ਕਿਹਾ ਸੀ ਕਿ ਉਨ੍ਹਾਂ ਨੂੰ ਬੈਚਾਂ ਵਿਚ ਲੱਧਾ ਕੋਠੀ ਲਿਜਾਇਆ ਜਾਂਦਾ ਹੈ ਤੇ ਤਸ਼ੱਦਦ ਕੀਤਾ ਜਾਂਦਾ ਹੈ।

ਨਜ਼ਰਬੰਦਾਂ ਨੇ ਜਸਟਿਸ ਚੀਮਾ ਨੂੰ ਬੇਨਤੀ ਕੀਤੀ ਸੀ ਕਿ ਉਹ ਉਨ੍ਹਾਂ ਨੂੰ ਛੁਡਾਉਣ ਦਾ ਹੀਲਾ ਕਤਾ ਜਾਵੇ। ਜਸਟਿਸ ਚੀਮਾ ਨੇ ਆਪਣਾ ਮੁਆਇਨਾ ਖ਼ਤਮ ਕਰਕੇ ਇਸ ਬਾਰੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਜਸਟਿਸ ਐਸ.ਐਸ ਸੋਢੀ ਨੂੰ ਦੱਸਿਆ ਅਤੇ ਇਸ ਤਰ੍ਹਾਂ ਸੈਂਕੜੇ ਨਿਰਦੋਸ਼ ਵਿਅਕਤੀਆਂ ਦੀ ਜਾਨ ਬਚ ਗਈ।

# ਦਿੱਲੀ ਗੁਰਦੁਆਰਾ ਕਮੇਟੀ ਦਾ ਚੋਣ ਪਿੜ ਭਖਿਆ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਦੇ ਐਲਾਨ ਪਿੱਛੋਂ ਦੋਵਾਂ ਮੁੱਖ ਵਿਰੋਧੀ ਧਿਰਾਂ ਸ਼੍ਰੋਮਣੀ ਅਕਾਲੀ ਦਲ ਤੇ ਦਿੱਲੀ ਅਕਾਲੀ ਦਲ ਦੇ ਐਲਾਨੇ ਤੇ ਸੰਭਾਵਤ ਉਮੀਦਵਾਰਾਂ ਨੇ ਆਪੋ ਆਪਣੇ ਹਲਕਿਆਂ ਵਿਚ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਨਾਮਜ਼ਦਗੀਆਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਆਪਣੇ 15 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ।

ਦਿੱਲੀ ਕਮੇਟੀ ਤੇ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਦੀ ਜਥੇਬੰਦੀ ਨੇ ਵਧੇਰੇ ਕਰਕੇ ਆਪਣੇ ਮੌਜੂਦਾ ਮੈਂਬਰਾਂ ਨੂੰ ਹੀ ਮੁੜ ਮੈਦਾਨ ਵਿਚ ਉਤਾਰਨ ਦਾ ਫੈਸਲਾ ਕੀਤਾ ਹੈ। ਇਸ ਲਈ ਘੱਟੋ-ਘੱਟ 40 ਮੈਂਬਰਾਂ ਦੇ ਨਾਵਾਂ ਬਾਰੇ ਸਹਿਮਤੀ ਬਣ ਚੁੱਕੀ ਹੈ। ਸਿਰਫ 5-6 ਹਲਕਿਆਂ ਵਿਚ ਵਧੇਰੇ ਇੱਛੁਕ ਉਮੀਦਵਾਰਾਂ ਦੇ ਹੋਣ ਕਾਰਨ ਉਨ੍ਹਾਂ ਹਲਕਿਆਂ ਵਿਚ ਉਮੀਦਵਾਰਾਂ ਦੀ ਚੋਣ ਕਰਨੀ ਬਾਕੀ ਹੈ। ਵਧੇਰੇ ਉਮੀਦਵਾਰਾਂ ਨੇ ਚੋਣ ਪ੍ਰਚਾਰ ਦਾ ਪਹਿਲਾ ਪੜਾਅ ਸ਼ੁਰੂ ਕਰ ਦਿੱਤਾ ਹੈ। ਵੋਟਰ



ਸੂਚੀਆਂ ਨੂੰ ਵੀ ਦੇਖਿਆ ਜਾ ਰਿਹਾ ਹੈ ਤੇ 10 ਜਨਵਰੀ ਤੱਕ ਇਹ ਪੜਾਅ ਮੁਕੰਮਲ ਹੋ ਜਾਵੇਗਾ।

ਦਿੱਲੀ ਅਕਾਲੀ ਦਲ ਵੱਲੋਂ ਚੋਣ ਪ੍ਰਚਾਰ ਲਈ ਸਿਆਸਤਦਾਨਾਂ ਦੀ ਥਾਂ ਇਸ ਵਾਰ ਬੁੱਧੀਜੀਵੀਆਂ ਨੂੰ ਸੱਦਣ ਦੀ ਯੋਜਨਾ ਹੈ। ਇਸ ਬਾਰੇ ਪ੍ਰਧਾਨ ਸਰਨਾ ਦਾ ਕਹਿਣਾ ਹੈ ਕਿ ਕਿਸੇ ਸਿਆਸਤਦਾਨਾਂ ਨੂੰ ਪ੍ਰਚਾਰ ਲਈ ਸੱਦਣਾ ਪਿਆ ਤਾਂ ਉਹ ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪ੍ਰਚਾਰ ਲਈ ਸੱਦਣਗੇ। ਉਹ ਲੋਕਾਂ ਸਾਹਮਣੇ ਆਪਣੇ ਪੰਜ ਸਾਲ ਦਾ ਕਾਰਜਕਾਲ ਤੇ ਪਿਛਲੇ 25 ਸਾਲ ਵਿਚ ਹੋਏ ਕੰਮ ਦੀ ਤੁਲਨਾ ਰੱਖਣਗੇ।

ਉਨ੍ਹਾਂ ਦਾਅਵਾ ਕੀਤਾ ਕਿ ਪਿਛਲੇ ਪੰਜ ਸਾਲਾਂ ਵਿਚ ਦਿੱਲੀ ਕਮੇਟੀ ਨੇ ਵਿਸ਼ਵ ਪੱਧਰ 'ਤੇ ਆਪਣੀ ਨਵੇਕਲੀ ਸ਼ਾਖ ਬਣਾਈ ਹੈ। ਗੁਰਦੁਆਰਾ ਪ੍ਰਬੰਧਾਂ ਨੂੰ ਵਧੇਰੇ ਸੁਚਾਰੂ ਬਣਾਇਆ ਹੈ। ਇਸ ਤੋਂ ਇਲਾਵਾ ਲੋਕਾਂ ਸਾਹਮਣੇ ਭਵਿੱਖ ਦੀਆਂ ਯੋਜਨਾਵਾਂ ਦਾ ਵੀ ਖੁਲਾਸਾ ਕਰਨਗੇ। ਉਨ੍ਹਾਂ ਸਾਹਮਣੇ ਮੁੱਖ ਮੁੱਦਾ ਨੌਜਵਾਨਾਂ ਵਿਚ ਵਧਦੇ ਪਤਿਤਪੁਣੇ ਨੂੰ ਖ਼ਤਮ ਕਰਕੇ ਸਿੱਖੀ ਸਰੂਪ ਨੂੰ ਕਾਇਮ ਰੱਖਣਾ ਹੈ, ਗੁਰਦੁਆਰਾ ਪ੍ਰਬੰਧਾਂ ਨੂੰ ਹੋਰ ਵਧੇਰੇ ਪਾਰਦਰਸ਼ੀ ਤੇ ਸੁਚਾਰੂ ਬਣਾਉਣਾ, ਧਰਮ ਅਸਥਾਨਾਂ ਦੀ ਮਹਾਨਤਾ ਨੂੰ ਕਾਇਮ ਰੱਖਣਾ ਤੇ ਸਰਾਵਾਂ ਦੀਆਂ ਸੇਵਾਵਾਂ ਨੂੰ ਬੇਹਤਰ ਬਣਾਉਣਾ ਸ਼ਾਮਲ ਹੈ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸੰਕਟ ਬਰਕਰਾਰ

ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸੰਕਟ ਬਰਕਰਾਰ ਹੈ। ਸਿੱਖਾਂ ਦੀ ਮਿੰਨੀ ਪਾਰਲੀਮੈਂਟ ਦੇ ਤਕਰੀਬਨ 90 ਸਾਲ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਹੈ ਕਿ ਇਸ ਦੇ ਸਦਨ ਲਈ ਮੈਂਬਰਾਂ ਦੀ ਨਵੀਂ ਚੋਣ ਹੋ ਚੁੱਕੀ ਹੈ ਪਰ ਨਾ ਅਹੁਦੇਦਾਰ ਚੁਣੇ ਗਏ ਤੇ ਨਾ ਹੀ ਅੰਤ੍ਰਿੰਗ ਕਮੇਟੀ ਦਾ ਗਠਨ ਹੋ ਸਕਿਆ। ਇਸ ਦੇ ਸਿੱਟੇ ਵਜੋਂ ਪਹਿਲੀ ਵਾਰ ਅੰਤ੍ਰਿੰਗ ਕਮੇਟੀ ਵੱਲੋਂ ਹੀ ਸਾਲਾਨਾ ਬਜਟ ਪਾਸ ਕੀਤਾ ਗਿਆ।

ਸ਼੍ਰੋਮਣੀ ਕਮੇਟੀ ਦੇ ਸਦਨ ਲਈ ਵੋਟਾਂ 18 ਸਤੰਬਰ, 2011 ਨੂੰ ਪਈਆਂ ਤੇ 22 ਸਤੰਬਰ ਨੂੰ ਨਤੀਜੇ ਐਲਾਨੇ ਗਏ ਸਨ। ਦਸੰਬਰ 2011 ਵਿਚ ਹੀ 15 ਮੈਂਬਰ ਵੀ ਨਾਮਜ਼ਦ ਕਰ ਲਏ ਗਏ ਪਰ ਸਹਿਜਧਾਰੀ ਮਾਮਲੇ ਨੂੰ ਲੈ ਕੇ ਚੱਲ ਰਹੀ ਅਦਾਲਤੀ ਕਾਰਵਾਈ ਕਾਰਨ ਹੁਣ ਤੱਕ ਨਵਾਂ ਸਦਨ ਕਾਇਮ ਨਹੀਂ ਹੋ ਸਕਿਆ। ਹੁਣ ਵੀ 2010 ਵਿਚ ਚੁਣੀ ਹੋਈ ਅੰਤ੍ਰਿੰਗ ਕਮੇਟੀ ਵੱਲੋਂ ਹੀ ਸ਼੍ਰੋਮਣੀ ਕਮੇਟੀ ਦਾ ਕੰਮ ਚਲਾਇਆ ਜਾ ਰਿਹਾ ਹੈ। ਇਹ ਮਾਮਲਾ ਅਜੇ ਵੀ ਅਦਾਲਤ ਦੇ ਵਿਚਾਰ ਅਧੀਨ ਹੈ। ਇਸ ਲਈ ਲੰਘੇ ਵਰ੍ਹੇ ਸਿੱਖ ਭਾਈਚਾਰੇ ਵਿਚ ਇਹ ਸਭ ਤੋਂ ਚਰਚਾ ਵਾਲਾ ਵਿਸ਼ਾ ਰਿਹਾ।

ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਸਾਹਿਬ ਵੱਲੋਂ 2012 ਵਿਚ ਲਏ ਕੁਝ ਫੈਸਲਿਆਂ ਨੂੰ ਸਿੱਖ ਇਤਿਹਾਸ ਵਿਚ ਹਮੇਸ਼ਾ ਯਾਦ ਰੱਖਿਆ ਜਾਵੇਗਾ। ਇਸ ਵਰ੍ਹੇ ਵਿਚ ਹੀ ਸਿੱਖਾਂ ਦੀ ਚਿਰੋਕਣੀ ਮੰਗ ਸਾਕਾ ਨੀਲਾ ਤਾਰਾ ਯਾਦਗਾਰ ਦੀ ਉਸਾਰੀ ਆਰੰਭ ਹੋਈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸ਼ਰਧਾਲੂਆਂ ਲਈ ਪਿੰਨੀ ਪ੍ਰਸਾਦਿ ਦੀ ਸ਼ੁਰੂਆਤ, ਸੱਚਖੰਡ ਵਿਚ ਮੋਬਾਈਲ ਫੋਨ ਜੈਮਰ ਲਾਉਣਾ ਤੇ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਇਕ ਥਾਂ ਤੋਂ ਦੂਜੀ ਥਾਂ ਭੇਜਣ ਸਮੇਂ ਮਾਣ-ਮਰਿਆਦਾ ਨੂੰ ਕਾਇਮ ਰੱਖਣ ਲਈ ਜਾਰੀ ਕੀਤੇ ਦਿਸ਼ਾ-ਨਿਰਦੇਸ਼ ਵੀ ਸਾਲ ਦੀਆਂ ਵਿਸ਼ੇਸ਼ ਘਟਨਾਵਾਂ ਰਹੀਆਂ।

ਇਸ ਵਰ੍ਹੇ ਹੀ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦਾ ਮਾਮਲਾ ਭਖਿਆ ਰਿਹਾ। ਇਸ ਬਾਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਾਬਕਾ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੂੰ ਮਿਲੇ ਸਨ ਤੇ ਰਹਿਮ ਦੀ ਨਵੀਂ ਅਪੀਲ ਦਾਇਰ ਕੀਤੀ ਜਿਸ ਦੇ ਆਧਾਰ 'ਤੇ ਉਸ ਦੀ ਫਾਂਸੀ ਦੀ ਸਜ਼ਾ 'ਤੇ ਮੁੜ ਰੋਕ ਲਾ ਦਿੱਤੀ ਗਈ। ਉਧਰ, ਸਾਕਾ ਨੀਲਾ ਤਾਰਾ



ਦੀ ਵਰ੍ਹੇਗੰਢ ਮੌਕੇ 6 ਜੂਨ ਨੂੰ ਅਕਾਲ ਤਖ਼ਤ ਤੋਂ ਰਾਜੋਆਣਾ ਨੂੰ ਜ਼ਿੰਦਾ ਸ਼ਹੀਦ ਦੀ ਉਪਾਧੀ ਦੇ ਦਿੱਤੀ ਗਈ ਪਰ ਉਨ੍ਹਾਂ ਨੇ ਇਹ ਉਪਾਧੀ ਲੈਣ ਤੋਂ ਇਨਕਾਰ ਕਰ ਦਿੱਤਾ। ਉਂਝ, ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਇਸ ਬਾਰੇ ਕੀਤਾ ਫੈਸਲਾ ਵਾਪਸ ਨਹੀਂ ਲਿਆ ਗਿਆ।

ਡੇਰਾ ਬਿਆਸ ਦੇ ਘੇਰੇ ਹੇਠ ਆਉਂਦੇ ਪਿੰਡ ਵੜੈਚ ਵਿਖੇ ਇਕ ਗੁਰਦੁਆਰੇ ਦੀ ਇਮਾਰਤ ਨੂੰ ਢੇਰੀ ਕਰਨ ਦੇ ਮਾਮਲੇ ਵਿਚ ਅਕਾਲ ਤਖ਼ਤ ਵੱਲੋਂ ਡੇਰਾ ਬਿਆਸ ਦੇ ਪ੍ਰਬੰਧਕਾਂ ਨੂੰ ਕਲੀਨ ਚਿੱਟ ਦੇਣਾ ਤੇ ਸਿੱਖ ਜਥੇਬੰਦੀਆਂ ਵੱਲੋਂ ਇਸ ਫੈਸਲੇ ਦੇ ਵਿਰੋਧ ਵਿਚ ਡਟਣਾ ਵੀ ਚਰਚਾ ਦਾ ਮੁੱਦਾ ਬਣਿਆ ਰਿਹਾ। ਕੁਝ ਸਿੱਖ ਜਥੇਬੰਦੀਆਂ ਨੇ ਤਾਂ ਅਕਾਲ ਤਖ਼ਤ ਦੇ ਜਥੇਦਾਰ ਦਾ ਬਾਈਕਾਟ ਹੀ ਕਰ ਦਿੱਤਾ ਸੀ। ਹੁਣ ਇਸ ਮਾਮਲੇ ਵਿਚ ਡੇਰਾ ਬਿਆਸ ਦੇ ਪ੍ਰਬੰਧਕਾਂ ਤੇ ਸਿੱਖ ਜਥੇਬੰਦੀਆਂ ਵਿਚਾਲੇ ਸਮਝੌਤਾ ਹੋ ਗਿਆ ਹੈ ਜਿਸ ਤਹਿਤ ਪਹਿਲਾਂ ਵਾਲੀ ਥਾਂ 'ਤੇ ਹੀ ਗੁਰਦੁਆਰੇ ਦੀ ਉਸਾਰੀ ਹੋਵੇਗੀ।

ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਨਵੇਂ ਸਦਨ ਦੀ ਚੋਣ ਹੋਣ ਦੇ ਬਾਵਜੂਦ ਪੂਰਾ ਵਰ੍ਹਾ ਅਹੁਦੇਦਾਰਾਂ ਤੇ ਅੰਤ੍ਰਿੰਗ ਕਮੇਟੀ ਦਾ ਗਠਨ ਨਾ ਹੋਣਾ ਤੇ ਭਾਰਤ-ਪਾਕਿਸਤਾਨ ਸਰਹੱਦ 'ਤੇ ਦੁਵੱਲੇ ਵਪਾਰ ਨੂੰ ਪ੍ਰਫੁੱਲਿਤ ਕਰਨ ਲਈ ਬਣਾਈ ਗਈ ਸੰਗਠਿਤ ਚੈੱਕ ਪੋਸਟ ਦੀ ਸ਼ੁਰੂਆਤ ਵੀ ਇਸ ਸਰਹੱਦੀ ਜ਼ਿਲ੍ਹੇ ਲਈ ਇਤਿਹਾਸਕ ਘਟਨਾਵਾਂ ਬਣ ਗਈਆਂ ਹਨ। ਇਸ ਵਰ੍ਹੇ ਸ਼੍ਰੋਮਣੀ ਕਮੇਟੀ ਨੇ ਸਾਕਾ ਨੀਲਾ ਤਾਰਾ ਯਾਦਗਾਰ ਬਣਾਉਣ ਦਾ ਫੈਸਲਾ ਮੁੜ ਚਰਚਾ ਵਿਚ ਆਇਆ ਜਦੋਂ ਅਕਤੂਬਰ ਮਹੀਨੇ ਵਿਚ ਲੈਫਟੀਨੈਂਟ ਜਨਰਲ (ਸੇਵਾਮੁਕਤ) ਕੇ.ਐਸ ਬਰਾੜ 'ਤੇ ਲੰਡਨ ਵਿਚ ਕੁਝ ਵਿਅਕਤੀਆਂ ਵੱਲੋਂ ਹਮਲਾ ਕੀਤਾ ਗਿਆ।

ਸ੍ਰੀ ਬਰਾੜ ਸਾਕਾ ਨੀਲਾ ਤਾਰਾ ਸਮੇਂ ਭਾਰਤੀ ਫੌਜ ਦੀ ਅਗਵਾਈ ਕਰਨ ਵਾਲਿਆਂ ਵਿਚ ਸ਼ਾਮਲ ਸਨ। ਹਮਲੇ ਨੂੰ ਯਾਦਗਾਰ ਦੀ ਉਸਾਰੀ ਨਾਲ ਜੋੜ ਕੇ ਕੁਝ ਵਰਗਾਂ ਵੱਲੋਂ ਕਈ ਤਰ੍ਹਾਂ ਦਾ ਪ੍ਰਚਾਰ ਕੀਤਾ ਗਿਆ। ਇਸ ਪ੍ਰਚਾਰ ਨੂੰ ਜਨਤਕ ਹੁੰਗਾਰਾ ਨਹੀਂ ਮਿਲਿਆ ਤੇ ਹੌਲੀ-ਹੌਲੀ ਇਹ ਵਿਵਾਦ ਠੰਢਾ ਪੈ ਗਿਆ। ਸਾਕਾ ਨੀਲਾ ਤਾਰਾ ਦੀ ਯਾਦਗਾਰ ਦੀ ਉਸਾਰੀ ਲਈ 20 ਮਈ ਨੂੰ ਕਾਰਵਾਈ ਆਰੰਭ ਹੋਈ ਸੀ। ਰਸਮੀ ਤੌਰ 'ਤੇ 6 ਜੂਨ ਨੂੰ ਯਾਦਗਾਰ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ ਗਿਆ। ਉਸਾਰੀ ਦੀ ਕਾਰ ਸੇਵਾ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੂੰ ਸੌਂਪੀ ਗਈ। ਇਸ ਵੇਲੇ ਯਾਦਗਾਰ ਦੀ ਇਮਾਰਤ ਬਣ ਕੇ ਤਿਆਰ ਹੋ ਚੁੱਕੀ ਹੈ ਤੇ ਇਸ ਦਾ ਅੰਦਰੂਨੀ ਸਾਜ ਸਜਾਵਟ ਦਾ ਕੰਮ ਜਾਰੀ ਹੈ।

# ਘੂਕ ਸੁੱਤੀਆਂ ਯਾਦਾਂ ਦੀ ਜਾਗ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਪੂਰੀ ਇਮਾਨਦਾਰੀ ਨਾਲ ਪਹਿਲਾਂ ਇਹ ਸੱਚੋ-ਸੱਚ ਦੱਸ ਦਿਆਂ ਕਿ ਇਸ ਲਿਖਤ ਵਿਚ ਆਪਣੇ ਸਾਹਿਤਕ ਸੁਨੇਹੇ ਦੇ ਦੋ ਵਾਕਿਆ ਜੋ ਪਾਠਕਾਂ ਅੱਗੇ ਰੱਖ ਰਿਹਾ ਹਾਂ, ਉਸ ਦਾ ਇਹ ਮਤਲਬ ਹਰਗਿਜ਼ ਨਹੀਂ ਕਿ ਮੈਂ ਆਪਣੀ ਕਿਸੇ ਚਤੁਰਾਈ ਜਾਂ ਆਪਣੇ 'ਅਕਲਮੰਦ' ਹੋਣ ਦਾ ਪ੍ਰਗਟਾਵਾ ਕਰਨਾ ਚਾਹੁੰਦਾ ਹਾਂ। ਅਜਿਹਾ ਕਰਨਾ ਮੂਰਖਤਾ ਦੀ ਨਿਸ਼ਾਨੀ ਹੁੰਦਾ ਹੈ। ਬੱਸ, ਇਨ੍ਹਾਂ ਨੂੰ ਮਹਿਜ਼ ਇਤਫਾਕ ਨਾਲ ਹੋਏ ਅਸਚਰਜ ਮੌਕਾ ਮੇਲ ਹੀ ਕਿਹਾ ਜਾ ਸਕਦਾ ਹੈ। ਇਹਦੇ 'ਚ ਕੋਈ ਹਉਮੈ ਜਾਂ ਵਡਿਆਈ ਦੀ ਗੱਲ ਨਹੀਂ। ਹਾਂ, ਆਪਣੀ ਯਾਦਾਸ਼ਤ ਉਤੇ ਭੋਰਾ ਕੁ ਜਿੰਨਾ ਫਖ਼ਰ ਕਰਨ ਦੀ ਗੁਸਤਾਖੀ ਜ਼ਰੂਰ ਕਰਨੀ ਚਾਹਾਂਗਾ। ਉਮੀਦ ਹੈ ਕਿ ਪਾਠਕ ਲੇਖ ਪੜ੍ਹਨ ਮਗਰੋਂ ਮੈਨੂੰ ਇੰਨੀ ਕੁ ਖੁੱਲ੍ਹ ਜ਼ਰੂਰ ਦੇ ਦੇਣਗੇ।

ਕਿਤੇ ਵੀ ਛਪੀ ਕੋਈ ਵਧੀਆ ਲਿਖਤ ਪੜ੍ਹ ਕੇ ਉਸ ਦੇ ਲੇਖਕ ਨਾਲ ਸੰਪਰਕ ਕਰਨ ਦੀ 'ਖੋਟੀ ਆਦਤ' ਮੈਨੂੰ ਮੁੱਢੋਂ ਹੀ ਪਈ ਹੋਈ ਹੈ; ਉਦੋਂ ਦੀ, ਜਦੋਂ ਹਾਲੇ ਟੈਲੀਫੋਨ ਦੀ ਵਰਤੋਂ ਆਮ ਨਹੀਂ ਸੀ ਹੋਈ। ਉਨ੍ਹਾਂ ਦਿਨਾਂ ਵਿਚ ਮੈਂ ਕਵੀਆਂ ਲੇਖਕਾਂ ਨੂੰ ਹੱਥੀਂ ਚਿੱਠੀਆਂ ਲਿਖਦਾ ਹੁੰਦਾ ਸਾਂ। ਇਹ ਰੋਗ ਫਿਰ ਵੱਖ ਵੱਖ ਅਖ਼ਬਾਰਾਂ ਮੈਗਜ਼ੀਨਾਂ ਦੇ 'ਸੰਪਾਦਕ ਦੀ ਡਾਕ' ਕਾਲਮ ਲਈ ਖਤ ਲਿਖਣ ਤੱਕ ਵਧ ਗਿਆ। ਅਮਰੀਕਾ ਆ ਕੇ 'ਨੈਟ' ਅਤੇ ਫੋਨ ਦੀ ਖੁੱਲ੍ਹੀ ਸਹੂਲਤ ਮਿਲਣ ਸਦਕਾ ਮੇਰੇ ਸ਼ੌਕ ਦਾ ਦਾਇਰਾ ਕੌਮਾਂਤਰੀ ਹੋ ਗਿਆ। ਕਿਸੇ ਲੇਖਕ ਦੀ ਰਚਨਾ ਬਾਰੇ ਉਸ ਦੀ ਨੁਕਤਾਚੀਨੀ ਕਰਨੀ ਜਾਂ ਲਿਖਾਰੀ ਦੀ ਹੌਸਲਾ ਅਫ਼ਜਾਈ ਕਰਨੀ ਮੇਰੇ ਲਈ ਸੁਖਾਲੀ ਹੋ ਗਈ। ਕਿਸੇ ਮਜਬੂਰੀ ਅਧੀਨ ਨਹੀਂ, ਸਗੋਂ ਸਵੈ-ਸਿਰਜੇ ਫਰਜ਼ ਮੁਤਾਬਕ ਅਜਿਹਾ ਕਰਦਿਆਂ ਮੈਨੂੰ ਮਾਨਸਿਕ ਤਸੱਲੀ ਮਿਲਦੀ ਹੈ।

ਅਮਰੀਕਾ 'ਚ ਛਪਦੀ ਇਕ ਪੰਜਾਬੀ ਅਖ਼ਬਾਰ ਵਿਚ ਡਾ. ਕ੍ਰਿਸ਼ਨ ਕੁਮਾਰ ਰੱਤੂ ਦਾ ਲੇਖ ਪੜ੍ਹਿਆ। 'ਖਵਾਬ ਹੋਏ ਬੰਜਰ ਇਸ ਪਹਿਰ' ਦੇ ਸਿਰਲੇਖ ਵਾਲੀ ਇਸ ਲਿਖਤ ਵਿਚ ਡਾ. ਰੱਤੂ ਨੇ ਖਲੀਲ ਜਿਬਰਾਨ ਦੀ ਯਾਦ ਤਾਜ਼ਾ ਕਰਵਾ ਦਿੱਤੀ। ਇਤਨੇ ਮਾਰਮਿਕ ਭਾਵਾਂ ਨੂੰ ਸ਼ਬਦੀ ਜਾਮਾ ਪਹਿਨਾਉਂਦਿਆਂ ਡਾ. ਰੱਤੂ ਨੇ ਕਮਾਲ ਹੀ ਕੀਤੀ ਹੋਈ ਸੀ ਇਸ ਲੇਖ ਵਿਚ। ਵੰਨਗੀ ਮਾਤਰ ਕੁਝ ਸਤਰਾਂ ਲਿਖ ਰਿਹਾ ਹਾਂ,

'...ਦੋਸਤੋ, ਉਮਰ ਦੇ ਇਸ ਪਹਿਰ 'ਚ ਜਦੋਂ ਸ਼ਹਿਰ ਉਦਾਸ ਤੇ ਮੌਸਮ ਬੇਰੌਣਕੇ ਹੋਣ ਲਗਦੇ ਨੇ, ਬਨੇਰੇ 'ਤੇ ਕੋਈ ਕਾਂ ਸੁਨੇਹੇ ਲੈ ਕੇ ਨਹੀਂ ਆਉਂਦਾ...ਬੁੱਢੀਆਂ ਤੇ ਥੱਕੀਆਂ ਅੱਖਾਂ ਦੀਆਂ ਆਸ਼ਾਵਾਂ ਨੂੰ ਬੂਰ ਪੈਣ ਦੀ ਆਖਰੀ ਰੁੱਤ ਵੀ ਚੰਦਰੀ ਹੋ ਜਾਂਦੀ ਹੈ, ਪਰ ਫਿਰ ਆਸ਼ਾ ਦੀਆਂ ਕਿਰਨਾਂ ਆਪਣੇ ਸੁਨਹਿਰੀ ਅੱਖਰਾਂ 'ਚ ਤੁਹਾਡਾ ਨਾਂ ਤਾਂ ਉਸ ਇੰਦਰਧਨੁਸ਼ 'ਚ ਲਿਖਦੀਆਂ ਨੇ, ਪਰ ਇਹ ਤੁਹਾਡੇ 'ਤੇ ਹੈ ਕਿ ਹਿੰਮਤ ਕਰ ਕੇ ਉਸ ਵਿਚ ਲਿਖਿਆ ਆਪਣਾ ਨਾਂ ਪੜ੍ਹ ਲਵੋ...ਇਹ ਹੀ ਹੈ, ਇਸ ਪਹਿਰ ਖ਼ਵਾਬਾਂ ਨੂੰ ਬੰਜਰ ਹੋਇਆ ਵੇਖਣ ਦੀ ਤ੍ਰਾਸਦੀ!...

ਸੁੰਨੇ ਘਰ, ਉਦਾਸ ਵਿਹੜੇ,
ਬੰਜਰ ਮਨ, ਵੀਰਾਨ ਹੋਏ ਗਿਰਾਂ,
ਸਮੁੰਦਰ ਘੋਰ ਨਿਰਾਸ਼,
ਸੁਨਾਮੀ ਪੁੱਛੇ ਗਿਰਾਂ।
ਆਉ ਹੁਣ ਆਪਣਾ ਆਪਣਾ
ਪੁਰਖਾ ਘਰ ਵੇਖ ਆਈਏ।'

ਡਾ. ਰੱਤੂ ਦੀ ਸਾਹਿਤਕ ਪ੍ਰਤਿਭਾ ਬਾਰੇ ਮੈਨੂੰ ਕਾਫੀ ਜਾਣਕਾਰੀ ਹੈ ਪਰ ਉਨ੍ਹਾਂ ਨਾਲ ਫੋਨ 'ਤੇ ਗੱਲਬਾਤ ਇਕ-ਅੱਧ ਵਾਰ ਹੀ ਕੀਤੀ ਹੋਵੇਗੀ। ਉਨ੍ਹਾਂ ਦੇ ਇਸ ਲੇਖ ਤੋਂ ਵਿਸਮਾਦਿਤ ਹੋ ਉਨ੍ਹਾਂ ਨੂੰ ਫੋਨ ਮਿਲਾਇਆ ਪਰ ਕੰਪਿਊਟਰੀ ਸੁਨੇਹਾ ਮਿਲਿਆ ਕਿ ਉਹ 'ਕਵਰੇਜ਼ ਕਸ਼ੇਤਰ ਸੇ ਬਾਹਰ' ਹਨ। ਉਸ ਦਿਨ ਗੁਫਤਗੂ ਤਾਂ ਹੋ ਨਾ ਸਕੀ ਪਰ ਉਨ੍ਹਾਂ ਸਬੰਧੀ ਇਕ ਸਵਾਲ ਚਾਣਚਕ ਮੇਰੇ ਚੇਤਿਆਂ 'ਚ ਅੰਗੜਾਈਆਂ ਭਰਨ ਲੱਗ ਪਿਆ। 'ਕ੍ਰਿਸ਼ਨ ਕੁਮਾਰ ਰੱਤੂ' ਇਹ ਨਾਮ ਤੈਰਦਾ ਤੈਰਦਾ ਮੇਰੇ ਦਿਲ ਦਿਮਾਗ 'ਚ ਵਸੀਆਂ ਪ੍ਰਾਇਮਰੀ ਸਕੂਲ ਦੇ ਦਿਨਾਂ ਦੀਆਂ ਘੂਕ ਸੁੱਤੀਆਂ ਯਾਦਾਂ ਨਾਲ ਜਾ ਟਕਰਾਇਆ।

ਗੂਗਲ 'ਤੇ ਸਰਚ ਮਾਰਨ ਵਾਂਗ ਮੇਰੇ ਸਾਹਮਣੇ 'ਮਸਤਾਨਾ' ਆ ਗਿਆ। ਇਹ ਕੋਈ ਵੈਰਾਗੀ, ਫੱਕਰ ਜਾਂ ਰਮਤਾ ਨਹੀਂ, ਸਗੋਂ ਅੰਮ੍ਰਿਤਸਰ ਦੇ ਬਾਜ਼ਾਰ ਮਾਈ ਸੇਵਾ ਤੋਂ ਛਪਦੇ ਨਿੱਕੇ ਜਿਹੇ ਮਹੀਨਾਵਾਰ ਮੈਗਜ਼ੀਨ ਦਾ ਨਾਂ ਹੁੰਦਾ ਸੀ। ਦੋ ਰੁਪਏ ਸਾਲ ਦੇ ਚੰਦੇ ਵਾਲਾ ਇਹ ਮੈਗਜ਼ੀਨ ਮੇਰੇ ਬਾਪ ਨੇ ਬੜੇ ਚਾਅ ਤੇ ਰੀਝ ਨਾਲ ਮੇਰੇ ਨਾਂ 'ਤੇ ਲਗਵਾਇਆ ਸੀ। ਡਾ. ਵਾਸਦੇਵ ਸਿੰਘ ਗਰੋਵਰ ਦੀ ਦਵਾਈਆਂ ਦੀ ਫਰਮ ਵੱਲੋਂ ਛਾਪੇ ਜਾਂਦੇ 'ਮਸਤਾਨਾ' ਵਿਚ ਚੋਣਵੀਆਂ ਖ਼ਬਰਾਂ, ਕੁਝ ਗੀਤ ਗਜ਼ਲਾਂ ਅਤੇ ਇਕ-ਅੱਧ ਲੇਖ ਜਾਂ ਕਹਾਣੀ ਤੋਂ ਇਲਾਵਾ 'ਗਰੋਵਰ ਐਂਡ ਸੰਨਜ਼' ਦੀਆਂ ਦਵਾਈਆਂ ਦੀ ਮਸ਼ਹੂਰੀ ਹੁੰਦੀ ਸੀ। ਅਸੀਂ ਤਿੰਨੇ ਭਰਾ ਹਰ ਮਹੀਨੇ ਬੜੀ ਬੇਸਬਰੀ ਨਾਲ ਇਸ ਦੀ ਉਡੀਕ ਕਰਦੇ। ਮੱਝਾਂ ਚਰਾਉਣ ਗਏ, ਇਸ ਨੂੰ ਨਿੱਠ ਕੇ ਪੜ੍ਹਦੇ। ਅਸਲ ਵਿਚ ਮੇਰੇ ਸਾਹਿਤਕ ਸ਼ੌਕ ਦਾ ਨੀਂਹ ਪੱਥਰ ਸੀ ਇਹ 'ਮਸਤਾਨਾ' ਮੈਗਜ਼ੀਨ!

ਅੱਜ 45-46 ਸਾਲਾਂ ਦੇ ਲੰਮੇ ਵਕਫੇ ਬਾਅਦ ਧੁੰਦਲੇ ਜਿਹੇ ਪਰਛਾਵਿਆਂ ਵਾਂਗ ਮੈਨੂੰ 'ਮਸਤਾਨਾ' ਵਿਚ ਛਪਦਾ ਰਿਹਾ 'ਕ੍ਰਿਸ਼ਨ ਕੁਮਾਰ ਰੱਤੂ' ਦਾ ਨਾਂ ਯਾਦ ਆਇਆ। ਜਦੋਂ ਜ਼ਿਹਨੀ ਸਮੁੰਦਰ ਵਿਚ ਡੁਬਕੀਆਂ ਵੱਜਣ ਲੱਗੀਆਂ ਤਦ ਮੈਨੂੰ 'ਮਸਤਾਨੇ' ਦੇ ਕਿਸੇ ਅੰਕ ਵਿਚ ਕ੍ਰਿਸ਼ਨ ਕੁਮਾਰ ਰੱਤੂ ਦੇ ਲਿਖੇ ਇਕ ਗੀਤ ਦਾ ਮੁਖੜਾ ਵੀ ਚੇਤੇ ਆਉਣ ਲੱਗਾ, 'ਨੀ ਨਿੰਦੀਏ ਨਾ ਮਾਲਕਾਂ ਨੂੰ ਭਾਵੇਂ ਹੋਵੇ ਕੰਬਲੀ ਤੋਂ ਕਾਲਾ...।' ਲੇਕਿਨ ਨਾਲ ਹੀ ਸੋਚ ਆਈ ਕਿ 'ਮਸਤਾਨਾ' ਵਿਚ ਛਪਦਾ ਰੱਤੂ ਜ਼ਰੂਰੀ ਨਹੀਂ ਅੱਜ ਵਾਲਾ ਡਾ. ਰੱਤੂ ਹੀ ਹੋਵੇ। ਇਕੋ ਨਾਮ ਵਾਲੇ ਬਥੇਰੇ ਬੰਦੇ ਹੁੰਦੇ ਨੇ, ਲੇਕਿਨ 'ਮਸਤਾਨੇ' ਵਾਲਾ ਰੱਤੂ ਮੇਰੇ ਮਨ-ਚਿੱਤ ਵਿਚ ਅਟਕਿਆ ਰਿਹਾ।

ਖ਼ੈਰ! ਕੁਝ ਦਿਨਾਂ ਬਾਅਦ ਅਮਰੀਕਨ ਪੰਜਾਬੀ ਅਖ਼ਬਾਰ ਵਿਚੋਂ ਪੜ੍ਹੇ ਹੋਏ ਲੇਖ ਬਾਰੇ ਗੱਲਬਾਤ ਕਰਨ ਲਈ ਮੈਂ ਡਾ. ਰੱਤੂ ਨੂੰ ਫਿਰ ਕਾਲ ਕਰ ਲਈ। ਮੇਰਾ ਨੰਬਰ ਦੇਖ ਕੇ ਉਹ ਇਕਦਮ ਚਹਿਕਿਦਆਂ ਬੋਲੇ, "ਤੁਹਾਡੀ ਉਮਰ ਬਹੁਤ ਹੈ ਵੀਰ।" ਮੈਂ ਉਤਸੁਕਤਾ ਨਾਲ ਉਨ੍ਹਾਂ ਮੂੰਹੋਂ ਅਗਲੀ ਗੱਲ ਸੁਣਨ ਲਈ ਕੰਨ ਨਾਲ ਫੋਨ ਹੋਰ ਘੁੱਟ ਕੇ ਲਾ ਲਿਆ, "ਆਹ ਅੱਜ ਦੇ 'ਨਵਾਂ ਜ਼ਮਾਨਾ' ਵਿਚ ਛਪਿਆ ਤੁਹਾਡਾ ਈ ਲੇਖ ਪੜ੍ਹ ਰਿਹਾਂ।"

ਉਨ੍ਹਾਂ ਨਾਲ ਗੱਲਾਂ-ਬਾਤਾਂ ਕਰਦਿਆਂ ਮੇਰੇ ਦਿਲ 'ਚ ਰਹਿ ਰਹਿ ਕੇ ਆਵੇ ਕਿ ਪੁੱਛ ਲਵਾਂ ਕਿ ਉਹ ਕਦੇ 'ਮਸਤਾਨਾ' ਨਾਂ ਦੇ ਪੱਤਰ ਵਿਚ ਵੀ ਲਿਖਦੇ ਰਹੇ ਹਨ? ਪਰ ਮੈਂ ਜਕ ਗਿਆ ਕਿ ਸਾਹਿਤਕ ਖੇਤਰ ਵਿਚ ਪਾਏ ਬਹੁਮੁੱਲੇ ਯੋਗਦਾਨ ਸਦਕਾ, ਭਾਰਤ ਦੇ ਰਾਸ਼ਟਰਪਤੀ ਪਾਸੋਂ ਸਨਮਾਨ ਪ੍ਰਾਪਤ ਅਤੇ ਦੂਰਦਰਸ਼ਨ ਕੇਂਦਰ ਜੈਪੁਰ ਦੇ ਡਾਇਰੈਕਟਰ ਦੇ ਅਹੁਦੇ 'ਤੇ ਸੁਸ਼ੋਭਿਤ ਡਾ. ਰੱਤੂ ਨੂੰ ਕਿਹੜੇ ਮੂੰਹ ਨਾਲ ਦੋ ਰੁਪਏ ਸਾਲਾਨਾ ਚੰਦੇ ਵਾਲੇ 'ਮਸਤਾਨੇ' ਵਿਚ ਛਪਣ ਦਾ ਸਵਾਲ ਪੁੱਛਾਂ? ਲੇਕਿਨ 'ਮੂੰਹ ਆਈ ਬਾਤ ਨਾ ਰਹਿੰਦੀ ਏ' ਅਨੁਸਾਰ ਵਲ-ਫੇਰ ਜਿਹਾ ਪਾ ਕੇ ਮੈਂ ਪੁੱਛ ਹੀ ਲਿਆ, "ਡਾਕਟਰ ਸਾ'ਬ ਬੜੇ ਪੁਰਾਣੇ ਵੇਲਿਆਂ 'ਚ ਤੁਹਾਡਾ ਕੋਈ ਸਿਰਨਾਂਵੀਆ 'ਮਸਤਾਨਾ' ਨਾਂ ਵਾਲੇ ਮੈਗਜ਼ੀਨ ਵਿਚ ਵੀ ਛਪਦਾ ਹੁੰਦਾ ਸੀ।"

ਮੇਰੇ ਮੂੰਹੋਂ ਗੱਲ ਨਿਕਲਦਿਆਂ ਉਹ ਹੈਰਾਨੀ ਤੇ ਗੰਭੀਰਤਾ ਦੇ ਰਲੇ-ਮਿਲੇ ਸੁਰ 'ਚ ਕਹਿੰਦੇ, "ਤੁਸੀਂ ਇਸ ਵੇਲੇ ਉਸੇ ਕ੍ਰਿਸ਼ਨ ਕੁਮਾਰ ਰੱਤੂ ਨਾਲ ਗੱਲਾਂ ਕਰ ਰਹੇ ਹੋ ਜੋ ਮਸਤਾਨਾ 'ਚ ਗੀਤ-ਗਜ਼ਲਾਂ ਲਿਖਦਾ ਹੁੰਦਾ ਸੀ।" ਨਾਲ ਹੀ ਉਨ੍ਹਾਂ ਮੈਨੂੰ ਚੌਂਕ ਕੇ ਪੁੱਛਿਆ, "ਮਸਤਾਨਾ ਦਾ ਕੋਈ ਅੰਕ ਸਾਂਭਿਆ ਹੋਇਐ ਤੁਸੀਂ?"

ਆਪਣੀ ਯਾਦਦਾਸ਼ਤ ਨੂੰ ਆਪੇ ਥਾਪੜਾ ਦਿੰਦਿਆਂ ਮੈਂ ਦਿਲ 'ਚ ਕਿਹਾ, 'ਮਸਤਾਨੇ' ਕਿਹਨੇ ਸਾਂਭਣੇ ਸਨ? ਅਮਰੀਕਾ 'ਚ ਆ ਕੇ ਤਾਂ ਮੈਂ ਖੁਦ 'ਮਸਤਾਨਾ' ਬਣਿਆ ਹੋਇਆਂ!

ਅਗਲਾ ਕਿੱਸਾ ਵੀ ਸਾਹਿਤਕ ਪਿੜ ਨਾਲ ਹੀ ਸਬੰਧਿਤ ਹੈ। ਅਮਰੀਕਾ ਪਹੁੰਚਿਆਂ ਮੈਨੂੰ ਹਾਲੇ ਦੋ ਕੁ ਸਾਲ ਹੀ ਹੋਏ ਸਨ। ਇਥੋਂ ਦੀਆਂ ਪੰਜਾਬੀ ਅਖ਼ਬਾਰਾਂ ਨਾਲ ਮੇਰੀ ਜਾਣ-ਪਛਾਣ ਹਾਲੇ ਖੁੱਲ੍ਹ ਕੇ ਨਹੀਂ ਸੀ ਹੋਈ। ਇਕ ਦਿਨ ਆਪਣੇ ਮੇਲ ਬਾਕਸ ਵਿਚੋਂ ਨਿਕਲੀ ਡਾਕ ਵਿਚ ਪਾਕਿਸਤਾਨੀ ਮੈਗਜ਼ੀਨ ਦੇਖ ਕੇ ਮੈਂ ਹੈਰਾਨ ਰਹਿ ਗਿਆ। 'ਲਹਿਰਾਂ' ਨਾਂ ਦੇ ਇਸ ਪੰਜਾਬੀ ਰਿਸਾਲੇ ਦੇ ਬਾਹਰ ਮੇਰਾ ਇਥੋਂ ਦਾ ਐਡਰੈਸ ਪੈਨ ਨਾਲ ਲਿਖਿਆ ਸੀ। ਮੈਨੂੰ ਪਾਕਿਸਤਾਨ 'ਚ ਛਪਦੇ ਕਿਸੇ ਪੰਜਾਬੀ ਪਰਚੇ ਬਾਰੇ ਕੋਈ ਜਾਣਕਾਰੀ ਨਹੀਂ ਸੀ, ਪਰ ਪਤਾ ਨਹੀਂ 'ਲਹਿਰਾਂ' ਵਾਲਿਆਂ ਨੇ ਮੇਰਾ ਐਡਰੈਸ ਕਿਥੋਂ ਤੇ ਕਿਵੇਂ ਲਿਆ ਹੋਵੇਗਾ! ਉਹ ਮੈਗਜ਼ੀਨ ਮੈਨੂੰ ਰੈਗੂਲਰ ਡਾਕ ਰਾਹੀਂ ਮਿਲਣਾ ਸ਼ੁਰੂ ਹੋ ਗਿਆ। ਇਹ ਮੈਗਜ਼ੀਨ ਸਾਰਾ ਉਰਦੂ ਅੱਖਰਾਂ ਵਿਚ ਹੁੰਦਾ, ਤੇ ਵਿਚ ਇਕ ਦੋ ਗਜ਼ਲਾਂ ਜਾਂ ਗੀਤ ਗੁਰਮੁਖੀ ਵਿਚ ਵੀ ਛਪੇ ਹੁੰਦੇ। ਉਰਦੂ ਤੋਂ ਮੈਂ ਬਿਲਕੁਲ ਨਾਵਾਕਿਫ ਸਾਂ। ਇਸ ਲਈ ਮੈਗਜ਼ੀਨ 'ਤੇ ਪੰਛੀ ਝਾਤ ਮਾਰਦਿਆਂ ਗੁਰਮੁਖੀ ਵਾਲਾ ਹਿੱਸਾ ਪੜ੍ਹ ਕੇ ਇਨ੍ਹਾਂ ਨੂੰ ਗੁਰਦੁਆਰੇ ਕਮਿਊਨਿਟੀ ਸੈਂਟਰ ਵਿਚ ਬੈਠਣ ਵਾਲੇ ਉਨ੍ਹਾਂ ਵਿਹਲੇ ਬੈਠੇ ਬਜ਼ੁਰਗਾਂ ਨੂੰ ਦੇ ਆਉਂਦਾ ਜਿਨ੍ਹਾਂ 'ਚੋਂ ਕਈ ਉਰਦੂ ਪੜ੍ਹਨਾ ਜਾਣਦੇ ਸਨ। ਇਹ ਸਿਲਸਿਲਾ ਕਈ ਮਹੀਨੇ ਚਲਦਾ ਰਿਹਾ।

ਇਕ ਦਿਨ ਤਾਜ਼ੇ ਮਿਲੇ ਨਵੇਂ ਮੈਗਜ਼ੀਨ ਦੀ ਸਰਸਰੀ ਉਥਲ-ਪੁਥਲ ਕਰਦਿਆਂ ਸੁਤੇ-ਸਿੱਧ ਹੀ ਮੈਨੂੰ ਪੰਜਾਬੀ ਹਾਸਰਸ ਦੇ ਪੁਰਾਤਨ ਕਵੀ ਐਸ.ਐਸ. ਚਰਨ ਸਿੰਘ 'ਸ਼ਹੀਦ' ਦਾ ਚੇਤਾ ਆ ਗਿਆ। ਉਨ੍ਹਾਂ ਬਾਰੇ ਇੰਨੀ ਕੁ ਗੱਲ ਮੈਂ ਕਿਤੇ ਪੜ੍ਹੀ ਹੋਈ ਹੈ ਕਿ ਸੰਨ ਸੰਤਾਲੀ ਦੀ ਵੰਡ ਵੇਲੇ ਉਹ ਖੁਦ ਤਾਂ ਜਾਨ ਬਚਾ ਕੇ ਅੰਮ੍ਰਿਤਸਰ ਪਹੁੰਚ ਗਏ ਸਨ, ਪਰ ਮਚੀ ਹੋਈ ਆਪਾ-ਧਾਪੀ ਵਿਚ ਉਨ੍ਹਾਂ ਦੀਆਂ ਧੀਆਂ ਉਧਰ ਹੀ ਰਹਿ ਗਈਆਂ ਸਨ। ਕਵੀ ਸ਼ਹੀਦ ਜੀ ਦੇ ਇਸ ਪਰਿਵਾਰਕ ਵੇਰਵੇ ਦੀ ਮੈਨੂੰ ਇੰਨੀ ਕੁ ਜਾਣਕਾਰੀ ਸੀ, ਹੋਰ ਕੁਝ ਨਹੀਂ ਸੀ ਪਤਾ; ਨਾ ਹੀ ਕਦੇ ਮੈਨੂੰ ਇਸ ਗੱਲ ਨੇ ਕੁਰੇਦਿਆ ਹੀ ਸੀ ਕਿ ਮੈਂ ਉਨ੍ਹਾਂ ਦੀਆਂ ਧੀਆਂ ਦਾ ਅਤਾ-ਪਤਾ ਲਵਾਂ, ਪਰ ਪਾਕਿਸਤਾਨੋਂ ਆਇਆ ਪੰਜਾਬੀ ਮੈਗਜ਼ੀਨ ਸਾਹਮਣੇ ਪਿਆ ਦੇਖ ਕੇ ਮੈਨੂੰ ਫੁਰਨਾ ਫੁਰਿਆ। ਸੋਚਿਆ ਕਿ ਕਿਉਂ ਨਾ ਇਸ ਮੈਗਜ਼ੀਨ ਦੇ ਛਾਪਕਾਂ ਨਾਲ ਰਾਬਤਾ ਬਣਾ ਕੇ ਕਵੀ ਦੀਆਂ ਧੀਆਂ ਬਾਰੇ ਪੁੱਛਿਆ ਜਾਵੇ? ਮੈਗਜ਼ੀਨ ਦੇ ਸਰਵਰਕ 'ਤੇ ਛਪੀ ਸੰਪਾਦਕੀ ਮੰਡਲ ਦੀ ਈਮੇਲ ਆਈ.ਡੀ. ਦੇਖ ਕੇ ਮੇਰੀ ਜਿਗਿਆਸਾ ਹੋਰ ਚਮਕ ਪਈ।

ਸਵਰਗੀ ਸ਼ਹੀਦ ਜੀ ਦੀ ਪਾਕਿਸਤਾਨ ਵਿਚਲੀ ਕਿਸੇ ਪੁਰਾਣੀ ਰਿਹਾਇਸ਼ ਬਾਰੇ ਮੈਨੂੰ ਕੋਈ ਇਲਮ ਨਹੀਂ ਸੀ। ਇਸ ਲਈ ਰੋਮਨ ਅੱਖਰਾਂ ਵਿਚ ਅਟੇ-ਸਟੇ ਹੀ ਉਨ੍ਹਾਂ ਦਾ ਸੰਕੋਚਵਾਂ ਜਿਹਾ ਵੇਰਵਾ ਲਿਖ ਕੇ, ਮੈਂ ਸੰਪਾਦਕ ਜੀ ਨੂੰ ਪੁੱਛਿਆ ਕਿ ਆਪਣੇ ਬਾਪ ਨਾਲੋਂ ਵਿਛੜ ਜਾਣ ਬਾਅਦ ਉਨ੍ਹਾਂ ਕੁੜੀਆਂ ਦੀ ਕਿਤਿਉਂ ਕੋਈ ਉੱਘ-ਸੁੱਘ ਨਿਕਲੀ, ਜਾਂ ਉਹ ਵਿਚਾਰੀਆਂ ਵੀ ਰੌਲੇ ਗੌਲੇ 'ਚ ਤਹਿ-ਤੇਗ ਹੋ ਗਈਆਂ? ਕੁਝ ਸਤਰਾਂ ਲਿਖ ਕੇ ਈਮੇਲ ਭੇਜ ਦਿੱਤੀ।

ਅੱਠਾਂ ਦਸਾਂ ਦਿਨਾਂ ਬਾਅਦ ਮੈਨੂੰ ਈਮੇਲ ਦਾ ਜਵਾਬ ਆ ਗਿਆ। ਮੋੜਵੀਂ ਈਮੇਲ ਵਿਚ ਉਸ ਮੈਗਜ਼ੀਨ ਦੇ ਸੰਪਾਦਕ ਨੇ ਕੁਝ ਅਜਿਹਾ ਵੇਰਵਾ ਲਿਖਿਆ ਹੋਇਆ ਸੀ, "ਜਨਾਬ...ਸਿੰਘ, ਆਪ ਕੇ ਖ਼ਤ ਕਾ ਜਵਾਬ ਲਿਖਨੇ ਮੇਂ ਦੇਰੀ ਕਾ ਸਬੱਬ ਯਿਹ ਹੂਆ ਕਿ ਮੇਰੀ ਬੀਵੀ...ਬੇਗਮ ਕਾ ਇੰਤਕਾਲ (ਮੌਤ) ਹੋ ਗਯਾ ਥਾ। ਜਿਸ ਦਿਨ ਆਪ ਕਾ ਖਤ ਮਾਸੂਲ ਹੂਆ, ਉਸੀ ਦਿਨ ਉਸੇ ਸਪੁਰਦ-ਏ-ਖਾਕ ਕੀਆ ਗਯਾ ਥਾ। ਆਪ ਕੋ ਵਾਜ਼ਿਆ ਕਰਦੂੰ ਕਿ ਸਰਦਾਰ ਚਰਨ ਸਿੰਘ 'ਸ਼ਹੀਦ' ਕੀ ਜਿਨ ਬੇਟੀਉਂ ਕੇ ਬਾਰੇ ਮੇਂ ਆਪ ਨੇ ਇਤਲਾਹ ਮਾਂਗੀ ਹੈ, ਉਨ ਮੇਂ ਸੇ ਏਕ ਮੇਰੀ ਬੀਵੀ ਥੀ। ਜਿਸ ਕਾ ਪਹਲਾ ਨਾਮ...ਕੌਰ ਥਾ...ਵੋਹ ਭੀ ਕਭੀ-ਕਭਾਰ ਗਜ਼ਲ ਵਗੈਰਾ ਲਿਖ ਲੇਤੀ ਥੀ...।"

# ਸਿੱਖ ਅਧਿਕਾਰ ਸੰਸਥਾ ਵਲੋਂ 1984 ਵਿਚ ਸਿੱਖ ਔਰਤਾਂ ਦੇ ਬਲਾਤਕਾਰ 'ਤੇ ਸਰਕਾਰ ਦੀ ਚੁੱਪ ਦੀ ਨਿੰਦਾ

**ਫਰੀਮਾਂਟ (ਬਿਊਰੋ):** ਨਵੰਬਰ 1984 ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਜਦੋਜਹਿਦ ਕਰ ਰਹੀ ਮਨੁੱਖੀ ਅਧਿਕਾਰ ਸੰਸਥਾ ਸਿੱਖਸ ਫਾਰ ਜਸਟਿਸ ਨੇ ਦਿੱਲੀ ਦੀ ਸਮੂਹਕ ਬਲਾਤਕਾਰ ਦਾ ਸ਼ਿਕਾਰ ਹੋਈ ਲੜਕੀ ਦੇ ਪਰਿਵਾਰ ਨਾਲ ਹਮਦਰਦੀ ਤੇ ਡੂੰਘੇ ਅਫਸੋਸ ਦਾ ਪ੍ਰਗਟਾਵਾ ਕਰਦਿਆਂ ਨਵੰਬਰ 1984 ਦੇ ਪਹਿਲੇ ਹਫਤੇ ਦੌਰਾਨ ਦਿਨ ਦਿਹਾੜੇ ਸਿੱਖ ਬੀਬੀਆਂ ਨਾਲ ਬਲਾਤਕਾਰ ਦੀਆਂ ਘਟਨਾਵਾਂ 'ਤੇ ਭਾਰਤੀ ਪ੍ਰਸ਼ਾਸਨ, ਸਿਆਸਤਦਾਨਾਂ ਅਤੇ ਨਿਆਂਪ੍ਰਣਾਲੀ ਦੀ ਚੁੱਪ 'ਤੇ ਸਵਾਲ ਉਠਾਏ ਹਨ।

ਦਿੱਲੀ ਵਿਚ ਚਲਦੀ ਬਸ ਅੰਦਰ ਇਕ ਲੜਕੀ ਨਾਲ ਸਮੂਹਕ ਬਲਾਤਕਾਰ ਕੀਤੇ ਜਾਣ ਦੀ ਘਟਨਾ ਨੂੰ ਭਾਰਤੀ ਸਿਸਟਮ ਦਾ ਨਿਘਾਰ ਕਰਾਰ ਦਿੰਦਿਆਂ ਇਥੇ ਜਾਰੀ ਇਕ ਬਿਆਨ ਵਿਚ ਸੰਸਥਾ ਨੇ ਕਿਹਾ ਹੈ ਕਿ ਇਹ ਉਹੀ ਬੱਸਾਂ ਹਨ ਜੋ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੌਰਾਨ ਸਿੱਖ ਬੀਬੀਆਂ ਨਾਲ ਦਿਨ ਦਿਹਾੜੇ ਬਲਾਤਕਾਰ ਕਰਨ ਵਾਲੇ ਗੁੰਡਾ ਦਸਤਿਆਂ ਦੀ ਢੋਆ-ਢੁਆਈ ਲਈ ਵਰਤੀਆਂ ਗਈਆਂ ਸਨ। ਸਮੇਂ ਸਮੇਂ ਦੀਆਂ ਸਰਕਾਰਾਂ ਨੇ ਇਹ ਘਿਨਾਉਣਾ ਅਪਰਾਧ ਕਰਨ ਵਾਲੇ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਥਾਂ ਨਾ ਕੇਵਲ ਉਨ੍ਹਾਂ ਦੀ ਪੁਸ਼ਤਪਨਾਹੀ ਕੀਤੀ ਸਗੋਂ ਉਨ੍ਹਾਂ ਨੂੰ ਉਚ ਅਹੁਦਿਆਂ ਨਾਲ ਵੀ ਨਿਵਾਜਿਆ।

ਸਿੱਖਸ ਫਾਰ ਜਸਟਿਸ ਨੇ ਨਵੰਬਰ 1984 ਦੌਰਾਨ ਸਿੱਖ ਬੀਬੀਆਂ ਨਾਲ ਬਲਾਤਕਾਰ ਕਰਨ ਵਾਲੇ ਦੋਸ਼ੀਆਂ ਦੀ ਪਛਾਣ ਕਰਨ ਤੇ ਉਨ੍ਹਾਂ ਨੂੰ ਕਟਹਿਰੇ ਵਿਚ ਖੜਾ ਕਰਨ ਲਈ 10,000 ਡਾਲਰ ਦੇ ਇਨਾਮ ਦਾ ਐਲਾਨ ਕੀਤਾ ਹੈ। ਇਹ ਇਨਾਮ ਉਨ੍ਹਾਂ ਗਵਾਹਾਂ ਨੂੰ ਦਿੱਤਾ ਜਾਵੇਗਾ ਜੋ ਕਿ ਬਲਾਤਕਾਰੀ ਦੀ ਪਛਾਣ ਦੇ ਨਾਲ ਉਨ੍ਹਾਂ ਖਿਲਾਫ ਮੁਕੱਦਮਾ ਚਲਾਉਣ ਲਈ ਅੱਗੇ ਆਉਣਗੇ।

ਸੰਸਥਾ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਹੈ ਕਿ ਪਿਛਲੇ 28 ਸਾਲਾਂ ਤੋਂ ਪੁਲਿਸ ਸਿੱਖ ਬੀਬੀਆਂ ਨਾਲ ਹੋਏ ਬਲਾਤਕਾਰ ਦੀਆਂ ਘਟਨਾਵਾਂ ਦੀ ਜਾਂਚ ਕਰਨ ਤੋਂ ਇਨਕਾਰ ਕਰਦੀ ਆ ਰਹੀ ਹੈ ਤੇ ਨਿਆਂ ਪ੍ਰਣਾਲੀ ਪੀੜਤਾਂ ਨੂੰ ਇਨਸਾਫ ਦਿਵਾਉਣ ਵਿਚ ਨਾਕਾਮ ਰਹੀ ਹੈ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਵਲੋਂ ਦਿੱਤੇ ਗਏ ਬਿਆਨ ਕਿ 'ਇਕ ਔਰਤ ਤੇ ਮਾਂ ਹੋਣ ਦੇ ਨਾਤੇ ਮੈਂ ਪ੍ਰਦਰਸ਼ਕਾਰੀਆਂ ਦਾ ਦੁੱਖ ਸਮਝਦੀ ਹਾਂ' 'ਤੇ ਸਵਾਲ ਕਰਦਿਆਂ ਕਿਹਾ ਹੈ ਕਿ ਕੀ ਸੋਨੀਆ 1984 ਵਿਚ ਸਿੱਖ ਬੀਬੀਆਂ ਨਾਲ ਹੋਈਆਂ ਬਲਾਤਕਾਰ ਦੀਆਂ ਘਟਨਾਵਾਂ ਨੂੰ ਆਸਾਨੀ ਨਾਲ ਭੁਲ ਗਈ। ਉਹ ਸੈਂਕੜੇ ਸਿੱਖ ਵਿਧਵਾਵਾਂ ਅੱਜ ਵੀ 'ਵਿਧਵਾ ਕਾਲੋਨੀ' ਵਿਚ ਤ੍ਰਾਸਦੀ ਨਾਲ ਪੀੜਤ ਜ਼ਿੰਦਗੀ ਜੀਅ ਰਹੀਆਂ ਹਨ ਜੋ ਕਿ ਸਭ ਤੋਂ ਵੱਡੇ ਜਮਹੂਰੀ ਦੇਸ਼ ਦੀ ਸੰਸਦ ਤੋਂ ਮਹਿਜ ਕੁਝ ਦੂਰੀ 'ਤੇ ਹੈ ਤੇ ਜਿਥੇ ਨਾ ਤਾਂ ਕਦੀ ਸੋਨੀਆ ਤੇ ਨਾ ਹੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਦੌਰਾ ਕੀਤਾ ਹੈ।

ਸੰਸਥਾ ਦੇ ਬਿਆਨ ਅਨੁਸਾਰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਤੇ ਨੈਸ਼ਨਲ ਨਵੰਬਰ 1984 ਵਿਕਟਿਮਸ ਜਸਟਿਸ ਐਂਡ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਬਾਬੂ ਸਿੰਘ ਦੁਖੀਆ ਦੀ ਅਗਵਾਈ ਵਿਚ ਇਕ ਟੀਮ ਸਾਰੀਆਂ ਪੀੜਤ ਔਰਤਾਂ ਨਾਲ ਇੰਟਰਵਿਊ ਕਰੇਗੀ ਤਾਂ ਜੋ ਉਨ੍ਹਾਂ ਦੋਸ਼ੀਆਂ ਦੀ ਪਛਾਣ ਹੋ ਸਕੇ।

*To Advertise with Punjab Times*
*Call: 847-359-0746*
*Fax:847-705-9388*

RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

ਰੇਡੀਓ ਚੜ੍ਹਦੀ ਕਲਾ

ਡਾਇਲ ਕਰੋ ਤੇ ਸੁਣੋ
832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7 (ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7 (ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7 (ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ
ਫੋਨ: 510-900-3600

*Radio CK, PO Box 296, Fremont, CA 94537*

# ਅਵਤਾਰ ਸਿੰਘ ਚਾਹਲ ਵਲੋਂ ਮਿਸ਼ੈਲ ਓਬਾਮਾ ਦਾ ਸਿੱਖਾਂ ਵਲੋਂ ਧੰਨਵਾਦ

**ਸੈਨ ਹੋਜ਼ੇ (ਬਿਊਰੋ):** ਸਥਾਨਕ ਸਿੱਖ ਪਤਵੰਤੇ ਸ. ਅਵਤਾਰ ਸਿੰਘ ਚਾਹਲ ਅਤੇ ਉਨ੍ਹਾਂ ਦੇ ਸਪੁੱਤਰ ਗੁਰਬਖਸ਼ ਚਾਹਲ ਰਾਸ਼ਟਰਪਤੀ ਭਵਨ ਵਲੋਂ ਮਿਲੇ ਵਿਸ਼ੇਸ਼ ਸੱਦੇ ਉਤੇ ਵ੍ਹਾਈਟ ਹਾਊਸ ਵਿਚ ਕ੍ਰਿਸਮਸ ਦੇ ਤਿਓਹਾਰ ਮੌਕੇ ਵਿਸ਼ੇਸ਼ ਜਸ਼ਨਾਂ ਵਿਚ ਸ਼ਾਮਲ ਹੋਏ ਅਤੇ ਇਸ ਦੌਰਾਨ ਉਨ੍ਹਾਂ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਪ੍ਰਥਮ ਮਹਿਲਾ ਮਿਸ਼ੈਲ ਓਬਾਮਾ ਦਾ ਸਿੱਖ ਭਾਈਚਾਰੇ ਦੀ ਤਰਫੋਂ ਉਚੇਚਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰਾ ਗੁਰਦੁਆਰਾ ਓਕ ਕਰੀਕ ਦੇ ਗੋਲੀ ਕਾਂਡ ਉਪਰੰਤ ਸ੍ਰੀਮਤੀ ਮਿਸ਼ੈਲ ਓਬਾਮਾ ਦੇ ਗੁਰੂ ਘਰ ਪਹੁੰਚ ਕੇ ਸਿੱਖਾਂ ਨਾਲ ਪ੍ਰਗਟਾਈ ਗਈ ਹਮਦਰਦੀ ਲਈ ਧੰਨਵਾਦੀ ਹੈ। ਉਨ੍ਹਾਂ ਕੁਨੈਕਟੀਕਟ ਸਟੇਟ ਦੇ ਸੈਂਡੀ ਹੁਕ ਸਕੂਲ ਵਿਚ ਹੋਏ ਦਰਦਨਾਕ ਗੋਲੀ ਕਾਂਡ ਪ੍ਰਤੀ ਵੀ ਹਮਦਰਦੀ ਪ੍ਰਗਟਾਈ ਅਤੇ ਕਿਹਾ ਕਿ ਇਸ ਘਟਨਾ ਨੇ ਸਮੁੱਚੀ ਮਨੁੱਖਤਾ ਦੇ ਹਿਰਦੇ ਵਲੂੰਧਰ ਕੇ ਰੱਖ ਦਿੱਤੇ ਹਨ। ਸ. ਚਾਹਲ ਨੇ ਰਾਸ਼ਟਰਪਤੀ ਨੂੰ ਹਥਿਆਰਾਂ ਉਤੇ ਕੰਟਰੋਲ ਬਾਰੇ ਸਖਤ ਰੁਖ ਅਪਨਾਉਣ ਦੀ ਅਪੀਲ ਕੀਤੀ।

ਸ. ਚਾਹਲ ਨੇ ਦੱਸਿਆ ਕਿ ਉਨ੍ਹਾਂ ਰਾਸ਼ਟਰਪਤੀ ਨੂੰ ਕਿਹਾ ਕਿ ਸਿੱਖ ਭਾਈਚਾਰਾ ਉਨ੍ਹਾਂ ਦਾ ਪੂਰੀ ਤਰ੍ਹਾਂ ਸਮਰਥਕ ਹੈ ਅਤੇ ਉਨ੍ਹਾਂ ਨੂੰ ਪਿਆਰ ਕਰਦਾ ਹੈ। ਸ੍ਰੀ ਓਬਾਮਾ ਨੇ ਸਿੱਖ ਭਾਈਚਾਰੇ ਦਾ ਇਸ ਪ੍ਰਤੀ ਧੰਨਵਾਦ ਕੀਤਾ।

ਸ. ਚਾਹਲ ਅਨੁਸਾਰ ਉਨ੍ਹਾਂ ਨੂੰ ਰਾਸ਼ਟਰਪਤੀ ਦੇ ਇੱਕੀ ਜਨਵਰੀ ਨੂੰ ਹੋ ਰਹੇ ਹਲਫ ਸਮਾਗਮ ਲਈ ਵੀ ਸੱਦਾ ਮਿਲਿਆ ਹੈ ਅਤੇ ਉਹ ਇਸ ਸਮਾਗਮ ਵਿਚ ਸ਼ਾਮਲ ਹੋ ਰਹੇ ਹਨ। ਜ਼ਿਕਰਯੋਗ ਹੈ ਕਿ ਸ. ਚਾਹਲ ਦੇ ਸਪੁੱਤਰ ਗੁਰਬਖਸ਼ ਚਾਹਲ ਨੇ ਅਮਰੀਕਾ ਵਿਚ ਵਸਦੇ ਵਖ ਵਖ ਭਾਈਚਾਰਿਆਂ ਦੀ ਪਛਾਣ ਲਈ ਇਕ ਮਿਲੀਅਨ ਡਾਲਰ ਦਾਨ ਦੇ ਕੇ 'ਬੀ ਪਰਾਊਡ ਫਾਊਂਡੇਸ਼ਨ' ਨਾਂ ਦੀ ਸੰਸਥਾ ਕਾਇਮ ਕੀਤੀ ਹੈ।



*ਅਵਤਾਰ ਸਿੰਘ ਚਾਹਲ ਕ੍ਰਿਸਮਸ ਮੌਕੇ ਵ੍ਹਾਈਟ ਹਾਊਸ ਵਿਚ ਪ੍ਰਥਮ ਮਹਿਲਾ ਮਿਸ਼ੈਲ ਓਬਾਮਾ ਨਾਲ*

# ਰਤਨ ਟਾਟਾ ਹੋਏ ਸੇਵਾਮੁਕਤ

**ਨਵੀਂ ਦਿੱਲੀ:** ਭਾਰਤੀ ਕਾਰਪੋਰੇਟ ਜਗਤ ਦੇ ਮੋਹਰੀ ਤੇ ਟਾਟਾ ਗਰੁੱਪ ਦੇ ਚੇਅਰਮੈਨ ਰਤਨ ਟਾਟਾ ਸੇਵਾਮੁਕਤ ਹੋ ਗਏ। ਉਨ੍ਹਾਂ 21 ਸਾਲ ਟਾਟਾ ਕਾਰੋਬਾਰੀ ਗਰੁੱਪ ਦੀ ਅਗਵਾਈ ਕੀਤੀ। ਆਪਣੇ 75ਵੇਂ ਜਨਮ ਦਿਨ 'ਤੇ ਉਨ੍ਹਾਂ ਰੁਝੇਵਿਆਂ ਭਰੀ ਜ਼ਿੰਦਗੀ ਨੂੰ ਅਲਵਿਦਾ ਕਹਿ ਦਿੱਤਾ। ਟਾਟਾ ਗਰੁੱਪ ਦੇ ਸੂਤਰਾਂ ਅਨੁਸਾਰ ਨਵੇਂ ਮਨੋਨੀਤ ਚੇਅਰਮੈਨ ਸਾਇਰਸ ਮਿਸਤਰੀ ਨੇ ਆਪਣੀ ਨਵੀਂ ਜ਼ਿੰਮੇਵਾਰੀ ਸੰਭਾਲ ਲਈ ਹੈ। ਉਨ੍ਹਾਂ ਨੂੰ ਇਕ ਸਾਲ ਤੋਂ ਇਹ ਅਹੁਦਾ ਸੰਭਾਲਣ ਲਈ ਤਿਆਰ ਕੀਤਾ ਜਾ ਰਿਹਾ ਸੀ।









## ਘਰ ਖਰੀਦਣਾ ਹੈ ਜਾਂ ਵੇਚਣਾ !

ਸੈਂਟਰਲ ਵੈਲੀ ਦੇ ਸ਼ਹਿਰਾਂ-ਲਿਵਿੰਗਸਟਨ, ਐਟਵਾਟਰ, ਮਰਸਡ, ਟਰਲਕ, ਮਾਡੈਸਟੋ ਅਤੇ ਲਾਸ ਬੈਨੋਸ ਵਿਚ ਘਰਾਂ ਦੀ ਖਰੀਦ ਅਤੇ ਵੇਚ ਲਈ ਬਿਹਤਰੀਨ ਸੇਵਾ ਲਈ ਕਾਲ ਕਰੋ

ਜਰਨੈਲ ਸਿੰਘ ਲਾਲੜੀਆ

ਫੋਨ:209-856-2131



Century 21

M&M AND ASSOCIATES

Each office is independently owned and operated.

REALTOR MLS

Jarnail Singh Lallria
Broker Associate
DRE#01440382

Cell: 209-620-5393
Fax:209-216-5502
e-mail: jlallria@c21mm.com
Mob Web: m.jlallria.c21mm.com

2995 "R" Street, Suite # 102, Merced, CA 95348



ooraa




## ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ !
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

Resolve your IRS Tax Debt / Problems

*100% SATISFACTION GUARANTEED*

ਅੱਜ ਹੀ ਸਾਨੂੰ ਕਾਲ ਕਰੋ

(888) 888-9914

www.ooraa.org

# ਪ੍ਰੋ. ਪੰਨੂੰ ਡੀਨ ਖੋਜ ਤੇ ਫੈਕਲਟੀ ਨਿਯੁਕਤ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਿੱਖ ਸਟੱਡੀਜ਼ ਵਿਭਾਗ ਦੇ ਮੁਖੀ ਪ੍ਰੋ. (ਡਾ.) ਹਰਪਾਲ ਸਿੰਘ ਪੰਨੂੰ ਨੂੰ ਡੀਨ (ਖੋਜ ਤੇ ਸੋਸ਼ਲ ਸਾਇੰਸਜ਼ ਫੈਕਲਟੀ) ਨਿਯੁਕਤ ਕੀਤਾ ਗਿਆ ਹੈ। ਉਹ ਪਹਿਲੀ ਜਨਵਰੀ 2013 ਤੋਂ ਲੈ ਕੇ ਆਪਣੀ ਸੇਵਾ ਮੁਕਤੀ ਤੱਕ ਇਸ ਅਹੁਦੇ 'ਤੇ ਰਹਿਣਗੇ। ਇਹ ਨਿਯੁਕਤੀ ਯੂਨੀਵਰਸਿਟੀ ਦੇ ਵੀ ਸੀ ਡਾ. ਜਸਪਾਲ ਸਿੰਘ ਨੇ ਕੀਤੀ ਹੈ। ਪ੍ਰੋ. ਪੰਨੂੰ ਸਿੰਡੀਕੇਟ ਅਤੇ ਸੈਨੇਟ ਦੇ ਮੈਂਬਰ ਵੀ ਹਨ।


*ਪ੍ਰੋ. ਹਰਪਾਲ ਸਿੰਘ ਪੰਨੂੰ*

ਯਾਦ ਰਹੇ ਕਿ ਡਾ. ਪੰਨੂੰ ਇਸ ਵੇਲੇ ਯੂਨੀਵਰਸਿਟੀ ਆਫ਼ ਇਰਾਨ, ਯੂਨੀਵਰਸਿਟੀ ਆਫ਼ ਨਵ ਨਾਲੰਦਾ, ਦਿੱਲੀ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਵਿਜ਼ਟਿੰਗ ਪ੍ਰੋਫੈਸਰ ਹਨ। ਇਸ ਤੋਂ ਇਲਾਵਾ ਉਹ ਯੂ.ਜੀ.ਸੀ. ਸੈਂਟਰ ਫ਼ਾਰ ਬੁਧਿਸਟ ਸਟੱਡੀਜ਼, ਯੂ.ਜੀ.ਸੀ. ਸੈਂਟਰ ਆਫ਼ ਗੁਰੂ ਨਾਨਕ ਸਟੱਡੀਜ਼ ਦੇ ਫਾਊਂਡਰ ਡਾਇਰੈਕਟਰ, ਪੰਜਾਬ ਸਕੂਲ ਐਜੁਕੇਸ਼ਨ ਬੋਰਡ ਮੁਹਾਲੀ ਦੇ ਬੋਰਡ ਮੈਂਬਰ ਅਤੇ ਪੰਜਾਬ ਸਰਕਾਰ ਦੇ ਪੰਜਾਬੀ ਭਾਸ਼ਾ ਬਾਰੇ ਮਾਹਿਰ ਸਲਾਹਕਾਰ ਹਨ।

ਉਹ ਦਸ ਕਿਤਾਬਾਂ ਦੇ ਲੇਖਕ ਹਨ ਅਤੇ ਅਮਰੀਕਾ, ਕੈਨੇਡਾ, ਆਸਟਰੇਲੀਆ, ਇਰਾਨ ਅਤੇ ਪਾਕਿਸਤਾਨ ਵਿਚ ਸਿੱਖ ਅਧਿਐਨ ਬਾਰੇ ਲੈਕਚਰ ਦੇ ਚੁੱਕੇ ਹਨ। ਪੰਜਾਬ ਟਾਈਮਜ਼ ਵਿਚ ਉਨ੍ਹਾਂ ਦੇ ਲੇਖ ਅਕਸਰ ਛਪਦੇ ਹਨ।

# ਦਲ ਖਾਲਸਾ ਵੱਲੋਂ ਸੁਮੇਧ ਸੈਣੀ ਦੇ ਬਿਆਨ ਨੂੰ ਚੁਣੌਤੀ

**ਚੰਡੀਗੜ੍ਹ:** ਦਲ ਖਾਲਸਾ ਨੇ ਮਾਰਚ-ਅਪਰੈਲ ਮਹੀਨੇ ਗਰਮ ਵਿਚ ਖਿਆਲੀ ਜਥੇਬੰਦੀਆਂ ਵੱਲੋਂ ਕੱਢੇ ਗਏ ਮਾਰਚਾਂ ਨੂੰ ਸੂਬੇ ਦੇ ਅਮਨ ਕਾਨੂੰਨ ਲਈ ਖਤਰਾ ਦੱਸਣ ਦੇ ਪੁਲਿਸ ਦੇ ਦਾਅਵਿਆਂ ਨੂੰ ਝੁਠਲਾਉਂਦਿਆਂ ਸਪਸ਼ਟ ਕੀਤਾ ਕਿ ਪਾਰਟੀ ਪੱਧਰ ਤੋਂ ਉਪਰ ਉੱਠ ਕੇ ਜਥੇਦਾਰ ਅਕਾਲ ਤਖਤ ਸਾਹਿਬ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਿੱਖ ਨੌਜਵਾਨ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਵਿਰੁੱਧ ਸੜਕਾਂ ਉਤੇ ਆਏ ਸਨ।

ਪੰਜਾਬ ਪੁਲਿਸ ਮੁਖੀ ਸੁਮੇਧ ਸਿੰਘ ਸੈਣੀ ਦੇ ਸੂਬੇ ਵਿਚ ਅਤਿਵਾਦ ਦੇ ਖ਼ਦਸ਼ੇ ਨੂੰ ਨਿਰਮੂਲ ਦੱਸਦਿਆਂ ਦਲ ਖਾਲਸਾ ਨੇ ਕਿਹਾ ਹੈ ਪੁਲਿਸ ਮੁਖੀ ਦਾ ਇਹ ਬਿਆਨ ਸੂਬੇ ਵਿਚ ਪੁਲਿਸ ਦਾ ਰਾਜ ਕਾਇਮ ਕਰਨ ਦੀ ਕੋਸ਼ਿਸ਼ ਹੈ। ਪਾਰਟੀ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਕਿਹਾ ਕਿ ਪੁਲਿਸ ਵੱਲੋਂ ਉਨ੍ਹਾਂ ਨੌਜਵਾਨਾਂ ਨੂੰ ਤਸ਼ੱਦਦ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ ਜੋ ਭਾਰਤੀ ਮੁੱਖਧਾਰਾ ਤੋਂ ਵੱਖਰੇ-ਵਿਚਾਰ ਰੱਖਦੇ ਹਨ ਜਿਵੇਂ ਕਿ ਦਲਜੀਤ ਸਿੰਘ ਬਿੱਟੂ ਤੇ ਕੁਲਬੀਰ ਸਿੰਘ ਦੇ ਮਾਮਲੇ ਵਿਚ ਪੁਲਿਸ ਦੀ ਭੂਮਿਕਾ ਰਹੀ ਹੈ।

## ਬੱਚਿਆਂ ਦੀ ਸੁਰੱਖਿਆ ਲਈ ਕਾਨੂੰਨ ਲਾਗੂ

**ਚੰਡੀਗੜ੍ਹ:** ਹਰਿਆਣਾ ਸਰਕਾਰ ਨੇ ਬੱਚਿਆਂ ਦੀ ਸੁਰੱਖਿਆ ਲਈ ਜਿਸਮਾਨੀ ਛੇੜਛਾੜ ਅਪਰਾਧ ਐਕਟ ਲਾਗੂ ਕਰ ਦਿੱਤਾ ਹੈ ਅਤੇ ਪਹਿਲੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਨੂੰ ਵਿਸ਼ੇਸ਼ ਬਾਲ ਅਦਾਲਤ ਵਜੋਂ ਨਾਮਜ਼ਦ ਕੀਤਾ ਗਿਆ ਹੈ।

ਸਰਕਾਰ ਨੇ ਰਾਜ ਦੇ ਹਰੇਕ ਜ਼ਿਲ੍ਹਾ ਅਟਾਰਨੀ ਦਫਤਰ ਵਿਚ ਸੀਨੀਅਰ ਉਪ ਜ਼ਿਲ੍ਹਾ ਅਟਾਰਨੀ ਨੂੰ ਵਿਸ਼ੇਸ਼ ਅਦਾਲਤ ਦੇ ਮਾਮਲਿਆਂ ਲਈ ਸਰਕਾਰੀ ਵਕੀਲ ਦੀ ਜ਼ਿੰਮੇਵਾਰੀ ਦਿੱਤੀ ਹੈ। ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵੱਲੋਂ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਨੂੰ ਵੀ ਮਨਜ਼ੂਰੀ ਦੇ ਦਿੱਤੀ ਗਈ ਹੈ। ਕਮਿਸ਼ਨ ਦੀਆਂ ਜ਼ਿਲ੍ਹਾ ਇਕਾਈਆਂ ਦਾ ਵੀ ਗਠਨ ਕੀਤਾ ਜਾਵੇਗਾ।

## ਕਿੰਗਫਿਸ਼ਰ ਦਾ ਲਾਇਸੈਂਸ ਰੱਦ

**ਮੁੰਬਈ:** ਪ੍ਰਾਈਵੇਟ ਹਵਾਈ ਕੰਪਨੀ ਕਿੰਗਫਿਸ਼ਰ ਏਅਰਲਾਈਨਜ਼ ਦੇ ਲਾਇਸੈਂਸ ਦੀ 31 ਦਸੰਬਰ ਨੂੰ ਮਿਆਦ ਮੁੱਕ ਗਈ। ਡਾਇਰੈਕਟੋਰੇਟ ਜਨਰਲ ਸਿਵਲ ਐਵੀਏਸ਼ਨ (ਡੀਜੀਸੀਏ) ਨੇ ਦੱਸਿਆ ਕਿ ਇਸ ਨੇ ਕਿੰਗਫਿਸ਼ਰ ਨੂੰ ਆਪਣੀ ਵਿੱਤੀ ਹਾਲਤ ਬਾਰੇ ਨਵੇਂ ਸਿਰਿਓਂ ਵੇਰਵੇ ਦੇਣ ਲਈ ਕਿਹਾ ਹੈ।

ਡੀਜੀਸੀਏ ਦੇ ਮੁਖੀ ਅਰੁਣ ਮਿਸ਼ਰਾ ਨੇ ਦੱਸਿਆ ਕਿ ਕਿੰਗਫਿਸ਼ਰ ਦੇ ਉਡਾਣਾਂ ਬਾਰੇ ਲਾਇਸੈਂਸ ਦੀ ਮਿਆਦ ਪੁੱਗ ਚੁੱਕੀ ਹੈ। ਉਹ ਉਡਾਣਾਂ ਲਈ ਫੰਡ ਦਿਖਾਉਣ ਵਿਚ ਅਸਫਲ ਰਹੇ ਸਨ।


The Anu Attorney Immigration Law Firm
Law offices of Anu Peshawaria

*Green Card *Family Immigration *Employment/Investor Visa *Citizenship *Litigation & Deportation *Defense *Appeals *BIA & Ninth Circuit Court



*Bankruptcy Consultation and Filing

Visa: Students, Athletes, Musicians, Journalists, Nurses, Teachers, Cooks, Religious & other professionals

*Woman of the year award 1991 – India*
*US acclaimed extraordinary ability*
*Awarded for outstanding community service*

*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

Weekends & Evening Appointments Available

Call:1-866-586-6297, 510-353-0102

46560 Fremont Blvd., STE#205, Fremont, CA 94538
anu@anuattorney.com www.anuattorney.com





ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 3,000 Minutes
$50 • $100 Available
✓ ਵਧੀਆ, ਸਾਫ਼ ਆਵਾਜ਼
✓ ਘਰੋਂ, ਸੈਲ ਫੋਨ ਤੋਂ ਵਰਤੋ
✓ ਇਕ ਮਿੰਟ ਗੱਲ, ਇਕ ਮਿੰਟ ਦੇ ਪੈਸੇ
✓ ਮਿੰਟ ਤੁਹਾਡੇ ਵਰਤਿਆਂ ਹੀ ਖਤਮ ਹੋਣਗੇ
ਸਾਨੂੰ ਗਾਹਕ ਭੇਜੋ ਤੇ ਫਰੀ ਮਿੰਟ ਲਵੋ!
ਇਕੋ ਡੀਲ ਤੇ ਦੋ ਨੰਬਰ ਕੱਠੇ ਚੱਲ ਸਕਦੇ ਹਨ।
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
Limited Time Offer. Restrictions & Fees Apply.
800-914-1013 • 408-726-6103



PANNU'S Legal Services



G.S. Pannu
Immigration Consultant - LDA

We provide services in

Bring US passport & proof of residence by 9:00 am at SF location we prepare your papers & get visa on sameday for $99 only. Call for details

IMMIGRATION CITIZENSHIP
DIVORCE CHILD SUPPORT
INDIAN PASSPORT
INDIAN VISA

OCI/PIO, Renunciation, Power of Attorney and related matters

We also handle Property and Divorce cases in Punjab

Serving you at Three Locations

FREMONT: 4127 Bay St., Unit 7, Fremont, CA 94538 (Near Fremont Bharat Bazar)
SAN FRANCISCO: 965 Mission St., Unit 102, San Francisco, CA 94103 (Near India Visa Center)
MANTECA: 1381 E. Yosemite Ave, Manteca, CA 95336 (off 99 & 120 Hwy - beside Dollar Tree store)

Call (510) 677-5200
(209) 679-8025
E-mail: indiavisa123@yahoo.com • Fax: (510) 279-7624


visit us on the web: www.punjabtimesusa.com


ਕੀ ਤੁਸੀਂ ਜਿਆਦਾ ਭਾਰ ਦੇ ਕਾਰਨ ਸ਼ੂਗਰ, ਕੋਲੈਸਟਰੋਲ, ਬਲੱਡ ਪ੍ਰੈਸ਼ਰ, ਕਬਜ਼, ਕਮਰ ਦਰਦ, ਜੋੜਾਂ ਦੇ ਦਰਦ, ਹਰਦਮ ਥਕਾਵਟ ਮਹਿਸੂਸ ਹੋਣ, ਥੋੜਾ ਜਿਹਾ ਤੁਰਨ ਨਾਲ ਸਾਹ ਚੜ੍ਹਨ ਆਦਿ ਅਲਾਮਤਾਂ ਤੋਂ ਰਾਹਤ ਪਾਉਣਾ ਚਾਹੁੰਦੇ ਹੋ?

> ਕੀ ਟਰੱਕ ਚਲਾਉਣ ਕਰ ਕੇ ਤੁਹਾਡੇ ਕੋਲ ਜ਼ਿਮ ਜਾਣ ਜਾਂ ਕਸਰਤ ਕਰਨ ਦਾ ਵਿਹਲ ਹੀ ਨਹੀਂ ਹੈ?
> ਸਾਡੀ ਕੰਪਨੀ ਦੀਆਂ ਦੇਸੀ ਦਵਾਈਆਂ ਵਰਤ ਕੇ ਤੁਸੀਂ ਆਪਣਾ ਵਜ਼ਨ ਸੌਖਿਆਂ ਹੀ ਘਟਾ ਸਕਦੇ ਹੋ। ਇਨ੍ਹਾਂ ਦਵਾਈਆਂ ਦੇ ਕੋਈ ਸਾਈਡ ਇਫੈਕਟ ਵੀ ਨਹੀਂ ਹਨ।
> ਸਾਡੀ ਕੰਪਨੀ ਪਿਛਲੇ 32 ਸਾਲ ਤੋਂ 72 ਦੇਸ਼ਾਂ ਵਿਚ ਆਪਣੀਆਂ ਹਰਬਲ ਦਵਾਈਆਂ ਨਾਲ ਲੋਕਾਂ ਦੀ ਸੇਵਾ ਕਰ ਰਹੀ ਹੈ।


*ਹਰਜੀਤ ਸਿੰਘ ਜੌਹਲ:ਪਹਿਲਾਂ ਭਾਰ 204 ਪੌਂਡ ਅਤੇ ਬਾਅਦ ਵਿਚ 164 ਪੌਂਡ*

Safe & Easy Weight Loss
Ph:317-886-4858

916 East Main Street, Suite 106,
Greenwood, IN 46143
ਦੇਸੀ ਬਾਜ਼ਾਰ ਦੇ ਬਿਲਕੁਲ ਕਰੀਬ
ਦਫਤਰ ਹਾਈਵੇਅ ਆਈ-65 ਦੇ ਐਗਜ਼ਿਟ 99 ਦੇ ਬਿਲਕੁਲ ਨੇੜੇ
www.punjabiweightloss.blogspot.com
www.goherbalife.com/skaur

ਟਰੱਕਰ ਵੀਰ EFS, T-check, Com-check ਰਾਹੀਂ ਪੇਅਮੈਂਟ ਕਰ ਸਕਦੇ ਹਨ।

# ਸ਼ਰਧਾ ਨਾਲ ਮਨਾਇਆ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ

**ਲੋਡਾਈ (ਹਰਜਿੰਦਰ ਸਿੰਘ ਪੰਧੇਰ):** ਸਟਾਕਟਨ ਦੇ ਗੁਰਦੁਆਰਾ ਦਸ਼ਮੇਸ਼ ਦਰਬਾਰ ਨਾਲ ਸਬੰਧਤ ਖਾਲਸਾ ਸਕੂਲ ਦੇ ਵਿਦਿਆਰਥੀਆਂ ਨੇ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਬੜੀ ਸ਼ਰਧਾ ਭਾਵਨਾ ਨਾਲ ਚੇਤੇ ਕੀਤਾ। ਲਗਾਤਾਰ ਕਈ ਹਫਤਿਆਂ ਦੀ ਮਿਹਨਤ ਨਾਲ ਸਕੂਲ ਦੇ ਬੱਚਿਆਂ ਨੇ ਚਾਰਾਂ ਸਾਹਿਬਜ਼ਾਦਿਆਂ



ਦੀ ਸ਼ਹੀਦੀ ਬਾਰੇ ਤਕਰੀਰਾਂ ਦਰਬਾਰ ਹਾਲ ਵਿਚ ਸੰਗਤਾਂ ਦੀ ਨਜ਼ਰ ਕੀਤੀਆਂ। ਸੰਗਤ ਨੇ ਜੈਕਾਰਿਆਂ ਨਾਲ ਬੱਚਿਆਂ ਨੂੰ ਹੱਲਾਸ਼ੇਰੀ ਦਿੱਤੀ।

ਸਕੂਲ ਦੀਆਂ ਬੱਚੀਆਂ ਨੇ 'ਦੇਹਿ ਸ਼ਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨਾ ਟਰੋਂ" ਤੋਂ ਇਲਾਵਾ ਕੁਝ ਹੋਰ ਸ਼ਬਦਾਂ ਦਾ ਰਸ ਭਿੰਨਾ ਕੀਰਤਨ ਕੀਤਾ। ਸਟੇਜ ਸੰਚਾਲਨ ਇਸ ਸਕੂਲ ਦੇ ਹੀ ਇਕ ਪੁਰਾਣੇ ਵਿਦਿਆਰਥੀ ਹਰਬੀਰ ਸਿੰਘ ਢਿਲੋਂ ਨੇ ਕੀਤਾ। ਤਿੰਨ ਦਿਨ ਚੱਲੇ ਅਖੰਡ ਬਾਣੀ ਦੇ ਪ੍ਰਵਾਹ ਵਿਚ ਸਕੂਲੀ ਬੱਚਿਆਂ ਦਾ ਭਰਭੂਰ ਸਹਿਯੋਗ ਰਿਹਾ। ਕਿਸੇ ਛੋਟੇ ਬੱਚੇ ਦਾ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਬੈਠਣਾ ਬੜਾ ਅਦੁੱਤੀ ਨਜ਼ਾਰਾ ਸੀ। ਬੱਚਿਆਂ ਦੇ ਸਿਰਾਂ 'ਤੇ ਸਜੀਆਂ ਦਸਤਾਰਾਂ ਦਾ ਇਕ ਆਪਣਾ ਪ੍ਰਭਾਵ ਸੀ। ਜਿਸ ਤਰ੍ਹਾਂ ਬੱਚੇ ਲੰਗਰ ਤੇ ਹੋਰ ਸੇਵਾ ਸੰਭਾਲ ਵਿਚ ਸਿੱਖੀ ਰਹੁ ਰੀਤਾਂ ਅਨੁਸਾਰ ਆਪਣਾ ਹੱਥ ਵਟਾ ਰਹੇ ਸਨ, ਉਹ ਸਭ ਸੰਗਤ ਦੇ ਮਨ ਨੂੰ ਬੜੀ ਤਸੱਲੀ ਦੇ ਰਿਹਾ ਸੀ।


ਇਸ ਸਮਾਗਮ ਵਿਚ ਜਿਨ੍ਹਾਂ ਬੱਚਿਆਂ ਨੇ ਭਾਗ ਲਿਆ ਉਨ੍ਹਾਂ ਵਿਚ ਹਰਮੀਤ ਕੌਰ, ਵਿਵੇਕ ਧਾਲੀਵਾਲ, ਅਸ਼ਾਨ ਸਿੰਘ, ਵਰਿਦਰ ਕੌਰ ਗਿੱਲ, ਦਿਲਪ੍ਰੀਤ ਕੌਰ ਬਰਾੜ, ਸੁਖਚੈਨ ਬੁੱਟਰ, ਸੁਖਰੂਪ ਕੌਰ, ਅਰਜਨ ਸਿੰਘ, ਗੁਰਮੇਹਰ ਸਿੰਘ, ਅਭੈ ਸੇਠੀ, ਹਰਕੰਵਲ ਜੀਤ ਕੌਰ, ਮਨਵੀਰ ਧਾਲੀਵਾਲ, ਅਬੀਕ ਆਹੂਜਾ, ਜਸਮੀਨ ਕੌਰ, ਸਹਿਜਪ੍ਰਤ ਕੌਰ, ਖੁਸ਼ਪ੍ਰੀਤ ਕੌਰ, ਹਰਮਨ ਬਾਠ, ਅਨੀਸ਼ ਆਹੂਜਾ, ਮਨਪ੍ਰੀਤ ਕੌਰ, ਗਗਨਦੀਪ ਕੌਰ ਮਹਿਰੋਕ, ਪੁਨੀਤ ਕੌਰ ਢਿਲੋਂ ਤੇ ਦਿਲਪ੍ਰੀਤ ਕੌਰ ਬਸਰਾਨ ਸ਼ਾਮਲ ਸਨ। ਬੱਚਿਆਂ ਨੂੰ ਸ਼ਬਦ ਤੇ ਸੰਗੀਤ ਦੀ ਤਿਆਰੀ ਵਿਚ ਬੀਬੀ ਭੁਪਿੰਦਰ ਕੌਰ ਨੇ ਸਹਿਯੋਗ ਦਿਤਾ। ਦਰਬਾਰ ਹਾਲ ਦੇ ਅੰਦਰ ਗੁਰੂ ਘਰ ਦੇ ਕੀਰਤਨੀ ਜਥੇ ਨੇ ਬੱਚਿਆਂ ਦਾ ਸਾਥ ਦਿੱਤਾ। ਸਕੂਲ ਦੀ ਪ੍ਰਬੰਧਕ ਕਮੇਟੀ ਨੇ ਸਮੂਹ ਸੰਗਤ, ਮਾਇਆ ਦਾਨ ਕਰਨ ਵਾਲੇ ਪ੍ਰੇਮੀਆਂ ਤੇ ਸੇਵਾਦਾਰਾਂ ਦਾ ਧੰਨਵਾਦ ਕੀਤਾ।

## Happy Birthday to Ajay Singh Bal



Manbir Bal (Dad), Amrita (Mom), Gurneet (Chacha Ji)
Gurdial Bal & Dr. Gurnam Kaur (Dada Ji & Dadi Ji)
America Dada Ji, Family & Friends


ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਨਵਾਂ ਸਾਲ 2013 ਮੁਬਾਰਕ




ਪਾਪਾ ਪਾਪਾ ਸਾਨੂੰ ਇਹ ਆਈਸ ਕਰੀਮ ਨਹੀਂ ਚਾਹੀਦੀ, ਜੇ ਲੈ ਕੇ ਦੇਣੀ ਹੈ ਤਾਂ ਕੇ ਜੇ ਮਿੰਨੀ ਮਾਰਟ ਸਟੋਰ ਤੋਂ ਰਸ ਮਲਾਈ ਲੈ ਦਿਓ। ਜਲੰਧਰ ਵਾਲੇ ਗਿਆਨ ਹਲਵਾਈ ਦੀ ਰਸ ਮਲਾਈ ਵਰਗੀ ਹੈ।
–ਰਾਜ ਸਿੰਘ ਤੇ ਅੰਮ੍ਰਿਤਾ ਕੌਰ

ਰੀਨੋ ਸ਼ਹਿਰ ਵਿਚ ਸਭ ਤੋਂ ਪਹਿਲਾ ਅਤੇ ਪੁਰਾਣਾ ਭਾਰਤੀ ਗਰੌਸਰੀ ਸਟੋਰ

ਕੇ ਜੇ ਮਿੰਨੀ ਮਾਰਟ

1086 S. Virginia St., Reno, NV 89502
Ph: 775-329-6225

ਵਧੀਆ ਕੁਆਲਿਟੀ ਅਤੇ ਵਾਜਬ ਭਾਅ 'ਤੇ ਭਾਰਤੀ ਅਤੇ ਪਾਕਿਸਤਾਨੀ ਗਰੌਸਰੀ

Open 7 days a week.
10AM to 9PM

ਹਰ ਵੇਲੇ ਖਿੜ੍ਹੇ ਮੱਥੇ ਤੁਹਾਡੇ ਸੁਆਗਤ ਲਈ ਤਿਆਰ ਪ੍ਰੀਤਮ ਸਿੰਘ ਸੱਗੂ

ਰੀਨੋ ਦੀ ਭਾਰਤੀ, ਪਾਕਿਸਤਾਨੀ, ਬੰਗਾਲੀ ਅਤੇ ਗੋਰੀ-ਕਾਲੀ ਅਤੇ ਮੈਕਸਿਕਨ ਮੂਲ ਦੀ ਵਸੋਂ ਦਾ ਹਰਮਨ ਪਿਆਰਾ ਸਟੋਰ

# ਪੰਜਾਬ ਟਾਈਮਜ਼ ਦੇ ਸਮੂਹ ਪਾਠਕਾਂ ਨੂੰ ਸਾਲ 2013 ਮੁਬਾਰਕ


## ਵਾਹਿਗੁਰੂ ਕਰੇ ਆਉਣ ਵਾਲਾ ਸਾਲ ਸਭਨਾਂ ਲਈ ਭਾਗਾਂ ਭਰਿਆ ਰਹੇ

**Kash Fabrics**

One Stop Shopping Center

29576 Mission Blvd, Hayward, CA 94544 Phone: 510-538-1138

## ਕੈਸ਼ ਫੈਬ੍ਰਿਕਸ-ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਕਸ਼ਮੀਰ ਸਿੰਘ ਬੁੱਗਾ ਅਤੇ ਗੁਰਜੀਤ ਕੌਰ ਬੁੱਗਾ

26 ਸਾਲ ਤੋਂ ਤੁਹਾਡੀ ਸੇਵਾ ਵਿਚ

The Name You Can Trust

ਰੂਪ ਨੂੰ ਚਾਰ ਚੰਨ ਲਾ ਦੇਣ ਵਾਲੀਆਂ ਸਾੜੀਆਂ ਅਤੇ ਕਮਾਲ ਦੀ ਕਢਾਈ ਦੇ ਵੰਨ ਵੰਨ ਦੇ ਸੂਟ, ਸਿਲਕ ਦੀਆਂ ਸਾੜੀਆਂ

*Bridal *Boutique *Jewelry

ਸੂਟਾਂ, ਸਾੜੀਆਂ ਤੇ ਲਹਿੰਗਿਆਂ ਨਾਲ ਮੈਚ ਕਰਦੀ ਨਵੇਂ ਤੋਂ ਨਵੇਂ ਡਿਜ਼ਾਈਨਾਂ ਵਿਚ ਆਰਟੀਫੀਸ਼ੀਅਲ ਜਿਊਲਰੀ ਅਤੇ ਹੋਰ ਬੜਾ ਹੀ ਕੁਝ...

ਸਾਡੀ ਸਪੈਸ਼ਲਟੀ: ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਅਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪਗੜੀਆਂ ਸਾਡੇ ਤੋਂ ਖਰੀਦੋ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ.ਪੀ.ਐਸ. ਰਾਹੀਂ ਤੁਰਤ ਭੇਜ ਸਕਦੇ ਹਾਂ।

ਸਾਡੇ ਪਾਸ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ- ਵੀਡੀਓ ਤੇ ਡੀ.ਵੀ.ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।

Visit us on the Web at www.kashfabrics.com

Ph:510-538-1138



'ਮਹਾਂਪੁਰਸ਼ਾਂ ਦੇ ਲੜ ਜੋ ਲੱਗ ਜਾਂਦੇ, ਮੂੰਹੋਂ ਮੰਗੀਆਂ ਮੁਰਾਦਾਂ ਪਾ ਜਾਂਦੇ। ਖੇਡ-ਮੈਦਾਨਾਂ 'ਚ ਬਣ ਸ਼ੇਰ ਉਹ, ਨਾਂ ਸਦਾ ਸਦਾ ਲਈ ਚਮਕਾ ਜਾਂਦੇ।'

# ਰਾਜਾ ਸਾਹਿਬ ਸਪੋਰਟਸ ਕਲੱਬ (ਨਵਾਂ ਸ਼ਹਿਰ) ਦੋਆਬਾ

## ਹੈਡ ਮਾਸਟਰ ਗਿਆਨ ਸਿੰਘ ਕਲੱਬ ਤੇ ਟੂਰਨਾਮੈਂਟ ਕਮੇਟੀ ਜੱਬੋਵਾਲ ਦੇ ਸਮੂਹ ਮੈਂਬਰਾਂ ਵਲੋਂ

# ਨਵਾਂ ਸਾਲ ਮੁਬਾਰਕ !



ਸਮੂਹ ਖਿਡਾਰੀਆਂ, ਖੇਡ ਪ੍ਰੇਮੀਆਂ, ਇਲਾਕਾ ਨਿਵਾਸੀਆਂ, ਸਨੇਹੀਆਂ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਲਈ ਨਵਾਂ ਸਾਲ ਖੁਸ਼ੀਆਂ ਖੇੜਿਆਂ ਭਰਿਆ ਆਵੇ। ਰੱਬ ਸਭ ਦੀਆਂ ਮਨੋਕਾਮਨਾਵਾਂ ਪੂਰੀਆਂ ਕਰੇ।

ਹੋਰ ਜਾਣਕਾਰੀ ਲਈ ਕਾਲ ਕਰੋ: 516-603-2523 ਅਤੇ 917-375-6395

# ਫਿਲਮ ਨਿਰਮਾਣ ਕਲਾ ਬਾਰੇ ਸ਼ਿਕਾਗੋ 'ਚ ਹੋਈ ਗੋਸ਼ਟੀ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ):** ਫਿਲਮ ਨਿਰਮਾਣ ਕੋਈ ਏਡਾ ਸੌਖਾ ਕਾਰਜ ਨਹੀਂ ਹੈ ਅਤੇ ਇਸ ਕਾਰਜ ਵਿਚ ਨਾ ਸਿਰਫ ਵੱਡੀ ਮਿਹਨਤ ਹੀ ਕਰਨੀ ਪੈਂਦੀ ਹੈ ਸਗੋਂ ਮਾਲੀ ਪੱਖ ਤੋਂ ਵੱਡੇ ਜੋਖਮ ਵੀ ਉਠਾਉਣੇ ਪੈਂਦੇ ਹਨ। ਇਹ ਵਿਚਾਰ ਪਿਛਲੇ ਦਿਨੀਂ ਇਥੇ ਏ.ਐਮ.ਸੀ. ਥਿਏਟਰ ਵਿਚ ਹੋਏ ਇਕ ਸੈਮੀਨਾਰ ਦੌਰਾਨ ਵੱਖ ਵੱਖ ਫਿਲਮ ਹਸਤੀਆਂ ਨੇ ਪ੍ਰਗਟਾਏ। ਇਸ ਸੈਮੀਨਾਰ ਦੌਰਾਨ ਹੋਰਨਾਂ ਤੋਂ ਇਲਾਵਾ ਹਾਲੀਵੁੱਡ ਦੇ ਨਾਮੀ ਫਿਲਮ ਨਿਰਦੇਸ਼ਕ, ਟੈਰਵਿਸ ਫਾਈਨ, ਐਮੀ ਐਲੀਸਨ, ਐਡਮ ਲਿਓਨ ਅਤੇ ਸ੍ਰੀ ਰਿਚਰਡ ਵੀ ਮੌਜੂਦ ਸਨ। ਭਾਰਤ, ਮੈਕਸੀਕੋ, ਇਸਰਾਈਲ ਸਮੇਤ ਕਈ ਹੋਰ ਦੇਸ਼ਾਂ ਦੀਆਂ ਫਿਲਮ ਹਸਤੀਆਂ ਨੇ ਵੀ ਹਾਜਰੀ ਭਰੀ। ਇਸ ਸੈਮੀਨਰ ਵਿਚ ਜਿਥੇ ਸੁਪ੍ਰਸਿਧ ਤੇ ਅਨੁਭਵੀ ਫਿਲਮ ਨਿਰਦੇਸ਼ਕਾਂ ਨੇ ਵਿਚਾਰ-ਚਰਚਾ ਵਿਚ ਹਿੱਸਾ ਲਿਆ, ਉਥੇ ਪਹਿਲੀ ਵਾਰੀ ਫਿਲਮ ਨਿਰਮਾਣ ਦੇ ਖੇਤਰ ਵਿਚ ਉਤਰਨ ਵਾਲੇ ਨਵੇਂ ਨਿਰਮਾਤਾਵਾਂ ਤੇ ਨਿਰਦੇਸ਼ਕਾਂ ਨੇ ਵੀ ਆਪਣੇ ਪਹਿਲੇ ਫਿਲਮ ਤਜ਼ਰਬੇ ਸਿਨੇ ਪ੍ਰੇਮੀਆਂ ਨਾਲ ਸਾਂਝੇ ਕੀਤੇ।



(ਖੱਬਿਓਂ) ਫਿਲਮ 'ਦੀ ਕਲੀਨਰ' ਦੇ ਨਿਰਦੇਸ਼ਕ ਐਦਰੀਨ ਸਾਭਾ, 'ਏ ਸੀਕਰਟ ਵਰਲਡ' ਦੇ ਨਿਰਦੇਸ਼ਕ ਗੈਬਰੀਅਲ ਮੈਰੀਨੋ, 'ਗੋਲਡ ਮੈਡਲ' ਦੇ ਲੇਖਕ ਸੁਰਿੰਦਰ ਸਿੰਘ ਭਾਟੀਆ ਅਤੇ ਫਿਲਮ 'ਆਊਟ ਇਨ ਦੀ ਡਾਰਕ' ਦੇ ਨਿਰਦੇਸ਼ਕ ਮਾਈਕਲ ਮੇਰ

ਫਿਲਮ ਲਈ ਵਿਤੀ ਸਾਧਨ ਕਿਵੇਂ ਜੁਟਾਏ ਜਾਣ? ਵਿਸ਼ੇ 'ਤੇ ਹੋਏ ਸੈਮੀਨਾਰ ਵਿਚ ਹਾਲੀਵੁੱਡ ਫਿਲਮ ਸ਼ੁਰੂ ਕਰਨ ਲਈ ਲੋੜੀਂਦੇ ਧਨ ਦਾ ਪ੍ਰਬੰਧ ਕਿਵੇਂ ਕੀਤਾ ਜਾਵੇ ਦੇ ਨਾਲ ਹੀ ਮਨੋਰੰਜਨ ਬਾਰੇ ਕਾਨੂੰਨਾਂ ਤੇ ਕਾਨੂੰਨੀ ਪੱਖਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ।

ਹਾਲੀਵੁਡ ਫਿਲਮ 'ਦੀ ਸਪੇਸ ਬਿਟਵੀਨ' ਦੇ ਨਿਰਮਾਤਾ-ਨਿਰਦੇਸ਼ਕ ਟਰੇਵਿਸ ਫਾਈਨ ਨੇ ਦੱਸਿਆ ਕਿ ਇਕੱਲੇ ਫਿਲਮ ਬਣਾਉਣ ਦੇ ਵਿਚਾਰ ਨਾਲ ਹੀ ਲੋੜੀਂਦੇ ਮਾਲੀ ਸਾਧਨ ਇਕੱਠੇ ਨਹੀਂ ਹੋ ਸਕਦੇ। ਤੁਹਾਨੂੰ ਆਪਣਾ ਪ੍ਰਾਜੈਕਟ ਫਿਲਮ ਫਾਈਨੈਂਸਰ ਨੂੰ ਵਿਸਥਾਰ ਨਾਲ ਦੱਸਣ ਦੀ ਕਲਾ ਆਉਣੀ ਚਾਹੀਦੀ ਹੈ, ਆਪਣੀ ਯੋਜਨਾ ਇਸ ਤਰ੍ਹਾਂ ਪੇਸ਼ ਕਰੋ ਕਿ ਉਹ ਪ੍ਰਾਜੈਕਟ 'ਤੇ ਯਕੀਨ ਕਰੇ ਅਤੇ ਹੋਰ ਵੀ ਜਰੂਰੀ ਗੱਲ ਇਹ ਹੈ ਕਿ ਨਿਰਮਾਤਾ ਤੇ ਨਿਰਦੇਸ਼ਕ ਨੂੰ ਸਾਰੀ ਗੱਲ ਬੜੇ ਸਪਸ਼ਟ ਤਰੀਕੇ ਨਾਲ ਦੱਸਣੀ ਚਾਹੀਦੀ ਹੈ ਅਤੇ ਕੁਝ ਲੁਕਾਉਣਾ ਨਹੀਂ ਚਾਹੀਦਾ। ਜੇ ਫਾਈਨਾਂਸ ਮਿਲ ਜਾਂਦਾ ਹੈ ਤਾਂ ਉਸ ਦੀਆਂ ਕਾਨੂੰਨੀ ਸ਼ਰਤਾਂ ਤੇ ਫਿਲਮ ਨੂੰ ਮੁਕੰਮਲ ਕਰਨ ਲਈ ਦਿੱਤੇ ਸਮੇਂ ਦੀ ਪਾਲਣਾ ਜਰੂਰ ਕੀਤੀ ਜਾਵੇ।

ਫਿਲਮ 'ਗਿਮੀ ਦੀ ਲੂਟ' ਦੇ ਨਿਰਦੇਸ਼ਕ ਐਡਮ ਲਿਓਨ ਨੇ ਦਸਿਆ ਕਿ ਫਿਲਮ ਨਿਰਮਾਣ ਦੇ ਖੇਤਰ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਇਸ ਸਬੰਧੀ ਵਿਸਥਾਰ ਵਿਚ ਜਾਣਕਾਰੀ ਲੈਣਾ ਜਰੂਰੀ ਹੈ। ਫਿਲਮ ਨਿਰਮਾਣ ਦੇ ਕਾਨੂੰਨੀ ਪਹਿਲੂਆਂ ਵੱਲ ਸੰਜ਼ੀਦਗੀ ਨਾਲ ਗੌਰ ਕਰਨਾ ਚਾਹੀਦਾ ਹੈ। ਹਰ ਵਿਸ਼ੇ ਨੂੰ ਪੇਸ਼ੇਵਾਰਾਨਾ ਤਰੀਕੇ ਨਾਲ ਘੋਖਣਾ ਚਾਹੀਦਾ ਹੈ ਤਾਂ ਕਿ ਭਵਿੱਖ ਵਿਚ ਕਿਸੇ ਤਰ੍ਹਾਂ ਦੀ ਮੁਸ਼ਕਿਲ ਨਾ ਆਵੇ। ਫਿਲਮ ਦੇ ਤਕਨੀਕੀ ਪੱਖਾਂ ਅਤੇ ਪੋਸਟ ਪ੍ਰੋਡਕਸ਼ਨ ਖਰਚਿਆਂ ਨੂੰ ਧਿਆਨ ਵਿਚ ਰੱਖਦਿਆਂ ਸਖਤੀ ਨਾਲ ਬਜਟ ਦੇ ਅੰਦਰ ਰਹਿਣ ਦੀ ਲੋੜ ਹੈ ਤਾਂ ਕਿ ਵਾਧੂ ਖਰਚਾ ਨਾ ਹੋਵੇ।

ਇਸ ਗੱਲ ਦੀ ਵੀ ਖਾਸ ਅਹਿਮੀਅਤ ਹੈ ਕਿ ਕਿਸੇ ਵੀ ਮਿਡਲਮੈਨ ਨੂੰ ਉਨੀ ਦੇਰ ਤੱਕ ਨਾ ਲਿਆ ਜਾਏ, ਜਦ ਤੱਕ ਇਹ ਪਤਾ ਨਾ ਲੱਗ ਜਾਏ ਕਿ ਉਸ ਦਾ ਫਿਲਮ ਜਗਤ ਵਿਚ ਅਸਰ ਰਸੂਖ ਕਿਹੋ ਜਿਹਾ ਹੈ ਤਾਂ ਕਿ ਪਿਛੋਂ ਕੋਰਟ-ਕਚਹਿਰੀਆਂ ਦੇ ਝਮੇਲੇ ਨਾ ਪੈਣ।

ਫਿਲਮ 'ਦੀ ਬਿਲੀਵਰਜ਼' ਦੀ ਐਮੀ ਐਲੀਸਨ ਨੇ ਕਿਹਾ ਕਿ ਕਿੱਕ ਸਟਾਰਟ ਪ੍ਰੋਗਰਾਮ ਵਿਚ ਆਪਣੇ ਰਿਸ਼ਤੇਦਾਰਾਂ, ਦੋਸਤਾਂ, ਸਨੇਹੀਆਂ ਤੇ ਭਾਈਚਾਰੇ ਦੇ ਵੱਧ ਤੋਂ ਵੱਧ ਲੋਕਾਂ ਨੂੰ ਸ਼ਾਮਿਲ ਕੀਤਾ ਜਾਵੇ ਅਤੇ ਫਿਲਮ ਨਿਰਮਾਣ ਦੌਰਾਨ ਇਨਸ਼ੋਰੈਂਸ ਦਾ ਖਿਆਲ ਜਰੂਰ ਰੱਖਿਆ ਜਾਵੇ ਤਾਂ ਕਿ ਕਿਸੇ ਦੁਰਘਟਨਾ ਦੀ ਸੂਰਤ ਵਿਚ ਨੁਕਸਾਨ ਨਾਲ ਫਿਲਮ ਰੁਕ ਨਾ ਜਾਏ।

ਸੈਮੀਨਾਰ ਦੇ ਇਕ ਹੋਰ ਹਿੱਸੇ ਵਿਚ ਫਿਲਮ ਦੇ ਮੁਕੰਮਲ ਹੋਣ ਤੇ ਡਿਸਟ੍ਰੀਬਿਊਸ਼ਨ ਦੇ ਨਿਯਮਾਂ ਅਤੇ ਤੌਰ ਤਰੀਕਿਆਂ ਤੋਂ ਜਾਣੂ ਕਰਵਾਇਆ ਗਿਆ। ਫਿਲਮ ਮੂਵਮੈਂਟ ਦੀ ਰਬੀਕਾ ਕੋਗਨੈਟ ਨੇ ਦਸਿਆ ਕਿ ਫਿਲਮ ਵਿਤਰਣ ਦੀ ਤਿਆਰੀ ਫਿਲਮ ਸ਼ੂਟਿੰਗ ਦੌਰਾਨ ਹੀ ਸ਼ੁਰੂ ਕਰ ਦੇਣੀ ਚਾਹੀਦੀ ਹੈ। ਫਿਲਮ ਦੇ ਵਿਸ਼ੇ ਨੂੰ ਮੁੱਖ ਰੱਖਦਿਆਂ ਮਾਰਕੀਟ ਤੱਕ ਪਹੁੰਚ ਕਰਨੀ ਚਾਹੀਦੀ ਹੈ। ਫਿਲਮ ਟੀਨ ਵਿਸ਼ੇ ਦੀ ਹੈ, ਘਰੇਲੂ ਹੈ, ਔਰਤਾਂ ਦੀ ਪਸੰਦ ਦੀ ਹੈ ਜਾਂ ਐਕਸ਼ਨ ਹੈ, ਇਨ੍ਹਾਂ ਚੀਜ਼ਾਂ ਨੂੰ ਦੇਖਦਿਆਂ ਮਾਰਕੀਟ ਵਿਚ ਪ੍ਰਚਾਰ ਕੀਤਾ ਜਾਵੇ।

ਮੰਗੋਲੀਆ ਪ੍ਰੋਡਕਸ਼ਨ ਦੀ ਮੋਰੀਨ ਨੇ ਦੱਸਿਆ ਦੀ ਫਿਲਮ ਸਫਲਤਾ ਦੇ ਪੈਮਾਨੇ 'ਤੇ ਪੂਰੀ ਉਤਰਦੀ ਹੈ ਕਿ ਨਹੀਂ, ਇਹ ਦੇਖ ਕੇ ਹੀ ਵਿਤਰਣ ਕੰਪਨੀਆਂ ਅੱਗੇ ਆਉਂਦੀਆਂ ਹਨ। ਸੋ, ਫਿਲਮ ਵਿਤਰਕਾਂ ਲਈ ਫਿਲਮ ਦੇ ਡੈਮੋ ਤੇ ਪ੍ਰੋਮੋਜ਼ ਦਾ ਇਕ ਵਖਰਾ ਸ਼ੋਅ ਕਿਸੇ ਥਿਏਟਰ ਵਿਚ ਰਖਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਜੇ ਕਿਸੇ ਪ੍ਰਸਿੱਧ ਹਸਤੀ ਦੀ ਇੰਡੋਰਸਮੈਂਟ ਮਿਲ ਜਾਏ ਤਾਂ ਫਿਲਮ ਦਾ ਨਾਂ ਆਪਣੇ ਆਪ ਘਰ ਘਰ ਪਹੁੰਚ ਜਾਂਦਾ ਹੈ।

ਫਿਲਮ ਮੇਕਰ ਜਾਨ ਨੇ ਆਪਣੇ ਤਜ਼ਰਬੇ ਦੀ ਗੱਲ ਕਰਦਿਆਂ ਕਿਹਾ ਕਿ ਫਿਲਮ ਦੀ ਇਸ਼ਤਿਹਾਰਬਾਜ਼ੀ ਕਮਿਊਨਿਟੀ ਥਿਏਟਰ, ਸਥਾਨਕ ਕਾਲਜ, ਯੂਨੀਵਰਸਿਟੀ, ਮਿਊਜ਼ੀਅਮ ਤੇ ਫਿਲਮ ਮੇਲਿਆਂ ਵਿਚ ਢੁਕਵੇਂ ਤਰੀਕੇ ਨਾਲ ਕਰਨੀ ਚਾਹੀਦੀ ਹੈ। ਫਿਲਮ ਦਾ ਟਰੇਲਰ ਕਿਸੇ ਪ੍ਰੋਫੈਸ਼ਨਲ ਕੋਲੋਂ ਬਣਵਾਉਣਾ ਚਾਹੀਦਾ ਹੈ। ਇਹ ਵੀ ਚੈਕ ਕਰਨਾ ਚਾਹੀਦਾ ਹੈ ਕਿ ਟਰੇਲਰ ਥਿਏਟਰ ਵਿਚ ਲਗਾਤਾਰ ਚਲ ਰਿਹਾ ਹੈ ਕਿ ਨਹੀਂ। ਅਜ ਕਲ ਸਮਾਰਟ ਫੋਨ ਆ ਗਏ ਹਨ, ਉਸ 'ਤੇ ਵੀ ਟਰੇਲਰ ਚਲਾਉਣਾ ਚਾਹੀਦਾ ਹੈ। ਜਿਸ ਲੋਕੇਸ਼ਨ 'ਤੇ ਸ਼ੂਟਿੰਗ ਹੋਈ ਹੋਵੇ, ਉਸ ਇਲਾਕੇ ਵਿਚ ਵਿਸ਼ੇਸ਼ ਪ੍ਰਚਾਰ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਈ-ਮੇਲ, ਫੇਸ ਬੁਕ, ਟਵਿਟਰ, ਯੂ ਟਿਊਬ ਆਦਿ ਸੋਸ਼ਲ ਮੀਡੀਆ ਦੀ ਰੱਜ ਕੇ ਵਰਤੋਂ ਕੀਤੀ ਜਾਵੇ। ਉਨ੍ਹਾਂ ਇਸ ਗੱਲ 'ਤੇ ਵਿਸ਼ੇਸ਼ ਜੋਰ ਦਿੱਤਾ ਕਿ ਫਿਲਮ ਰਿਲੀਜ਼ ਤੋਂ ਬਾਅਦ ਸਾਰੇ ਫਿਲਮ ਯੂਨਿਟ ਤੇ ਸਹਿਯੋਗੀ ਸੱਜਣਾਂ ਦਾ ਧੰਨਵਾਦ ਜਰੂਰ ਕਰੋ, ਇਸ ਨਾਲ ਅਗਲੇ ਪ੍ਰਾਜੈਕਟ ਲਈ ਕੋਈ ਮੁਸ਼ਕਿਲ ਨਹੀਂ ਆਵੇਗੀ।

ਸੈਮੀਨਾਰ ਦੇ ਅਖੀਰ ਵਿਚ ਪਹਿਲੀ ਵਾਰ ਫਿਲਮ ਬਣਾਉਣ ਵਾਲੇ ਨਵੇਂ ਨਿਰਦੇਸ਼ਕਾਂ ਨੇ ਆਪਣੀਆਂ ਫਿਲਮਾਂ ਅਤੇ ਫਿਲਮ ਕੈਰੀਅਰ ਦੇ ਅਨੁਭਵ ਦੱਸੇ ਤੇ ਫਿਲਮ ਬਣਾਉਣ ਸਬੰਧੀ ਆਈਆਂ ਮੁਸ਼ਕਿਲਾਂ, ਫਿਲਮ ਬਣਾਉਣ ਦੇ ਆਪੋ ਆਪਣੇ ਢੰਗ ਤਰੀਕੇ ਤੇ ਸ਼ੂਟਿੰਗ ਦੌਰਾਨ ਵਾਪਰੀਆਂ ਦਿਲਚਸਪ ਘਟਨਾਵਾਂ ਦਾ ਜ਼ਿਕਰ ਕੀਤਾ। ਇਕ ਆਈਡੀਏ ਤੋਂ ਕਹਾਣੀ, ਸਕਰੀਨ ਪਲੇ, ਡਾਇਲਾਗ ਤੇ ਪੂਰੀ ਸਕਰਿਪਟ ਦਾ ਸਫਰ, ਸਹੀ ਲੋਕੇਸ਼ਨ, ਢੁਕਵੇਂ ਕਲਾਕਾਰਾਂ ਦੀ ਚੋਣ, ਸਿੱਧੀ ਆਡੀਸ਼ਨ, ਫਿਲਮ ਦੀ ਸਫਲਤਾ ਵਿਚ ਸੰਗੀਤ ਦਾ ਯੋਗਦਾਨ, ਕੈਮਰਾਮੈਨ ਦੀ ਮਹੱਤਤਾ ਤੇ ਐਡੀਟਰ ਦੀ ਅਹਿਮ ਭੂਮਿਕਾ ਆਦਿ ਬਾਰੇ ਵੀ ਡੂੰਘੀਆਂ ਵਿਚਾਰਾਂ ਹੋਈਆਂ।

ਰਿਚਰਡ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਉਹ ਕਲਾਕਾਰ, ਲੇਖਕ, ਕੈਮਰਾਮੈਨ, ਐਡੀਟਰ ਦੀ ਚੋਣ ਸਮੇਂ ਕੋਈ ਸਮਝੌਤਾ ਨਹੀਂ ਕਰਦੇ। ਹਾਲੀਵੁੱਡ ਫਿਲਮ 'ਆਗੋਨ' ਦੇ ਨਿਰਦੇਸ਼ਕ ਰੋਬਰਟ ਬੁਧੀਆਨਾ ਨੇ ਦੱਸਿਆ ਕਿ ਫਿਲਮ ਦੀ ਕਹਾਣੀ ਦਾ ਆਈਡੀਆ ਉਸ ਨੇ ਕਰੀਬ 50 ਦੋਸਤਾਂ ਨੂੰ ਸੁਣਾਇਆ। ਇਥੋਂ ਤੱਕ ਕਿ ਭਾਈਚਾਰੇ ਦੇ ਕਮਸਿਨ ਮੁੰਡੇ-ਕੁੜੀਆਂ ਨੂੰ ਸੁਣਾਉਣ ਵਿਚ ਵੀ ਸ਼ਰਮ ਮਹਿਸੂਸ ਨਹੀਂ ਕੀਤੀ। ਉਸ ਨੂੰ ਫਿਲਮ ਬਣਾਉਣ ਵਿਚ ਇਕ ਸਾਲ ਲੱਗ ਗਿਆ ਕਿਉਂਕਿ ਕਹਾਣੀ ਦੀ ਪਿੱਠਭੂਮੀ ਯੁਨਾਨ ਦੀ ਸੀ ਅਤੇ ਉਸ ਨੇ ਉਥੇ ਜਾ ਕੇ ਯੁਨਾਨ ਬਾਰੇ ਪੂਰੀ ਜਾਣਕਾਰੀ ਹਾਸਿਲ ਕੀਤੀ ਤੇ ਫਿਰ ਫਿਲਮ ਸ਼ੁਰੂ ਕੀਤੀ।

ਫਿਲਮ 'ਏ ਸੀਕਰੇਟ ਵਰਲਡ' ਦੇ ਡਾਇਰੈਕਟਰ ਗੈਬਰੀਅਲ ਮਾਰੀਨੋ ਦਾ ਕਹਿਣਾ ਸੀ ਕਿ ਉਨ੍ਹਾਂ ਇਕ ਨਵੀਂ ਲੜਕੀ ਨੂੰ ਲੈ ਕੇ ਮੂਵੀ ਬਣਾਈ ਤੇ ਇਸ ਲੜਕੀ ਨੂੰ ਫਿਲਮ ਵਿਚ ਕੰਮ ਕਰਨ ਲਈ ਰਾਜੀ ਕਰਨ 'ਤੇ ਕਾਫੀ ਸਮਾਂ ਲੱਗਾ ਪਰ ਉਨ੍ਹਾਂ ਹਿੰਮਤ ਨਾ ਹਾਰੀ ਕਿਉਂਕਿ ਉਹੋ ਲੜਕੀ ਕਹਾਣੀ ਵਿਚ ਫਿੱਟ ਬੈਠਦੀ ਸੀ ਤੇ ਅਜ ਉਸ ਲੜਕੀ ਦੇ ਅਭਿਨੈ ਦੀ ਸਾਰੇ ਤਾਰੀਫ ਕਰ ਰਹੇ ਹਨ। ਹਾਲੀਵੁਡ ਫਿਲਮ 'ਦੀ ਕਲੀਨਰ' ਦੇ ਨਿਰਦੇਸ਼ਕ ਐਦਰੀਨ ਸਾਭਾ ਨੇ ਦੱਸਿਆ ਕਿ ਮੇਰੀ ਫਿਲਮ ਵਿਚ ਬਹੁਤੇ ਮੇਰੇ ਦੋਸਤ ਕਲਾਕਾਰ ਹੀ ਸਨ, ਇਸ ਲਈ ਜਿਆਦਾ ਮੁਸ਼ਕਿਲ ਨਹੀਂ ਆਈ ਪਰ ਕੁਝ ਕੁਦਰਤੀ ਆਫਤਾਂ ਕਰਕੇ ਫਿਲਮ ਲੇਟ ਹੋ ਗਈ।

ਜੈਫ ਨੇ ਇਕ ਦਿਲਚਸਪ ਵਾਕਿਆ ਦਾ ਜ਼ਿਕਰ ਕੀਤਾ ਕਿ ਸ਼ੂਟਿੰਗ ਦੌਰਾਨ ਕਿਵੇਂ ਇਕ ਸਟਾਰ ਕਲਾਕਾਰ ਦੇ ਨਾ ਆਉਣ 'ਤੇ ਦਰਸ਼ਕਾਂ ਦੀ ਭੀੜ ਵਿਚੋਂ ਹੀ ਇਕ ਕਲਾਕਾਰ ਦੀ ਚੋਣ ਕਰ ਲਈ ਗਈ ਤੇ ਉਸ ਨੇ ਏਨਾ ਵਧੀਆ ਕੰਮ ਕੀਤਾ ਕਿ ਇਸ ਵੇਲੇ ਉਹ ਫਿਲਮੀ ਦੁਨੀਆਂ ਦਾ ਸਟਾਰ ਹੈ।

ਫਿਲਮ 'ਆਊਟ ਇਨ ਦੀ ਡਾਰਕ' ਦੇ ਨਿਰਦੇਸ਼ਕ ਮਾਈਕਲ ਮੇਰ ਨੇ ਦੱਸਿਆ ਉਸ ਦੀ ਮੂਵੀ ਦੀ ਕਹਾਣੀ ਦੋ ਗੁਆਂਢੀ ਦੇਸ਼ਾਂ ਦੇ ਵਸਨੀਕਾਂ ਤੇ ਕਿਰਦਾਰਾਂ ਦੇ ਸਬੰਧਾਂ ਦੁਆਲੇ ਘੁੰਮਦੀ ਹੈ, ਇਸ ਲਈ ਸਨੇਹੀਆਂ ਨੇ ਇਸ ਵਿਸ਼ੇ 'ਤੇ ਫਿਲਮ ਬਾਰੇ ਸੁਚੇਤ ਕੀਤਾ ਪਰ ਮੈਂ ਫਿਲਮ ਬਣਾਉਣ ਲਈ ਡਟਿਆ ਰਿਹਾ, ਹਾਲਾਂ ਕਿ ਇਹ ਮੇਰੀ ਪਹਿਲੀ ਫੀਚਰ ਫਿਲਮ ਸੀ।

ਨਿਊ ਯਾਰਕ ਤੋਂ ਫਿਲਮ ਡਾਇਰੈਕਸ਼ਨ ਦਾ ਤਿੰਨ ਸਾਲਾ ਕੋਰਸ ਕਰਕੇ ਹਾਲੀਵੁੱਡ ਵਿਚ ਕਿਸਮਤ ਅਜਮਾਉਣ ਜਾ ਰਹੇ ਰਾਜਨ ਨਿਗਮ ਨੇ ਕਿਹਾ ਕਿ ਇਸ ਸੈਮੀਨਾਰ ਵਿਚ ਫਿਲਮ ਸਨਅਤ ਦੇ ਵਖ ਵਖ ਖੇਤਰਾਂ ਨਾਲ ਜੁੜੀਆਂ ਮਾਹਿਰ ਸ਼ਖਸੀਅਤਾਂ ਨੂੰ ਮਿਲਣ ਦਾ ਮੌਕਾ ਮਿਲਿਆ ਤੇ ਇਹ ਵਿਚਾਰ-ਚਰਚਾ ਉਸ ਲਈ ਬੜੀ ਹੀ ਲਾਭਕਾਰੀ ਰਹੀ।



ਹਾਲੀਵੁਡ ਫਿਲਮ 'ਅਗੌਨ' ਦੇ ਨਿਰਦੇਸ਼ਕ ਰਾਬਰਟ ਬੁਧੀਆਨਾ ਤੇ ਸੁਰਿੰਦਰ ਸਿੰਘ ਭਾਟੀਆ

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 12 ਜਨਵਰੀ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-46



*ਦੁਨੀਆਂ ਕਹਿੰਦੇ ਰੰਗਲੀ ਪਰ ਮੈਂ ਕੀ ਹਾਲੇ ਕਹਾਂ,*
*ਵੱਡੀਆਂ ਲਾ ਕੇ ਐਨਕਾਂ ਮੈਂ ਤੱਕਣ ਲੱਗਾਂ ਤਾਂਹ।*
*ਪੜ੍ਹਦਾ ਹਾਲੇ ਸਕੂਲ ਮੈਂ, ਖੇਡਾਂ ਬਚਪਨ ਨਾਲ,*
*ਪਰ ਕੋਠੇ ਚੜ੍ਹ ਕੇ ਵੇਖਦਾਂ ਹੁੰਦੇ ਨਿੱਤ ਕਮਾਲ।*

## ਕੈਪਸ਼ਨ ਮੁਕਾਬਲਾ-44



ਪਹੀਏ ਦੀ ਥਾਂ ਟਾਇਰ ਪੁਆ ਕੇ,
ਗੱਡਾ ਬਣ ਗਿਆ ਰੇਹੜੀ ਗੱਡੀ।
ਪੁਰਾਣਾ ਪੀਟਰ ਮੂਹਰੇ ਜੜ ਕੇ,
ਕਾਢ ਨਵੀਂ ਫਿਰ ਅੱਗੋਂ ਕੱਢੀ।
ਨਾ ਨੰਬਰ, ਨਾ ਕਾਪੀ ਕੋਈ,
ਫਿਰਦੇ ਸੜਕਾਂ ਉਪਰ ਦੱਬੀ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਜੇ ਦਿਮਾਗ ਨੂੰ ਵਰਤੇ ਬੰਦਾ
ਕਦੀ ਨਾ ਕਿਧਰੇ ਹਾਰੇ।
'ਕੱਠੀਆਂ ਕਰ ਪੁਰਾਣੀਆਂ ਚੀਜ਼ਾਂ
ਘਰ ਦੇ ਕੰਮ ਸਵਾਰੇ।
ਫੱਟੀਆਂ ਜੋੜ ਬਣਾਈਆਂ ਕੰਧਾਂ
ਦੋਹੀਂ ਪਾਸੀਂ ਲਾਈਆਂ।
ਮਿਹਨਤ ਦੇ ਨਾਲ ਮਿਲਦੀ ਏ
'ਸੁਰਜੀਤ' ਸਦਾ ਖੁਸ਼ਹਾਲੀ।
ਰੇਹੜਾ ਨਹੀਂ ਇਹ ਬਣ ਗਿਆ ਹੈ
ਹੁਣ ਟਰੈਕਟਰ ਅਤੇ ਟਰਾਲੀ।
***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

ਸੜਕ 'ਤੇ ਭੱਜਿਆ ਜਾਂਦਾ,
ਸਾਡਾ ਪੀਟਰ ਰੇਹੜਾ ਨੀ।
ਨਵੀਂ ਕਾਢ ਇਹ ਦੇਸੀ ਜੱਟ ਦੀ,
ਰੀਸ ਕਰ ਲਊ ਕਿਹੜਾ ਨੀ।
ਕਾਰਾਂ ਵਾਲੇ ਪਿੱਛੇ ਹਟਦੇ,
ਜਦ ਦੇਵਾਂ ਸ਼ਹਿਰ ਨੂੰ ਗੇੜਾ ਨੀ।
ਮਿੱਤਰਾਂ ਦਾ ਇਹ ਜਹਾਜ਼ ਦੇਸੀ,
ਉਡਾਉਂਦਾ ਫਿਰੇ ਕੰਤ ਤੇਰਾ ਨੀ।
***-ਪਰਸ਼ੋਤਮ ਸਿੰਘ ਯੂਬਾ ਸਿਟੀ।***

---

ਪੀਟਰ ਰੇਹੜਾ ਮੇਰਾ ਕਰੇ ਰੇਲ ਨਾਲ ਮੇਲ।
ਓਪਨ ਏਅਰ ਸਾਡਾ ਪੀਟਰ ਰੇਹੜਾ
ਲੱਖਾਂ ਇਹ ਬਚਾਉਂਦਾ।
ਨਾ ਲਾਇਸੰਸ, ਨਾ ਬੀਮਾ ਕੋਈ,
ਹਰ ਕੋਈ ਬੁੱਲੇ ਉਡਾਉਂਦਾ।
***-ਗੋਰਾ ਪ੍ਰਜਾਪਤ***
***ਫੋਨ: 646-721-1964***

Raja™ SWEETS & CATERING®
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™






ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ ਵਲੋਂ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

ਨਵਾਂ ਸਾਲ ਮੁਬਾਰਕ





Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets

Toll Free 1-866-FOR-RAJA
www.rajasweets.com
msbains@rajasweets.com

Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Call Makhan Bains or Ravinder Singh for your next Party 1-866-FOR RAJA www.RajaSweets.com

# ਚੀਨ 'ਤੇ ਪਰਮਾਣੂ ਹੱਲੇ ਲਈ ਤਿਆਰ ਸੀ ਅਮਰੀਕਾ

## ਭਾਰਤ ਨੂੰ ਹਾਰ ਤੋਂ ਬਚਾਉਣ ਲਈ ਦ੍ਰਿੜ੍ਹ ਸੀ ਕੈਨੇਡੀ

**ਵਾਸ਼ਿੰਗਟਨ:** ਭਾਰਤ ਉਤੇ 1962 ਵਿਚ ਚੀਨ ਵੱਲੋਂ ਕੀਤੇ ਹਮਲੇ ਪਿੱਛੋਂ ਅਮਰੀਕਾ ਨੇ ਭਾਰਤ ਨੂੰ ਹਾਰ ਤੋਂ ਬਚਾਉਣ ਲਈ ਚੀਨ ਵਿਰੁੱਧ ਪਰਮਾਣੂ ਹਥਿਆਰ ਵਰਤਣ ਦੀ ਤਿਆਰੀ ਕਰ ਲਈ ਸੀ। ਉਸ ਸਮੇਂ ਦੇ ਅਮਰੀਕੀ ਰਾਸ਼ਟਰਪਤੀ ਜੌਹਨ ਐਫ. ਕੈਨੇਡੀ ਨੇ 9 ਮਈ, 1963 ਨੂੰ ਆਪਣੇ ਚੋਟੀ ਦੇ ਫੌਜੀ ਸਹਾਇਕਾਂ ਨਾਲ ਹੋਈ ਮੀਟਿੰਗ ਵਿਚ ਕਿਹਾ ਸੀ ਕਿ ਪੇਇਚਿੰਗ ਹੱਥੋਂ ਦਿੱਲੀ ਦੀ ਹਾਰ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਮੀਟਿੰਗ ਵਿਚ ਚੀਨ ਵੱਲੋਂ ਭਾਰਤ ਉੱਤੇ ਹੋਰ ਹਮਲਾ ਕੀਤੇ ਜਾਣ ਦੀ ਸੂਰਤ ਵਿਚ ਉਸ ਖ਼ਿਲਾਫ਼ ਪਰਮਾਣੂ ਹਥਿਆਰ ਵਰਤੇ ਜਾਣ ਬਾਰੇ ਵੀ ਵਿਚਾਰ ਕੀਤੀ ਗਈ ਸੀ। ਇਹ ਖੁਲਾਸਾ ਹਾਲ ਹੀ ਵਿਚ ਰਿਲੀਜ਼ ਹੋਈ ਇਕ ਕਿਤਾਬ ਵਿਚ ਹੋਇਆ ਹੈ ਜਿਸ ਦਾ ਸਿਰਲੇਖ ਹੈ 'ਲਿਸਨਿੰਗ ਇਨ: ਦਿ ਸੀਕਰੇਟ ਵ੍ਹਾਈਟ ਹਾਊਸ ਰਿਕਾਰਡਿੰਗਜ਼ ਆਫ਼ ਜੌਹਨ ਐਫ. ਕੈਨੇਡੀ' ਹੈ ਤੇ ਜਿਸ ਨੂੰ ਟੈਡ ਵਿਡਮਰ ਤੇ ਕੈਰੋਲਾਈਨ ਕੈਨੇਡੀ ਨੇ ਲਿਖਿਆ ਹੈ।

ਇਸ ਮੁਤਾਬਕ 9 ਮਈ, 1963 ਦੀ



ਮੀਟਿੰਗ ਵਿਚ ਸ੍ਰੀ ਕੈਨੇਡੀ ਨੇ ਕਿਹਾ ਸੀ ਕਿ ਉਹ ਇਸਰਾਈਲ ਤੇ ਸਾਊਦੀ ਅਰਬ ਦੀ ਸੁਰੱਖਿਆ ਕਰ ਰਹੇ ਹਨ।ਤੇ ਇਸ ਲਈ ਭਾਰਤ ਨੂੰ ਵੀ ਗਾਰੰਟੀ ਦੇਣੀ ਚਾਹੀਦੀ ਹੈ ਜਿਸ ਨੂੰ ਪੂਰਾ ਵੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਬਾਰੇ ਕੋਈ ਸ਼ੱਕ ਨਹੀਂ ਹੈ ਕਿ ਇਹ ਦੇਸ਼ ਇਸ ਗੱਲ ਲਈ ਦ੍ਰਿੜ੍ਹ ਸੰਕਲਪ ਹੈ ਕਿ ਚੀਨੀਆਂ ਹੱਥੋਂ ਭਾਰਤੀਆਂ ਦੀ ਬਰਹਦਾਸ਼ਤ ਨਹੀਂ ਕਰ ਸਕਦੇ।

ਉਨ੍ਹਾਂ ਕਿਹਾ ਸੀ ਕਿ ਜੇ ਉਹ ਅਜਿਹਾ ਕਰਦੇ ਹਨ ਤਾਂ ਉਹ ਦੱਖਣੀ ਕੋਰੀਆ ਤੇ ਦੱਖਣੀ ਵੀਅਤਨਾਮ ਤੋਂ ਵੀ ਬਾਹਰ ਹੋ ਜਾਣਗੇ। ਇਸ ਲਈ ਉਹ ਸਮਝਦੇ ਹਨ ਕਿ ਇਸ ਬਾਰੇ ਫੈਸਲਾ ਲੈਣਾ ਚਾਹੀਦਾ ਹੈ। ਕਿਤਾਬ ਵਿਚ ਉਪਰੋਕਤ ਟਿੱਪਣੀਆਂ ਅਮਰੀਕਾ ਦੇ ਤਤਕਾਲੀ ਰੱਖਿਆ ਮੰਤਰੀ ਰਾਬਰਟ ਮੈਕਨਮਾਰਾ ਤੇ ਜੁਆਇੰਟ ਚੀਫਸ ਆਫ਼ ਸਟਾਫ ਦੇ ਚੇਅਰਮੈਨ ਜਨਰਲ ਮੈਕਸਵੈਲ ਡੇਵਪੋਰਟ 'ਮੈਕਸ' ਟੇਲਰ ਵਿਚਾਲੇ ਵ੍ਹਾਈਟ ਹਾਊਸ ਵਿਚ ਹੋਈ ਮੀਟਿੰਗ ਦੇ ਹਵਾਲੇ ਨਾਲ ਕੀਤੀਆਂ ਗਈਆਂ ਹਨ।

ਇਸ ਵਿਚ ਕੈਨੇਡੀ ਦੀ ਗੱਲਬਾਤ ਤੇ ਵ੍ਹਾਈਟ ਹਾਊਸ ਦੀਆਂ ਮੀਟਿੰਗਾਂ ਦੀ ਆਡੀਓ ਵੀ ਸ਼ਾਮਲ ਹਨ। ਕੈਨੇਡੀ ਨੇ ਜੁਲਾਈ 1962 ਦੌਰਾਨ ਕੈਬਨਿਟ ਰੂਮ ਤੇ ਓਵਲ ਆਫਿਸ ਵਿਚ ਗੁਪਤ ਰਿਕਾਰਡਿੰਗ ਸਿਸਟਮ ਲਾਇਆ ਸੀ। ਇਹ ਰਿਕਾਰਡਿੰਗਜ਼ ਉਥੋਂ ਲਈਆਂ ਗਈਆਂ ਹਨ। ਇਹ ਰਿਕਾਰਡਿੰਗਜ਼ 265 ਘੰਟਿਆਂ ਦੀਆਂ ਹਨ।ਪੁਸਤਕ ਮੁਤਾਬਕ ਚੀਨ ਵੱਲੋਂ ਭਾਰਤ 'ਤੇ ਹਮਲਾ ਕਰਨ ਦੀ ਸੂਰਤ ਵਿਚ ਕੈਨੇਡੀ ਭਾਰਤ ਨੂੰ ਹਾਰ ਤੋਂ ਬਚਾਉਣ ਲਈ ਦ੍ਰਿੜ੍ਹ ਸੀ।

# ਮਿਆਂਮਾਰ ਵਿਚ ਹੁਣ ਪ੍ਰੈਸ ਆਜ਼ਾਦ

**ਯੈਂਗੌਨ:** ਮਿਆਂਮਾਰ ਦੀ ਫੌਜੀ ਹਕੂਮਤ ਨੇ ਐਲਾਨ ਕੀਤਾ ਹੈ ਕਿ ਮੁਲਕ ਵਿਚ 1964 ਤੋਂ ਬਾਅਦ ਪਹਿਲੀ ਵਾਰ ਪ੍ਰਾਈਵੇਟ ਮਾਲਕੀ ਵਾਲੇ ਅਖ਼ਬਾਰ ਛਾਪਣ ਦੀ ਮਨਜ਼ੂਰੀ ਦਿੱਤੀ ਜਾਵੇਗੀ। ਅਖ਼ਬਾਰਾਂ ਦਾ ਪ੍ਰਕਾਸ਼ਨ ਆਗਾਮੀ ਅਪਰੈਲ ਮਹੀਨੇ ਤੋਂ ਸ਼ੁਰੂ ਹੋਵੇਗਾ ਜੋ ਦੇਸ਼ ਵਿਚ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਲਈ ਚੁੱਕਿਆ ਜਾਣ ਵਾਲਾ ਵੱਡਾ ਕਦਮ ਹੋਵੇਗਾ। ਮੁਲਕ ਦੇ ਸੂਚਨਾ ਮੰਤਰਾਲੇ ਨੇ ਆਪਣੀ ਵੈੱਬਸਾਈਟ ਉੱਤੇ ਐਲਾਨ ਕੀਤਾ ਹੈ ਕਿ ਮਿਆਂਮਾਰ ਦਾ ਕੋਈ ਵੀ ਸ਼ਹਿਰੀ ਜੇ ਅਖ਼ਬਾਰ ਸ਼ੁਰੂ ਕਰਨਾ ਚਾਹੁੰਦਾ ਹੋਵੇ ਤਾਂ ਉਹ ਫਰਵਰੀ ਤਕ ਆਪਣੀ ਅਰਜ਼ੀ ਦੇ ਸਕਦਾ ਹੈ। ਅਖ਼ਬਾਰ ਕਿਸੇ ਵੀ ਭਾਸ਼ਾ ਵਿਚ ਹੋ ਸਕਦਾ ਹੈ ਜੋ ਪਹਿਲੀ ਅਪਰੈਲ ਤੋਂ ਛਾਪਿਆ ਜਾ ਸਕੇਗਾ।

ਇਹ ਕਦਮ ਰਾਸ਼ਟਰਪਤੀ ਥੀਨ ਸੀਨ ਵੱਲੋਂ ਬੀਤੇ ਸਾਲ ਅਹੁਦਾ ਸੰਭਾਲੇ ਜਾਣ ਪਿੱਛੋਂ ਐਲਾਨੇ ਗਏ ਵਿਆਪਕ ਜਮਹੂਰੀ ਸੁਧਾਰਾਂ ਦਾ ਹਿੱਸਾ ਹੈ। ਗ਼ੌਰਤਲਬ ਹੈ ਕਿ ਮੁਲਕ ਵਿਚ ਪਿਛਲੀ ਅੱਧੀ ਸਦੀ ਤੋਂ ਫੌਜੀ ਜੁੰਡਲੀ ਦੀ ਤਾਨਾਸ਼ਾਹ ਹਕੂਮਤ ਜਾਰੀ ਹੈ। ਇਸ ਤੋਂ ਪਹਿਲਾਂ ਬੀਤੇ ਅਗਸਤ ਵਿਚ ਮੀਡੀਆ ਤੋਂ ਸਿੱਧੀ ਸੈਂਸਰਸ਼ਿਪ ਹਟਾ ਲਈ ਗਈ ਸੀ। ਇਸ ਤਹਿਤ ਪੱਤਰਕਾਰਾਂ ਨੂੰ ਆਪਣੀਆਂ ਲਿਖਤਾਂ ਛਪਵਾਉਣ ਤੋਂ ਪਹਿਲਾਂ ਸਰਕਾਰ ਦੇ ਸੈਂਸਰ ਕਰਤਾਵਾਂ ਨੂੰ ਦਿਖਾਉਣ ਤੋਂ ਛੋਟ ਦੇ ਦਿੱਤੀ ਗਈ ਸੀ। ਮੁਲਕ ਵਿਚ ਕੁਝ ਸਰਕਾਰੀ ਰੋਜ਼ਾਨਾ ਤੇ 180 ਦੇ ਕਰੀਬ ਹਫ਼ਤਾਵਾਰੀ ਅਖ਼ਬਾਰ ਤੇ ਰਸਾਲੇ ਛਪਦੇ ਸਨ ਪਰ ਇਹ ਸਰਕਾਰ ਦਾ ਪ੍ਰਚਾਰ ਹੀ ਕਰਦੇ ਹਨ ਜਾਂ ਖੇਡਾਂ, ਸਿਹਤ ਤੇ ਮਨੋਰੰਜਨ ਬਾਰੇ ਰਿਪੋਰਟਾਂ ਛਾਪਦੇ ਹਨ। ਬਰਤਾਨਵੀ ਹਕੂਮਤ ਵੇਲੇ ਮੁਲਕ ਵਿਚ ਬਰਮੀ, ਅੰਗਰੇਜ਼ੀ, ਭਾਰਤੀ ਤੇ ਚੀਨੀ ਭਾਸ਼ਾਵਾਂ ਵਿਚ ਕਈ ਰੋਜ਼ਾਨਾ ਅਖ਼ਬਾਰ ਛਪਦੇ ਸਨ ਪਰ 1964 ਵਿਚ ਫੌਜੀ ਤਾਨਾਸ਼ਾਹ ਨੇਮਾ ਵਿਅ ਨੇ ਪ੍ਰਾਈਵੇਟ ਕਾਰੋਬਾਰਾਂ ਦਾ ਕੌਮੀਕਰਨ ਕਰਕੇ ਇਨ੍ਹਾਂ ਨੂੰ ਬੰਦ ਹੋਣ ਲਈ ਮਜਬੂਰ ਕਰ ਦਿੱਤਾ ਸੀ।

# ਭਾਵਨਾਵਾਂ ਦਾ ਇਜ਼ਹਾਰ ਕਰਨਾ ਸਿਹਤ ਲਈ ਚੰਗਾ ਕਰਾਰ

**ਲੰਡਨ:** ਇਕ ਨਵੇਂ ਅਧਿਐਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਗਰਮ ਸੁਭਾਅ ਦੇ ਇਤਾਲਵੀ ਤੇ ਸਪੇਨੀ ਲੋਕ, ਤੰਗ ਸੁਭਾਅ ਦੇ ਅੰਗਰੇਜ਼ਾਂ ਨਾਲੋਂ ਕੋਈ ਦੋ ਸਾਲ ਵੱਧ ਜਿਉਂਦੇ ਹਨ। ਜਰਮਨੀ ਦੇ ਜੇਨਾ ਯੂਨੀਵਰਸਿਟੀ ਦੇ ਖੋਜਕਾਰਾਂ ਦੀ ਟੀਮ ਅਨੁਸਾਰ ਤੱਤਾ ਸੁਭਾਅ ਹੋਣਾ ਤੇ ਨਾਪੱਖੀ ਭਾਵਨਾਵਾਂ ਦਾ ਖੁੱਲ੍ਹ ਕੇ ਇਜ਼ਹਾਰ ਕਰਨਾ ਸਿਹਤ ਲਈ ਚੰਗਾ ਹੈ। 'ਡੇਲੀ ਮੇਲ' ਵਿਚ ਛਪੀ ਰਿਪੋਰਟ ਅਨੁਸਾਰ 6000 ਤੋਂ ਵੱਧ ਮਰੀਜ਼ਾਂ 'ਤੇ ਕੀਤੇ ਗਏ ਅਧਿਐਨ ਤੋਂ ਇਹ ਸਾਹਮਣੇ ਆਇਆ ਹੈ ਕਿ ਜਿਹੜੇ ਲੋਕ ਫਿਕਰਾਂ ਨੂੰ ਅੰਦਰੇ-ਅੰਦਰ ਦੱਬੀ ਜਾਂਦੇ ਹਨ ਉਨ੍ਹਾਂ ਦੀ ਨਬਜ਼ ਤੇਜ਼ ਚੱਲਣ ਲੱਗਦੀ ਹੈ। ਸਮੇਂ ਨਾਲ ਫਿਰ ਉਨ੍ਹਾਂ ਦੇ ਖ਼ੂਨ ਦਾ ਦਬਾਅ ਵਧਣ ਲੱਗ ਜਾਂਦਾ ਹੈ ਤੇ ਵੱਖੋ-ਵੱਖ ਬੀਮਾਰੀਆਂ ਲੱਗਣ ਦੇ ਆਸਾਰ ਵੱਧ ਜਾਂਦੇ ਹਨ। ਇਨ੍ਹਾਂ ਬੀਮਾਰੀਆਂ ਵਿਚ ਧਮਣੀਆਂ ਦਾ ਰੋਗ, ਕੈਂਸਰ ਜਾਂ ਗੁਰਦੇ ਖਰਾਬ ਹੋਣਾ ਸ਼ਾਮਲ ਹੈ। ਅਧਿਐਨ ਕਰਤਾ ਟੀਮ ਨੇ ਉਨ੍ਹਾਂ ਲੋਕਾਂ ਦੇ ਸਮੂਹ ਦੀ ਪਛਾਣ ਵੀ ਕੀਤੀ ਜੋ ਅਕਸਰ ਬਹੁਤੀਆਂ ਗੱਲਾਂ ਦਬਾ ਲੈਂਦੇ ਸਨ ਤੇ ਵਿਸ਼ੇਸ਼ ਤੌਰ 'ਤੇ ਖ਼ਤਰੇ ਦੀ ਮਾਰ ਵਿਚ ਸਨ। ਟੀਮ ਦੇ ਮੈਂਬਰ ਮਾਰਕਸ ਮੰਡ ਨੇ ਕਿਹਾ ਕਿ ਇਨ੍ਹਾਂ ਲੋਕਾਂ ਵਿਚ ਪ੍ਰਮੁੱਖ ਲੱਛਣ ਇਹ ਹੁੰਦਾ ਹੈ ਕਿ ਇਹ ਡਰ ਦੇ ਬਾਹਰੀ ਲੱਛਣ ਛੁਪਾਉਣ ਦੀ ਕੋਸ਼ਿਸ਼ ਕਰਦੇ ਹਨ ਤੇ ਆਪਣੇ ਬਚਾਅਕਾਰੀ ਵਰਤਾਓ ਕਰਕੇ ਅਕਸਰ ਪਛਾਣੇ ਜਾਂਦੇ ਹਨ। ਉਹ ਖ਼ਤਰਿਆਂ ਤੋਂ ਹਮੇਸ਼ਾ ਟਲਦੇ ਹਨ ਤੇ ਆਪਣੇ ਉੱਤੇ ਤੇ ਆਪਣੇ ਆਲੇ-ਦੁਆਲੇ 'ਤੇ ਵਿਸ਼ੇਸ਼ ਕਿਸਮ ਦਾ ਕਾਬੂ ਪਾਉਣ ਦੀ ਤਾਕ ਵਿਚ ਰਹਿੰਦੇ ਹਨ। ਮਿਸਾਲ ਵਜੋਂ ਜਦੋਂ ਇਨ੍ਹਾਂ ਨੂੰ ਤਣਾਅਵਾਲਾ ਕੋਈ ਕੰਮ ਕਰਨਾ ਪੈ ਜਾਂਦਾ ਹੈ ਤਾਂ ਉਨ੍ਹਾਂ ਦੇ ਦਿਲ ਦੀ ਧੜਕਣ ਹੋਰਾਂ ਨਾਲੋਂ ਵਧ ਜਾਂਦੀ ਹੈ ਤੇ ਉਨ੍ਹਾਂ ਦਾ ਤਣਾਅ ਤੇ ਫ਼ਿਕਰ ਦੇ ਲੱਛਣ ਪ੍ਰਤੱਖ ਹੋ ਜਾਂਦੇ ਹਨ।ਭਾਵੇਂ ਇਨ੍ਹਾਂ ਵਿਚ ਕੁਝ ਬੀਮਾਰੀਆਂ ਹੋਣ ਦਾ ਵਧੇਰੇ ਖ਼ਤਰਾ ਹੁੰਦਾ ਹੈ ਪਰ ਇਹ ਕਈ ਸਥਿਤੀਆਂ ਵਿਚੋਂ ਛੇਤੀ ਹੀ ਉੱਭਰ ਜਾਂਦੇ ਹਨ। ਉਹ ਬਹੁਤ ਅਨੁਸ਼ਾਸਨ ਤੇ ਜਿਊਣਸ਼ੈਲੀ ਵਿਚ ਬੱਝੇ ਹੋਏ ਹੁੰਦੇ ਹਨ। ਇਹ ਅਧਿਐਨ 'ਹੈਲਥ ਸਾਇਕੋਲੋਜੀਜ਼' ਪੱਤ੍ਰਿਕਾ ਵਿਚ ਛਪਿਆ ਹੈ।

# ਚੀਨੀ ਕਾਮਰੇਡਾਂ ਵੱਲੋਂ ਹੋਰ ਪਾਰਟੀਆਂ ਨੂੰ ਭਾਈਵਾਲੀ ਦਾ ਸੱਦਾ

**ਪੇਈਚਿੰਗ:** ਪਿਛਲੇ ਛੇ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਚੀਨ ਦੀ ਸੱਤਾ ਉਤੇ ਕਾਬਜ਼ ਕਮਿਊਨਿਸਟ ਪਾਰਟੀ ਆਫ ਚਾਈਨਾ (ਸੀਪੀਸੀ) ਨੇ ਅਧਿਕਾਰਤ ਅੱਠ ਗ਼ੈਰ-ਕਮਿਊਨਿਸਟ ਪਾਰਟੀਆਂ ਨੂੰ ਸੱਤਾ ਵਿਚ ਭਾਈਵਾਲੀ ਦੀ ਪੇਸ਼ਕਸ਼ ਕੀਤੀ ਹੈ ਤਾਂ ਜੋ ਦੇਸ਼ ਵਿਚ ਉਹ ਸੁਧਾਰਾਂ ਤੇ ਨਵੀਆਂ ਨੀਤੀਆਂ ਵਿਚ ਆਪਣਾ ਉਸਾਰੂ ਯੋਗਦਾਨ ਪਾ ਸਕਣ। ਚੀਨ ਦੀ ਸਰਕਾਰੀ ਖ਼ਬਰ ਏਜੰਸੀ ਸਿਨਹੂਆ ਅਨੁਸਾਰ ਸੀਪੀਸੀ ਦੀ ਪੋਲਿਟ ਬਿਊਰੋ ਦੀ ਕਮੇਟੀ ਦੇ ਮੈਂਬਰ ਯੂ ਝੇਂਗਸ਼ੇਂਗ ਅਨੁਸਾਰ ਕਮੇਟੀ ਨੇ ਇਸ ਗੱਲ ਦੇ ਉਤੇ ਜ਼ੋਰ ਦਿੱਤਾ ਹੈ ਕਿ ਗ਼ੈਰ-ਕਮਿਊਨਿਸਟ ਪਾਰਟੀਆਂ ਨਾਲ ਗੱਠਜੋੜ ਕਾਇਮ ਕੀਤਾ ਜਾਵੇ।

ਜਨਾਬ ਯੂ ਦੇ ਅਨੁਸਾਰ ਚੀਨ ਦੀ ਪ੍ਰਗਤੀ ਸ਼ਕਤੀ ਨੂੰ ਵਿਕਸਤ ਕਰਨ ਲਈ ਵਿਵਾਦ ਵਾਲੇ ਹਿੱਤਾਂ ਨੂੰ ਨਵੇਂ ਸਿਰੇ ਤੋਂ ਸਹਿਯੋਗ ਦੀ ਭਾਵਨਾ ਨਾਲ ਨਿਬੇੜਨ ਦੀ ਲੋੜ ਹੈ। ਕਮਿਊਨਿਸਟ ਪਾਰਟੀ ਦੇ ਸੀਨੀਅਰ ਆਗੂ ਨੇ ਗ਼ੈਰ-ਕਮਿਊਨਿਸਟ ਪਾਰਟੀਆਂ ਨੂੰ ਅਗਵਾਈ ਵਿਚ ਮੋਹਰੀ ਭੂਮਿਕਾ ਨਿਭਾਉਣ ਦੇ ਮੌਕੇ ਦੇਣ ਦਾ ਭਰੋਸਾ ਦਿੰਦਿਆਂ ਕਿਹਾ ਹੈ ਕਿ ਹਰ ਪੱਧਰ ਉਤੇ ਪਾਰਟੀ ਕਮੇਟੀਆਂ ਏਕੀਕ੍ਰਿਤ ਮੋਹਰੀ ਕਾਰਜ ਜਾਰੀ ਰੱਖਣ ਲਈ ਆਪਣੀ ਕਾਰਜਸ਼ੈਲੀ ਵਿਚ ਸੁਧਾਰ ਕਰਨਗੀਆਂ।

ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਸੀਪੀਸੀ ਦੇ ਨਵੇਂ ਆਗੂ ਸ਼ੀ ਜਿਨਪਿੰਗ ਨੇ ਗ਼ੈਰ-ਕਮਿਊਨਿਸਟ ਪਾਰਟੀਆਂ ਦੇ ਆਗੂਆਂ ਨਾਲ ਆਪਣੀ ਪਹਿਲੀ ਮੀਟਿੰਗ ਵਿਚ ਪਾਰਟੀ ਨੂੰ ਭਾਰੀ ਖੋਰਾ ਲੱਗਣ ਦੀ ਚਿਤਾਵਨੀ ਦਿੰਦਿਆਂ ਅਧਿਕਾਰੀਆਂ ਨੂੰ ਭ੍ਰਿਸ਼ਟਾਚਾਰ ਤੇ ਨਾਅਹਿਲੀਅਤ ਵਿਰੁੱਧ ਸਖ਼ਤ ਚਿਤਾਵਨੀ ਦਿੱਤੀ ਸੀ ਤੇ ਪਾਰਟੀ ਆਗੂ ਦੇ ਇਸ ਬਿਆਨ ਤੋਂ ਬਾਅਦ ਗ਼ੈਰ-ਕਮਿਊਨਿਸਟ ਪਾਰਟੀਆਂ ਨੂੰ ਸੱਤਾ ਵਿਚ ਭਾਈਵਾਲੀ ਦੇ ਸੱਦੇ ਨੂੰ ਹੁਣ ਇਸ ਸੰਦਰਭ ਵਿਚ ਵਧੇਰੇ ਗੰਭੀਰਤਾ ਨਾਲ ਦੇਖਿਆ ਜਾ ਰਿਹਾ ਹੈ।

ਦੇਸ਼ ਵਿਚ ਸੀਪੀਸੀ ਦੇ ਮੈਂਬਰਾਂ ਦੀ ਗਿਣਤੀ ਅੱਠ ਕਰੋੜ ਹੈ ਤੇ ਇਸ ਦਾ ਚੀਨ ਦੀ ਫੌਜ ਤੇ ਸੱਤਾ ਉਤੇ ਪੂਰਾ ਕੰਟਰੋਲ ਹੈ। ਕਮਿਊਨਿਸਟ ਪਾਰਟੀ ਨੇ ਦੇਸ਼ ਵਿਚ ਆਰਥਿਕ ਸੁਧਾਰਾਂ ਦਾ ਏਜੰਡਾ ਪਿਛਲੇ ਤੀਹ ਸਾਲ ਤੋਂ ਸ਼ੁਰੂ ਕੀਤਾ ਹੋਇਆ ਹੈ ਪਰ ਰਾਜਸੀ ਪ੍ਰਬੰਧ ਵਿਚ ਸੁਧਾਰ ਨਹੀਂ ਆਰੰਭੇ। ਸੱਤਾ ਤੋਂ ਲਾਂਭੇ ਹੋਏ ਪਾਰਟੀ ਆਗੂਆਂ ਜਿਨ੍ਹਾਂ ਵਿਚ ਵਿਸ਼ੇਸ਼ ਤੌਰ ਉਤੇ ਪ੍ਰਧਾਨ ਮੰਤਰੀ ਵੇਨ ਜਿਆਬਾਓ ਨੇ ਵੀ ਪਾਰਟੀ ਨੂੰ ਰਾਜਸੀ ਸੁਧਾਰਾਂ ਲਈ ਪਹਿਲਕਦਮੀ ਸ਼ੁਰੂ ਕਰਨ ਦਾ ਸੱਦਾ ਦਿੱਤਾ ਸੀ ਪਰ ਉਦੋਂ ਪਾਰਟੀ ਲੀਡਰਸ਼ਿਪ ਨੇ ਉਨ੍ਹਾਂ ਦੀ ਦਲੀਲ ਨੂੰ ਵਧੇਰੇ ਅਹਿਮੀਅਤ ਨਹੀਂ ਦਿੱਤੀ ਸੀ ਤੇ ਇਸ ਨੂੰ ਲਾਗੂ ਨਹੀਂ ਕੀਤਾ ਸੀ।

## ਕਮਿਊਨਿਸਟ ਪਾਰਟੀ ਦਾ ਸਰਕਰਦਾ ਆਗੂ ਸੀ ਨੈਲਸਨ ਮੰਡੇਲਾ

**ਲੰਡਨ:** ਦੱਖਣੀ ਅਫ਼ਰੀਕਾ ਦੀ ਆਜ਼ਾਦੀ ਦੇ ਹੀਰੋ ਨੈਲਸਨ ਮੰਡੇਲਾ ਕਮਿਊਨਿਸਟ ਪਾਰਟੀ ਦੇ ਮੈਂਬਰ ਸਨ ਤੇ ਪਾਰਟੀ ਵਿਚ ਉਨ੍ਹਾਂ ਦਾ ਅਹੁਦਾ ਕਾਫ਼ੀ ਵੱਡਾ ਸੀ। ਬਰਤਾਨੀਆ ਦੇ ਇਤਿਹਾਸਕਾਰ ਨੇ ਆਪਣੀ ਨਵੀਂ ਪੁਸਤਕ ਵਿਚ ਇਹ ਦਾਅਵਾ ਕੀਤਾ ਹੈ। ਨਵੀਂ ਪੁਸਤਕ, 'ਐਕਸਟਰਨਲ ਮਿਸ਼ਨ' ਦਿ ਏ ਐਨ ਸੀ ਇਨ ਐਕਸਾਈਲ, 1960-1990' ਵਿਚ ਪ੍ਰੋਫੈਸਰ ਸਟੀਫਨ ਐਲਿਸ ਨੇ ਦਾਅਵਾ ਕੀਤਾ ਹੈ ਕਿ ਜ਼ਿੰਦਗੀ ਤੇ ਸੰਘਰਸ਼ ਦੇ ਸ਼ੁਰੂਆਤੀ ਪੜਾਅ ਦੌਰਾਨ ਮੰਡੇਲਾ ਦੱਖਣੀ ਅਫਰੀਕਨ ਕਮਿਊਨਿਸਟ ਪਾਰਟੀ ਜਾਂ ਐਸ.ਏ.ਸੀ.ਪੀ ਦੇ ਸੀਨੀਅਰ ਰੈਂਕ 'ਤੇ ਸਨ।

ਦੱਖਣੀ ਅਫ਼ਰੀਕਾ ਦੇ ਸਾਬਕਾ ਰਾਸ਼ਟਰਪਤੀ ਤੇ 94 ਸਾਲਾਂ ਨੂੰ ਢੁਕੇ ਨੈਲਸਨ ਮੰਡੇਲਾ ਨੂੰ ਸਾਲ 1993 ਵਿਚ ਨੋਬੇਲ ਸ਼ਾਂਤੀ ਪੁਰਸਕਾਰ ਮਿਲਿਆ ਸੀ। ਉਹ ਹਮੇਸ਼ਾ ਤੋਂ ਕਹਿੰਦੇ ਆ ਰਹੇ ਹਨ ਕਿ ਉਨ੍ਹਾਂ ਨੇ ਕਦੇ ਵੀ ਖੱਬੇ ਪੱਖੀ ਵਿਚਾਰਧਾਰਾ ਨੂੰ ਨਹੀਂ ਅਪਨਾਇਆ ਪਰ ਲੇਖਕ ਨੇ ਜੋ ਸਬੂਤ ਪੇਸ਼ ਕੀਤੇ ਹਨ, ਉਹ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਮੰਡੇਲਾ ਕਮਿਊਨਿਸਟ ਪਾਰਟੀ ਦੇ ਮੈਂਬਰ ਤੇ ਅਹੁਦੇਦਾਰ ਸਨ।ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕਮਿਊਨਿਸਟ ਪਾਰਟੀ ਹਥਿਆਰਬੰਦ ਸੰਘਰਸ਼ ਕਰ ਰਹੀ ਹੈ ਜਦਕਿ ਅਫਰੀਕਨ ਨੈਸ਼ਨਲ ਕਾਂਗਰਸ (ਏ.ਐਨ.ਸੀ) ਨੇ ਅਹਿੰਸਾ ਦਾ ਰਾਹ ਅਪਣਾਇਆ ਸੀ।

# ਪਾਕਿਸਤਾਨ ਵਿਚ ਤਾਲਿਬਾਨ ਨੇ ਫਿਰ ਸਰਗਰਮੀ ਵਧਾਈ

**ਇਸਲਾਮਾਬਾਦ:** ਲੋਕ ਸਭਾ ਚੋਣ ਤੋਂ ਪਹਿਲਾਂ ਤਾਲਿਬਾਨ ਨੇ ਵੀ ਪਾਕਿਸਤਾਨ ਵਿੱਚ ਆਪਣੀ ਸਰਗਰਮੀ ਵਧਾ ਦਿੱਤੀ ਹੈ। ਤਾਲਿਬਾਨ ਨੇ ਲੰਘੇ ਦਿਨ ਅਗਵਾ ਕੀਤੇ 21 ਫੌਜੀ ਜਵਾਨਾਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਇਸ ਦੇ ਨਾਲ ਹੀ ਕੋਇਟਾ ਨੇੜੇ ਕੱਟੜਪੰਥੀਆਂ ਨੇ ਇਰਾਨ ਵੱਲੋਂ ਵਾਪਸ ਆ ਰਹੇ ਸ਼ਰਧਾਲੂਆਂ ਦੀ ਬੱਸ ਨੂੰ ਕਾਰ ਬੰਬ ਧਮਾਕੇ ਨਾਲ ਉਡਾ ਦਿੱਤਾ। ਇਸ ਘਟਨਾ ਵਿਚ 20 ਸ਼ੀਆ ਸ਼ਰਧਾਲੂ ਮਾਰੇ ਗਏ ਤੇ ਹੋਰ 25 ਸ਼ਰਧਾਲੂ ਜ਼ਖ਼ਮੀ ਹੋਏ।

ਜ਼ਿਕਰਯੋਗ ਹੈ ਕਿ ਤਾਲਿਬਾਨ ਨੇ ਪਿਸ਼ਾਵਰ ਨੇੜੇ ਨਾਕਿਆਂ ਉਪਰੋਂ 24 ਪਾਕਿਸਤਾਨੀ ਫੌਜੀ ਜਵਾਨ ਅਗਵਾ ਕੀਤੇ ਸਨ। ਪਾਕਿ ਸਰਕਾਰ ਨੇ ਉਸ ਖੇਤਰ ਦੇ ਕਬਾਇਲੀ ਆਗੂਆਂ ਨੂੰ ਬੇਨਤੀ ਕੀਤੀ ਸੀ ਕਿ ਉਹ ਇਨ੍ਹਾਂ ਜਵਾਨਾਂ ਨੂੰ ਛੁਡਾਉਣ ਵਿਚ ਮਦਦ ਕਰਨ ਪਰ ਇਨ੍ਹਾਂ ਨੂੰ ਖੈਬਰ-ਪਖ਼ਤੂਨਵਾ ਸੂਬੇ ਦੀ ਰਾਜਧਾਨੀ ਪਿਸ਼ਾਵਰ ਦੇ ਨੇੜੇ ਕ੍ਰਿਕਟ ਮੈਦਾਨ ਵਿਚ ਗੋਲੀਆਂ ਮਾਰ ਕੇ ਸਮੂਹਿਕ ਹੱਤਿਆ ਕਰ ਦਿੱਤੀ ਗਈ। ਇਹ ਵੀ ਪਤਾ ਲੱਗਿਆ ਹੈ ਕਿ ਤਿੰਨ ਹੋਰ ਫੌਜੀ ਜਵਾਨ ਤਾਲਿਬਾਨ ਦੇ ਕਬਜ਼ੇ ਵਿਚ ਸਨ ਜਿਨ੍ਹਾਂ ਵਿਚੋਂ ਦੋ ਜਵਾਨ ਭੱਜ ਗਏ ਤੇ ਇਕ ਗੰਭੀਰ ਜ਼ਖ਼ਮੀ ਹੋ ਗਿਆ।

ਕਰਾਚੀ ਤੋਂ ਪ੍ਰਾਪਤ ਹੋਈ ਰਿਪੋਰਟ ਅਨੁਸਾਰ ਸ਼ੀਆ ਮੁਸਲਿਮ ਸ਼ਰਧਾਲੂ ਤਿੰਨ ਬੱਸਾਂ ਰਾਹੀਂ ਇਰਾਨ ਦੇ ਸ਼ਹਿਰ ਤਫਤਾਨੀ ਵਿਚ ਧਾਰਮਿਕ ਅਸਥਾਨ ਦੀ ਯਾਤਰਾ ਕਰਕੇ ਤਿੰਨ ਬੱਸਾਂ ਰਾਹੀਂ ਕੋਇਟਾ ਪਰਤ ਰਹੇ ਸਨ। ਜਦੋਂ ਇਨ੍ਹਾਂ ਬੱਸਾਂ ਦਾ ਕਾਫਲਾ ਕੋਇਟਾ ਤੋਂ ਤੀਹ ਕਿਲੋਮੀਟਰ ਦੂਰ ਮਸਤੁੰਗਾ ਜ਼ਿਲ੍ਹੇ ਦੇ ਦਰਿਨਗੜ੍ਹ ਖੇਤਰ ਵਿਚ ਪਹੁੰਚਿਆ ਤਾਂ ਇਸ ਉਪਰ ਕਾਰ ਧਮਾਕਾ ਕੀਤਾ ਗਿਆ। ਇਹ ਕਾਰ ਉਸ ਬੱਸ ਵਿਚ ਵੱਜੀ ਜਿਸ ਵਿਚ 45 ਯਾਤਰੀ ਸਵਾਰ ਸਨ। ਧਮਾਕੇ ਨਾਲ ਬੱਸ ਪੂਰੀ ਤਰ੍ਹਾਂ ਸੜ ਗਈ ਜਿਸ ਕਾਰਨ 20 ਸ਼ੀਆ ਸ਼ਰਧਾਲੂ ਮਾਰੇ ਗਏ ਤੇ 25 ਹੋਰ ਜ਼ਖ਼ਮੀ ਹੋ ਗਏ।

# ਬਰਤਾਨੀਆ ਵਿਚ ਸੱਤ ਸੜਕ ਹਾਦਸਿਆਂ ਪਿੱਛੇ ਇਕ ਫਰਜ਼ੀ

**ਬਰਮਿੰਘਮ:** ਬਰਤਾਨੀਆ ਵਿਚ ਹਰੇਕ ਸੱਤ ਸੜਕ ਹਾਦਸਿਆਂ ਵਿਚੋਂ ਇਕ ਜਾਣਬੁੱਝ ਕੇ ਕੀਤਾ ਗਿਆ ਹਾਦਸਾ ਹੁੰਦਾ ਹੈ ਜਿਸ ਤਹਿਤ ਵਿਅਕਤੀਗਤ ਸੱਟ-ਫੇਟ ਦੇ ਦਾਅਵੇ ਵਧਾ ਚੜ੍ਹਾ ਕੇ ਕੀਤੇ ਜਾਂਦੇ ਹਨ। ਇਨ੍ਹਾਂ ਜਾਣਬੁੱਝ ਕੇ ਹਾਦਸੇ ਕਰਕੇ ਬੀਮਿਆਂ ਰਾਹੀਂ ਝੂਠੇ ਦਾਅਵੇ ਕਰਨ ਵਾਲੇ ਧੋਖੇਬਾਜ਼ਾਂ ਕਾਰਨ ਹਰ ਸਾਲ ਬੀਮੇ ਦਾ ਭੁਗਤਾਨ ਕਰਨ ਵਾਲਿਆਂ ਦੇ ਸਿਰ ਤਕਰੀਬਨ 400 ਮਿਲੀਅਨ ਪੌਂਡ ਦਾ ਖਰਚਾ ਪੈ ਜਾਂਦਾ ਹੈ।

ਇਹ ਖੁਲਾਸਾ ਇੰਸ਼ੋਰੈਂਸ ਫਰਾਡ ਬਿਊਰੋ (ਆਈ.ਐਫ.ਬੀ) ਵੱਲੋਂ ਕੀਤੇ ਗਏ ਅਧਿਐਨ ਦੀ ਰਿਪੋਰਟ ਵਿਚ ਕੀਤਾ ਗਿਆ ਹੈ। ਸਿ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਧੋਖੇਬਾਜ਼ ਅਪਰਾਧਕ ਗਰੋਹਾਂ ਵੱਲੋਂ ਜਾਣਬੁੱਝ ਕੇ ਬੇਕਸੂਰ ਡਰਾਈਵਰਾਂ ਨਾਲ ਹਾਦਸੇ ਕਰਕੇ ਝੂਠੇ ਦਾਅਵੇ ਕੀਤੇ ਜਾ ਰਹੇ ਹਨ। ਇਨ੍ਹਾਂ ਦਾਅਵਿਆਂ ਵਿਚ ਵਿਅਕਤੀਗਤ ਸੱਟ-ਫੇਟ, ਤਨਖਾਹ ਦੀ ਹਾਨੀ, ਕਾਰਾਂ ਕਿਰਾਏ 'ਤੇ ਲੈਣ, ਨੁਕਸਾਨ ਦੀ ਭਰਪਾਈ



ਤੇ ਕਈ ਵਾਰ ਤਾਂ ਜਾਅਲੀ ਸਵਾਰ ਵਿਖਾ ਕੇ ਉਨ੍ਹਾਂ ਦੇ ਨਾਂ 'ਤੇ ਵੀ ਭਾਰੀ ਦਾਅਵੇ ਠੋਕ ਦਿੱਤੇ ਜਾਂਦੇ ਹਨ।

ਜਦਕਿ ਇਹ ਖਰਚਾ ਫਿਰ ਹੋਰਾਂ ਪਾਲਿਸੀ ਧਾਰਕਾਂ ਦੇ ਪ੍ਰੀਮੀਅਮ ਵਧਾ ਕੇ ਉਨ੍ਹਾਂ ਦੇ ਸਿਰ ਪੈ ਜਾਂਦਾ ਹੈ। ਆਈ.ਐਫ.ਬੀ. ਦੇ ਚੇਅਰਮੈਨ ਡੇਵਿਡ ਨੀਵ ਮੁਤਾਬਕ ਇਹ ਧੋਖੇਬਾਜ਼ ਨਾ ਸਿਰਫ ਬੀਮਾ ਇੰਡਸਟਰੀ ਨਾਲ ਹੀ ਧੋਖਾਧੜੀ ਕਰਦੇ ਹਨ ਸਗੋਂ ਉਹ ਹਰੇਕ ਇਮਾਨਦਾਰ ਪਾਲਿਸੀ ਧਾਰਕ ਦੀ ਜੇਬ ਵੀ ਕੱਟ ਰਹੇ ਹਨ। ਅਜਿਹੀ ਧੋਖਾਧੜੀ ਸਮਾਜ ਲਈ ਵੀ ਖ਼ਤਰਾ ਬਣਦੀ ਕਿਉਂਕਿ ਧੋਖੇਬਾਜ਼ ਡਰਾਈਵਰ ਕਿਸੇ ਹੋਰ ਗੱਡੀ ਨਾਲ ਝੂਠਾ ਹਾਦਸਾ ਕਰਨ ਲਈ ਕਿਸੇ ਇਮਾਨਦਾਰ ਡਰਾਈਵਰ ਤੇ ਹੋਰਾਂ ਲੋਕਾਂ ਦੀ ਜਾਨ ਨਾਲ ਵੀ ਖੇਡ ਰਹੇ ਹੁੰਦੇ ਹਨ।

ਅਪਰਾਧਕ ਗਰੋਹ ਵੱਲੋਂ ਕਮਾਏ ਪੈਸੇ ਨੂੰ ਅੱਗੇ ਹੋਰ ਅਪਰਾਧਾਂ ਜਿਵੇਂ ਡਰੱਗ ਤੇ ਮਨੁੱਖੀ ਸਮੱਗਲਿੰਗ ਵਰਗੇ ਧੰਦਿਆਂ ਲਈ ਵੀ ਵਰਤਿਆ ਜਾਂਦਾ ਹੈ ਜਿਸ ਕਾਰਨ ਇਹ ਧੋਖੇਬਾਜ਼ੀ ਹੋਰ ਵੀ ਖ਼ਤਰਨਾਕ ਬਣਦੀ ਜਾਂਦੀ ਹੈ। ਬੀਮੇ ਬਾਰੇ ਧੋਖਾਧੜੀ ਦੀ ਜਾਂਚ ਲਈ ਪੁਲਿਸ ਵੱਲੋਂ 40 ਅਪਰੇਸ਼ਨ ਵਿੱਢੇ ਗਏ ਹਨ। ਜਿਨ੍ਹਾਂ ਵੱਲੋਂ ਸੰਭਾਵਤ 66.6 ਮਿਲੀਅਨ ਪੌਂਡ ਦੇ ਦਾਅਵਿਆਂ ਬਾਰੇ ਜਾਂਚ ਚੱਲ ਰਹੀ ਹੈ।

# ਪੰਜਾਬ ਵਿਚ ਬਿਜਲੀ ਲਈ ਹਜ਼ਾਰਾਂ ਏਕੜ ਜ਼ਮੀਨ ਕੁਰਬਾਨ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਨੂੰ ਬਿਜਲੀ ਦੀ ਬਹੁਤਾਤ ਵਾਲਾ ਸੂਬਾ ਬਣਾਉਣ ਦੇ ਦਾਅਵੇ ਕਰ ਰਹੀ ਪੰਜਾਬ ਸਰਕਾਰ ਨੇ ਅਜੇ ਤੱਕ ਇਸ ਪਾਸੇ ਇਕ ਧੇਲਾ ਵੀ ਨਹੀਂ ਖ਼ਰਚਿਆ ਤੇ ਇਹ ਸਾਰੀਆਂ ਫੜ੍ਹਾਂ ਪ੍ਰਾਈਵੇਟ ਕੰਪਨੀਆਂ ਦੇ ਸਿਰ 'ਤੇ ਹੀ ਮਾਰੀਆਂ ਜਾ ਰਹੀਆਂ ਹਨ। ਹੈਰਾਨੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਦਾ ਇਸ ਕੰਮ ਵਿਚ ਸਿਰਫ਼ ਕਿਸਾਨਾਂ ਦੀਆਂ ਜ਼ਮੀਨਾਂ ਐਕੁਆਇਰ ਕਰਕੇ ਇਨ੍ਹਾਂ ਕੰਪਨੀਆਂ ਹਵਾਲੇ ਕਰਨ ਦਾ ਹੀ ਰੋਲ ਰਿਹਾ ਹੈ। ਪੰਜਾਬ ਸਰਕਾਰ ਦੀ ਇਸ ਨੀਤੀ ਨੇ ਤਾਪ ਬਿਜਲੀ ਘਰ ਲਾਉਣ ਲਈ ਤਕਰੀਬਨ ਪੰਜ ਹਜ਼ਾਰ ਏਕੜ ਜ਼ਮੀਨ ਵਿਚੋਂ ਕਿਸਾਨਾਂ ਨੂੰ ਬਾਹਰ ਕਰ ਦਿੱਤਾ ਹੈ।

ਪੰਜਾਬ ਦੇ 5136 ਏਕੜ ਰਕਬੇ ਦੀ ਮਾਲਕੀ ਹੁਣ ਕਿਸਾਨਾਂ ਕੋਲੋਂ ਪ੍ਰਾਈਵੇਟ ਕੰਪਨੀਆਂ ਕੋਲ ਆ ਗਈ ਹੈ। ਪੰਜਾਬ ਸਰਕਾਰ ਵੱਲੋਂ ਇਨ੍ਹਾਂ ਕੰਪਨੀਆਂ ਨੂੰ ਜ਼ਮੀਨ ਲੈ ਕੇ ਦੇਣ ਲਈ ਵਿਚੋਲਗੀ ਕੀਤੀ ਗਈ ਹੈ। ਇਹ ਕੰਪਨੀਆਂ ਹੁਣ ਪਿੰਡਾਂ ਵਿਚ ਜ਼ਮੀਨਾਂ ਦੀਆਂ ਮਾਲਕ ਬਣ ਗਈਆਂ ਹਨ ਜਦੋਂਕਿ ਜ਼ਮੀਨਾਂ ਦੇ ਅਸਲੀ ਮਾਲਕ ਹੁਣ ਪਿੰਡ ਤੋਂ ਬਾਹਰ ਕਰ ਦਿੱਤੇ ਗਏ ਹਨ। ਕਿਸਾਨਾਂ ਨੂੰ ਮੁਆਵਜ਼ਾ ਵੀ ਪ੍ਰਾਈਵੇਟ ਕੰਪਨੀਆਂ ਦੇ ਖ਼ਜ਼ਾਨੇ ਵਿਚੋਂ ਦਿੱਤਾ ਗਿਆ ਹੈ। ਪੰਜਾਬ ਵਿਚ ਨਵੇਂ ਲੱਗ ਰਹੇ ਚਾਰ ਤਾਪ ਬਿਜਲੀ ਘਰਾਂ ਵਾਸਤੇ 5136 ਏਕੜ ਜ਼ਮੀਨ ਐਕੁਆਇਰ ਕੀਤੀ ਗਈ ਹੈ ਜਿਸ ਦਾ ਕਿਸਾਨਾਂ ਨੂੰ 1045.37 ਕਰੋੜ ਰੁਪਏ ਮੁਆਵਜ਼ਾ ਦਿੱਤਾ ਗਿਆ ਹੈ। ਪਾਵਰਕੌਮ ਵੱਲੋਂ ਸੂਚਨਾ ਦੇ ਅਧਿਕਾਰ ਤਹਿਤ ਦਿੱਤੇ ਗਏ ਵੇਰਵਿਆਂ ਮੁਤਾਬਕ ਪੰਜਾਬ ਸਰਕਾਰ ਨੇ ਇਨ੍ਹਾਂ ਚਾਰ ਤਾਪ ਬਿਜਲੀ ਘਰਾਂ ਵਾਸਤੇ 2008 ਵਿਚ ਹੀ ਜ਼ਮੀਨਾਂ ਐਕੁਆਇਰ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ। ਅਣਗਿਣਤ ਕਿਸਾਨ ਇਨ੍ਹਾਂ ਪ੍ਰਾਈਵੇਟ ਕੰਪਨੀਆਂ ਦੀ ਮਾਰ ਹੇਠ ਆ ਗਏ ਹਨ। ਪੰਜਾਬ ਸਰਕਾਰ ਇਨ੍ਹਾਂ ਪ੍ਰਾਈਵੇਟ ਕੰਪਨੀਆਂ ਦੇ ਸਹਾਰੇ ਪੰਜਾਬ ਨੂੰ ਬਿਜਲੀ ਪੈਦਾਵਾਰ ਵਿਚ ਸਰਪਲੱਸ ਸੂਬਾ ਬਣਾਉਣਾ ਚਾਹੁੰਦੀ ਹੈ। ਪਾਵਰਕੌਮ ਵੱਲੋਂ ਕੋਈ ਵੀ ਨਵਾਂ ਤਾਪ ਬਿਜਲੀ ਘਰ ਨਹੀਂ ਲਾਇਆ ਜਾ ਰਿਹਾ ਹੈ।

ਮਾਨਸਾ ਜ਼ਿਲ੍ਹੇ ਦੇ ਪਿੰਡ ਗੋਬਿੰਦਪੁਰਾ ਵਿਚ

## ਸੁਖਬੀਰ ਦੇ ਦਾਅਵੇ ਹਾਸੋਹੀਣੇ ਸਾਬਤ



ਇਕ ਪ੍ਰਾਈਵੇਟ ਕੰਪਨੀ ਨੂੰ ਜ਼ਮੀਨ ਦੇਣ ਵਾਸਤੇ ਸਰਕਾਰ ਨੇ ਧੱਕੇਸ਼ਾਹੀ ਵੀ ਵਰਤੀ। ਮਾਲ ਵਿਭਾਗ ਦੇ ਕਾਗ਼ਜ਼ਾਂ ਵਿਚ ਹੁਣ ਕਿਸਾਨਾਂ ਦੀ ਥਾਂ ਪ੍ਰਾਈਵੇਟ ਕੰਪਨੀਆਂ ਦਾ ਨਾਂ ਬੋਲਣ ਲੱਗਾ ਹੈ। ਸੂਚਨਾ ਮੁਤਾਬਕ ਤਲਵੰਡੀ ਸਾਬੋ ਥਰਮਲ ਪ੍ਰਾਜੈਕਟ ਲਈ 2113 ਏਕੜ, ਪੰਜ ਕਨਾਲ ਤੇ ਚਾਰ ਮਰਲੇ ਜ਼ਮੀਨ ਐਕੁਆਇਰ ਕੀਤੀ ਗਈ ਹੈ ਤੇ ਇਥੇ ਨਹਿਰੀ ਜ਼ਮੀਨ ਦਾ ਮੁਆਵਜ਼ਾ ਪ੍ਰਤੀ ਏਕੜ 10.40 ਲੱਖ ਰੁਪਏ ਦਿੱਤਾ ਗਿਆ ਹੈ। ਪਿੰਡ ਬਣਾਵਾਲੀ ਸਮੇਤ ਤਿੰਨ ਪਿੰਡਾਂ ਦੀ ਜ਼ਮੀਨ ਸਰਕਾਰ ਨੇ ਫਰਵਰੀ 2008 ਵਿਚ ਐਕੁਆਇਰ ਕੀਤੀ। ਪ੍ਰਾਈਵੇਟ ਕੰਪਨੀ ਨੇ ਇਨ੍ਹਾਂ ਕਿਸਾਨਾਂ ਨੂੰ 282.63 ਕਰੋੜ ਰੁਪਏ ਦਾ ਮੁਆਵਜ਼ਾ ਦਿੱਤਾ। ਇਨ੍ਹਾਂ ਪਿੰਡਾਂ ਦੇ ਮਾਲਕ ਕਈ ਕਿਸਾਨਾਂ ਨੂੰ ਤਾਂ ਪੰਜਾਬ ਵੀ ਛੱਡਣਾ ਪੈ ਗਿਆ ਹੈ। ਉਹ ਹੁਣ ਹਰਿਆਣਾ ਵਿਚ ਖੇਤੀ ਕਰਨ ਲੱਗੇ ਹਨ।

ਇੰਡੀਆ ਬੁੱਲ ਲਿਮਟਿਡ ਨਵੀਂ ਦਿੱਲੀ ਕੰਪਨੀ ਵੱਲੋਂ ਪਿੰਡ ਗੋਬਿੰਦਪੁਰਾ ਵਿਚ 871 ਏਕੜ, ਨੌਂ ਕਨਾਲ, 10 ਮਰਲੇ ਜ਼ਮੀਨ ਦੀ ਮਾਲਕ ਬਣ ਚੁੱਕੀ ਹੈ। ਇਸ ਕੰਪਨੀ ਵੱਲੋਂ 187 ਕਰੋੜ ਰੁਪਏ ਦੀ ਅਦਾਇਗੀ ਕਿਸਾਨਾਂ ਨੂੰ ਕਰ ਦਿੱਤੀ ਗਈ ਹੈ। ਕਾਫ਼ੀ ਕਿਸਾਨਾਂ ਨੇ ਇਹ ਅਦਾਇਗੀ ਲੈਣ ਤੋਂ ਇਨਕਾਰ ਵੀ ਕਰ ਦਿੱਤਾ ਹੈ। ਪੰਜਾਬ ਸਰਕਾਰ ਨੇ ਪ੍ਰਾਈਵੇਟ ਕੰਪਨੀ ਦੇ ਤਾਪ ਬਿਜਲੀ ਘਰ ਵਾਸਤੇ ਪਿੰਡ ਗੋਬਿੰਦਪੁਰਾ ਦੀਆਂ ਨੌਜਵਾਨ ਧੀਆਂ 'ਤੇ ਵੀ ਪੁਲਿਸ ਕੇਸ ਦਰਜ ਕਰਾ ਦਿੱਤੇ ਸਨ। ਇਸ ਪਿੰਡ ਦੀ ਨਹਿਰੀ ਜ਼ਮੀਨ ਦਾ ਮੁਆਵਜ਼ਾ ਪ੍ਰਤੀ ਏਕੜ 14 ਲੱਖ ਰੁਪਏ ਦਿੱਤਾ ਗਿਆ ਸੀ।

ਮੁਆਵਜ਼ਾ ਰਾਸ਼ੀ ਦਾ ਸਾਰਾ ਪੈਸਾ ਪ੍ਰਾਈਵੇਟ ਕੰਪਨੀ ਵੱਲੋਂ ਦਿੱਤਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਰਾਜਪੁਰਾ ਤਾਪ ਬਿਜਲੀ ਪ੍ਰਾਜੈਕਟ 1078 ਏਕੜ ਜ਼ਮੀਨ ਐਕੁਆਇਰ ਕੀਤੀ ਗਈ ਹੈ। ਇਨ੍ਹਾਂ ਜ਼ਮੀਨਾਂ ਦੇ ਮਾਲਕ ਕਿਸਾਨਾਂ ਨੂੰ ਪ੍ਰਾਈਵੇਟ ਕੰਪਨੀ ਕੋਲੋਂ ਹੀ 411.67 ਕਰੋੜ ਰੁਪਏ ਦਾ ਮੁਆਵਜ਼ਾ ਦਿੱਤਾ ਗਿਆ ਹੈ। ਇਸ ਜ਼ਮੀਨ ਦਾ ਭਾਅ 2008 'ਚ ਕਿਸਾਨਾਂ ਨੂੰ ਪ੍ਰਤੀ ਏਕੜ 24 ਲੱਖ ਰੁਪਏ ਦਿੱਤਾ ਗਿਆ ਹੈ। ਇਸੇ ਤਰ੍ਹਾਂ ਹੀ ਗੋਇੰਦਵਾਲ ਸਾਹਿਬ ਥਰਮਲ ਪਾਵਰ ਪ੍ਰਾਜੈਕਟ ਲਈ 1074 ਏਕੜ ਜ਼ਮੀਨ ਐਕੁਆਇਰ ਕੀਤੀ ਗਈ ਹੈ ਜਿਸ ਦਾ ਮੁਆਵਜ਼ਾ 164.07 ਕਰੋੜ ਰੁਪਏ ਕਿਸਾਨਾਂ ਨੂੰ ਪ੍ਰਾਈਵੇਟ ਕੰਪਨੀ ਵੱਲੋਂ ਦਿੱਤਾ ਗਿਆ ਹੈ।

# ਤਿੰਨ ਵਰ੍ਹਿਆਂ 'ਚ 2173 ਪੰਜਾਬੀ ਲਾਪਤਾ

ਚੰਡੀਗੜ੍ਹ: ਪੰਜਾਬ ਵਿਚ ਮਾੜੇ ਕਾਨੂੰਨ ਪ੍ਰਬੰਧਾਂ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਸੂਬੇ ਦੇ 16 ਜ਼ਿਲ੍ਹਿਆਂ ਵਿਚੋਂ ਸਿਰਫ਼ ਤਿੰਨ ਸਾਲਾਂ ਦੌਰਾਨ 2173 ਵਿਅਕਤੀ ਲੋਪ ਹੋਏ ਜਿਨ੍ਹਾਂ ਦਾ ਸੁਰਾਗ ਕੱਢਣ ਵਿਚ ਪੁਲਿਸ ਬੁਰੀ ਤਰ੍ਹਾਂ ਅਸਫਲ ਰਹੀ ਹੈ। ਲਾਪਤਾ ਹੋਏ ਲੋਕਾਂ ਦੇ ਮਾਮਲਿਆਂ ਵਿਚ ਸਭ ਤੋਂ ਵੱਧ ਹੁਸ਼ਿਆਰਪੁਰ ਜ਼ਿਲ੍ਹੇ ਦੀ ਗਿਣਤੀ ਹੈ।

ਇਨ੍ਹਾਂ ਕੇਸਾਂ ਵਿਚ ਫਰੀਦਕੋਟ ਦੇ ਗੁੰਮ ਹੋਏ ਲੋਕਾਂ ਵਿਚ 22, ਖੰਨਾ ਵਿਚ 20, ਅੰਮ੍ਰਿਤਸਰ ਵਿਚ 40, ਜਲੰਧਰ ਵਿਚ 14, ਰੂਪਨਗਰ ਵਿਚ ਚਾਰ ਨਾਬਾਲਗ ਬੱਚੇ ਜਿਨ੍ਹਾਂ ਦੀ ਉਮਰ ਪੰਜ ਤੋਂ 18 ਸਾਲ ਹੈ, ਵੀ ਸ਼ਾਮਲ ਹਨ। ਗੁਆਚਿਆਂ ਵਿਚ ਕੁਝ ਮਾਮਲੇ ਅਜਿਹੇ ਹਨ ਜਿਨ੍ਹਾਂ ਵਿਚ ਮਾਂ-ਪੁੱਤ ਜਾਂ ਪਿਉ-ਪੁੱਤ ਦੋਵੇਂ ਹੀ ਸ਼ਾਮਲ ਹਨ ਜਦੋਂਕਿ ਅੰਮ੍ਰਿਤਸਰ ਵਿਚ ਨੌਜਵਾਨ ਲੜਕੀਆਂ ਤੇ ਮਾਸੂਮ ਬੱਚਿਆਂ ਦੀ ਪੈੜ ਦੱਬੀ ਨਹੀਂ ਜਾ ਸਕੀ। ਜਾਣਕਾਰੀ ਮੁਤਾਬਕ 2011 ਤੱਕ ਪੰਜਾਬ ਦੇ ਜ਼ਿਲ੍ਹਾ ਫਰੀਦਕੋਟ ਤੋਂ 154, ਤਰਨਤਾਰਨ ਤੋਂ 66 ਤੇ ਜ਼ਿਲ੍ਹਾ ਖੰਨਾ ਤੋਂ 148 ਲੋਕ ਲਾਪਤਾ ਹੋਏ। ਫਿਰੋਜ਼ਪੁਰ ਤੋਂ 247, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ 209, ਫਤਹਿਗੜ੍ਹ ਸਾਹਿਬ ਤੋਂ 169, ਅੰਮ੍ਰਿਤਸਰ ਤੋਂ 223 ਅਤੇ ਹੁਸ਼ਿਆਰਪੁਰ ਤੋਂ 257 ਲੋਕ ਲਾਪਤਾ ਹੋਏ ਹਨ। ਜਲੰਧਰ ਤੋਂ 210, ਬਠਿੰਡਾ ਤੋਂ 191, ਫਾਜ਼ਿਲਕਾ ਤੋਂ 93 ਤੇ ਰੂਪਨਗਰ ਤੋਂ 110 ਲੋਕਾਂ ਦੇ ਲਾਪਤਾ ਹੋਣ ਬਾਰੇ ਕੇਸ ਦਰਜ ਹੋਏ ਹਨ। ਉਧਰ, ਮਾਨਸਾ ਜ਼ਿਲ੍ਹੇ ਤੋਂ 42 ਲੋਕਾਂ ਤੇ ਕਪੂਰਥਲਾ ਜ਼ਿਲ੍ਹੇ ਤੋਂ 22 ਲੋਕ ਲਾਪਤਾ ਹੋਏ ਜਦੋਂ ਕਿ ਪਠਾਨਕੋਟ ਤੋਂ 11 ਤੇ ਗੁਰਦਾਸਪੁਰ ਤੋਂ ਛੇ ਲੋਕਾਂ ਦੀ ਗੁੰਮਸ਼ੁਦਗੀ ਦੇ ਮਾਮਲੇ ਦਰਜ ਕੀਤੇ ਗਏ ਹਨ। ਇਸ ਤੋਂ ਇਲਾਵਾ ਰੇਲਵੇ ਪੁਲਿਸ ਤਹਿਤ ਆਉਂਦੇ ਵੱਖ-ਵੱਖ ਥਾਣਿਆਂ ਵਿਚ ਵੀ 15 ਲੋਕਾਂ ਦੇ ਲਾਪਤਾ ਹੋਣ ਬਾਰੇ ਮਾਮਲੇ ਸਾਹਮਣੇ ਆਏ ਹਨ। ਕਈ ਜ਼ਿਲ੍ਹਿਆਂ ਤੋਂ ਪ੍ਰਾਪਤ ਜਾਣਕਾਰੀ ਤੋਂ ਪਤਾ ਲੱਗਿਆ ਕਿ ਲਾਪਤਾ ਹੋਣ ਵਾਲਿਆਂ ਵਿਚੋਂ ਸਭ ਤੋਂ ਜ਼ਿਆਦਾ ਗਿਣਤੀ ਔਰਤਾਂ ਦੀ ਹੈ।

# ਹਿੰਦੂ ਕੱਟੜਪੰਥੀਆਂ ਨੇ ਕਰਵਾਏ ਸਨ ਮਾਲੇਗਾਓਂ ਬੰਬ ਧਮਾਕੇ

**ਮੁੰਬਈ:** ਸਾਲ 2006 'ਚ ਹੋਏ ਮਾਲੇਗਾਓਂ ਬੰਬ ਧਮਾਕਿਆਂ ਪਿੱਛੇ ਕੱਟੜਪੰਥੀ ਹਿੰਦੂਆਂ ਦਾ ਹੀ ਹੱਥ ਸੀ। ਇਸ ਕੇਸ ਦੇ ਮੁੱਖ ਦੋਸ਼ੀ ਮਨੋਹਰ ਸਿੰਘ ਨੇ ਇਕਬਾਲ ਕੀਤਾ ਹੈ ਕਿ ਉਹ ਸਾਜ਼ਿਸ਼ ਵਿਚ ਸ਼ਾਮਲ ਸੀ। ਇਹ ਦਾਅਵਾ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨ ਆਈ ਏ) ਨੇ ਵਿਸ਼ੇਸ਼ ਅਦਾਲਤ ਵਿਚ ਕੀਤਾ ਹੈ।

ਜ਼ਿਕਰਯੋਗ ਹੈ ਕਿ ਮਨੋਹਰ ਸਿੰਘ ਨੂੰ ਮੱਧ ਪ੍ਰਦੇਸ਼ ਦੇ ਸ਼ਹਿਰ ਇੰਦੌਰ ਤੋਂ ਇਕ ਹੋਟਲ ਵਿਚੋਂ ਲੰਘੇ ਦਿਨ ਗ੍ਰਿਫ਼ਤਾਰ ਕੀਤਾ ਗਿਆ ਸੀ। ਦੇਸ਼ ਦੇ ਹਿੰਦੂ ਕੱਟੜਪੰਥੀਆਂ ਵੱਲੋਂ ਸਾਲ 2006 ਵਿਚ ਕੀਤੇ ਮਾਲੇਗਾਓਂ ਬੰਬ ਧਮਾਕਿਆਂ ਸਬੰਧੀ ਇਹ ਪਹਿਲੀ ਗ੍ਰਿਫ਼ਤਾਰੀ ਹੈ। ਸਰਕਾਰੀ ਵਕੀਲ ਰੋਹਨੀ ਸਾਲੀਆਨ ਨੇ ਅਦਾਲਤ ਨੂੰ ਦੱਸਿਆ ਕਿ ਮਨੋਹਰ ਸਿੰਘ ਨੇ ਬੰਬ ਧਮਾਕਿਆਂ ਦੀ ਸਾਜ਼ਿਸ਼ ਨੂੰ ਸਿਰੇ ਚਾੜ੍ਹਨ ਵਿਚ ਅਗਵਾਈ ਦੇਣ ਦਾ ਦੋਸ਼ ਕਬੂਲ ਲਿਆ ਹੈ ਅਤੇ ਪੁੱਛ-ਪੜਤਾਲ ਦੌਰਾਨ ਉਹ ਹੋਰ ਦੋਸ਼ੀਆਂ ਬਾਰੇ ਵੀ ਜਾਣਕਾਰੀ ਦੇ ਸਕਦਾ ਹੈ।

ਮਨੋਹਰ ਸਿੰਘ ਨੂੰ ਸਮਝੌਤਾ ਐਕਸਪ੍ਰੈਸ ਵਿਚ ਬੰਬ ਧਮਾਕੇ ਦੇ ਦੋਸ਼ੀ ਰਜਿੰਦਰ ਚੌਧਰੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਮਹਾਂਰਾਸ਼ਟਰ ਦੇ ਨਾਸਿਕ ਜ਼ਿਲ੍ਹੇ ਦੇ ਮਾਲੇਗਾਓਂ ਸ਼ਹਿਰ ਵਿਚ ਮਸਜਿਦ ਨੇੜੇ ਹੋਏ ਬੰਬ ਧਮਾਕੇ ਵਿਚ 37 ਵਿਅਕਤੀ ਮਾਰੇ ਗਏ ਸਨ ਤੇ ਇਕ ਸੌ ਤੋਂ ਵੱਧ ਜ਼ਖ਼ਮੀ ਹੋਏ ਸਨ।

# ਹੁਣ ਸਰਦੀਆਂ ਵਿਚ ਵੀ ਬਿਜਲੀ ਸੰਕਟ

**ਚੰਡੀਗੜ੍ਹ:** ਲਗਾਤਾਰ ਦੂਜੀ ਵਾਰ ਸੱਤਾ 'ਤੇ ਕਾਬਜ਼ ਹੋਈ ਅਕਾਲੀ-ਭਾਜਪਾ ਸਰਕਾਰ ਬੇਸ਼ੱਕ ਪੰਜਾਬ ਨੂੰ ਵਾਧੂ ਬਿਜਲੀ ਵਾਲਾ ਸੂਬਾ ਬਣਾਉਣ ਦੇ ਦਾਅਵੇ ਕਰ ਰਹੀ ਹੈ ਪਰ ਪੰਜਾਬੀਆਂ ਨੂੰ ਹੁਣ ਸਰਦੀਆਂ ਵਿਚ ਵੀ ਬਿਜਲੀ ਕੱਟਾਂ ਨਾਲ ਦੋ-ਚਾਰ ਹੋਣਾ ਪੈ ਰਿਹਾ ਹੈ।

ਪੰਜਾਬ ਵਿਚ ਕਿਸਾਨ ਤਾਂ ਪਹਿਲਾਂ ਹੀ ਬਿਜਲੀ ਘੱਟ ਦੇਣ ਦੇ ਮੁੱਦੇ ਨੂੰ ਲੈ ਕੇ ਸੰਘਰਸ਼ ਕਰ ਰਹੇ ਸਨ ਪਰ ਹੁਣ ਘਰੇਲੂ ਬਿਜਲੀ ਸਪਲਾਈ 'ਤੇ ਵੀ ਚਾਰ ਤੋਂ ਲੈ ਕੇ ਛੇ ਘੰਟੇ ਤਕ ਦੇ ਕੱਟ ਲੱਗਣੇ ਸ਼ੁਰੂ ਹੋ ਗਏ ਹਨ ਜਿਸ ਕਰਕੇ ਲੋਕਾਂ ਦੇ ਕੰਮ ਧੰਦੇ ਠੱਪ ਹੋ ਕੇ ਰਹਿ ਗਏ ਹਨ। ਲੋਕ ਸਰਕਾਰ ਤੋਂ ਖ਼ਫ਼ਾ ਹਨ ਕਿ ਗਰਮੀਆਂ ਵਿਚ ਤਾਂ ਖਪਤ ਵਧਣ ਕਰਕੇ ਬਿਜਲੀ ਕੱਟ ਲਾਏ ਜਾਂਦੇ ਸਨ ਪਰ ਇਸ ਵੇਲੇ ਮੰਗ ਵੀ ਬੇਹੱਦ ਘੱਟ ਹੈ ਤੇ ਫਿਰ ਵੀ ਸਾਰਾ-ਸਾਰਾ ਦਿਨ ਬਿਜਲੀ ਨਹੀਂ ਆਉਂਦੀ। ਸ਼ਹਿਰਾਂ ਵਿਚ ਲੱਗਦੇ ਬਿਜਲੀ ਕੱਟਾਂ ਕਰਕੇ ਕਾਰੋਬਾਰ ਠੱਪ ਹੋ ਕੇ ਰਹਿ ਗਏ ਹਨ।

ਉਧਰ, ਅਧਿਕਾਰੀਆਂ ਦਾ ਕਹਿਣਾ ਹੈ ਕਿ ਸੂਬੇ ਦੇ ਪਾਵਰ ਪਲਾਂਟਾਂ ਵਿਚ ਆਏ ਤਕਨੀਕੀ ਵਿਗਾੜ ਤੇ ਮੁੰਦਰਾ ਪਾਵਰ ਪ੍ਰਾਜੈਕਟ ਤੋਂ ਬਿਜਲੀ ਸਪਲਾਈ ਨਾ ਮਿਲਣ ਕਰਕੇ ਇਹ ਸੰਕਟ ਪੈਦਾ ਹੋਇਆ ਹੈ। ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਪਾਵਰਕੌਮ ਮੰਗ ਤੇ ਪੂਰਤੀ ਦੇ ਪਾੜੇ ਨੂੰ ਪੂਰਨ ਲਈ ਪਹਿਲੀ ਵਾਰ ਸਰਦੀਆਂ ਵਿਚ ਹੋਰ ਸਰੋਤਾਂ ਤੋਂ ਬਿਜਲੀ ਖਰੀਦ ਰਿਹਾ ਹੈ।




Global Multi Services

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ

ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ

ਇਸ ਮਹੀਨੇ ਸਪੈਸ਼ਲ ਆਫਰ

8 Drive Tire for $2300+Tax

80,000 Miles Warranty



Repair Shop

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਤਸੱਲੀਬਖ਼ਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।

ਫੋਨ: 209-547-9210
ਫੈਕਸ: 209-547-9211

Dispatch

ਅਸੀਂ ਕੈਨੇਡਾ ਵਾਸਤੇ ਪੱਕੇ ਲੋਡ ਚੁੱਕਦੇ ਹਾਂ। Calgary ਅਤੇ Edmonton ਦੇ Dedicated ਲੋਡ ਹਨ। ਤੁਸੀਂ ਸਾਡੇ ਟਰੇਲਰ ਵੀ Pull ਕਰ ਸਕਦੇ ਹੋ। ਅਸੀਂ Fuel Advance ਵੀ ਦਿੰਦੇ ਹਾਂ।

ਫੋਨ: 209-547-9210
ਫੈਕਸ: 209-547-9211

Registration Services

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।

ਫੋਨ: 209-982-9996
ਫੈਕਸ: 209-982-9997



Rajinder Singh

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ

Stockton ਵਿਚ Highway 4 ਦੇ ਬਿਲਕੁਲ ਨਜ਼ਦੀਕ

1950 E. Miner Ave., Stockton, CA 95205

ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਫੋਨ: 209-982-9996 ਫੈਕਸ: 209-982-9997

e-mail: globalmultiservices123@yahoo.com



Manitpal Singh

# ਭਾਰਤੀ ਪੁਸਤਕ ਪ੍ਰਕਾਸ਼ਨ ਦਾ ਬੁਰਜ ਬੁੱਕ ਟਰੱਸਟ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਜੇ ਕਿਸੇ ਨੇ ਭਾਰਤ ਵਿਚ ਪੁਸਤਕ ਪ੍ਰਕਾਸ਼ਨ ਦੇ ਵਿਕਾਸ ਦੀ ਥਾਹ ਪਾਉਣੀ ਹੋਵੇ ਤਾਂ ਉਸ ਨੂੰ ਨੈਸ਼ਨਲ ਬੁੱਕ ਟਰੱਸਟ ਆਫ ਇੰਡੀਆ ਦਾ ਨਵੀਂ ਦਿੱਲੀ ਦੇ ਵਾਸੰਤ ਕੁੰਜ ਵਿਚ ਉਸਰਿਆ ਨਵਾਂ ਦਫਤਰ ਵੇਖਣ ਦੀ ਲੋੜ ਹੈ। ਸੰਨ 1957 ਵਿਚ ਨਿਜ਼ਾਮ-ਉਦ-ਦੀਨ ਦੇ ਤਿੰਨ ਕਮਰਿਆਂ ਵਾਲੇ ਨਿੱਕੇ ਜਿਹੇ ਮਕਾਨ ਤੋਂ ਅਰੰਭ ਹੋਈ ਇਹ ਸੰਸਥਾ ਕਲ ਤਕ ਗਰੀਨ ਪਾਰਕ ਦੀਆਂ ਪੰਜ ਵਖ ਵਖ ਇਮਾਰਤਾਂ ਵਿਚ ਕੰਮ ਕਰ ਰਹੀ ਸੀ। ਇਸ ਦੇ ਕੰਮ ਕਾਜ ਲਈ ਉਸਾਰੀ ਨਵੀਂ ਇਮਾਰਤ ਵਿਚ ਪ੍ਰਬੰਧਕੀ ਤੇ ਸੰਪਾਦਕੀ ਅਮਲੇ ਤੋਂ ਬਿਨਾ ਕਲਾ, ਪ੍ਰਕਾਸ਼ਨ ਤੇ ਵਿੱਕਰੀ ਸਮੇਤ ਸਾਰੇ ਵਿਭਾਗ ਇੱਕ ਵੱਡੀ ਇਮਾਰਤ ਦੀਆਂ ਵਖ ਵਖ ਮੰਜ਼ਿਲਾਂ ਵਿਚ ਇੱਕ ਥਾਂ ਬੈਠ ਕੇ ਕੰਮ ਕਰਦੇ ਹਨ। ਇਸ ਥਾਂ ਤੋਂ ਰਾਸ਼ਟਰੀ ਬਾਲ ਸਾਹਿਤ ਕੇਂਦਰ ਬੱਚਿਆਂ ਲਈ ਮਹਤਵਪੂਰਨ ਰਚਨਾਵਾਂ ਛਾਪ ਰਿਹਾ ਹੈ।

ਟਰੱਸਟ ਦੀ ਵੱਡੀ ਲਾਇਬਰੇਰੀ ਤੇ ਏਅਰ ਕੰਡੀਸ਼ਨਡ ਬੁੱਕ ਸ਼ਾਪ ਵੇਖ ਕੇ ਮਨ ਖੁਸ਼ ਹੋ ਜਾਂਦਾ ਹੈ। ਅੱਜ ਦੇ ਦਿਨ ਟਰੱਸਟ ਵਲੋਂ ਪ੍ਰਕਾਸ਼ਤ ਪੁਸਤਕਾਂ ਦੀ ਗਿਣਤੀ ਭਾਰਤ ਸਰਕਾਰ ਦੀ ਕਿਸੇ ਵੀ ਹੋਰ ਸੰਸਥਾ ਨਾਲੋਂ ਵਧ ਹੈ-ਕੇਂਦਰੀ ਸਾਹਿਤ ਅਕਾਡਮੀ ਤੇ ਪਬਲੀਕੇਸ਼ਨ ਡਿਵੀਜ਼ਨ ਨਾਲੋਂ ਵੀ ਵਧ। ਇਥੇ ਭਾਰਤ ਸਰਕਾਰ ਵਲੋਂ ਪ੍ਰਵਾਨਤ ਆਸਾਮੀ, ਉਰਦੂ, ਉੜੀਆ, ਕੰਨੜ, ਕਸ਼ਮੀਰੀ, ਕੋਂਕਣੀ, ਗੁਜਰਾਤੀ, ਤਾਮਿਲ, ਤੈਲਗੂ, ਨਿਪਾਲੀ, ਪੰਜਾਬੀ, ਬੰਗਲਾ, ਮਨੀਪੁਰੀ, ਮਰਾਠੀ, ਮਲਿਆਲਮ, ਮੈਥਲੀ, ਰਾਜਸਥਾਨੀ, ਹਿਮਾਚਲੀ, ਭੋਜਪੁਰੀ ਤੇ ਸਿੰਧੀ-20 ਭਾਸ਼ਾਵਾਂ ਤੋਂ ਬਿਨਾਂ ਆਓ, ਨਾਗਾ, ਕੋਕਬੋਰਕ, ਨੇਵਾਰੀ, ਬੋਡੋ, ਭੁਤੀਆ, ਲਿੰਬੂ, ਲੇਪਚਾ, ਖਾਸੀ, ਗਾਰੋ, ਗੋਂਡੀ, ਭੀਲੀ, ਮਿਸੰਗ, ਮੀਜ਼ੋ ਤੇ ਸੰਥਾਲੀ 15 ਸਥਾਨਕ ਭਾਸ਼ਾਵਾਂ ਵਿਚ ਵੀ ਕੰਮ ਹੋ ਰਿਹਾ ਹੈ। ਵੱਡੀ ਗੱਲ ਇਹ ਕਿ ਭਾਸ਼ਾਈ ਆਦਾਨ-ਪ੍ਰਦਾਨ ਪ੍ਰੋਗਰਾਮ ਅਧੀਨ ਹਰ ਵਰ੍ਹੇ ਸੈਂਕੜੇ ਪੁਸਤਕਾਂ ਇਕ ਤੋਂ ਦੂਜੀਆਂ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਪੁਸਤਕ ਮੇਲਿਆਂ ਤੇ ਟਰੱਸਟ ਦੇ ਵਿੱਕਰੀ ਵਿਭਾਗ ਰਾਹੀਂ ਭਾਰਤ ਦੇ ਦੂਰ ਦੁਰੇਡੇ ਪਾਠਕਾਂ ਤੱਕ ਪਹੁੰਚ ਰਹੀਆਂ ਹਨ।

ਇੱਕਲੇ ਪੰਜਾਬੀ ਪ੍ਰਕਾਸ਼ਨ ਦੀ 2012 ਵਾਲੀ ਪੁਸਤਕ ਸੂਚੀ ਤੋਂ ਪਤਾ ਲਗਦਾ ਹੈ ਕਿ ਬਾਲ ਸਾਹਿਤ ਸਮੇਤ 800 ਪੁਸਤਕਾਂ ਪੰਜਾਬੀ ਭਾਸ਼ਾ ਵਿਚ ਛਪ ਚੁੱਕੀਆਂ ਹਨ ਜਿਨ੍ਹਾਂ ਵਿਚੋਂ 120 ਪੁਸਤਕਾਂ ਭਾਰਤ ਦੀਆਂ ਦੂਜੀਆਂ 20 ਭਾਸ਼ਾਵਾਂ ਵਿਚੋਂ ਅਨੁਵਾਦ ਹੋ ਕੇ ਆਈਆਂ ਹਨ। ਇਨ੍ਹਾਂ ਦੇ ਟਾਕਰੇ ਉਤੇ ਸਾਹਿਤ ਅਕਾਡਮੀ ਤੇ ਪਬਲੀਕੇਸ਼ਨ ਡਿਵੀਜ਼ਨ ਵਲੋਂ ਪ੍ਰਕਾਸ਼ਤ ਪੁਸਤਕਾਂ ਦੀ ਗਿਣਤੀ ਡੇਢ ਸੌ ਤੋਂ ਵੀ ਘੱਟ ਹੈ। ਪਿਛਲੇ ਸਾਲਾਂ ਵਿਚ ਪੁਸਤਕਾਂ ਦੀ ਵਿਕਰੀ ਲਈ ਟਰੱਸਟ 15 ਪੁਸਤਕ ਮੇਲੇ ਤੇ 250 ਨੁਮਾਇਸ਼ਾਂ ਲਾ ਚੁੱਕਾ ਹੈ।

ਟਰੱਸਟ ਵਲੋਂ ਗੁਰਮੁਖ ਸਿੰਘ ਮੁਸਾਫਰ, ਕਰਤਾਰ ਸਿੰਘ ਦੁਗਲ, ਸੁਖਬੀਰ ਤੇ ਜਸਵੰਤ ਸਿੰਘ ਵਿਰਦੀ ਸਮੇਤ 15 ਉਘੇ ਪੰਜਾਬੀ ਕਹਾਣੀਕਾਰਾਂ ਦੇ ਚੋਣਵੇਂ ਸੰਗ੍ਰਿਹ ਦੂਜੀਆਂ ਭਾਸ਼ਾਵਾਂ ਵਿਚ ਉਲਥਾਏ ਜਾ ਚੁੱਕੇ ਜਾਂ ਰਹੇ ਹਨ। ਆਦਾਨ-ਪ੍ਰਦਾਨ ਦੀ ਇਸ ਲੜੀ ਵਿਚ ਜਸਵੰਤ ਸਿੰਘ ਕੰਵਲ, ਸੋਹਨ ਸਿੰਘ ਸੀਤਲ, ਗੁਰਦਿਆਲ ਸਿੰਘ, ਅੰਮ੍ਰਿਤਾ ਪ੍ਰੀਤਮ ਤੇ ਦਲੀਪ ਕੌਰ ਟਿਵਾਣਾ ਵਰਗੇ 20 ਉਘੇ ਲੇਖਕਾਂ ਦੇ ਨਾਵਲ ਦੂਜੀਆਂ ਭਾਸ਼ਾਵਾਂ ਵਿਚ ਛਪ ਚੁਕੇ ਜਾਂ ਛਪ ਰਹੇ ਹਨ। ਨੈਸ਼ਨਲ ਬੁੱਕ ਟਰੱਸਟ ਵਲੋਂ ਕੀਤਾ ਜਾ ਰਿਹਾ ਕੰਮ ਵੇਖਿਆਂ ਹੀ ਪਤਾ ਲਗਦਾ ਹੈ ਕਿ ਚੰਗੇ ਸਾਹਿਤ ਦੇ ਪਾਠਕ ਪਹਿਲਾਂ ਨਾਲੋਂ ਘੱਟ ਨਹੀਂ ਸਗੋਂ ਦੂਣ ਸਵਾਏ ਹੋਏ ਹਨ।

## ਬਾਬਾ ਬਿਲਗਾ ਦੇ ਸੰਗ੍ਰਾਮੀ ਸਾਥੀ

ਸਭ ਤੋਂ ਪਹਿਲਾਂ ਬਾਬਾ ਭਗਤ ਸਿੰਘ ਬਿਲਗਾ ਦੀ ਵਾਰਤਕ ਸ਼ੈਲੀ ਤੇ ਸੰਜਮ ਦਾ ਇਕ ਨਮੂਨਾ ਉਸ ਦੀ ਆਪਣੀ ਜ਼ੁਬਾਨੀ। ਉਸ ਦੀ ਪੁਸਤਕ ਵਿਚ ਬਿਆਨ ਕੀਤੀ ਉਸ ਦੀ ਕੈਦ ਦੇ ਦਿਨਾਂ ਦੀ ਇਕ ਘਟਨਾ, "ਮੇਰੀ ਪ੍ਰਧਾਨਗੀ ਹੇਠ ਹੋਈ ਅਹਿਮਦਗੜ੍ਹ ਕਿਸਾਨ ਕਾਨਫਰੰਸ ਤੋਂ ਪਿਛੋਂ ਮੈਨੂੰ ਗ੍ਰਿਫਤਾਰ ਕਰਕੇ ਮੈਨੂੰ ਲੁਧਿਆਣਾ ਜੇਲ੍ਹ



*ਮਰਹੂਮ ਭਗਤ ਸਿੰਘ ਬਿਲਗਾ*

ਦੀਆਂ ਫਾਂਸੀ ਕੋਠੀਆਂ ਵਿਚ ਡੱਕ ਦਿੱਤਾ ਗਿਆ। ਹਰ ਸ਼ਾਮ ਮੇਰਾ ਬਿਸਤਰਾ ਚੁੱਕ ਕੇ ਕਿਸੇ ਫਾਂਸੀ ਲਗਣ ਵਾਲੇ ਨਵੇਂ ਕੈਦੀ ਕੋਲ ਲਗਾ ਦਿੱਤਾ ਜਾਂਦਾ। ਉਸ ਵੇਲੇ ਉਥੇ ਛੇ ਕੈਦੀ ਬੰਦ ਸਨ। ਉਨ੍ਹਾਂ ਦੀਆਂ ਸਭ ਅਪੀਲਾਂ ਖਾਰਜ ਹੋ ਚੁੱਕੀਆਂ ਸਨ ਤੇ ਫਾਂਸੀ ਦੀ ਉਡੀਕ ਵਿਚ ਦਿਨ ਕੱਟ ਰਹੇ ਸਨ। ਹਰ ਇਕ ਦੀ ਵਾਰਤਾ ਜਾਨਣ ਦਾ ਸਬੱਬ ਬਣ ਗਿਆ।

ਜ਼ੋਰਾ ਇਕ ਸੋਹਣਾ ਸੁਨੱਖਾ ਮਾਲਵੇ ਦਾ ਨੌਜਵਾਨ ਸੀ ਤੇ ਲੋਕ ਉਸ ਨੂੰ ਵੈਲੀ ਕਹਿ ਕੇ ਵਡਿਆਉਂਦੇ। ਜਗਰਾਵਾਂ ਦੀ ਰੌਸ਼ਨੀ ਵਿਚ ਖੂੰਡੇ ਨੂੰ ਲਾਲ ਰੁਮਾਲ ਬੰਨ੍ਹ ਕੇ ਲਲਕਾਰਦਾ ਕਿ ਆਓ ਕੋਈ ਮਾਈ ਦਾ ਲਾਲ ਮੇਰੇ ਨਾਲ ਦੋ ਹੱਥ ਕਰਨ ਲਈ ਅੱਗੇ ਵਧੇ। ਚੰਗੀ ਜਾਇਦਾਦ ਦਾ ਮਾਲਕ ਸੀ। ਵਿਆਹ ਹੋ ਗਿਆ। ਇਕ ਲੜਕਾ ਵੀ ਪੈਦਾ ਹੋਇਆ, ਪਰ ਘਰ ਵਾਲੀ ਗੁਜ਼ਰ ਗਈ। ਇਕ ਖ਼ੂਬਸੂਰਤ ਨੌਜਵਾਨ ਸੁਨਿਆਰੀ ਨਾਲ ਇਸ਼ਕ ਹੋ ਗਿਆ। ਉਸ ਨੂੰ ਲਿਆ ਘਰ ਵਸਾਇਆ। ਵੈਲੀ ਸੀ ਇਕ ਅੱਧਾ ਕਤਲ ਕਰਨਾ ਤਾਂ ਜ਼ਰੂਰੀ ਸੀ। ਮੁਕੱਦਮਾ ਚੱਲਿਆ। ਗਵਾਹ ਭੁਗਤੇ। ਫਾਂਸੀ ਦੀ ਸਜ਼ਾ ਹੋ ਗਈ ਤੇ ਸਭ ਅਪੀਲਾਂ ਖਾਰਜ ਹੋ ਗਈਆਂ।

ਉਹ ਵੀ ਇਨ੍ਹਾਂ ਫਾਂਸੀ ਕੋਠੀਆਂ ਵਿਚ ਫਾਂਸੀ ਦੇ ਦਿਨ ਦੀ ਉਡੀਕ ਵਿਚ ਬੰਦ ਸੀ। ਆਮ ਗੱਲ ਚੱਲ ਪਈ ਕਿ ਪਰਸੋਂ ਨੂੰ ਜ਼ੋਰੇ ਨੇ ਫਾਂਸੀ ਲੱਗ ਜਾਣਾ ਹੈ। ਓਸ ਦਿਨ ਮੇਰੀ ਖੋਟੀ ਦੀ ਉੜਦੀ ਉਸ ਦੀ ਕੋਠੀ ਦੇ ਨਾਲ ਲੱਗ ਗਈ। ਉਸ ਦੀ ਮਸ਼ੂਕਾ ਤੇ ਉਸ ਦਾ 16 ਸਾਲਾ ਬੱਚਾ ਆਖ਼ਰੀ ਮੁਲਾਕਾਤ ਲਈ ਆਏ। ਜ਼ੋਰਾ ਆਪਣੇ ਬੱਚੇ ਨੂੰ ਨਸੀਹਤਾਂ ਕਰ ਰਿਹਾ ਸੀ ਕਿ ਇਹ ਤੇਰੀ ਮਾਂ ਹੈ। ਸਕੀ ਮਾਂ ਵਾਂਗ ਵਰਤੀਂ ਆਦਿ-ਆਦਿ। ਮੁੰਡਾ ਹੱਥ ਜੋੜੀ ਖੜਾ ਤ੍ਰਿਪ-ਤ੍ਰਿਪ ਰੋਂਦਾ ਕਹਿ ਰਿਹਾ ਸੀ, 'ਪਿਤਾ ਜੀ, ਮੈਂ ਤੁਹਾਡੇ ਹੁਕਮ ਦੀ ਪਾਲਣਾ ਕਰਾਂਗਾ।' ਜ਼ੋਰੇ ਦੀ ਮਾਸ਼ੂਕਾ ਨੇ ਮੁੰਡੇ ਨੂੰ ਕਿਹਾ, 'ਜਾਹ ਪੁੱਤਰਾ ਤੂੰ ਹੁਣ ਬਾਹਰ, ਮੈਂ ਵੀ ਦੋ ਗੱਲਾਂ ਕਰਨੀਆਂ ਹਨ।' ਉਹ ਬੜੇ ਹੀ ਬਹਾਦਰਾਨਾ ਅੰਦਾਜ਼ ਵਿਚ ਜ਼ੋਰੇ ਨੂੰ ਕਹਿ ਰਹੀ ਸੀ, 'ਤੈਂ ਕਤਲ ਨਹੀਂ ਕੀਤਾ? ਬਹਾਦਰਾਂ ਦੀ ਮੌਤ ਮਰੀਂ। ਫਾਂਸੀ ਦੇ ਤਖਤੇ ਤੱਕ ਲਲਕਾਰਦਾ ਜਾਈਂ। ਫਿਕਰ ਨਾ ਕਰੀਂ ਮੈਂ ਅੱਗੋਂ ਤੇਰੀ ਉਡੀਕ ਵਿਚ ਖੜੀ ਹੋਵਾਂਗੀ।' ਸਵੇਰ ਹੋਈ ਕੋਸੇ ਪਾਣੀ ਨਾਲ ਜਦੋਂ ਜ਼ੋਰੇ ਨੂੰ ਇਸ਼ਨਾਨ ਕਰਵਾਇਆ ਜਾ ਰਿਹਾ ਸੀ ਤਾਂ ਖ਼ਬਰ ਆਈ ਕਿ ਉਸ ਦੀ ਮਾਸ਼ੂਕਾ ਨੇ ਮੁਲਾਕਾਤ ਤੋਂ ਜਾ ਕੇ ਖੁਦਕੁਸ਼ੀ ਕਰ ਲਈ ਹੈ। ਸਾਰੀ ਜੇਲ੍ਹ ਵਿਚ ਉਸ ਬਹਾਦਰ ਔਰਤ ਦਾ ਜ਼ਿਕਰ ਹੋ ਰਿਹਾ ਸੀ।"

ਉਪਰੋਕਤ ਵਾਰਤਾ ਬਾਬਾ ਭਗਤ ਸਿੰਘ ਬਿਲਗਾ ਦੀ ਲਿਖੀ ਤੇ ਗੋਪਾਲ ਸਿੰਘ ਬੁੱਟਰ ਦੀ ਸੰਪਾਦਤ ਕੀਤੀ ਪੁਸਤਕ 'ਮੇਰੇ ਸੰਗ੍ਰਾਮੀ ਸਾਥੀ' ਦੀ ਅੰਤਕਾ ਮਾਤ੍ਰ ਹੈ। ਇਸ ਤੋਂ ਬਿਲਗਾ ਜੀ ਦੀ ਸ਼ੈਲੀ ਤੇ ਘਟ ਤੋਂ ਘਟ ਸ਼ਬਦਾਂ ਵਿਚ ਵੱਡੀ ਗੱਲ ਕਹਿਣ ਦੇ ਅੰਦਾਜ਼ ਦਾ ਪਤਾ ਲਗਦਾ ਹੈ।

ਪੁਸਤਕ ਵਿਚ ਸਰਦਾਰ ਅਜੀਤ ਸਿੰਘ, ਸੂਫੀ ਅੰਬਾ ਪ੍ਰਸ਼ਾਦ, ਲਾਲਾ ਹਰਦਿਆਲ, ਭਾਈ ਸੰਤੋਖ ਸਿੰਘ, ਬਾਬਾ ਬੂਝਾ ਸਿੰਘ, ਤੇਜਾ ਸਿੰਘ ਸੁਤੰਤਰ ਆਦਿ ਸੰਗ੍ਰਾਮੀ ਸਾਥੀਆਂ ਦੇ ਜੀਵਨ ਦੇ ਸਾਰ ਤੋਂ ਬਿਨਾ ਤਾਂਤੀਆਂ ਤੋਪੇ, ਮੌਲਾਨਾ ਫਜ਼ਲ ਹੱਕ, ਬੇਗਮ ਹਜ਼ਰਤ ਮਹੱਲ, ਜਨਰਲ ਬਖਤ ਖਾਂ ਆਦਿ ਦਾ ਸੰਖੇਪ ਜੀਵਨ ਵੀ ਸ਼ਾਮਲ ਹੈ। ਇਸ ਤਰ੍ਹਾਂ ਇਹ ਨਿੱਕੀ ਜਿਹੀ ਪੁਸਤਕ (ਚੇਤਨਾ ਪ੍ਰਕਾਸ਼ਨ) ਭਾਰਤ ਦੇ ਸੁਤੰਤਰਤਾ ਸੰਗਰਾਮ ਦਾ ਸੰਖਿਪਤ ਸਾਰ ਹੋ ਨਿਬੜਦੀ ਹੈ। ਪੁਸਤਕ ਪੜ੍ਹਨ ਵਾਲੀ ਹੈ।

**ਅੰਤਿਕਾ: ਮੁਸ਼ਤਾਕ**

ਚਾਹੇ ਮੇਰੇ ਘਰ
ਨਾ ਕੋਈ ਮੂਰਤੀ ਨਾ ਘੰਟੀਆਂ
ਫਿਰ ਵੀ ਮੰਦਰ ਜਾਣ ਕੇ
ਹਰ ਸ਼ਾਮ ਆ ਜਾਂਦਾ ਹਾਂ ਮੈਂ।

# ਸਾਲ 2012 ਦੀਆਂ ਘਟਨਾਵਾਂ ਦਾ ਕੁਝ ਲੇਖਾ-ਜੋਖਾ



ਪ੍ਰੇਮ ਮਾਨ
ਫ਼ੋਨ: 860-983-5002

ਸਾਲ 2012 ਵਿਚ ਅਸੀਂ ਦੁਨੀਆਂ ਵਿਚ ਅਨੇਕਾਂ ਹੀ ਚੰਗੀਆਂ ਅਤੇ ਮਾੜੀਆਂ ਤਬਦੀਲੀਆਂ ਦੇਖੀਆਂ ਹਨ। ਆਓ ਆਪਾਂ 2012 ਦੀਆਂ ਕੁਝ ਮਹੱਤਵਪੂਰਨ ਘਟਨਾਵਾਂ ਬਾਰੇ ਗੱਲਾਂ ਕਰੀਏ।

ਅਮਰੀਕਾ ਵਿਚ ਹਮੇਸ਼ਾ ਬੰਦੂਕਾਂ ਰੱਖਣ ਦੀ ਖੁੱਲ੍ਹ ਰਹੀ ਹੈ। ਅਸਲ ਵਿਚ ਬੰਦੂਕਾਂ ਰੱਖਣ ਦੀ ਖੁੱਲ ਉਸ ਵੇਲੇ ਦਿੱਤੀ ਗਈ ਸੀ ਜਦੋਂ ਅਮਰੀਕਾ ਬ੍ਰਿਟਿਸ਼ ਸਰਕਾਰ ਨਾਲ ਅਜ਼ਾਦੀ ਦੀ ਲੜਾਈ ਲੜ ਰਿਹਾ ਸੀ। ਭਾਵੇਂ ਹਰ ਸਾਲ ਬੰਦੂਕਾਂ ਨਾਲ ਬਹੁਤ ਸਾਰੇ ਲੋਕ ਮਾਰੇ ਜਾਂਦੇ ਹਨ ਪਰ ਇਹ ਆਜ਼ਾਦੀ ਲੋਕਾਂ ਤੋਂ ਕਦੇ ਵੀ ਵਾਪਸ ਨਹੀਂ ਲਈ ਗਈ। ਜਦੋਂ ਬਿੱਲ ਕਲਿੰਟਨ ਰਾਸ਼ਟਰਪਤੀ ਸੀ, ਉਸ ਵੇਲੇ ਬੰਦੂਕਾਂ ਖ਼ਰੀਦਣ ਉਤੇ ਕੁਝ ਬੰਦਿਸ਼ ਲਗਾਈ ਗਈ ਸੀ ਪਰ ਬਾਅਦ ਵਿਚ ਜਾਰਜ ਬੁਸ਼ ਵੇਲੇ ਇਹ ਬੰਦਿਸ਼ ਫਿਰ ਹਟਾ ਦਿੱਤੀ ਗਈ ਸੀ। ਅੱਜਕੱਲ੍ਹ ਲੋਕਾਂ ਕੋਲ ਅਜਿਹੀਆਂ ਬੰਦੂਕਾਂ ਹਨ ਜੋ ਇਕੋ ਵੇਲੇ ਕੁਝ ਸਕਿੰਟਾਂ ਵਿਚ ਹੀ 40-50 ਗੋਲੀਆਂ ਚਲਾ ਸਕਦੀਆਂ ਹਨ। ਪੁਲਿਸ ਕੋਲ ਵੀ ਅਜਿਹੀਆਂ ਬੰਦੂਕਾਂ ਨਹੀਂ ਹਨ।

ਰੋਜ਼ਾਨਾ ਜ਼ਿੰਦਗੀ ਦੀਆਂ ਸਮੱਸਿਆਵਾਂ, ਪਰਿਵਾਰਕ ਜ਼ਿੰਦਗੀ ਵਿਚ ਤਰੇੜਾਂ ਆਉਣ ਅਤੇ ਜ਼ਿੰਦਗੀ ਦੀਆਂ ਹੋਰ ਮੁਸ਼ਕਲਾਂ ਨਾਲ ਮਾਨਸਿਕ ਤਣਾਓ ਵਧਣ ਕਰਕੇ ਅੱਜ ਬਹੁਤ ਸਾਰੇ ਲੋਕ ਮਾਨਸਿਕ ਬਿਮਾਰੀ ਦੇ ਸ਼ਿਕਾਰ ਹਨ। ਬੰਦੂਕਾਂ ਦੀ ਖੁੱਲ੍ਹ ਅਤੇ ਵਧੇ ਮਾਨਸਿਕ ਰੋਗ ਹਿੰਸਕ ਘਟਨਾਵਾਂ ਦਾ ਕਾਰਨ ਬਣ ਗਏ ਹਨ। ਸਾਲ 2009 ਵਿਚ ਅਮਰੀਕਾ ਵਿਚ 31,000 ਤੋਂ ਜ਼ਿਆਦਾ ਲੋਕ ਬੰਦੂਕਾਂ ਨਾਲ ਮਾਰੇ ਗਏ ਜਿਨ੍ਹਾਂ ਵਿਚ ਖੁਦਕੁਸ਼ੀਆਂ ਵੀ ਸ਼ਾਮਿਲ ਸਨ। ਸਾਲ 2012 ਵਿਚ ਕਈ ਬਹੁਤ ਹੀ ਦਰਦਨਾਕ ਘਟਨਾਵਾਂ ਵਾਪਰੀਆਂ ਹਨ। ਵੈਸੇ ਤਾਂ ਸਭ ਘਟਨਾਵਾਂ ਹੀ ਬਹੁਤ ਦੁਖਦਾਈ ਹਨ ਪਰ ਸਭ ਤੋਂ ਵੱਧ ਦਰਦਨਾਕ ਘਟਨਾ ਕੁਨੈਕਟੀਕਟ ਸੂਬੇ ਦੇ ਸ਼ਹਿਰ ਨਿਊ ਟਾਊਨ ਵਾਲੀ ਹੈ ਜਿੱਥੇ ਦਸੰਬਰ ਵਿਚ ਐਡਮ ਲੈਨਜ਼ਾ ਨਾਂ ਦੇ ਇਕ ਮਾਨਸਿਕ ਰੋਗੀ ਨੌਜਵਾਨ ਨੇ ਇਕ ਸਕੂਲ ਵਿਚ ਗੋਲੀਆਂ ਚਲਾ ਕੇ 20 ਮਾਸੂਮ ਬੱਚਿਆਂ ਅਤੇ ਆਪਣੀ ਮਾਂ ਸਮੇਤ 7 ਹੋਰ ਲੋਕਾਂ ਨੂੰ ਮਾਰ ਦਿੱਤਾ। ਇਸ ਘਟਨਾ ਨੇ ਲੋਕਾਂ ਦੇ ਦਿਲ ਵਲੂੰਧਰ ਕੇ ਰੱਖ ਦਿੱਤੇ ਹਨ। ਸਾਲ 2012 ਦੀਆਂ ਦੋ ਹੋਰ ਦਰਦਨਾਕ ਘਟਨਾਵਾਂ ਵਿਚ ਗੁਰਦੁਆਰਾ ਓਕ ਕਰੀਕ ਵਿਚ ਮਾਈਕਲ ਪੇਜ ਨਾਂ ਦੇ ਹਮਲਾਵਰ ਵੱਲੋਂ ਛੇ ਸਿੱਖ ਸ਼ਰਧਾਲੂਆਂ ਦਾ ਕਤਲ ਅਤੇ ਕਾਲੋਰਾਡੋ ਸੂਬੇ ਦੇ ਸ਼ਹਿਰ ਅਰੋਰਾ ਵਿਚ ਜੇਮਜ ਹੋਮਜ਼ ਵੱਲੋਂ ਇਕ ਮੂਵੀ ਥੀਏਟਰ ਵਿਚ ਗੋਲੀਆਂ ਨਾਲ ਬਹੁਤ ਸਾਰੇ ਮਾਸੂਮ ਲੋਕਾਂ ਨੂੰ ਮਾਰਨ ਦੀਆਂ ਘਟਨਾਵਾਂ ਸ਼ਾਮਲ ਹਨ। ਅਜਿਹੀਆਂ ਇੱਕਾ ਦੁੱਕਾ ਤੇ ਛੋਟੇ ਪੱਧਰ ਦੀਆਂ ਹੋਰ ਵੀ ਬਥੇਰੀਆਂ ਘਟਨਾਵਾਂ ਵਾਪਰੀਆਂ। ਇਨ੍ਹਾਂ ਦਰਦਨਾਕ ਘਟਨਾਵਾਂ ਵਿਚੋਂ ਜੇ ਕੋਈ ਚੰਗੀ ਗੱਲ ਉਭਰੀ ਹੈ ਤਾਂ ਉਹ ਇਹ ਹੈ ਕਿ ਅਮਰੀਕੀ ਸਰਕਾਰ ਅਤੇ ਅਮਰੀਕੀ ਲੋਕ ਬੰਦੂਕਾਂ 'ਤੇ ਕੰਟਰੋਲ ਕਰਨ ਦੇ ਹੱਕ ਵਿਚ ਗੱਲ ਕਰਨ ਲੱਗ ਪਏ ਹਨ।

ਮਿਡਲ ਈਸਟ ਅਤੇ ਅਫ਼ਰੀਕਾ ਵਿਚ ਤਾਨਾਸ਼ਾਹਾਂ ਦੇ ਜ਼ਾਲਮ ਰਾਜਾਂ ਤੋਂ ਛੁਟਕਾਰਾ ਪਾਉਣ ਲਈ ਚਲੀ ਲਹਿਰ ਦਾ ਜਨਮ ਦਸੰਬਰ 2011 ਵਿਚ ਇਕ ਛੋਟੇ ਜਿਹੇ ਮੁਲਕ ਟਿਊਨੀਸ਼ੀਆ ਵਿਚ ਹੋਇਆ ਸੀ। ਗੱਲ ਇੰਜ ਹੋਈ ਕਿ ਇਕ 26 ਸਾਲਾ ਨੌਜਵਾਨ ਆਪਣੇ ਪਰਿਵਾਰ ਦਾ ਢਿੱਡ ਪਾਲਣ ਲਈ ਸੜਕ 'ਤੇ ਰੇਹੜੀ ਲਾਉਣ ਦਾ ਕੰਮ ਕਰਦਾ ਸੀ। ਦਸੰਬਰ 2011 ਵਿਚ ਉਥੋਂ ਦੀ ਪੁਲਿਸ ਨੇ ਉਸ ਦੀ ਰੇਹੜੀ ਜ਼ਬਤ ਕਰ ਲਈ ਕਿਉਂਕਿ ਉਸ ਕੋਲ ਸੜਕ ਤੇ ਰੇਹੜੀ ਲਾਉਣ ਦਾ ਲਾਈਸੈਂਸ ਨਹੀਂ ਸੀ। ਉਸ ਗ਼ਰੀਬ ਨੌਜਵਾਨ ਦੀ ਜਦੋਂ ਕੋਈ ਵਾਹ ਨਾ ਚਲੀ ਤਾਂ ਉਸ ਨੇ ਦੁਖੀ ਹੋ ਕੇ ਆਪਣੇ ਉਤੇ ਤੇਲ ਪਾ ਕੇ ਆਪਣੇ ਆਪ ਨੂੰ ਅੱਗ ਲਾ ਲਈ। ਇਸ ਘਟਨਾ ਤੋਂ ਲੋਕ ਭੜਕ ਉਠੇ ਅਤੇ ਅਖੀਰ ਟਿਊਨੀਸ਼ੀਆ ਦੇ ਤਾਨਾਸ਼ਾਹ ਨੂੰ ਦੇਸ਼ ਛੱਡ ਕੇ ਜਾਣਾ ਪਿਆ ਅਤੇ ਉਥੇ ਲੋਕਤੰਤਰ ਸਥਾਪਤ ਹੋ ਗਿਆ। ਇੱਕੀਵੀਂ ਸਦੀ ਵਿਚ ਮੀਡੀਆ ਰਾਹੀਂ ਇਸ ਆਜ਼ਾਦੀ ਦੀ ਲਹਿਰ ਦੀ ਖ਼ਬਰ ਦੂਜੇ ਮੁਲਕਾਂ ਵਿਚ ਵੀ ਪਹੁੰਚਦੀ ਗਈ। ਮਿਸਰ ਵਿਚ ਵੀ ਲੋਕਾਂ ਨੇ ਉਥੋਂ ਦੇ ਤਾਨਾਸ਼ਾਹ ਹੋਸਨੀ ਮੁਬਾਰਕ ਵਿਰੁਧ ਮੁਹਿੰਮ ਸ਼ੁਰੂ ਕਰ ਦਿੱਤੀ ਅਤੇ ਇਹ ਕੁਝ ਹੀ ਦਿਨਾਂ ਵਿਚ ਇੰਨਾ ਜ਼ੋਰ ਫੜ ਗਈ ਕਿ ਅਖੀਰ ਮੁਬਾਰਕ ਰਾਜ ਛੱਡ ਕੇ ਲਾਂਭੇ ਹੋ ਗਿਆ ਅਤੇ ਦੇਸ਼ ਦੀ ਵਾਗਡੋਰ ਆਪਣੇ ਡਿਪਟੀ ਦੇ ਹੱਥ ਫੜਾ ਦਿੱਤੀ ਜਿਸ ਨੇ ਛੇਤੀਂ ਹੀ ਚੋਣਾਂ ਕਰਾਉਣ ਦਾ ਐਲਾਨ ਕਰ ਦਿੱਤਾ। ਇਸ ਤਰ੍ਹਾਂ ਟਿਊਨੀਸ਼ੀਆ ਤੋਂ ਬਾਦ ਮਿਸਰ ਵੀ ਤਾਨਾਸ਼ਾਹੀ ਤੋਂ ਆਜ਼ਾਦ ਹੋ ਗਿਆ। ਇਸ ਵੇਲੇ ਹੋਸਨੀ ਮੁਬਾਰਕ ਜ਼ਿੰਦਗੀ ਦੇ ਆਖ਼ਰੀ ਸਾਲ ਜੇਲ੍ਹ ਵਿਚ ਬਿਤਾ ਰਿਹਾ ਹੈ।

ਮਿਸਰ ਦੀ ਆਜ਼ਾਦੀ ਦੀ ਗੱਲ ਅਜੇ ਠੰਢੀ ਨਹੀਂ ਸੀ ਹੋਈ ਕਿ ਲਿਬੀਆ ਦੇ ਲੋਕ ਉਥੋਂ ਦੇ ਤਾਨਾਸ਼ਾਹ ਮੁਆਮਾਰ ਗੱਦਾਫ਼ੀ ਦੇ ਖ਼ਿਲਾਫ਼ ਉਠ ਖੜ੍ਹੇ ਹੋਏ। ਗੱਦਾਫ਼ੀ ਨੂੰ ਗੱਦੀ ਤੋਂ ਲਾਹੁਣ ਲਈ ਭਾਵੇਂ ਕੁਝ ਦੇਰ ਲੱਗੀ ਪਰ ਜਿੱਤ ਲੋਕਾਂ ਦੀ ਹੀ ਹੋਈ। ਅਖੀਰ ਗੱਦਾਫ਼ੀ ਨੂੰ ਇਕ ਪੁਲ ਦੇ ਹੇਠੋਂ ਫੜ ਕੇ ਮਾਰ ਦਿੱਤਾ ਗਿਆ। ਇਨ੍ਹਾਂ ਤਿੰਨਾਂ ਮੁਲਕਾਂ ਵਿਚ ਅਤੇ ਖ਼ਾਸ ਕਰ ਕੇ ਲਿਬੀਆ ਵਿਚ ਲੋਕਾਂ ਦੀ ਜਿੱਤ ਪਿੱਛੇ ਯੂਰਪ ਅਤੇ ਅਮਰੀਕਾ ਵੱਲੋਂ ਮਿਲੀ ਬੇਹਿਸਾਬੀ ਮਦਦ ਸੀ। ਜੇ ਯੂਰਪ ਅਤੇ ਅਮਰੀਕਾ ਇਹ ਮਦਦ ਨਾ ਦਿੰਦੇ ਤਾਂ ਲਿਬੀਆ ਵਿਚ ਲੋਕਾਂ ਦੀ ਜਿੱਤ ਸ਼ਾਇਦ ਸੰਭਵ ਨਾ ਹੁੰਦੀ। ਪਰ ਇਨ੍ਹਾਂ ਤਿੰਨਾਂ ਮੁਲਕਾਂ ਵਿਚ ਲੋਕਾਂ ਨੂੰ ਆਜ਼ਾਦੀ ਵਾਸਤੇ ਬਹੁਤ ਵੱਡੀ ਕੀਮਤ ਤਾਰਨੀ ਪਈ। ਅਨੇਕਾਂ ਹੀ ਲੋਕ ਮਾਰੇ ਗਏ। ਖ਼ਾਸ ਕਰ ਕੇ ਲਿਬੀਆ ਵਿਚ ਗੱਦਾਫੀ ਦੀ ਫ਼ੌਜ ਨੇ ਬੇਹਿਸਾਬੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਕਈ ਹੋਰ ਛੋਟੇ ਛੋਟੇ ਮੁਲਕਾਂ ਦੇ ਲੋਕਾਂ ਨੇ ਵੀ ਤਾਨਾਸ਼ਾਹਾਂ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕੀਤੀ ਪਰ ਸਫਲਤਾ ਨਾ ਮਿਲ ਸਕੀ। ਇਸ ਵੇਲੇ ਅੱਠ-ਨੌਂ ਮਹੀਨਿਆਂ ਤੋਂ ਸੀਰੀਆ ਵਿਚ ਆਜ਼ਾਦੀ ਦੀ ਲੜਾਈ ਚੱਲ ਰਹੀ ਹੈ। ਲੋਕ ਤਾਨਾਸ਼ਾਹ ਬੁਸ਼ਾਰ ਅਲ-ਅਸਾਦ ਨੂੰ ਗੱਦੀ ਤੋਂ ਲਾਹੁਣ ਦੀ ਬਹੁਤ ਭਾਰੀ ਕੀਮਤ ਤਾਰ ਰਹੇ ਹਨ। ਬੁਸ਼ਾਰ ਅਲ-ਅਸਾਦ ਤੋਂ ਪਹਿਲਾਂ ਸੀਰੀਆ ਉਤੇ ਉਸ ਦੇ ਪਿਉ ਹਾਫ਼ਜ ਅਲ-ਅਸਾਦ ਨੇ 29 ਸਾਲ ਤਾਨਾਸ਼ਾਹੀ ਚਲਾਈ। ਸੰਨ 2000 ਵਿਚ ਉਸ ਦੀ ਮੌਤ ਤੋਂ ਬਾਅਦ ਬੁਸ਼ਾਰ ਨੇ ਗੱਦੀ ਸੰਭਾਲੀ। ਜਦੋਂ ਤੋਂ ਸੀਰੀਆ ਦੇ ਲੋਕਾਂ ਨੇ ਬੁਸ਼ਾਰ ਵਿਰੁਧ ਲੜਾਈ ਅਰੰਭੀ ਹੈ, ਫ਼ੌਜ ਨੇ ਗੋਲੀਆਂ ਅਤੇ ਬੰਬਾਂ ਨਾਲ ਪਿੰਡਾਂ ਦੇ ਪਿੰਡ ਤਬਾਹ ਕਰ ਦਿੱਤੇ ਹਨ। ਲੱਖਾਂ ਲੋਕ ਮੌਤ ਦੇ ਘਾਟ ਉਤਾਰ ਦਿੱਤੇ ਹਨ। ਲੱਖਾਂ ਦੀ ਗਿਣਤੀ ਵਿਚ ਸੀਰੀਅਨ ਦੂਸਰੇ ਮੁਲਕਾਂ, ਖ਼ਾਸ ਕਰ ਤੁਰਕੀ ਵਿਚ, ਸ਼ਰਨਾਰਥੀ ਬਣ ਕੇ ਬੁਰੀ ਹਾਲਤ ਵਿਚ ਰਹਿ ਰਹੇ ਹਨ। ਭਾਵੇਂ ਹੌਲੀ ਹੌਲੀ ਹੀ ਸਹੀ, ਲੋਕਾਂ ਦੀ ਜਿੱਤ ਹੋ ਰਹੀ ਹੈ।

ਕਈ ਸਾਲਾਂ ਤੋਂ ਦੁਨੀਆਂ ਦੇ ਬਹੁਤ ਸਾਰੇ ਮੁਲਕਾਂ ਵਿਚ ਆਰਥਿਕ ਮੰਦੇ ਦਾ ਪਸਾਰਾ ਹੈ। ਅਮਰੀਕਾ ਵਿਚ ਇਸ ਦਾ ਮੁੱਖ ਕਾਰਨ ਲੋਕਾਂ ਨੂੰ ਸਸਤੇ ਵਿਆਜ ਤੇ ਘਰ ਖ਼ਰੀਦਣ ਲਈ ਕਰਜ਼ੇ ਦੇਣੇ ਸਨ ਅਤੇ ਇਹ ਕਰਜ਼ੇ ਉਨ੍ਹਾਂ ਲੋਕਾਂ ਨੂੰ ਵੀ ਦੇ ਦਿੱਤੇ ਗਏ ਜਿਨ੍ਹਾਂ ਦੀ ਆਮਦਨ ਬਹੁਤ ਘੱਟ ਸੀ। ਨਤੀਜਾ ਇਹ ਹੋਇਆ ਕਿ ਘਰ ਧੜਾ ਧੜ ਬਣਾਏ ਜਾਣ ਲੱਗੇ। ਫਿਰ ਪਿਛਲੇ ਕੁਝ ਸਾਲਾਂ ਵਿਚ ਬਹੁਤ ਸਾਰੇ ਲੋਕ ਆਰਥਕ ਮੰਦੇ ਕਾਰਨ ਇਨ੍ਹਾਂ ਘਰਾਂ ਦੀਆਂ ਕਿਸ਼ਤਾਂ ਦੇਣ ਦੇ ਸਮਰੱਥ ਨਾ ਰਹੇ ਅਤੇ ਉਨ੍ਹਾਂ ਨੇ ਆਪਣੇ ਘਰ ਬੈਂਕਾਂ ਨੂੰ ਵਾਪਸ ਦੇਣੇ ਸ਼ੁਰੂ ਕਰ ਦਿੱਤੇ। ਓਬਾਮਾ ਦੀ ਲੀਡਰਸ਼ਿਪ ਅਧੀਨ ਅਮਰੀਕਾ ਨੇ ਆਪਣੇ ਆਰਥਕ ਮੰਦੇ 'ਤੇ ਕਾਫ਼ੀ ਕਾਬੂ ਪਾ ਲਿਆ ਸੀ। ਫਿਰ ਪਿਛਲੇ ਸਾਲ-ਡੇਢ ਸਾਲ ਵਿਚ ਯੂਰਪ ਦੀ ਆਰਥਿਕ ਹਾਲਤ ਬਹੁਤ ਵਿਗੜ ਗਈ। ਉਥੇ ਵੀ ਬਹੁਤਾ ਕਾਰਨ ਉਹੋ ਸੀ ਜੋ ਅਮਰੀਕਾ ਵਿਚ। ਯੂਰਪ ਵਿਚ ਗਰੀਸ, ਸਪੇਨ ਅਤੇ ਇਟਲੀ ਦੀ ਹਾਲਤ ਬਹੁਤ ਬੁਰੀ ਹੋਈ। ਇਨ੍ਹਾਂ ਤਿੰਨਾਂ ਮੁਲਕਾਂ ਨੂੰ ਦੀਵਾਲੀਏਪਨ ਤੋਂ ਬਚਾਉਣ ਲਈ ਯੂਰਪ ਦੇ ਅਮੀਰ ਦੇਸ਼ਾਂ ਅਤੇ ਉਥੇ ਦੀ ਕੇਂਦਰੀ ਬੈਂਕ ਨੇ ਚੋਖਾ ਪੈਸਾ ਦਿੱਤਾ। ਇਸ ਦਾ ਅਸਰ ਅਮਰੀਕਾ ਅਤੇ ਏਸ਼ੀਆ ਦੇ ਦੇਸ਼ਾਂ 'ਤੇ ਵੀ ਪਿਆ। ਹੌਲੀ ਹੌਲੀ ਸਾਰੇ ਦੇਸ਼ ਆਰਥਕ ਮੰਦਵਾੜੇ 'ਚੋਂ ਬਾਹਰ ਆ ਰਹੇ ਹਨ।

ਇਸੇ ਸਾਲ ਬਰਾਕ ਓਬਾਮਾ ਅਮਰੀਕਾ ਦਾ ਦੂਜੀ ਵਾਰ ਰਾਸ਼ਟਰਪਤੀ ਬਣ ਗਿਆ। ਅਮਰੀਕਾ ਨੂੰ ਆਰਥਕ ਮੰਦੀ 'ਚੋਂ ਕੱਢਣ ਲਈ ਓਬਾਮਾ ਹੀ ਠੀਕ ਰਾਸ਼ਟਰਪਤੀ ਹੈ। ਓਬਾਮਾ ਨੇ ਹੀ ਇਰਾਕ ਵਿਚ ਲੜਾਈ ਬੰਦ ਕੀਤੀ ਹੈ ਅਤੇ ਅਫ਼ਗਾਨਿਸਤਾਨ ਵਿਚ ਲੜਾਈ ਬੰਦ ਕਰਨ ਦਾ ਵਾਅਦਾ ਕੀਤਾ ਹੈ। ਓਬਾਮਾ ਦੀਆਂ ਨੀਤੀਆਂ ਆਮ ਅਤੇ ਗ਼ਰੀਬ ਲੋਕਾਂ ਦੇ ਹੱਕ ਵਿਚ ਹਨ।

ਜੇ ਅਸੀਂ ਹਿੰਦੁਸਤਾਨ ਵੱਲ ਝਾਤੀ ਮਾਰੀਏ ਤਾਂ ਮਾਯੂਸੀ ਹੀ ਹੁੰਦੀ ਹੈ। ਰੋਜ਼ਾਨਾ ਜੋ ਘਟਨਾਵਾਂ ਵਾਪਰ ਰਹੀਆਂ ਹਨ, ਉਨ੍ਹਾਂ ਨੂੰ ਦੇਖ ਸੁਣ ਕੇ ਦੇਸ਼ ਦਾ ਭਵਿੱਖ ਬਹੁਤ ਹਨੇਰਾ ਦਿਸ ਰਿਹਾ ਹੈ। ਜਿਸ ਤਰ੍ਹਾਂ ਪੰਜਾਬ ਵਿਚ ਆਪਣੀ ਧੀ ਦੀ ਇੱਜ਼ਤ ਬਚਾਉਂਦਾ ਇਕ ਥਾਣੇਦਾਰ ਸਿਆਸਤਦਾਨਾਂ ਦੇ ਹਮਾਇਤੀਆਂ ਹੱਥੋਂ ਮਾਰਿਆ ਗਿਆ ਹੈ ਅਤੇ ਜਿਸ ਤਰ੍ਹਾਂ ਦਿੱਲੀ ਵਿਚ ਇਕ ਬੱਸ ਵਿਚ ਇਕ ਨੌਜਵਾਨ ਔਰਤ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ, ਇਹ ਘਟਨਾਵਾਂ ਸ਼ਰਮ ਨਾਲ ਸਾਡਾ ਸਿਰ ਨੀਵਾਂ ਕਰ ਦਿੰਦੀਆਂ ਹਨ। ਦੁੱਖ ਦੀ ਗੱਲ ਇਹ ਹੈ ਕਿ ਅਜਿਹੇ ਜੁਰਮ ਕਰਨ ਵਾਲਿਆਂ ਨੂੰ ਕੋਈ ਸਜ਼ਾ ਨਹੀਂ ਮਿਲਦੀ ਅਤੇ ਬਹੁਤੀ ਵਾਰ ਤਾਂ ਉਹ ਫੜੇ ਵੀ ਨਹੀਂ ਜਾਂਦੇ ਕਿਉਂਕਿ ਇਨ੍ਹਾਂ ਲੋਕਾਂ ਦੀ ਕਿਸੇ ਨਾ ਕਿਸੇ ਸਿਆਸਤਦਾਨ ਨਾਲ ਨੇੜਤਾ ਜਾਂ ਰਿਸ਼ਤੇਦਾਰੀ ਹੁੰਦੀ ਹੈ। ਹਿੰਦੁਸਤਾਨ ਵਿਚ ਜਿਸ ਰਫ਼ਤਾਰ ਨਾਲ ਜੁਰਮ ਵਧ ਰਿਹਾ ਹੈ, ਰਿਸ਼ਵਤਖ਼ੋਰੀ, ਹੇਰਾ-ਫੇਰੀ, ਚੋਰ-ਬਾਜ਼ਾਰੀ ਵਧ ਰਹੀ ਹੈ, ਆਮ ਇਨਸਾਨ ਲਈ ਜ਼ਿੰਦਗੀ ਗੁਜ਼ਾਰਨੀ ਔਖੀ ਹੋ ਰਹੀ ਹੈ। ਅਮੀਰ ਹੋਰ ਵੀ ਅਮੀਰ ਹੋਈ ਜਾਂਦੇ ਹਨ, ਗ਼ਰੀਬ ਹੋਰ ਵੀ ਗਰੀਬ। ਸੜਕਾਂ ਉਤੇ ਸੌਣ ਵਾਲੇ ਗ਼ਰੀਬਾਂ ਦੀ ਗਿਣਤੀ ਵਧ ਰਹੀ ਹੈ। ਇੱਕੀਵੀਂ ਸਦੀ ਵਿਚ ਵੀ ਔਰਤਾਂ ਅਤੇ ਗ਼ਰੀਬਾਂ ਦੀ ਜ਼ਿੰਦਗੀ ਇੱਥੋਂ ਤੱਕ ਖ਼ਸਤਾ ਹੈ ਕਿ ਹਰ ਰੋਜ਼ ਹੀ ਅਨੇਕਾਂ ਅਜਿਹੇ ਲੋਕ ਖੁਦਕੁਸ਼ੀਆਂ ਕਰਨ ਲਈ ਮਜਬੂਰ ਹਨ। ਸਿਆਸਤਦਾਨ ਪੈਸੇ ਇਕੱਠੇ ਕਰਨ ਵਿਚ ਹੀ ਰੁੱਝੇ ਹੋਏ ਹਨ ਅਤੇ ਦੇਸ਼ ਦੀ ਭਲਾਈ ਦਾ ਉਨ੍ਹਾਂ ਨੂੰ ਕੋਈ ਫ਼ਿਕਰ ਨਹੀਂ। ਕੀ ਹਿੰਦੁਸਤਾਨੀ ਲੋਕਾਂ ਲਈ ਨਰਿੰਦਰ ਮੋਦੀ ਵਰਗਾ ਇਨਸਾਨ ਹੀ ਭਵਿੱਖ ਵਿਚ ਪ੍ਰਧਾਨ ਮੰਤਰੀ ਬਣਨ ਲਈ ਰਹਿ ਗਿਆ ਹੈ ਜਿਸ ਦੇ ਪ੍ਰਧਾਨ ਮੰਤਰੀ ਬਣਨ ਦੀ ਬੇਹੱਦ ਚਰਚਾ ਹੈ? ਕੀ ਹਿੰਦੁਸਤਾਨ ਨੂੰ ਨਹਿਰੂ ਪਰਿਵਾਰ ਤੋਂ ਬਗੈਰ ਕੋਈ ਵੀ ਲੀਡਰ ਨਹੀਂ ਲੱਭ ਰਿਹਾ?

ਜਿਸ ਤਰ੍ਹਾਂ ਪੰਜਾਬ ਨਸ਼ਿਆਂ ਦੇ ਵਹਿਣ ਵਿਚ ਡੁੱਬ ਰਿਹਾ ਹੈ, ਕੀ ਪੰਜਾਬ ਬਹੁਤਾ ਚਿਰ ਜੀਉਂਦਾ ਰਹਿ ਸਕੇਗਾ? ਪੰਜਾਬ ਵਿਚ ਹਾਲਤ ਦਿਨ-ਬ-ਦਿਨ ਵਿਗੜ ਹੀ ਰਹੇ ਹਨ। ਰੋਜ਼ਾਨਾ ਹੀ ਪੰਜਾਬ ਵਿਚ ਬਲਾਤਕਾਰਾਂ, ਕਤਲਾਂ, ਅਤੇ ਚੋਰੀਆਂ ਦੀਆਂ ਖ਼ਬਰਾਂ ਸੁਣਨ ਨੂੰ ਮਿਲਦੀਆਂ ਹਨ। ਪੰਜਾਬ ਵਿਚ ਇਕ 17 ਸਾਲ ਦੀ ਲੜਕੀ ਨੇ ਜ਼ਹਿਰ ਖਾ ਕੇ ਇਸ ਲਈ ਖ਼ੁਦਕੁਸ਼ੀ ਕਰ ਲਈ ਕਿ ਉਸ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ ਅਤੇ ਜਦੋਂ ਉਸ ਨੇ ਪੁਲਿਸ ਕੋਲ ਰਿਪੋਰਟ ਲਿਖਾਈ ਤਾਂ ਪੁਲਿਸ ਨੇ ਉਸ ਉਤੇ ਕੇਸ ਵਾਪਸ ਲੈਣ ਲਈ ਦਬਾ ਪਾਇਆ।

ਮੈਂ ਆਪਣੇ ਮੁਲਕ ਨੂੰ 1975 ਵਿਚ ਅਲਵਿਦਾ ਕਹਿ ਆਇਆ ਸਾਂ। ਭਾਵੇਂ ਉਸ ਵੇਲੇ ਦਿਮਾਗ਼ ਵਿਚ ਇਹ ਫ਼ਤੂਰ ਵੀ ਸੀ ਕਿ ਕਿਸੇ ਦਿਨ ਮੈਂ ਵਾਪਸ ਜਾ ਕੇ ਹਿੰਦੁਸਤਾਨ ਵਿਚ ਫਿਰ ਰਹਾਂਗਾ। ਹੁਣ ਹਿੰਦੁਸਤਾਨ ਦੀ ਹਾਲਤ ਦੇਖ ਕੇ ਮੈਂ ਹਮੇਸ਼ਾ ਇਹੋ ਸੋਚਦਾ ਹਾਂ ਕਿ ਮੈਂ ਬਹੁਤ ਭਲੇ ਮੌਕੇ ਹਿੰਦੁਸਤਾਨ ਛੱਡ ਆਇਆ ਸੀ। ਮੇਰਾ ਆਪਣਾ ਹਿੰਦੁਸਤਾਨ ਵਾਪਸ ਜਾ ਕੇ ਰਹਿਣ ਦਾ ਵਿਚਾਰ ਕਿਤੇ ਦੂਰ ਕਾਲੇ ਧੂੰਏਂ ਵਿਚ ਗੁੰਮ ਹੋ ਗਿਆ ਹੈ।

# ਜੱਸੀ ਗਿੱਲ, ਸੁਖਵੀਰ ਕੌਰ ਗਿੱਲ ਅਤੇ ਟੀਮ ਵਲੋਂ ਸਮੂਹ ਸਰਪ੍ਰਸਤਾਂ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਸਾਲ 2013 ਮੁਬਾਰਕ

**ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ**

## Golden State Realty

**Real Estate and Loans Under One Roof**

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

### We can sell your house in short sale at no cost to you.

**If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.**

### *WE CAN SELL HUD HOMES ANY WHERE IN CALIFORNIA*

### ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Cell: 510-304-9292**
**Cell:408-666-8279**



**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

### *Selling Homes from Gilroy to Sacramento, CA*

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095

## JUST SOLD

1. 4205 Lunar Way, Union City, CA 94587
2. 5329 Calabria Way, Sacramento CA 95835
3. 3167 San Bernardino Way, Union City, CA 94587
4. 34782 Klondike Dr., Union City, CA 94587
5. 32467 Woodland Dr., Union City, CA 94587
6. 1969 Catalpa Way, Hayward, CA 94545
7. 2952 Remington Way, San Jose, CA 95148
8. 32452 Springwood Dr., Union City, CA 94587
9. 648 Cayuga Dr., San Jose, CA 95123

**Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

# ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਅਕੇਲਾ



ਡਾ. ਗੁਰਨਾਮ ਕੌਰ, ਕੈਨੇਡਾ

ਦਸਵੀਂ ਨਾਨਕ ਜੋਤਿ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜਨਮ ਦਿਹਾੜਾ ਨਾਨਕਸ਼ਾਹੀ ਕੈਲੰਡਰ ਅਨੁਸਾਰ ਹਰ ਸਾਲ 5 ਜਨਵਰੀ ਨੂੰ ਮਨਾਇਆ ਜਾਂਦਾ ਹੈ। ਦਸਵੀਂ ਨਾਨਕ ਜੋਤਿ ਬਾਰੇ ਉਨ੍ਹਾਂ ਵਿਦਵਾਨਾਂ ਦੇ ਮਨ ਵਿਚ ਇੱਕ ਬਹੁਤ ਵੱਡਾ ਭੁਲੇਖਾ ਆਮ ਹੀ ਪਾਇਆ ਜਾਂਦਾ ਹੈ, ਜਿਨ੍ਹਾਂ ਦਾ ਸਿੱਖ ਦਰਸ਼ਨ ਨਾਲ ਵਾਹ-ਵਾਸਤਾ ਨੇੜੇ ਦਾ ਨਹੀਂ ਹੈ, ਕਿ ਦਸਮ ਪਾਤਿਸ਼ਾਹ ਹਜ਼ੂਰ ਨੇ ਜਿਹੜਾ ਰਸਤਾ ਚੁਣਿਆ ਉਹ ਗੁਰੂ ਨਾਨਕ ਦੇ ਦੱਸੇ ਰਸਤੇ ਤੋਂ ਵੱਖਰਾ ਅਤੇ ਅਲੱਗ ਸੀ। ਉਨ੍ਹਾਂ ਦੇ ਕਹਿਣ ਦਾ ਭਾਵ ਹੈ ਕਿ ਜਿੱਥੇ ਗੁਰੂ ਨਾਨਕ ਸਾਹਿਬ ਨੇ ਭਗਤੀ ਦਾ, ਨਾਮ ਸਿਮਰਨ ਦਾ ਮਾਰਗ ਦਰਸਾਇਆ ਉਥੇ ਦਸਮ ਪਾਤਿਸ਼ਾਹ ਨੇ ਸਿਰਫ ਸ਼ਕਤੀ ਦਾ ਮਾਰਗ ਦੱਸਿਆ ਅਰਥਾਤ ਸਿੱਖ ਮਾਰਗ ਨੂੰ ਸਿਰਫ ਤੇ ਸਿਰਫ ਯੁੱਧ ਦਾ ਮਾਰਗ ਬਣਾ ਦਿੱਤਾ। ਦੂਸਰਾ ਭੁਲੇਖਾ ਇਹ ਵੀ ਆਮ ਹੈ ਕਿ ਦਸਮ ਪਾਤਿਸ਼ਾਹ ਨੇ ਖਾਲਸਾ ਪੰਥ ਦੀ ਸਿਰਜਣਾ ਮਹਿਜ ਸਿੱਖ ਧਰਮ ਦੀ ਰਾਖੀ ਲਈ ਕੀਤੀ ਅਤੇ ਸਿੱਖ ਧਰਮ ਨੂੰ ਬਚਾਉਣ ਲਈ ਹੀ ਯੁੱਧ ਕੀਤੇ। ਇਹ ਵਿਦਵਾਨਾਂ ਵੱਲੋਂ ਪਾਈਆਂ ਭਰਾਂਤੀਆਂ ਹਨ ਕਿਉਂਕਿ ਗੁਰੂ ਨਾਨਕ ਪਾਤਿਸ਼ਾਹ ਦਾ ਮਾਰਗ ਹੀ ਗੁਰੂ ਗੋਬਿੰਦ ਸਿੰਘ ਦਾ ਮਾਰਗ ਹੈ।

ਸਿੱਖ ਧਰਮ ਅਜਿਹਾ ਧਰਮ ਹੈ ਜਿਸ ਦਾ ਇਲਹਾਮ ਅਰਥਾਤ ਰੱਬੀ ਜੋਤਿ ਦਾ ਪ੍ਰਕਾਸ਼ਨ ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਤੱਕ ਲਗਾਤਾਰਤਾ ਵਿਚ ਹੈ, ਸਤਿ ਦਾ ਪ੍ਰਕਾਸ਼ਨ ਇੱਕ ਲਗਾਤਾਰ ਅਮਲ ਹੈ। ਦਸ ਗੁਰੂ ਸਾਹਿਬਾਨ ਵਿਚ ਗੁਰੂ ਜੋਤਿ ਵੀ ਉਹੀ ਹੈ ਅਤੇ ਗੁਰੂ ਜੁਗਤਿ ਵੀ ਉਹੀ ਹੈ। ਇਸ ਤੱਥ ਦੀ ਪ੍ਰੋੜਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅੰਦਰਲੀ ਗਵਾਹੀ ਤੋਂ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਤੋਂ ਭਲੀ ਭਾਂਤ ਹੋ ਜਾਂਦੀ ਹੈ। ਸਤੇ ਬਲਵੰਡ ਦੀ ਰਾਮਕਲੀ ਰਾਗ ਵਿਚ ਰਚੀ ਵਾਰ ਵਿਚ ਇਸ ਤੱਥ ਨੂੰ ਉਜਾਗਰ ਕਰਦਿਆਂ, ਇਸ ਅਦਭੁੱਤ ਮਰਯਾਦਾ ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਿਆਈ ਦਾ ਤਿਲਕ ਦੇ ਦਿੱਤਾ ਤਾਂ ਗੁਰੂ ਨਾਨਕ ਸਾਹਿਬ ਦੀ ਵਡਿਆਈ ਦੀ ਬਰਕਤਿ ਨਾਲ ਭਾਈ ਲਹਿਣਾ ਜੀ ਦੀ ਵਡਿਆਈ ਸੰਸਾਰ ਵਿਚ ਫੈਲ ਗਈ ਕਿਉਂਕਿ ਭਾਈ ਲਹਿਣਾ ਜੀ ਦੇ ਅੰਦਰ ਵੀ ਉਹੀ ਗੁਰੂ ਨਾਨਕ ਸਾਹਿਬ ਵਾਲੀ ਰੱਬੀ ਜੋਤਿ ਸੀ ਅਤੇ ਗੁਰੂ ਜੁਗਤਿ ਵੀ ਉਹੀ ਸੀ, ਭਾਵ ਜੋਤਿ ਵੀ ਉਹੀ ਹੈ ਅਤੇ ਉਸ ਨੂੰ ਪ੍ਰਕਾਸ਼ਿਤ ਕਰਨ ਦੀ ਜੁਗਤਿ ਵੀ ਉਹੀ ਹੈ, ਕੇਵਲ ਸਰੀਰ ਹੀ ਬਦਲਾਇਆ ਹੈ,

ਲਹਣੇ ਦੀ ਫੇਰਾਈਐ
ਨਾਨਕਾ ਦੋਹੀ ਖਟੀਐ॥
ਜੋਤਿ ਓਹਾ ਜੁਗਤਿ ਸਾਇ ਸਹਿ
ਕਾਇਆ ਫੇਰਿ ਪਲਟੀਐ॥ (ਪੰਨਾ ੯੬੬)

ਤੀਸਰੀ ਪਉੜੀ ਵਿਚ ਇਸੇ ਸਿਧਾਂਤ ਨੂੰ ਦ੍ਰਿੜ ਕਰਵਾਉਂਦਿਆਂ ਸਤੇ ਬਲਵੰਡ ਦੀ ਵਾਰ ਵਿਚ ਕਿਹਾ ਹੈ ਕਿ ਸੈਂਕੜੇ ਸੇਵਕਾਂ ਵਾਲਾ ਬਾਬਾ ਨਾਨਕ ਸਰੀਰ ਵਟਾ ਕੇ ਭਾਵ ਗੁਰੂ ਅੰਗਦ ਦੇਵ ਜੀ ਦੇ ਸਰੂਪ ਵਿਚ ਗੁਰਗੱਦੀ 'ਤੇ ਬੈਠਾ ਹੈ। ਗੁਰੂ ਅੰਗਦ ਦੇਵ ਅੰਦਰ ਗੁਰੂ ਨਾਨਕ ਸਾਹਿਬ ਵਾਲੀ ਉਹੀ ਰੱਬੀ ਜੋਤਿ ਬਿਰਾਜਮਾਨ ਹੈ, ਕੇਵਲ ਸਰੀਰ ਹੀ ਬਦਲਿਆ ਹੈ,

ਗੁਰ ਅੰਗਦ ਦੀ ਦੋਹੀ ਫਿਰੀ
ਸਚੁ ਕਰਤੈ ਬੰਧਿ ਬਹਾਲੀ॥
ਨਾਨਕੁ ਕਾਇਆ ਪਲਟੁ ਕਰਿ
ਮਲਿ ਤਖਤੁ ਬੈਠਾ ਸੈ ਡਾਲੀ॥ (ਪੰਨਾ ੯੬੭)

ਅੱਗੇ ਛੇਵੀਂ ਪਉੜੀ ਵਿਚ ਦੱਸਿਆ ਹੈ ਕਿ ਪਿਉ (ਗੁਰੂ ਅੰਗਦ ਦੇਵ) ਅਤੇ ਦਾਦੇ (ਗੁਰੂ ਨਾਨਕ ਦੇਵ) ਵਰਗਾ ਹੀ ਪੋਤਰਾ (ਗੁਰੂ ਅਮਰਦਾਸ) ਮੰਨਿਆ ਪ੍ਰਮੰਨਿਆ ਹੈ ਜਿਸ ਦੇ ਮੱਥੇ ਉਤੇ ਉਹੀ ਨੂਰ ਹੈ, ਤਖਤ ਵੀ ਉਹੀ ਹੈ ਅਤੇ ਦਰਬਾਰ ਵੀ ਉਹੀ ਹੈ। ਗੁਰੂ ਅਮਰਦਾਸ ਜੀ ਦੇ ਸਿਰ ਉਤੇ ਗੁਰੂ ਨਾਨਕ ਵਾਲਾ ਛਤਰ ਦੇਖ ਕੇ ਸੰਗਤਿ ਅਸਚਰਜ ਹੋ ਰਹੀ ਹੈ। ਇਸੇ ਪਰੰਪਰਾ ਵਿਚ ਗੁਰੂ ਰਾਮਦਾਸ ਦੀ ਉਪਮਾ ਕਰਦਿਆਂ ਕਿਹਾ ਹੈ ਕਿ ਗੁਰੂ ਰਾਮਦਾਸ ਧੰਨ ਹਨ। ਜਿਸ ਅਕਾਲ ਪੁਰਖ ਨੇ ਉਨ੍ਹਾਂ ਨੂੰ ਪੈਦਾ ਕੀਤਾ ਹੈ, ਉਸੇ ਨੇ ਉਨ੍ਹਾਂ ਨੂੰ ਵਡਿਆਈ ਬਖ਼ਸ਼ਿਸ਼ ਕੀਤੀ ਹੈ। ਇਹ ਇੱਕ ਮੁਕੰਮਲ ਕਰਾਮਾਤ ਹੈ ਕਿ ਸਿਰਜਣਹਾਰ ਅਕਾਲ ਪੁਰਖ ਨੇ ਖ਼ੁਦ ਆਪਣੇ ਆਪ ਨੂੰ ਉਨ੍ਹਾਂ ਵਿਚ ਟਿਕਾਇਆ ਹੈ ਅਤੇ ਸੰਗਤਿ ਨੇ ਉਨ੍ਹਾਂ ਨੂੰ ਅਕਾਲ ਪੁਰਖ ਦਾ ਰੂਪ ਜਾਣ ਕੇ ਨਮਸਕਾਰ ਕੀਤੀ ਹੈ। ਸਾਰੇ ਗੁਰੂ ਸਾਹਿਬਾਨ ਵਿਚ ਇੱਕੋ ਰੱਬੀ ਜੋਤਿ ਬਿਰਾਜਮਾਨ ਹੈ,

ਨਾਨਕ ਤੂ ਲਹਣਾ ਤੂ ਹੈ
ਗੁਰੁ ਅਮਰੁ ਤੂ ਵੀਚਾਰਿਆ॥
ਗੁਰੁ ਡਿਠਾ ਤਾਂ ਮਨੁ ਸਾਧਾਰਿਆ॥
(ਪੰਨਾ ੯੬੮)

ਇਸ ਤੋਂ ਅੱਗੇ ਜ਼ਿਕਰ ਹੈ ਕਿ ਚਾਰੇ ਗੁਰੂ ਆਪੋ-ਆਪਣੇ ਸਮੇਂ ਵਿਚ ਰੌਸ਼ਨ ਹੋਏ ਹਨ ਅਤੇ ਸਿਰਜਣਹਾਰ ਆਪ ਹੀ ਉਨ੍ਹਾਂ ਵਿਚ ਪ੍ਰਗਟ ਹੋਇਆ ਹੈ। ਉਸ ਨੇ ਆਪ ਹੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਅਤੇ ਫਿਰ ਆਪ ਹੀ ਸ੍ਰਿਸ਼ਟੀ ਨੂੰ ਆਸਰਾ ਦੇ ਰਿਹਾ ਹੈ। ਉਹ ਆਪ ਹੀ ਪੱਟੀ, ਆਪ ਹੀ ਕਲਮ ਅਤੇ ਆਪ ਹੀ ਲਿਖਣ ਵਾਲਾ ਹੈ। ਸਾਰੀ ਸ੍ਰਿਸ਼ਟੀ ਆਵਾ-ਗਵਣ ਦੇ ਚੱਕਰ ਵਿਚ ਪਈ ਹੋਈ ਹੈ ਪਰ ਸਿਰਜਣਹਾਰ ਸਦੀਵੀ ਹੈ ਜੋ ਆਪਣੀ ਰਚਨਾ ਤੋਂ ਨਿਰਲੇਪ ਵੀ ਹੈ ਅਤੇ ਇਸ ਵਿਚ ਸਮਾਇਆ ਹੋਇਆ ਵੀ ਹੈ। ਉਸ ਅਕਾਲ ਪੁਰਖ ਦੇ ਬਖਸ਼ਿਸ਼ ਕੀਤੇ ਤਖਤ, ਜਿਸ ਉਤੇ ਪਹਿਲੇ ਚਾਰ ਗੁਰੂ ਬੈਠੇ ਸਨ, ਹੁਣ ਗੁਰੂ ਅਰਜਨ ਦੇਵ ਬੈਠੇ ਹਨ ਅਤੇ ਉਨ੍ਹਾਂ ਦਾ ਤੇਜ-ਪ੍ਰਤਾਪ ਚਾਰੇ ਪਾਸੇ ਫੈਲ ਰਿਹਾ ਹੈ। ਸੂਰਜ ਚੜ੍ਹਨ ਤੋਂ ਲੈ ਕੇ ਡੁੱਬਣ ਤੱਕ ਚਹੁੰ ਚੱਕਾਂ 'ਚ ਗੁਰੂ ਅਰਜਨ ਨੇ ਚਾਨਣ ਕਰ ਦਿੱਤਾ ਹੈ,

ਤਖਤਿ ਬੈਠਾ ਅਰਜਨ ਗੁਰੂ
ਸਤਿਗੁਰ ਕਾ ਖਿਵੈ ਚੰਦੋਆ॥
ਉਗਵਣਹੁ ਤੈ ਆਥਵਣਹੁ
ਚਹੁ ਚਕੀ ਕੀਅਨੁ ਲੋਆ॥ (ਪੰਨਾ ੯੬੮)

ਇਸੇ ਸਿਧਾਂਤ ਦੀ ਪ੍ਰੋੜਤਾ ਭਾਈ ਗੁਰਦਾਸ ਦੀਆਂ ਵਾਰਾਂ ਤੋਂ ਵੀ ਹੁੰਦੀ ਹੈ। ਭਾਈ ਗੁਰਦਾਸ ਪਹਿਲੀ ਵਾਰ ਦੀ ਅਠੱਤੀਵੀਂ ਪਉੜੀ ਵਿਚ ਜ਼ਿਕਰ ਕਰਦੇ ਹਨ ਕਿ ਕਰਤਾਰਪੁਰ ਆ ਕੇ ਗੁਰੂ ਨਾਨਕ ਸਾਹਿਬ ਨੇ ਉਦਾਸੀ ਵਾਲਾ ਭੇਖ ਉਤਾਰ ਦਿੱਤਾ ਅਤੇ ਸੰਸਾਰੀਆਂ ਵਾਲੇ ਬਸਤਰ ਪਹਿਨ ਕੇ ਮੰਜੀ 'ਤੇ ਬੈਠ ਕੇ ਗੁਰੂ-ਰੂਪ ਕਾਰਜ ਸ਼ੁਰੂ ਕਰ ਦਿੱਤਾ ਅਤੇ ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ 'ਨਿਰਮਲ ਪੰਥ' ਸਥਾਪਤ ਕਰ ਦਿੱਤਾ। ਆਪਣੇ ਜਿਉਂਦੇ ਜੀਅ ਭਾਵ ਸਰੀਰ ਰੂਪ ਵਿਚ ਵਿਚਰਦੇ ਹੋਏ ਹੀ ਭਾਈ ਲਹਿਣੇ ਦੇ ਸਿਰ 'ਤੇ ਗੁਰਿਆਈ ਦਾ ਛਤਰ ਰੱਖ ਦਿੱਤਾ। ਆਪਣੀ ਜੋਤਿ ਭਾਈ ਲਹਿਣੇ ਵਿਚ ਜਗਾ ਕੇ ਉਸ ਨੂੰ ਆਪਣਾ ਰੂਪ ਬਣਾ ਲਿਆ ਅਰਥਾਤ ਭਾਈ ਲਹਿਣੇ ਅੰਦਰ ਰੱਬੀ ਜੋਤਿ ਜਗਾ ਕੇ ਗੁਰੂ ਅੰਗਦ ਦੇ ਰੂਪ ਵਿਚ ਗੁਰੂ-ਰੂਪ ਧਾਰਨ ਕੀਤਾ। ਰੱਬੀ ਜੋਤਿ ਓਹੀ ਹੈ ਜੋ ਗੁਰੂ ਨਾਨਕ ਅੰਦਰ ਬਿਰਾਜਮਾਨ ਸੀ, ਸਿਰਫ ਸਰੀਰ ਬਦਲ ਗਿਆ ਹੈ,

ਥਾਪਿਆ ਲਹਿਣਾ ਜੀਂਵਦੇ
ਗੁਰਿਆਈ ਸਿਰਿ ਛਤ੍ਰ ਫਿਰਾਇਆ।
ਜੋਤੀ ਜੋਤਿ ਮਿਲਾਇ ਕੈ
ਸਤਿਗੁਰ ਨਾਨਕਿ ਰੂਪੁ ਵਟਾਇਆ।
ਲਖਿ ਨ ਕੋਈ ਸਕਈ
ਆਚਰਜੇ ਆਚਰਜੁ ਦਿਖਾਇਆ।
ਕਾਇਆ ਪਲਟਿ ਸਰੂਪੁ ਬਣਾਇਆ॥੪੫॥

ਇੱਕ ਗੁਰੂ ਤੋਂ ਦੂਸਰੇ ਗੁਰੂ ਤੱਕ ਦੇ ਇਸ ਜੋਤਿ-ਪ੍ਰਕਾਸ਼ਨ ਦੇ ਅਮਲ ਦੀ ਨਿਰੰਤਰਤਾ ਦਾ ਜ਼ਿਕਰ ਕਰਦਿਆਂ ਭਾਈ ਗੁਰਦਾਸ ਅੱਗੇ ਦੱਸਦੇ ਹਨ ਕਿ ਗੁਰੂ ਅੰਗਦ ਨੂੰ ਉਹੀ ਤਖਤ, ਉਹੀ ਨਿਸ਼ਾਨ ਅਤੇ ਉਹੀ ਗੁਰੂ ਦਾ ਛਤਰ ਮਿਲਿਆ ਜਿਹੜਾ ਗੁਰੂ ਨਾਨਕ ਕੋਲ ਸੀ। ਗੁਰੂ ਨਾਨਕ ਦੀ ਮੁਹਰ-ਛਾਪ ਗੁਰੂ ਅੰਗਦ ਕੋਲ ਪਹੁੰਚੀ, ਉਨ੍ਹਾਂ ਨੇ ਕਰਤਾਰਪੁਰ ਛੱਡ ਦਿੱਤਾ ਅਤੇ ਇਹ ਜੋਤਿ ਖਡੂਰ ਆ ਕੇ ਜਗਾਈ। ਭਾਈ ਲਹਿਣੇ ਪਾਸੋਂ ਭਾਵ ਗੁਰੂ ਅੰਗਦ ਕੋਲੋਂ ਇਹ ਜੋਤਿ ਗੁਰੂ ਅਮਰਦਾਸ ਕੋਲ ਆ ਗਈ। ਗੁਰੂ ਨੇ ਅਮਰਦਾਸ ਦੇ ਸਰੂਪ ਵਿਚ (ਗੁਰੂ ਨਾਨਕ ਗੁਰੂ ਅਮਰਦਾਸ ਦੇ ਸਰੂਪ ਵਿਚ ਬਿਰਾਜਮਾਨ ਹਨ ਕਿਉਂਕਿ ਰੱਬੀ ਜੋਤਿ ਓਹੀ ਹੈ) ਰੱਬੀ ਦਾਤ ਪ੍ਰਾਪਤ ਕੀਤੀ ਹੈ। ਗੁਰੂ ਅਮਰਦਾਸ ਨੇ ਗੁਰੂ ਅੰਗਦ ਦੇਵ ਦੀ ਤਰ੍ਹਾਂ ਹੀ ਖਡੂਰ ਛੱਡ ਦਿੱਤਾ ਅਤੇ ਪ੍ਰਚਾਰ ਖਾਤਰ ਨਵਾਂ ਨਗਰ ਗੋਇੰਦਵਾਲ ਵਸਾਇਆ (ਗੁਰੂ ਅੰਗਦ ਦੇਵ ਨੇ ਕਰਤਾਰਪੁਰ ਛੱਡ ਕੇ ਖਡੂਰ ਵਸਾਇਆ ਸੀ)। ਇਸੇ ਤਰ੍ਹਾਂ ਗੁਰੂ ਅਮਰਦਾਸ ਕੋਲੋਂ ਇਹ ਰੱਬੀ ਦਾਤ (ਗੁਰੂ ਜੋਤਿ) ਗੁਰੂ ਰਾਮਦਾਸ ਕੋਲ ਆਈ ਅਤੇ ਉਨ੍ਹਾਂ ਕੋਲੋਂ ਉਨ੍ਹਾਂ ਦੇ ਦੁਨੀਆਦਾਰ ਪੁੱਤਰ ਅਰਜਨ ਦੇਵ (ਗੁਰੂ) ਕੋਲ ਇਹ ਦਾਤ ਪਹੁੰਚੀ। ਗੁਰੂ ਜੋਤਿ ਅਤੇ ਗੁਰੂ ਜੁਗਤਿ ਦੇ ਇਸ ਸਾਰੇ ਅਮਲ ਵਿਚ ਇੱਕ ਗੱਲ ਜੋ ਬਹੁਤ ਅਹਿਮ ਹੈ ਅਤੇ ਜ਼ੋਰ ਦੇ ਕੇ ਕਹੀ ਗਈ ਹੈ, ਉਹ ਹੈ ਗੁਰੂ ਦਾ ਸੰਸਾਰੀ ਹੋਣਾ ਅਤੇ ਗੁਰਗੱਦੀ ਨੂੰ ਪ੍ਰਾਪਤ ਕਰਨ ਲਈ ਉਸ ਦੇ ਯੋਗ ਹੋਣਾ। ਇਸ ਤੱਥ ਨੂੰ ਭਾਈ ਗੁਰਦਾਸ ਨੇ ਬਹੁਤ ਸਪੱਸ਼ਟ ਕੀਤਾ ਹੈ ਜਿਵੇਂ ਗੁਰੂ ਨਾਨਕ ਸਾਹਿਬ ਦੇ ਸਬੰਧ ਵਿਚ ਉਨ੍ਹਾਂ ਨੇ ਗੁਰੂ ਨਾਨਕ ਵੱਲੋਂ ਉਦਾਸੀ (ਤਿਆਗੀਆਂ ਵਾਲਾ) ਵੇਸ ਉਤਾਰ ਕੇ ਸੰਸਾਰੀ ਕੱਪੜੇ ਪਹਿਨ ਕੇ ਮੰਜੀ 'ਤੇ ਬੈਠ ਕੇ ਪ੍ਰਚਾਰ ਕਰਨ ਅਤੇ ਪੁੱਤਰਾਂ ਨੂੰ ਪਰਖਣ ਤੋਂ ਬਾਅਦ ਅਯੋਗ ਹੋਣ ਤੇ ਭਾਈ ਲਹਿਣੇ ਨੂੰ ਗੁਰੂ ਥਾਪਣ ਦਾ ਜ਼ਿਕਰ ਕੀਤਾ ਹੈ। ਇਸੇ ਤਰ੍ਹਾਂ ਗੁਰੂ ਅੰਗਦ ਆਪਣੇ ਪੁੱਤਰਾਂ ਦੀ ਥਾਂ ਗੁਰਗੱਦੀ ਗੁਰੂ ਅਮਰਦਾਸ ਨੂੰ ਦਿੰਦੇ ਹਨ ਜੋ ਦੁਨਿਆਵੀ ਰਿਸ਼ਤੇ ਵਿਚ ਉਨ੍ਹਾਂ ਦੇ ਕੁੜਮ ਲਗਦੇ ਹਨ ਪਰ ਅਧਿਆਤਮਕ ਰਿਸ਼ਤੇ ਵਿਚ ਉਨ੍ਹਾਂ ਦੇ ਸਿੱਖ ਹਨ। ਇਸੇ ਤਰ੍ਹਾਂ ਗੁਰਗੱਦੀ ਵਾਸਤੇ ਯੋਗਤਾ ਦੀ ਪਰਖ ਵਿਚ ਗੁਰੂ ਅਮਰਦਾਸ ਦੇ ਪੁੱਤਰ ਪੂਰੇ ਨਹੀਂ ਉਤਰਦੇ ਪਰ ਗੁਰੂ ਰਾਮਦਾਸ ਨੂੰ ਇਸ ਪਰਖ ਵਿਚ ਯੋਗ ਹੋਣ 'ਤੇ ਗੁਰਗੱਦੀ ਸੌਂਪੀ ਜਾਂਦੀ ਹੈ ਜੋ ਦੁਨਿਆਵੀ ਰਿਸ਼ਤੇ ਵਿਚ ਗੁਰੂ ਅਮਰਦਾਸ ਦੇ ਜੁਆਈ ਹਨ, ਉਨ੍ਹਾਂ ਦੀ ਪੁੱਤਰੀ ਬੀਬੀ ਭਾਨੀ ਦੇ ਪਤੀ।

ਗੁਰੂ ਰਾਮਦਾਸ ਨੇ ਅੰਮ੍ਰਿਤਸਰ ਨਗਰ ਵਸਾਇਆ ਜਿਸ ਦਾ ਨਾਮ ਉਦੋਂ ਰਾਮਦਾਸ ਚੱਕ ਸੀ ਅਤੇ ਸਰੋਵਰ ਦੀ ਖੁਦਾਈ ਕਰਵਾਈ। ਇਸ ਤਰ੍ਹਾਂ ਅੰਮ੍ਰਿਤਸਰ ਵਿਚ ਜੋਤਿ ਜਗਾਈ। ਗੁਰੂ ਅਰਜਨ ਦੇਵ ਨੇ ਦਰਬਾਰ ਸਾਹਿਬ ਦੀ ਉਸਾਰੀ ਕੀਤੀ ਅਤੇ ਇਸ ਪਵਿੱਤਰ ਸਥਾਨ 'ਤੇ 'ਗ੍ਰੰਥ ਸਾਹਿਬ' ਦੀ ਬੀੜ ਦਾ ਸੰਕਲਨ ਅਤੇ ਪ੍ਰਕਾਸ਼ ਕੀਤਾ। ਗੁਰੂ ਅਰਜਨ ਦੇਵ ਗੁਰੂ ਰਾਮਦਾਸ ਦੇ ਸਭ ਤੋਂ ਛੋਟੇ ਪੁੱਤਰ ਸਨ ਪਰ ਯੋਗ ਹੋਣ ਦੇ ਨਾਤੇ ਗੁਰਗੱਦੀ ਉਨ੍ਹਾਂ ਨੂੰ ਸੌਂਪੀ ਗਈ। ਗੁਰੂ ਜੋਤਿ ਅਤੇ ਗੁਰੂ ਜੁਗਤਿ ਦੀ ਇਹ ਪਰੰਪਰਾ ਦਸਵੇਂ ਗੁਰੂ ਤੱਕ ਲਗਾਤਾਰਤਾ ਵਿਚ ਹੈ। ਗੁਰੂ ਗੋਬਿੰਦ ਸਿੰਘ ਨੇ 'ਗ੍ਰੰਥ ਸਾਹਿਬ' ਵਿਚ ਨੌਵੇਂ ਗੁਰੂ ਤੇਗ ਬਹਾਦਰ ਦੀ ਬਾਣੀ ਸ਼ਾਮਲ ਕਰਕੇ ਬਾਕਾਇਦਾ ਗੁਰ-ਮਰਿਆਦਾ ਅਨੁਸਾਰ ਆਪਣੇ ਇਸ ਸੰਸਾਰ ਤੋਂ ਕੂਚ ਕਰਨ ਤੋਂ ਪਹਿਲਾਂ ਗੁਰ-ਗੱਦੀ 'ਗ੍ਰੰਥ ਸਾਹਿਬ' ਨੂੰ ਸੌਂਪ ਕੇ ਗੁਰੂ ਦਾ ਦਰਜਾ ਦਿੱਤਾ। ਇਹ ਕੋਈ ਅਚਾਨਕ ਵਾਪਰੀ ਘਟਨਾ ਨਹੀਂ ਹੈ।

ਗੁਰੂ ਸਾਹਿਬਾਨ ਨੇ ਬਾਣੀ ਨੂੰ ਸਦੀਵੀ ਮੰਨਿਆ ਹੈ ਕਿਉਂਕਿ ਇਹ ਧੁਰੋਂ ਆਈ ਪ੍ਰਵਾਨ ਕੀਤੀ ਗਈ ਹੈ। ਸ਼ਬਦ ਰੂਪ ਵਿਚ ਗੁਰੂ ਸਦੀਵੀ ਹੈ ਜਦ ਕਿ ਸਰੀਰ ਸਦੀਵੀ ਰਹਿਣ ਵਾਲਾ ਨਹੀਂ ਹੈ। ਗੁਰੂ ਨਾਨਕ ਨੇ ਜਿਸ ਧਰਮ ਦੀ ਨੀਂਹ ਮਨੁੱਖ ਵਾਸਤੇ ਰੱਖੀ ਉਸ ਦਾ ਮਕਸਦ ਮਨੁੱਖ ਦੀ ਸੌੜੀ ਮਾਨਸਿਕਤਾ ਨੂੰ ਬਦਲ ਕੇ ਉਸ ਦਾ ਸਦੀਵੀ ਮਾਨਸਿਕ ਕਾਇਆਕਲਪ ਕਰਨਾ ਸੀ। ਇਸ ਦੀ ਨੀਂਹ ਸਦੀਵੀ ਰਹਿਣ ਵਾਲੀਆਂ ਸਦਾਚਾਰਕ ਕੀਮਤਾਂ 'ਤੇ ਰੱਖੀ ਗਈ। ਇਸ ਲਈ ਇਸ ਧਰਮ ਦਾ ਮਕਸਦ ਕਿਸੇ ਇੱਕ ਵਿਸ਼ੇਸ਼ ਨਸਲ, ਜਾਤਿ, ਕੌਮ, ਦੇਸ਼ ਜਾਂ ਫਿਰਕੇ ਦਾ ਭਲਾ ਨਾ ਹੋ ਕੇ ਸਰਬੱਤ ਦਾ ਭਲਾ ਹੈ। ਇਹ ਧਰਮ ਸਰਬ-ਅਲਿੰਗਨਕਾਰੀ ਹੈ ਅਰਥਾਤ ਇਨ੍ਹਾਂ ਸਦਾਚਾਰਕ ਕੀਮਤਾਂ ਦੀ ਪਾਲਣਾ ਧਾਰਮਿਕ ਕਹਾਉਣ ਵਾਲੇ ਵਿਅਕਤੀ ਲਈ ਜ਼ਰੂਰੀ ਹੈ। ਇਨ੍ਹਾਂ ਕੀਮਤਾਂ ਤੋਂ ਵਿਹੂਣਾ ਧਰਮ ਮਹਿਜ ਇੱਕ ਰਸਮੀ ਦਿਖਾਵਾ ਹੈ। ਗੁਰੂ ਨਾਨਕ ਸਾਹਿਬ ਨੇ ਜੋ ਸੰਗਤਿ ਸ਼ੁਰੂ ਕੀਤੀ ਸੀ, ਗੁਰੂ ਗੋਬਿੰਦ ਸਿੰਘ ਤੱਕ ਪਹੁੰਚਦਿਆਂ ਉਹ ਇਸ ਯੋਗ ਹੋ ਚੁੱਕੀ ਸੀ ਕਿ ਉਹ ਖ਼ਾਲਸੇ ਦਾ ਰੂਪ ਧਾਰ ਕੇ ਹਰ ਤਰ੍ਹਾਂ ਦੇ ਅਨਿਆਂ ਦਾ ਟਾਕਰਾ ਕਰ ਸਕੇ। ਗੁਰੂ ਨਾਨਕ ਨੇ ਨਾਮ ਸਿਮਰਨ ਦੇ ਨਾਲ ਨਾਲ ਕਿਰਤ ਕਰਨ ਅਤੇ ਵੰਡ ਛਕਣ ਦਾ ਸਿਧਾਂਤ ਦਿੱਤਾ ਜੋ ਕਿ ਸਮਾਜਿਕ ਨਿਆਂ ਅਤੇ ਇਨਸਾਨੀ ਬਰਾਬਰੀ ਅਤੇ ਸਵੈਮਾਣ ਦਾ ਆਧਾਰ ਹੈ। ਇਨ੍ਹਾਂ ਕੀਮਤਾਂ ਦਾ ਉਲੰਘਣ ਕਰਦਿਆਂ ਜਦੋਂ ਬਾਬਰ ਨੇ ਹਿੰਦੁਸਤਾਨ 'ਤੇ ਹਮਲਾ ਕੀਤਾ, ਗੁਰੂ ਨਾਨਕ ਸਾਹਿਬ ਨੇ ਉਸ ਦੇ ਖਿਲਾਫ ਅਵਾਜ਼ ਉਠਾਈ ਅਤੇ ਹਿੰਦੁਸਤਾਨੀਆਂ ਨੂੰ ਚੇਤੰਨ ਕੀਤਾ ਕਿ ਅਜਿਹੀ ਮੁਸੀਬਤ ਨਾਲ ਮਨੁੱਖ ਨੂੰ ਆਪ ਹੀ ਸਿਝਣ ਦੇ ਯੋਗ ਹੋਣਾ ਚਾਹੀਦਾ ਹੈ। ਕੋਈ ਪੀਰ ਜਾਂ ਦੇਵੀ ਦੇਵਤਾ ਬਾਬਰ ਦੇ ਹਮਲੇ ਵੇਲੇ ਉਨ੍ਹਾਂ ਦਾ ਸਹਾਈ ਨਹੀਂ ਹੋਇਆ। ਇਸ ਨਿਆਂ ਦੀ ਬਹਾਲੀ ਲਈ 'ਸਿਰੁ ਦੀਜੈ ਕਾਣਿ ਨ ਕੀਜੈ' ਦੇ ਅਸੂਲ 'ਤੇ ਚੱਲਣਾ ਪੈਂਦਾ ਹੈ। ਇਸੇ ਅਸੂਲ 'ਤੇ ਚੱਲਦਿਆਂ ਗੁਰੂ ਅਰਜਨ ਦੇਵ ਨੇ ਸ਼ਹਾਦਤ ਦਿੱਤੀ। ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਅਤੇ ਹਰਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖਤ ਸਥਾਪਤ ਕੀਤਾ। ਨਾਮ ਸਿਮਰਨ ਅਰਥਾਤ ਅਧਿਆਤਮਕ ਪਰਪੱਕਤਾ ਦੇ ਨਾਲ ਨਾਲ ਸਿੱਖਾਂ ਨੂੰ ਸਰੀਰਕ ਅਤੇ ਸ਼ਸਤਰ-ਸਿੱਖਿਆ ਵਿਚ ਵੀ ਨਿਪੁੰਨ ਕੀਤਾ। ਉਨ੍ਹਾਂ ਨੇ ਯੁੱਧ ਮਹਿਜ ਸਿੱਖ ਧਰਮ ਜਾਂ ਸਿੱਖਾਂ ਦੀ ਰਾਖੀ ਲਈ ਨਹੀਂ ਕੀਤੇ ਸਗੋਂ ਸਮੇਂ ਦੇ ਹਾਕਮਾਂ ਦੀਆਂ ਵਧੀਕੀਆ ਅਤੇ ਜ਼ੁਲਮਾਂ ਦੇ ਖਿਲਾਫ ਕੀਤੇ।

ਮੁਗਲ ਹਕੂਮਤ ਦੇ ਔਰੰਗਜ਼ੇਬ ਦੇ ਹੱਥਾਂ ਤੱਕ ਪਹੁੰਚਦਿਆਂ-ਪਹੁੰਚਦਿਆਂ ਹਿੰਦੁਸਤਾਨੀ ਜਨਤਾ ਉਤੇ ਜ਼ੁਲਮਾਂ ਦੀ ਇੰਤਹਾ ਹੋ ਗਈ ਸੀ। ਲੋਕਾਂ ਨੂੰ ਆਪਣਾ ਧਰਮ ਤਿਆਗ ਕੇ ਜ਼ਬਰੀ ਇਸਲਾਮ ਕਬੂਲ ਕਰਾਇਆ ਜਾ ਰਿਹਾ ਸੀ। ਇਹੀ ਫ਼ਰਿਆਦ ਲੈ ਕੇ ਕਸ਼ਮੀਰੀ ਪੰਡਤ ਗੁਰੂ ਦਰਬਾਰ ਵਿਚ ਗੁਰੂ ਤੇਗ ਬਹਾਦਰ ਦੀ ਹਜ਼ੂਰੀ ਵਿਚ ਆਏ। ਕਸ਼ਮੀਰੀ ਪੰਡਤ ਸਿੱਖ ਨਹੀਂ ਸਨ, ਨਾ ਹੀ ਗੁਰੂ ਤੇਗ ਬਹਾਦਰ ਹਿੰਦੂ ਧਰਮ ਦੇ ਚਿੰਨ੍ਹ-ਜਨੇਊ ਅਤੇ ਤਿਲਕ ਧਾਰਨ ਕਰਦੇ ਸਨ ਪਰ ਉਨ੍ਹਾਂ ਨੇ ਜ਼ਬਰੀ ਧਰਮ ਤਬਦੀਲ ਕਰਨ ਦੀ ਔਰੰਗਜ਼ੇਬ ਦੀ ਇਸ ਨੀਤੀ ਦੇ ਖਿਲਾਫ ਦਿੱਲੀ ਵਿਚ ਜਾ ਕੇ ਸ਼ਹਾਦਤ ਦਿੱਤੀ। ਆਪਣੇ ਵਿਸ਼ਵਾਸ ਅਨੁਸਾਰ ਆਪਣੇ ਇਸ਼ਟ ਨੂੰ ਧਿਆਉਣਾ ਮਨੁੱਖ ਦਾ ਮੁੱਢਲਾ ਹੱਕ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰੂ ਨਾਨਕ ਦੇ ਮਿਸ਼ਨ ਨੂੰ ਪੂਰਾ ਕਰਦਿਆਂ 'ਸੰਗਤਿ' ਨੂੰ ਅੰਮ੍ਰਿਤ ਛਕਾ ਕੇ 'ਖਾਲਸਾ' ਸਿਰਜਿਆ। ਇਹ ਮਹਿਜ ਸਿੱਖ ਧਰਮ ਦੀ ਰਾਖੀ ਲਈ ਨਹੀਂ ਸੀ। ਇਹ ਸਿਰਜਣਾ 'ਮਨੁੱਖਤਾ' ਦੀ ਰਾਖੀ ਲਈ, ਸਰਬੱਤ ਦੇ ਭਲੇ ਲਈ ਕੀਤੀ ਗਈ ਅਤੇ ਇਹ ਸਿਰਜਣਾ ਗੁਰੂ ਨਾਨਕ ਸਾਹਿਬ ਦੇ ਬਾਣੀ ਵਿਚ ਦਿੱਤੇ ਫ਼ਲਸਫ਼ੇ ਦਾ ਅਮਲੀ ਪ੍ਰਕਾਸ਼ਨ ਸੀ, ਅਕਾਲ ਪੁਰਖ ਦੇ ਹੁਕਮ ਵਿਚ ਸੀ। ਗੁਰੂ ਗੋਬਿੰਦ ਸਿੰਘ ਨੂੰ ਇਨ੍ਹਾਂ ਅਸੂਲਾਂ 'ਤੇ ਚੱਲਣ ਲਈ ਟੱਕਰ ਮੁਗਲ ਹਕੂਮਤ ਨਾਲ ਹੀ ਨਹੀਂ ਲੈਣੀ ਪਈ, ਬਾਈਧਾਰ ਦੇ ਪਹਾੜੀ ਰਾਜਿਆਂ ਨਾਲ ਵੀ ਲੈਣੀ ਪਈ। ਪਹਾੜੀ ਰਾਜਿਆਂ ਨੂੰ ਗੁਰੂ ਨਾਨਕ ਸਾਹਿਬ ਦਾ ਸਮਾਜਿਕ ਨਿਆਂ, ਸਰਬੱਤ ਦਾ ਭਲਾ ਅਤੇ ਬਰਾਬਰੀ ਵਾਲਾ ਫ਼ਲਸਫ਼ਾ ਹਿੰਦੂ ਧਰਮ ਲਈ ਖ਼ਤਰਾ ਜਾਪਦਾ ਸੀ। ਗੁਰੂ ਸਾਹਿਬ ਨੇ ਯੁੱਧ ਕਿਸੇ ਰਾਜਸੀ ਹਕੂਮਤ ਦੀ ਸਥਾਪਤੀ ਲਈ ਨਹੀਂ ਕੀਤੇ, ਮਨੁੱਖ ਦੇ ਮੁਢਲੇ ਅਧਿਕਾਰਾਂ ਲਈ ਕੀਤੇ ਜਿਨ੍ਹਾਂ ਦੀ ਉਦੋਂ ਘੋਰ ਉਲੰਘਣਾ ਹੋ ਰਹੀ ਸੀ। ਇਹੀ ਕਾਰਨ ਸੀ ਕਿ ਮਾਨਵਤਾ ਦੇ ਮੁੱਦਈ ਪੀਰ ਬੁੱਧੂ ਸ਼ਾਹ ਵਰਗੇ ਮੁਸਲਮਾਨ ਹੋ ਕੇ ਵੀ ਆਪਣੇ ਮੁਰੀਦਾਂ ਸਮੇਤ ਗੁਰੂ ਸਾਹਿਬ ਦੇ ਪੱਖ ਵਿਚ ਖੜੇ ਹੋਏ ਅਤੇ ਯੁੱਧ ਵਿਚ ਹਿੱਸਾ ਲਿਆ। ਗਨੀ ਖਾਂ, ਮਨੀ ਖਾਂ ਵਰਗੇ ਮੁਸਲਮਾਨ ਗੁਰੂ ਸਾਹਿਬ ਦੇ ਸ਼ਰਧਾਲੂ ਸਨ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਮਿਸ਼ਨ ਨੂੰ ਸਮਝਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਮਝਣਾ ਜ਼ਰੂਰੀ ਹੈ ਜਿਸ ਦੇ ਲੜ ਗੁਰੂ ਸਾਹਿਬ ਨੇ ਸਿੱਖ ਜਗਤ ਨੂੰ ਲਾਇਆ।

#

## ਮੇਰਾ ਮਨੁ ਲੋਚੈ ਗੁਰ ਦਰਸਨ ਤਾਈ

**ਗੁਰਬਾਣੀ ਗਿਆਨ**

ਮਾਝ ਮਹਲਾ ੫ ਚਉਪਦੇ ਘਰੁ ੧
ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ
ਬਿਨੁ ਦਰਸਨ ਸੰਤ ਪਿਆਰੇ ਜੀਉ॥
ਹਉ ਘੋਲੀ ਜੀਉ ਘੋਲਿ ਘੁਮਾਈ
ਗੁਰ ਦਰਸਨ ਸੰਤ ਪਿਆਰੇ ਜੀਉ॥ਰਹਾਉ॥
ਤੇਰਾ ਮੁਖੁ ਸੁਹਾਵਾ ਜੀਉ
ਸਹਜ ਧੁਨਿ ਬਾਣੀ॥
ਚਿਰੁ ਹੋਆ ਦੇਖੇ ਸਾਰਿੰਗ ਪਾਣੀ॥
ਧੰਨੁ ਸੁ ਦੇਸੁ ਜਹਾ ਤੂੰ ਵਸਿਆ
ਮੇਰੇ ਸਜਣ ਮੀਤ ਮੁਰਾਰੇ ਜੀਉ॥
ਹਉ ਘੋਲੀ ਹਉ ਘੋਲਿ ਘੁਮਾਈ
ਗੁਰ ਸਜਣ ਮੀਤ ਮੁਰਾਰੇ ਜੀਉ॥ਰਹਾਉ॥
ਇਕ ਘੜੀ ਨ ਮਿਲਤੇ ਤਾ ਕਲਜੁਗੁ ਹੋਤਾ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ
ਬਿਨ ਦੇਖੇ ਗੁਰ ਦਰਬਾਰੇ ਜੀਉ॥
ਹਉ ਘੋਲੀ ਜੀਉ ਘੋਲਿ ਘੁਮਾਈ
ਤਿਸੁ ਸਚੇ ਗੁਰ ਦਰਬਾਰੇ ਜੀਉ॥ਰਹਾਉ॥
ਭਾਗੁ ਹੋਆ ਗੁਰਿ ਸੰਤੁ ਮਿਲਾਇਆ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥
ਸੇਵ ਕਰੀ ਪਲੁ ਚਸਾ ਨਾ ਵਿਛੁੜਾ
ਜਨ ਨਾਨਕ ਦਾਸ ਤੁਮਾਰੇ ਜੀਉ॥
ਹਉ ਘੋਲੀ ਜੀਉ ਘੋਲਿ ਘੁਮਾਈ
ਜਨ ਨਾਨਕ ਦਾਸ ਤੁਮਾਰੇ ਜੀਉ॥ਰਹਾਉ॥

ਹੇ ਭਾਈ! ਮੇਰਾ ਮਨ ਗੁਰੂ ਦੇ ਦਰਸ਼ਨਾਂ ਲਈ ਵਿਆਕੁਲ ਹੈ ਤੇ ਇਸ ਤਰ੍ਹਾਂ ਵਿਰਲਾਪ ਕਰਦਾ ਹੈ ਜਿਵੇਂ ਪਪੀਹਾ ਬਰਖਾ ਦੀ ਸਵਾਂਤੀ ਬੂੰਦ ਲਈ ਤਰਸਦਾ ਹੈ। ਇਵੇਂ ਮੇਰਾ ਮਨ ਵੀ ਗੁਰੂ ਦੇ ਦਰਸ਼ਨਾਂ ਲਈ ਤੜਫ ਰਿਹਾ ਹੈ ਕਿਉਂਕਿ ਗੁਰੂ ਦੇ ਦਰਸ਼ਨ ਤੋਂ ਬਿਨਾਂ ਮੇਰੀ ਪਿਆਸ ਮੁੱਕਦੀ ਹੀ ਨਹੀਂ ਤੇ ਨਾ ਹੀ ਮੈਨੂੰ ਆਤਮਕ ਸ਼ਾਂਤੀ ਮਿਲਦੀ ਹੈ। ਹੇ ਭਾਈ! ਜਿਸ ਗੁਰੂ ਦੇ ਦਰਸ਼ਨ ਕਰ ਕੇ ਜੀਵ ਦੇ ਜਨਮ ਜਨਮ ਦੀ ਪਿਆਸ ਮੁੱਕ ਜਾਂਦੀ ਹੈ, ਐਸੇ ਪੂਰੇ ਗੁਰੂ ਤੋਂ ਜੋ ਪੂਰਨ ਸੰਤ ਵੀ ਹੈ, ਮੈਂ ਵਾਰ ਵਾਰ ਕੁਰਬਾਨ ਤੇ ਸਦਕੇ ਹਾਂ।

ਤੇਰਾ ਮੁਖੁ ਸੁਹਾਵਾ ਜੀਉ
ਸਹਜ ਧੁਨਿ ਬਾਣੀ॥
ਚਿਰੁ ਹੋਆ ਦੇਖੇ ਸਾਰਿੰਗ ਪਾਣੀ॥
ਧੰਨੁ ਸੁ ਦੇਸੁ ਜਹਾ ਤੂੰ ਵਸਿਆ
ਮੇਰੇ ਸਜਣ ਮੀਤ ਮੁਰਾਰੇ ਜੀਉ॥
ਹਉ ਘੋਲੀ ਹਉ ਘੋਲਿ ਘੁਮਾਈ
ਗੁਰ ਸਜਣ ਮੀਤ ਮੁਰਾਰੇ ਜੀਉ॥ਰਹਾਉ॥

ਸਾਰਿੰਗ ਪਾਣੀ, ਭਾਵ ਹੇ ਮੇਰੇ ਧਨੁਸ਼ਧਾਰੀ ਪ੍ਰਭੂ ਜੀਉ! ਤੇਰੇ ਮੁੱਖ ਦਾ ਦੀਦਾਰ ਅਤਿ ਸੁਖਦਾਈ ਹੈ। ਤੇਰੀ ਸਿਫ਼ਤ ਸਾਲਾਹ ਨਾਲ ਮੇਰੇ ਅੰਦਰ ਅਡੋਲਤਾ ਬਣ ਜਾਂਦੀ ਹੈ ਅਤੇ ਹੇ ਮੇਰੇ ਮਿਹਰਬਾਨ ਪ੍ਰਭੂ! ਤੇਰਾ ਦਰਸ਼ਨ ਕੀਤੇ ਨੂੰ ਚਿਰ ਹੋ ਗਿਆ ਹੈ ਅਤੇ ਮੈਂ ਉਦਾਸੀ ਵਿਚ ਤੜਫ ਰਿਹਾ ਹਾਂ। ਉਹ ਦੇਸ਼ ਧੰਨ ਹੈ, ਭਾਵ ਤੇਰੇ ਪਿਆਰਿਆਂ ਦੇ ਹਿਰਦੇ ਰੂਪੀ ਦੇਸ਼ ਧੰਨ ਹਨ ਜਿਥੇ ਤੂੰ ਨਿਵਾਸ ਕਰਦਾ ਹੈਂ। ਮੇਰੇ ਮਿੱਤਰ ਪ੍ਰਭੂ ਜੀਓ! ਮੈਂ ਤੈਥੋਂ ਵਾਰ ਵਾਰ ਕੁਰਬਾਨ ਹਾਂ।

ਇਕ ਘੜੀ ਨ ਮਿਲਤੇ ਤਾ ਕਲਜੁਗੁ ਹੋਤਾ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ
ਬਿਨ ਦੇਖੇ ਗੁਰ ਦਰਬਾਰੇ ਜੀਉ॥
ਹਉ ਘੋਲੀ ਜੀਉ ਘੋਲਿ ਘੁਮਾਈ
ਤਿਸੁ ਸਚੇ ਗੁਰ ਦਰਬਾਰੇ ਜੀਉ॥ਰਹਾਉ॥

ਹੇ ਮੇਰੇ ਮਿਹਰਬਾਨ ਪ੍ਰਭੂ ਜੀਉ! ਜਦੋਂ ਕਿਤੇ ਇਕ ਘੜੀ ਵੀ ਮੈਨੂੰ ਤੇਰਾ ਮਿਲਾਪ ਨਾ ਹੋਵੇ, ਤਾਂ ਲਗਦਾ ਹੈ ਜਿਵੇਂ ਕਲਜੁਗ ਆ ਗਿਆ ਹੋਵੇ। ਮੇਰੇ ਪਿਆਰੇ ਪ੍ਰਭੂ ਜੀਉ! ਮੈਂ ਵਿਛੋੜੇ ਵਿਚ ਤੜਫ ਰਿਹਾ ਹਾਂ ਅਤੇ ਇਹ ਵਿਛੋੜੇ ਦੀ ਦੁਖਦਾਈ ਰਾਤ ਭੀ ਛੇਤੀ ਮੁੱਕਣ ਵਿਚ ਨਹੀਂ ਆਉਂਦੀ। ਬਿਹਬਲਤਾ ਵਿਚ ਨੀਂਦ ਭੀ ਨਹੀਂ ਆਉਂਦੀ ਤੇ ਇਹ ਜੀਵਨ ਰੂਪੀ ਰਾਤ ਅਤਿ ਦੁਖਦਾਈ ਲਗਦੀ ਹੈ। ਹੇ ਮੇਰੇ ਪ੍ਰਭ ਜੀਉ! ਗੁਰੂ ਦੀ ਮਿਹਰ ਤੋਂ ਬਿਨਾਂ ਉਸ ਮਾਲਕ ਪ੍ਰਭੂ ਦਾ ਮਿਲਾਪ ਭੀ ਨਹੀਂ ਹੋ ਸਕਦਾ। ਮੈਂ ਤੇਰੇ ਸੱਚੇ ਤੇ ਸੋਹਣੇ ਦਰਬਾਰਾਂ ਤੋਂ ਵਾਰ ਵਾਰ ਸਦਕੇ ਜਾਂਦਾ ਹਾਂ।

ਭਾਗੁ ਹੋਆ ਗੁਰਿ ਸੰਤੁ ਮਿਲਾਇਆ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥
ਸੇਵ ਕਰੀ ਪਲੁ ਚਸਾ ਨਾ ਵਿਛੁੜਾ
ਜਨ ਨਾਨਕ ਦਾਸ ਤੁਮਾਰੇ ਜੀਉ॥
ਹਉ ਘੋਲੀ ਜੀਉ ਘੋਲਿ ਘੁਮਾਈ
ਜਨ ਨਾਨਕ ਦਾਸ ਤੁਮਾਰੇ ਜੀਉ॥ਰਹਾਉ॥

ਗੁਰਦੇਵ ਬਖ਼ਸ਼ਿਸ਼ ਕਰਦੇ ਹਨ ਕਿ ਮੇਰੇ ਸੁੱਤੇ ਭਾਗ ਜਾਗ ਪਏ ਹਨ ਤੇ ਗੁਰੂ ਦੀ ਕ੍ਰਿਪਾ ਸਦਕਾ ਕਦੀ ਨਾਸ਼ ਨਾ ਹੋਣ ਵਾਲਾ ਪ੍ਰਭੂ ਜੋ ਸ਼ਾਂਤੀ ਦਾ ਸਮੁੰਦਰ ਹੈ; ਘਰ ਮਹਿ ਪਾਇਆ, ਭਾਵ ਮੈਂ ਉਸ ਨੂੰ ਆਪਣੇ ਅੰਦਰੋਂ ਹੀ ਹਿਰਦੇ ਰੂਪੀ ਘਰ ਵਿਚ ਹੀ ਲੱਭ ਲਿਆ ਹੈ। ਇਸ ਲਈ ਇਹ ਨਾਨਕ ਆਖਦਾ ਹੈ, ਮਿਹਰਬਾਨ ਪ੍ਰਭੂ ਜੀਉ! ਮਿਹਰਾਂ ਕਰੋ ਤੇ ਮੈਂ ਸਦਾ ਹੀ ਤੇਰੇ ਸੇਵਕਾਂ ਦੀ ਸੇਵਾ ਕਰਦਾ ਰਵਾਂ ਤੇ ਪਲ ਚਸਾ, ਭਾਵ ਪਲ ਦਾ ਵੀ ਥੋੜ੍ਹਾ ਜਿਹਾ ਹਿੱਸਾ ਕਦੀ ਤੈਥੋਂ ਦੂਰ ਨਾ ਹੋਵਾਂ। ਪ੍ਰਭ ਜੀਉ! ਇਹ ਨਾਨਕ ਤੇਰੇ ਸੇਵਕਾਂ ਤੋਂ ਵਾਰ ਵਾਰ ਸਦਕੇ ਜਾਂਦਾ ਹੈ।

ਆਉ, ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਮਰ ਜਾਏ ਵਿਚੋਲਾ ਨੀ, ਜਿਹਨੇ ਰੱਖਿਆ ਓਹਲਾ ਨੀ...

*ਕਈ ਬੰਦੇ ਆਪਣੇ ਹੱਕਾਂ ਪ੍ਰਤੀ ਇੰਨੇ ਸੁਚੇਤ ਤੇ ਜਾਗਰੂਕ ਹੋ ਗਏ ਕਿ ਜਿਉਣਾ ਹੀ ਭੁੱਲ ਗਏ। ਯੁੱਗ ਬਦਲ ਗਏ ਨੇ, ਵਿਗਿਆਨ ਗਲ-ਗਲ ਤੀਕਰ ਚੜ੍ਹ ਗਿਆ ਹੈ, ਕਬੂਤਰ ਅਮਰੀਕਾ ਦਾ ਕਹਿਣਾ ਮੰਨ ਕੇ ਪੈਰਾਂ 'ਚ ਕੈਮਰਾ ਬੰਨ੍ਹੀ ਦੁਨੀਆਂ ਦੀ ਜਸੂਸੀ ਕਰ ਰਹੇ ਹਨ ਪਰ ਬਾਂਦਰ ਚੁਸਤ ਤਾਂ ਭਾਵੇਂ ਪਹਿਲਾਂ ਨਾਲੋਂ ਵੀ ਵੱਧ ਹੋ ਗਿਆ ਹੋਵੇ, ਅਕਲਮੰਦ ਨਹੀਂ ਹੋ ਸਕਿਆ। ਬਾਂਦਰੀ ਇਕ ਮਾਮਲੇ ਵਿਚ ਹੀ, ਸਿਰਫ਼ ਆਪਣੇ ਅਧਿਕਾਰਾਂ ਪ੍ਰਤੀ ਇੰਨੀ ਸੁਚੇਤ ਹੈ ਕਿ ਬਾਂਦਰ ਉਸ ਤੋਂ ਬਹੁਤ ਖੌਫ਼ ਖਾਂਦਾ ਆ ਰਿਹਾ ਹੈ। ਬਾਂਦਰੀ ਦਾ ਜਦੋਂ ਵੀ ਢਿੱਡ ਦੁਖਦਾ ਹੈ, ਉਹ ਬਾਂਦਰ ਦਾ ਮੂੰਹ ਚਪੇੜਾਂ ਨਾਲ ਭੰਨ ਦਿੰਦੀ ਹੈ। ਬਾਂਦਰ ਅੱਖਾਂ 'ਚੋਂ ਅੱਥਰੂ ਭਾਵੇਂ ਮਣ-ਮਣ ਪੱਕੇ ਸੁੱਟੇ ਪਰ ਬਾਂਦਰੀ ਅੱਗੇ ਬੋਲਣ ਦੀ ਜੁਰਅਤ ਨਹੀਂ ਕਰਦਾ। ਬਾਂਦਰੀ ਜਦੋਂ ਵੀ ਚਪੇੜ ਚੁੱਕਦੀ ਹੈ, ਬਾਂਦਰ ਸਮਝ ਜਾਂਦਾ ਹੈ, ਇਹਦਾ ਢਿੱਡ ਦੁਖਣ ਲੱਗਾ ਹੈ ਤੇ ਉਸ ਲਈ ਜਵੈਣ-ਫੱਕੀ ਦਾ ਪ੍ਰਬੰਧ ਕਰਨ ਲਗਦਾ ਹੈ। ਬਾਂਦਰੀ ਦੇ ਜਦੋਂ ਜਣੇਪਾ-ਪੀੜ ਉਠਦੀ ਹੈ ਤਾਂ ਉਹਦੇ ਲਈ ਇਹ ਅਸਹਿ ਹੁੰਦੀ ਹੈ, ਉਹ ਕੰਧਾਂ-ਕੌਲਿਆਂ 'ਚ ਸਿਰ ਮਾਰਦੀ ਹੈ। ਆਪਣੇ ਦੁੱਖ ਦਾ ਸੁਭਾਅ ਬਦਲਣ ਲਈ ਉਹ ਬਾਂਦਰ ਨੂੰ ਇਸ ਕਰ ਕੇ ਕੁੱਟਦੀ ਐ ਕਿ 'ਮੇਰੇ ਪੇ ਦਿਆ ਸਾਲਿਆ, ਇੰਨਾ ਦੁੱਖ 'ਕੱਲੀ ਕਿਉਂ ਝੱਲਾਂ?' ਬਾਂਦਰ ਸੁਭਾਅ ਹੋਣ ਕਰ ਕੇ ਬਾਂਦਰੀ ਦੇ ਜਦੋਂ ਮਾੜੀ-ਮੋਟੀ ਦਰਦ ਵੀ ਉਠਦੀ ਹੈ ਤਾਂ ਉਹ ਇਹੋ ਸਮਝਦੀ ਹੈ-ਮੈਂ ਫਿਰ ਮਾਂ ਬਣਨ ਲੱਗੀ ਹਾਂ। ਦੂਜੇ ਪਾਸੇ ਔਰਤ ਜਦੋਂ ਮਾਂ ਬਣਨ ਦੀ ਪ੍ਰਕਿਰਿਆ 'ਚੋਂ ਲੰਘਦੀ ਹੈ ਤਾਂ ਉਹਦੇ ਅੰਦਰ ਭਾਅ ਦੀਆਂ ਬਣੀਆਂ ਹੁੰਦੀਆਂ ਹਨ ਪਰ ਬਾਹਰ ਉਹਦਾ ਮਰਦ ਚੁੱਪ ਕਰ ਕੇ ਬੈਠਾ ਜਾਂ ਮੁੰਡਾ ਜੰਮਣ ਦੀ ਖ਼ੁਸ਼ੀ ਵਿਚ ਪੈਗ ਲਾ ਰਿਹਾ ਹੁੰਦਾ ਹੈ। ਮਾਂ ਬਣ ਕੇ ਹਟਣਸਾਰ ਜਦੋਂ ਮਰਦ ਅੰਦਰ ਜਾਂਦਾ ਹੈ ਤਾਂ ਕਾਰਗਿਲ ਜਿੱਤ ਕੇ ਹਟੀ ਮਾਂ ਸਾਰਾ ਕੁਝ ਭੁੱਲ ਕੇ ਆਖਦੀ ਐ, "ਮੇਰੀਆਂ ਛਾਂਈਆਂ-ਮਾਈਆਂ...ਅਹੁ ਵੇਖ ਤੇਰੇ ਪਾਪਾ ਆਏ ਨੇ।" ਇਸ ਲਈ ਬਾਂਦਰੀ ਇਕ ਥਾਂ ਔਰਤ ਨਾਲੋਂ ਜਾਗਰੂਕ ਲਗਦੀ ਹੈ। ਜੇ ਜ਼ਿੰਦਗੀ 'ਚ ਸਿਰਫ਼ ਮਿਠਾਸ ਹੀ ਹੋਵੇਗੀ ਤਾਂ ਇਹ ਗੁਜ਼ਰ ਤਾਂ ਚੰਗੀ ਰਹੀ ਹੋਵੇਗੀ ਪਰ ਜੇ ਸੁਆਦ ਤੇ ਲੁਤਫ਼ ਲੈਣਾ ਹੈ ਤਾਂ ਇਹਦੇ 'ਚ ਨਮਕੀਨ ਦਾ ਰੰਗ ਵੀ ਭਰਨਾ ਪਵੇਗਾ; ਵਰਨਾ ਹਾਲਤ ਨਾਈਆਂ ਵੱਲੋਂ ਲਿਆਂਦੀ ਉਸ ਭੇਡ ਵਰਗੀ ਹੋਵੇਗੀ ਜੋ ਸਾਰੇ ਟੱਬਰ ਨੇ ਉਨ ਲਾਹੁਣ ਦੇ ਚੱਕਰ ਵਿਚ ਉਸਤਰਾ ਫੇਰ-ਫੇਰ ਕੇ ਸਵੇਰ ਤੱਕ ਮੁਰਗੀ ਵਾਂਗ ਭੇਡ ਹੀ ਵਿਚਾਰੀ ਮਾਰ ਮੁਕਾਈ। ਜ਼ਿੰਦਗੀ ਨੂੰ ਹਰ ਕੋਈ ਜਿੱਤਣਾ ਚਾਹੁੰਦਾ ਹੈ ਪਰ ਦੂਜਿਆਂ ਦੇ ਪੱਤੇ ਵੇਖ ਕੇ ਕਈ ਵਾਰ ਤਾਸ਼ ਦੋ ਜਣੇ ਖੇਡ ਰਹੇ ਹੁੰਦੇ ਹਨ ਪਰ ਭੇਤ ਚਾਰ ਜਣੇ ਦੱਸ ਰਹੇ ਹੁੰਦੇ ਹਨ। ਪੀਂਘ 'ਤੇ ਹੁਲਾਰਾ ਲੈਣ ਦਾ ਜਿਨ੍ਹਾਂ ਨੇ ਅਨੰਦ ਲਿਆ, ਉਹ ਜ਼ਿੰਦਗੀ ਭੋਗ ਗਏ ਤੇ ਜਿਹੜੇ ਡਾਹਣ ਤੇ ਰੱਸੀ ਟੁੱਟਣ ਡਰੋਂ ਝੂਟਦੇ ਰਹੇ, ਉਨ੍ਹਾਂ ਦੀ ਜ਼ਿੰਦਗੀ ਕੱਚੇ ਭਾਂਡੇ ਵਾਂਗ ਖੜਕਦੀ ਰਹੀ।*

ਵਰਤਮਾਨ ਯੁੱਗ ਵਿਚ ਦੂਜਿਆਂ ਤੋਂ ਅੱਗੇ ਨਿਕਲਣ ਜਾਂ ਮੰਜ਼ਿਲ ਤੀਕਰ ਪਹੁੰਚਣ ਲਈ ਦੌੜਨ ਦਾ ਤਰੀਕਾ ਅਪਨਾਇਆ ਜਾ ਰਿਹਾ ਹੈ, ਜਦੋਂ ਕਿ ਜਿੱਤ ਕੱਛੂ ਵਾਂਗ ਤੁਰ ਕੇ ਹੀ ਮਿਲੇਗੀ। ਕਈ ਖਰਗੋਸ਼ ਵਾਂਗ ਬਣਨ ਤਾਂ ਪਤਵੰਤੇ ਗਏ ਸਨ, ਧੂੜ 'ਚ ਟੱਟੂ ਵਾਂਗ ਗੁਆਚੇ ਮੁੜ ਲੱਭੇ ਹੀ ਨਹੀਂ। ਕਿਸੇ ਸੜਕ ਦੁਰਘਟਨਾ ਵਿਚ ਬੱਸ 'ਚ ਸਵਾਰ ਤੀਹ ਲੋਕ ਮਰ ਗਏ, ਇਕੱਤੀਵਾਂ ਇਹ ਸੋਚ ਕੇ ਮਰ ਗਿਆ ਕਿ ਉਹ ਕਿਵੇਂ ਬਚ ਗਿਆ!

ਜਿਵੇਂ ਚੁਬਾਰੇ 'ਤੇ ਚੜ੍ਹਨ ਤੇ ਹੇਠਾਂ ਉਤਰਨ ਲਈ ਪੌੜੀਆਂ ਦੀ ਲੋੜ ਹੈ, ਇਵੇਂ ਜ਼ਿੰਦਗੀ ਦੀਆਂ ਕਈ ਖਾਈਆਂ ਟੱਪਣ ਲਈ ਵਿਚੋਲੇ ਦੀ ਲੋੜ ਹੈ। ਚੰਗੇ ਭਲੇ ਵੇਲਿਆਂ ਵਿਚ ਵਿਚੋਲੇ ਦਾ ਅਰਥ ਹੁੰਦਾ ਸੀ, 'ਜਿਹੜਾ ਵਿਚਲਾ ਓਹਲਾ ਨਾ ਰਹਿਣ ਦੇਵੇ ਤੇ ਸਭ ਕੁਝ ਸਾਫ਼ ਕਰ ਦੇਵੇ।' ਉਦੋਂ ਗ੍ਰਹਿਸਥ ਸਵਰਗ ਲਗਦੀ ਸੀ। ਪਤੀ-ਪਤਨੀ ਇਕ-ਦੂਜੇ 'ਤੇ ਕੁਰਬਾਨ ਹੋਣ ਲਈ ਕਾਹਲੇ ਹੁੰਦੇ ਸਨ। ਉਦੋਂ ਸਮਾਜ ਵਿਚ ਵਿਚੋਲੇ ਦਾ ਕਿਰਦਾਰ ਸਤਿਕਾਰਿਆ ਤੇ ਵਡਿਆਇਆ ਜਾਂਦਾ ਸੀ ਤੇ ਜਦੋਂ ਦਾ ਵਿਚੋਲੇ ਦਾ ਅਰਥ 'ਬਹੁਤ ਕੁਝ ਓਹਲਾ ਰੱਖਣਾ' ਹੋ ਗਿਆ ਹੈ, ਇਵੇਂ ਲੱਗਦਾ ਹੈ ਕਿ ਰਿਸ਼ਤੇ ਇਉਂ ਟੁੱਟ ਰਹੇ ਹਨ ਜਿਵੇਂ ਕੱਚ ਦਾ ਗਿਲਾਸ ਰੇਤ ਨਾਲ ਵੱਜ ਕੇ ਠੀਕਰੀਆਂ ਹੋ ਰਿਹਾ ਹੋਵੇ। ਜਦੋਂ ਦਾ ਵਿਚੋਲਿਆਂ ਦੀ ਮਿਹਰਬਾਨੀ ਨਾਲ ਪਰੀਆਂ, ਲੰਗੂਰਾਂ ਦੇ ਲੜ ਲੱਗ ਰਹੀਆਂ ਹਨ ਜਾਂ ਦੇਵਤੇ ਚੁੜੇਲਾਂ ਦੇ ਵੱਸ ਪੈ ਰਹੇ ਹਨ, ਲੋਕ ਇਨ੍ਹਾਂ ਪਿੱਛੇ ਜੁੱਤੀ ਲਈ ਘੁੰਮ ਰਹੇ ਹਨ। 'ਲਵ ਮੈਰਿਜ' ਦਾ ਰਿਵਾਜ਼ ਪ੍ਰਚਲਿਤ ਹੋਣ ਨਾਲ ਨਵੀਂ ਪੀੜ੍ਹੀ ਵਿਚੋਲੇ ਨੂੰ ਆਖਣ ਲੱਗ ਪਈ ਹੈ, 'ਚੱਲ ਚੱਲ, ਤੂੰ ਕੌਣ ਆਂ?' ਵਿਦੇਸ਼ੀ ਲਾੜਿਆਂ ਨੇ ਵਿਚੋਲਿਆਂ ਦੀ ਸਾਜ਼ਿਸ਼ ਨਾਲ ਸ਼ਰੀਫ ਘਰਾਂ ਦੀਆਂ ਧੀਆਂ ਨੂੰ ਲੁੱਟਣਾ ਸ਼ੁਰੂ ਕੀਤਾ ਸੀ ਪਰ ਜਦੋਂ ਦਾ ਇਹ ਕੰਮ ਵਿਦੇਸ਼ਣਾਂ ਕਰਨ ਲੱਗੀਆਂ ਹਨ, ਵਿਚੋਲੇ ਨੂੰ ਵੇਖ ਕੇ ਸ਼ਰੀਫ਼ ਬੰਦੇ ਨਹੀਂ ਮੰਨਦੇ ਕਿ ਪੁਰਾਣੇ ਜ਼ਮਾਨੇ ਵਿਚ ਨਾਰਦਮੁਨੀ ਵੀ ਹੁੰਦੇ ਹੋਣਗੇ। ਅਸਲ ਵਿਚ ਵੀਹ ਗਜ਼ ਦਾ ਘੱਗਰਾ ਸੱਠ ਗਜ਼ ਦੀ ਗੇੜੀ ਦੇਣ ਲੱਗ ਪਿਆ ਹੈ। ਅੱਜਕੱਲ੍ਹ ਨੰਗੀ ਅੱਖ ਨਾਲੋਂ ਨਜ਼ਰ ਦੀਆਂ ਐਨਕਾਂ ਨਾਲ ਘੱਟ ਦਿਸਣ ਦੀਆਂ ਖ਼ਬਰਾਂ ਵੱਧ ਆਉਣ ਲੱਗ ਪਈਆਂ ਹਨ। ਅੱਗੇ ਕਿਹਾ ਜਾਂਦਾ ਸੀ, 'ਤੈਨੂੰ ਪਤਾ, ਤੂੰ ਪੁੱਤ ਕੀਹਦੈਂ?' ਉਦੋਂ ਕਹਿ ਦਈਦਾ ਸੀ ਕਿ ਮਾਪਿਆਂ ਦੀ ਅਣਗਹਿਲੀ, ਹਉਮੈ ਤੇ ਆਕੜ ਨਾਲ ਬੱਚੇ ਵਿਗੜ ਰਹੇ ਹਨ, ਪਰ ਜਦੋਂ ਦਾ ਇਹ ਕਿਹਾ ਜਾਣ ਲੱਗ ਪਿਆ ਕਿ 'ਤੈਨੂੰ ਪਤਾ ਕਿ ਤੂੰ ਸਾਲਾ ਕੀਹਦੈਂ?' ਤਾਂ ਪਤਾ ਨ੍ਹੀਂ ਲਗਦਾ ਕਿ ਉਲਾਂਭਾ ਕੀਹਨੂੰ ਦਈਏ! ਨੱਕ ਚਲੋ ਸ਼ਰਮ ਹਯਾ ਦਾ ਗਹਿਣਾ ਹੁੰਦਾ ਹੈ ਪਰ ਜੇ ਨੱਕ ਚੱਪਣ ਵਰਗਾ ਤੋੜੇ ਜਿੱਡਾ ਹੋਵੇ ਤਾਂ ਬੰਦਾ ਸੋਚਦੈ, ਸਾਹ ਲੈਣ ਦੀ ਵਿਵਸਥਾ ਕੰਨਾਂ ਰਾਹੀਂ ਵੀ ਹੋਣੀ ਚਾਹੀਦੀ ਸੀ। ਖ਼ੈਰ! ਜੇ ਰਾਮ ਲੀਲ੍ਹਾ 'ਚ ਰਾਵਣ ਨਾ ਹੁੰਦਾ ਤਾਂ ਲੋਕਾਂ ਨੇ ਕਹਿਣ ਵਿਚ ਬਿੰਦ ਨ੍ਹੀਂ ਲਾਉਣਾ ਸੀ, "ਲੈ ਇਹ ਵੀ ਕੋਈ ਕਹਾਣੀ ਹੈ?" ਅਜਿਹੀ ਗੁਸਤਾਖੀ ਮੈਂ ਵੀ ਕਰਨ ਲੱਗਾ ਹਾਂ। ਚੰਗੀ ਨਾ ਲੱਗੇ ਤਾਂ ਮੁਆਫ਼ ਕਰ ਦੇਣਾ ਕਿਉਂਕਿ ਹਰ ਰਾਹ 'ਚ ਖ਼ਤਰੇ ਦੀ ਸੰਭਾਵਨਾ ਹੁੰਦੀ ਹੈ।

ਛੋਟੇ ਜਿਹੇ ਪਿੰਡ ਦੇ ਵੱਡੇ-ਵੱਡੇ ਕੱਦਾਂ ਵਾਲੇ ਲੋਕ, ਚੜ੍ਹਦੇ ਪਾਸੇ ਦੇ ਵਸੀਵੇਂ ਵੱਲ 'ਜੀ ਆਇਆਂ ਨੂੰ' ਕਹਿਣ ਵਾਲੀ ਸੰਘਣੀ ਛਾਂ ਵਾਲੀ ਬੋਹੜ ਹੇਠ ਪਰ੍ਹਿਆ ਦੇ ਰੂਪ ਵਿਚ ਜੁੜੇ ਹੋਏ ਸਨ। ਸਵੇਰੇ ਤੋਂ ਹੀ ਇਸ ਥਾਂ 'ਤੇ ਲੋਕਾਂ ਦਾ ਆਉਣਾ-ਜਾਣਾ ਜਾਰੀ ਸੀ। ਇਹ 'ਕੱਠ ਪੰਚਾਇਤ ਦਾ ਨਹੀਂ ਸੀ ਬਲਕਿ ਸਿਆਣੇ ਅਖਵਾਉਣ ਵਾਲੇ ਲੋਕਾਂ ਦਾ ਸੀ। ਅੱਜ ਪਿੰਡ ਦੀ ਭਲਾਈ ਅਤੇ ਇਕਮੁਠਤਾ ਬਾਰੇ ਗੱਲ ਹੋਣੀ ਸੀ। ਥੜ੍ਹੇ ਉਤੇ ਪਤਵੰਤੇ ਲੋਕ ਬੈਠ ਰਹੇ ਸਨ ਤੇ ਹੇਠਾਂ ਆਮ ਪਿੰਡ ਵਾਸੀ। ਨਿੱਘੀ-ਨਿੱਘੀ ਧੁੱਪ ਸੀ, ਫਿਰ ਵੀ ਖੇਸੀਆਂ ਤੇ ਕੰਬਲਾਂ ਦੀਆਂ ਬੁੱਕਲਾਂ ਮਾਰੀ ਜੁੜੇ ਲੋਕ ਮੂੰਹੋਂ-ਮੂੰਹੀ, ਕੰਨੋਂ-ਕੰਨੀ ਕੁਝ ਨਾ ਕੁਝ ਬੋਲਦੇ ਮਹਿਸੂਸ ਹੋ ਰਹੇ ਸਨ। ਮਸਲਾ ਇਹ ਸੀ ਕਿ ਪੰਚਾਇਤ ਚੋਣਾਂ ਵਿਚ ਸਿਰਫ਼ ਅੱਠ ਕੁ ਦਿਨ ਬਚਦੇ ਸਨ ਤੇ ਸਿਆਣੇ ਬੰਦੇ ਇਤਫਾਕ ਦਾ ਸਿਰ ਜੋੜਨ ਲਈ ਪੰਚਾਇਤ ਦੀ ਚੋਣ ਸਰਬਸੰਮਤੀ ਨਾਲ ਕਰਨ ਦੀ ਗੱਲ ਕਹਿਣ ਆਏ ਸਨ।

...ਤੇ ਆਖਿਰ ਸਰਪੰਚ ਜਗਬੀਰ ਸਿੰਘ ਨੇ ਦੋਵੇਂ ਹੱਥ ਜੋੜ ਕੇ ਫਤਿਹ ਬੁਲਾਈ ਤੇ ਕਹਿਣ ਲੱਗਾ, "ਨਗਰ ਨਿਵਾਸੀਓ, ਤੁਹਾਡੇ ਚਰਨਾਂ ਵਿਚ ਨਿਮਰਤਾ ਨਾਲ ਬੇਨਤੀ ਕਰਾਂਗਾ ਕਿ ਭਾਵੇਂ ਪਿਛਲੀ ਵਾਰ ਦੋ ਕੁ ਸੱਜਣਾਂ ਦੀ ਸਹਿਮਤੀ ਨਾ ਹੋਣ ਕਾਰਨ ਸਾਡੀ ਪੰਚਾਇਤ ਵੋਟਾਂ ਨਾਲ ਚੁਣੀ ਗਈ ਸੀ ਪਰ ਮੈਂ ਇਸ ਵਾਰ ਮੁਕਾਬਲੇ ਤੋਂ ਬਾਹਰ ਹਾਂ; ਜੇ ਇਸ ਵਾਰ ਸਾਰਾ ਪਿੰਡ 'ਕੱਠਾ ਹੋ ਕੇ ਪਿਆਰ-ਮੁਹੱਬਤ ਦਾ ਸਬੂਤ ਦੇ ਕੇ ਪੰਚਾਇਤ ਦੀ ਚੋਣ ਸਰਬਸੰਮਤੀ ਨਾਲ ਕਰ ਜਾਵੇ ਤਾਂ ਸਿਆਣਿਆਂ ਦੇ ਕਹਿਣ ਵਾਂਗ ਚਿੱਬੜ ਵੀ ਖ਼ਰਬੂਜ਼ੇ ਵਰਗਾ ਸੁਆਦ ਦੇ ਸਕਦਾ ਹੈ। ਇਸ ਲਈ ਆਸ ਹੈ ਕਿ ਸਾਰਾ ਨਗਰ ਮੇਰੇ ਹੱਥ ਜੋੜਿਆਂ ਦਾ ਮਾਣ ਰੱਖੇਗਾ।" ਸਰਪੰਚ ਦੀਆਂ ਇਨ੍ਹਾਂ ਗੱਲਾਂ ਨੂੰ ਦਾਨੇ ਬੰਦਿਆਂ ਨੇ ਕਾਫ਼ੀ ਸਲਾਹਿਆ ਤੇ ਇਸ ਗੱਲ ਦੀ ਸਿਫ਼ਤ ਕੀਤੀ ਕਿ ਸਰਪੰਚ ਨੇ ਅਹੁਦੇ ਦਾ ਲਾਲਚ ਤਿਆਗ ਕੇ ਸਿਆਣਪ ਦਾ ਸਬੂਤ ਦਿੱਤਾ ਹੈ। ਉਂਜ ਵੀ ਲੋਕ ਚੁੰਝ-ਚਰਚਾ ਇਹ ਕਰ ਰਹੇ ਸਨ ਕਿ ਸਰਪੰਚ ਦਾ ਅੱਧਿਓਂ ਵੱਧ ਟੱਬਰ ਅਮਰੀਕਾ 'ਚ ਹੈ, ਸਰਦਾ-ਪੁੱਜਦਾ ਸੀ ਤਾਂ ਹੀ ਪਿੰਡ ਇੰਨੀ ਤਰੱਕੀ ਕਰ ਗਿਆ। ਮਜਾਲ ਕਿ ਕਿਸੇ ਗ੍ਰਾਂਟ 'ਚੋਂ ਟਕਾ ਵੀ ਖਾਧਾ ਹੋਵੇ ਜਾਂ ਕਿਸੇ ਨੂੰ ਖਾਣ ਦਿੱਤਾ ਹੋਵੇ।

ਤੇ ਫਿਰ ਆਪਣੇ-ਆਪ ਹੀ ਖੜ੍ਹ ਗਿਆ ਪਿੰਡ ਦਾ ਲੰਬੜਦਾਰ ਸੁੱਚਾ ਸਿੰਹੁ। ਅੱਧਾ ਪਿੰਡ ਤਾਂ ਉਂ ਲੰਬੜਦਾਰ ਕਰ ਕੇ ਉਹਦੇ ਮੱਥੇ ਨਹੀਂ ਲੱਗਣਾ ਚਾਹੁੰਦਾ ਸੀ ਤੇ ਕੁਝ ਇਸ ਕਰ ਕੇ ਉਹਦੇ ਵਿਰੁਧ ਸਨ ਕਿ ਬਾਪ ਦੀ ਜ਼ਮੀਨ 'ਤੇ ਧੱਕੇ ਨਾਲ ਮੁਖਤਿਆਰਨਾਮਾ ਕਰਵਾ ਕੇ ਕਬਜ਼ਾ ਕਰ ਗਿਆ ਸੀ ਤੇ ਇਸ ਵਾਰ ਆਪਣੇ-ਆਪ ਨੂੰ ਨਰਿੰਦਰ ਮੋਦੀ ਵਾਂਗ ਪਿੰਡ ਦਾ ਸਰਪੰਚ ਇਹ ਸੋਚ ਕੇ ਬਣਨ ਲਈ ਕਾਹਲਾ ਸੀ ਕਿ 'ਆਪੇ ਬੇਬੇ ਰੱਜੀ-ਪੁੱਜੀ ਤੇ ਆਪੇ ਮੇਰੇ ਬੱਚੇ ਜਿਉਣ।'

ਸੁੱਚਾ ਸਿੰਹੁ ਨੇ ਆਪ ਸਰਪੰਚ ਬਣਨ ਦੀ ਗੱਲ ਤਾਂ ਚਲੋ ਨਾ ਵੀ ਕੀਤੀ ਹੋਵੇ ਪਰ ਗੁੱਲੀ-ਡੰਡਾ ਖੇਡ 'ਚੋਂ ਹਾਰਿਆ ਬੰਦਾ ਜਿਵੇਂ ਹਾਕੀ ਦਾ ਕਪਤਾਨ ਬਣਨ ਲਈ ਕਾਹਲਾ ਪਿਆ ਹੁੰਦੈ, ਕਹਿਣ ਲੱਗਾ, "ਮੇਰੇ ਨਗਰ ਦੇ ਸਿਆਣੇ ਬਜ਼ੁਰਗੋ, ਆਪਣਾ ਛੱਜ ਚਲੋ ਆਪ ਤਾਂ ਨ੍ਹੀਂ ਕੁੱਟਿਆ ਜਾਂਦਾ, ਫਿਰ ਵੀ ਨਾਨਕਾ ਮੇਲ ਅੱਗੇ ਛੱਜ ਰੱਖਣ ਵਿਚ ਹਰਜ ਕੀ ਹੈ? ਮੈਂ ਜਦੋਂ ਦਾ ਲੰਬੜਦਾਰ ਬਣਿਆ ਹਾਂ, ਕਿਸੇ ਤੋਂ ਚਾਹ ਦਾ ਕੱਪ ਨ੍ਹੀਂ ਪੀਤਾ ਕਦੀ। ਉਦੋਂ ਵੀ ਮੇਰੇ ਵਿਰੁਧ ਖੜ੍ਹਾ ਹੋਇਆ ਭਗਤ ਰਾਮ ਇਸ ਕਰ ਕੇ ਬੈਠ ਗਿਆ ਸੀ ਕਿ ਸੁਦਾਮਾ ਤਾਂ ਚਲੋ ਕਿਸੇ ਨੇ ਵੇਖਿਆ ਜਾਂ ਨਹੀਂ, ਪਰ ਸੁੱਚਾ ਸਿੰਹੁ ਵਰਗਾ ਲੰਬੜਦਾਰ ਲੱਭਣੈ ਕਿਤੇ। ਨਾਲੇ ਘਰ 'ਚ ਇਤਫਾਕ ਹੋਵੇ ਤਾਂ ਕੰਧਾਂ ਵੀ ਕਿੱਕਲੀ ਪਾਉਂਦੀਆਂ ਨੇ। ਸਰਬਸੰਮਤੀ ਨਾਲ ਦਿਓ ਤਾਂ ਸਹੀ ਇਕ ਮੌਕਾ, ਸਰਕਾਰ ਵੀਹ ਲੱਖ ਰੁਪੱਈਆ ਗ੍ਰਾਂਟ ਦਊ ਤੇ ਪਿੰਡ 'ਚ ਇਕ ਵੀ ਰੁੱਸਿਆ ਬੰਦਾ ਨਾ ਰਹਿਣ ਦਊਂ। ਭਲਾ ਪਿਆਰ ਨਾਲ ਦੀ ਕੋਈ ਰੀਸ ਐ?"

ਪਿੱਛੇ ਡੱਬੀਆਂ ਵਾਲੀ ਪਾਟੀ ਹੋਈ ਖੇਸੀ ਦੀ ਬੁੱਕਲ ਮਾਰ ਕੇ ਚੱਪਲਾਂ ਪਾਈ ਪੈਰਾਂ ਭਾਰ ਬੈਠੇ ਨਾਜ਼ਰ ਅਮਲੀ ਨੇ ਅੱਧੀ ਕੁ ਸੁਲਗਦੀ ਬੀੜੀ ਗੁੱਸੇ 'ਚ ਅਹੁ ਵਗਾਹ ਕੇ ਮਾਰੀ, ਤੇ ਪਰਨਾ ਲਾਹ ਕੇ ਮੁੜ ਸਿਰ ਦੁਆਲੇ ਲਪੇਟਦਿਆਂ ਮੂੰਹੋਂ ਅੱਗ ਦੀਆਂ ਲਾਟਾਂ ਕੱਢਣ ਲੱਗਾ, "ਓਏ ਸੁੱਚਿਆ ਸਾਲਿਆ ਕੰਜਰ ਦਿਆ, ਢਕਿਆ ਰਹਿ, ਢਕਿਆ ਰਹਿ...ਬੇਲੱਜ ਕਿਸੇ ਥਾਂ ਦਾ। ਤੇਰਾ ਬੁੜ੍ਹਾ ਤੈਥੋਂ ਦੁਖੀ ਹੋ ਕੇ ਮਰ ਗਿਆ, ਐਲ.ਐਮ.ਏ. ਨਾਲ ਗੰਢ-ਤੁੱਪ ਕਰ ਕੇ ਤੂੰ ਭਗਤੇ ਸ਼ਰੀਫ਼ ਨੂੰ ਨੰਬਰਦਾਰ ਨ੍ਹੀਂ ਬਣਨ ਦਿੱਤਾ...ਅਖੇ, ਮੈਂ ਕਿਸੇ ਤੋਂ ਚਾਹ ਦਾ ਕੱਪ ਨ੍ਹੀਂ ਪੀਂਦਾ...ਮੇਰੇ ਭਰਾ ਨੇ ਦੋ ਮਰਲੇ ਜ਼ਮੀਨ ਲਾਲ ਲਕੀਰ ਅੰਦਰ ਸਾਧਾਰਨ ਕਾਗਜ਼ 'ਤੇ ਲਿਖਾਉਣੀ ਸੀ, ਤੈਂ ਲੁੱਚਿਆ ਸੌ ਰੁਪਿਆ ਲਿਐ...ਇਕ ਖਾਧਾ ਮੁਰਗਾ, ਦੇਸੀ ਪੂਰੀ ਸ਼ੀਸ਼ੀ ਪੀਤੀ ਤਾਂ ਤੈਂ ਮਾਰੀ ਜਾ ਕੇ ਘੁੱਗੀ। ਤੀਵੀਂ ਤੈਨੂੰ ਡਰਾਇਵਰਾਂ ਦੇ ਦਿਆਲੀ ਨੇ ਮੁੱਲ ਲਿਆ ਕੇ ਦਿੱਤੀ ਸੀ ਪੰਜ ਹਜ਼ਾਰ ਨੂੰ, ਉਹ ਵਿਚਾਰਾ ਮਰਨੀ ਮਰ ਗਿਆ, ਤੈਂ ਉਹਨੂੰ ਦੁਆਨੀ ਨ੍ਹੀਂ ਦਿੱਤੀ। ਬੁੜ੍ਹੀ ਤੁਸੀਂ ਸਾਲਿਓ ਦਵਾਈ ਖੁਣੋਂ ਅੰਦਰ ਪਾ ਕੇ ਮਾਰ'ਤੀ...ਤੇ ਤੀਵੀਂ ਤਾਂ ਕੁੱਟ ਕੇ ਢਾਈ ਸਾਲ ਹੋ ਗਏ ਨੇ ਘਰੋਂ ਕੱਢੀ ਨੂੰ, ਹਾਲੇ ਤੱਕ ਨ੍ਹੀਂ ਆਈ। ਲੁੱਚਾ ਪਿੰਡ ਨੂੰ ਇਤਫਾਕ ਤੇ ਏਕੇ ਦੀਆਂ ਗੱਲਾਂ ਪੜ੍ਹਾਉਂਦੈ! ਕੁੱਤਾ ਰਾਜ 'ਤੇ ਕਿਤੇ ਬੈਠਣ ਦਿਨੇ ਆਂ ਅਸੀਂ?"

ਤੇ ਨਾਜ਼ਰ ਅਮਲੀ ਦੀਆਂ ਗੱਲਾਂ ਨੇ ਤਾਂ ਵੱਢ'ਤਾ ਸੁੱਚਾ ਸਿੰਹੁ ਦਾ ਨੱਕ, ਤੇ ਨਾਲ ਹੀ ਫੂਕ'ਤੀ ਲੰਬੜਦਾਰੀ, ਪਰ ਮੁੱਲ ਦੀ ਤੀਵੀਂ ਲਿਆ ਕੇ ਦੇਣ ਵਾਲੇ ਦਿਆਲੀ ਵਿਚੋਲੇ ਦੀ ਘਰਵਾਲੀ ਨੇ ਸੁੱਚੇ ਦੀ ਉਹ ਮਾਂ-ਭੈਣ ਇਕ ਕੀਤੀ ਕਿ ਸਾਰੀ ਉਮਰ ਸਰਪੰਚ ਤਾਂ ਕੀ, ਪੰਚ ਨਾ ਖੜ੍ਹਾ ਹੋਊ ਕਦੇ।

ਕਈ ਬੰਦੇ ਵੀ ਚੰਗੇ ਸੀ, ਕੰਮ ਵੀ ਚੰਗੇ ਕਰਦੇ ਰਹੇ ਪਰ ਵਿਚਾਰਿਆਂ ਨਾਲ ਕੁਪੱਤ ਫਿਰ ਵੀ ਬਹੁਤ ਹੁੰਦੀ ਰਹੀ। ਸਾਡੇ ਪਿੰਡ ਇਕ ਬੰਦਾ ਹੁੰਦਾ ਸੀ ਰੁਲਦੂ। ਆਪਣੇ ਵੇਲਿਆਂ 'ਚ ਕਹਿੰਦਾ-ਕਹਾਉਂਦਾ ਭਲਵਾਨ ਸੀ। ਦਾਦੀ ਦੱਸਦੀ, ਪਈ ਰੁਲਦਾ ਸਵਾ ਕੁਆਂਟਲ ਦੀ ਮੂੰਗਲੀ ਦਾ ਬਾਲਾ ਕੱਢ ਦਿੰਦਾ ਸੀ। ਉਹਦਾ ਆਪਣਾ ਵਿਆਹ ਤਾਂ ਹੋ ਨ੍ਹੀਂ ਸਕਿਆ, ਪਰ ਉਹਨੇ ਵਿਆਹ ਬੜੇ ਲੋਕਾਂ ਦੇ ਕਰਵਾਏ...ਸਿਰੇ ਇਕ ਨ੍ਹੀਂ ਲੱਗਾ। ਸਾਰੀ ਉਮਰ ਵਿਚਾਰੇ ਦੇ ਪੈਂਦੀਆਂ ਹੀ ਰਹੀਆਂ। ਫਿਰ ਜ਼ਿੰਦਗੀ 'ਚ ਐਸਾ ਪੈਰ ਉਖੜਿਆ ਕਿ ਰੁਲਦੂ ਨਸ਼ਿਆਂ ਦੀ ਘਨੇੜੀ ਚੜ੍ਹ ਗਿਆ। ਦਗ ਦਗ ਕਰਦਾ ਲਾਲ ਸੂਹਾ ਰੰਗ, ਪੂਣੀ ਵਰਗਾ ਬੱਗਾ ਪੈ ਗਿਆ। ਭੁੱਕੀ ਤੇ ਅਫ਼ੀਮ 'ਚ ਜ਼ਿੰਦਗੀ ਡੁੱਬ ਗਈ। ਲੋਕਾਂ ਲਈ ਕਿਸੇ ਵਕਤ ਵਿਚੋਲੇ ਦੇ ਨਾਂ ਨਾਲ ਮਸ਼ਹੂਰ ਫਿਰ ਸਿਰਫ਼ ਛੜਾ ਰੁਲਦੂ ਅਮਲੀ ਬਣ ਕੇ ਰਹਿ ਗਿਆ। ਮੂੰਗਲੀਆਂ ਦੇ ਬਾਲੇ ਕੱਢਣ ਵਾਲੇ ਰੁਲਦੂ ਦੇ ਬਾਲੇ ਫਿਰ ਨਸ਼ੇ ਕੱਢਣ ਲੱਗ ਪਏ। ਵੋਟਾਂ ਦੇ ਦਿਨਾਂ 'ਚ ਉਹਨੂੰ ਵਿਆਹ ਜਿੰਨਾ ਚਾਅ ਹੁੰਦਾ। ਉਹ ਕਈ ਵਾਰ ਨੀਲੀਆਂ ਚਿੱਟੀਆਂ ਆਲਿਆਂ ਤੋਂ ਦੋ-ਦੋ, ਤਿੰਨ-ਤਿੰਨ ਮਹੀਨੇ ਦਾ ਰਾਸ਼ਨ ਬਣਾ ਲੈਂਦਾ। ਪਿੰਡ ਦੀ ਮੁੰਡ੍ਹੀਰ ਲਈ ਰੁਲਦੂ ਸਿਰਫ਼ ਹੁਣ ਮਖੌਲ ਤੇ ਹਾਸੇ ਦਾ ਪਾਤਰ ਬਣ ਕੇ ਰਹਿ ਗਿਆ ਸੀ।

ਇਕ ਦਿਨ ਪਿੰਡ ਵਿਚ ਮੁੱਖ ਮੰਤਰੀ ਦੇ ਆਉਣ ਦਾ ਪ੍ਰੋਗਰਾਮ ਸੀ। ਨਵੇਂ ਪੰਚਾਇਤ ਘਰ ਦਾ ਉਦਘਾਟਨ। ਇਕ ਦਿਨ ਪਹਿਲਾਂ ਉਹ ਜ਼ੈਲਦਾਰਾਂ ਦੇ ਘਰ ਸਾਰਾ ਦਿਨ ਦਾਲ-ਸਬਜ਼ੀਆਂ ਕੱਟਦਾ ਰਿਹਾ। ਮੁੱਖ ਮੰਤਰੀ ਨੇ ਉਨ੍ਹਾਂ ਦੇ ਘਰ ਚਾਹ ਪੀਣੀ ਸੀ। ਆਥਣੇ ਜ਼ੈਲਦਾਰਾਂ ਨੇ ਰੁਲਦੂ ਨੂੰ ਡੂਢ ਕੁ ਪਾਈਆ ਪਿਆ'ਤੀ, ਤੇ ਨਾਲ ਫੁੱਲਾਂ ਵਾਲਾ ਝੋਲਾ ਵੋਟਾਂ 'ਚੋਂ ਬਚਦੇ ਡੋਡਿਆਂ ਦਾ ਚੁਕਾ'ਤਾ। ਰੁਲਦੂ ਨੂੰ ਤਾਂ ਮੁਕਲਾਵੇ ਤੋਂ ਵੀ ਵੱਧ ਚਾਅ ਚੜ੍ਹਿਆ ਫਿਰੇ। ਅੱਧੀ ਰਾਤ ਤੱਕ ਖਾਂਦਾ ਪੀਂਦਾ ਰਿਹਾ। ਅਗਲੇ ਦਿਨ ਦੁਪਹਿਰ ਤੱਕ ਪੀਨਕ ਲੱਗੀ ਰਹੀ। ਕਿਸੇ ਸ਼ਰਾਰਤੀ ਨੇ ਉਠਾ ਦਿੱਤਾ ਜਾ ਕੇ, ਪਈ ਰੁਲਦੂਆ...ਮੁੱਖ ਮੰਤਰੀ ਵੋਟਾਂ 'ਚੋਂ ਬਚਦੀ ਭੁੱਕੀ ਵੰਡ ਰਿਹੈ।

ਰੁਲਦੂ ਦੇ ਲੱਗ ਗਈ ਮਨ ਨੂੰ ਗੱਲ, ਪਈ ਰਾਤੀਂ ਉਸੇ ਸਟਾਕ 'ਚੋਂ ਜ਼ੈਲਦਾਰ ਨੇ ਮੈਨੂੰ ਦਿੱਤਾ ਹੋਣਾ ਝੋਲਾ ਭਰ ਕੇ। ਭੱਜ ਪਿਆ ਉਧਰ ਨੂੰ ਵਾਹੋ-ਵਾਹੀ। ਉਧਰ ਕਾਮਰੇਡ ਲਾਲ ਝੰਡੇ ਲੈ ਕੇ ਮੁੱਖ ਮੰਤਰੀ ਵਿਰੁਧ ਨਾਅਰੇ ਲਗਾ ਰਹੇ ਸਨ ਮੁਰਦਾਬਾਦ ਦੇ। ਰੁਲਦੂ ਗੱਸੇ 'ਚ ਆਫਰਿਆ ਫਿਰੇ, ਪਈ ਇਹ ਕਾਮਰੇਡ ਨ੍ਹੀਂ ਅਮਲੀਆਂ ਨੂੰ ਕੁਝ ਲੈਣ ਦਿੰਦੇ। ਚੁੱਕਤ 'ਚ ਰੁਲਦੂ ਜਦੋਂ ਭੀੜ ਚੀਰ ਕੇ ਅਗਾਂਹ ਗਿਆ ਤਾਂ ਪੁਲਿਸ ਨੇ ਉਹ ਪਰੇਡ ਕੀਤੀ ਅਮਲੀ ਦੀ ਕਿ ਚੋਂਦਾ ਈ ਆਵੇ।

ਚੁੱਕਣ ਵਾਲੀ ਮੁੰਡ੍ਹੀਰ ਨੇ ਪੁੱਛਿਆ, "ਅਮਲੀਆ, ਬਣੀ ਨ੍ਹੀਂ ਗੱਲ?"

"ਲੈ ਭੁੱਕੀ ਨਾ ਵੰਡਦੈ ਮੁੱਖ ਮੰਤਰੀ, ਸੁਆਹ ਸੱਤਾਂ ਚੁੱਲ੍ਹਿਆਂ ਦੀ। ਇਧਰ ਤਾਂ ਪੈਂਦੀਆਂ ਨੇ!"

"ਤੂੰ ਸਾਹਮਣੇ ਦੀ ਕਾਹਨੂੰ ਗਿਆ ਸੀ। ਪਿੱਛਿਓਂ ਜਾਣਾ ਸੀ।"

"ਹਾਅ ਗੱਲ ਪਹਿਲਾਂ ਦੱਸ ਦਿੰਦੇ।" ਤੇ ਜਦੋਂ ਅਮਲੀ ਮੂੰਹ-ਮਾਂਹ ਧੋ ਕੇ ਪਿਛਲੇ ਪਾਸਿਓਂ ਗਿਆ ਤਾਂ ਢਾ ਲਿਆ ਫਿਰ ਪੁਲਿਸ ਵਾਲਿਆਂ ਨੇ, ਪਈ ਇਹ ਤਾਂ ਬੰਬ ਚਲਾ ਦਊ।

ਦੂਜੀ ਵਾਰ ਜਦੋਂ ਫਿਰ ਵੇਲਣੇ 'ਚੋਂ ਨਿਕਲੇ ਗੰਨੇ ਵਾਂਗ ਝੰਬਿਆ ਅਮਲੀ ਮੁੜਿਆ ਤਾਂ ਬੋਹੜ ਥੱਲੇ ਬੈਠੀ ਮੁੰਡ੍ਹੀਰ ਫਿਰ ਪੁੱਛਣ ਲੱਗੀ, "ਬਣੀ ਨ੍ਹੀਂ ਗੱਲ ਇਧਰੋਂ ਵੀ?"

"ਸਹੁਰੀ ਦੇ ਕੁੱਤੇ! ਮੁਹਰਿਓਂ ਵੀ ਖਾ ਲਈਆਂ, ਪਿੱਛਿਓਂ ਵੀ ਖਾ ਲਈਆਂ...ਸਾਰੀ ਉਮਰ ਸਾਲੀ ਵੱਜਦੀਆਂ ਦੀ ਲੰਘ ਗਈ। ਪਹਿਲਾਂ ਤੀਵੀਆਂ ਲੋਕਾਂ ਨੂੰ ਲਿਆ ਕੇ ਦਿੰਦਾ ਤਾਂ ਬੜੀ ਖਾਧੀ। ਠਹਿਰ ਜੋ ਹਰਾਮ ਦੀ ਔਲਾਦ।" ਤੇ ਰੁਲਦੂ ਨੇ ਟੁੱਟਿਆ ਛਿੱਤਰ ਪੈਰੋਂ ਲਾਹ ਕੇ ਹਿੜ-ਹਿੜ ਕਰਦੀ ਮੁੰਡ੍ਹੀਰ ਵੱਲ ਮਾਰਿਆ ਹੀ ਸੀ, ਉਦੋਂ ਹੀ ਫੜ ਲਿਆ ਥਾਣੇਦਾਰ ਨੇ ਪਿੱਛੋਂ ਆ ਕੇ, ਪਈ 'ਅਮਲੀਆ ਤੇਰੇ ਘਰੋਂ ਫੁੱਲਾਂ ਵਾਲਾ ਝੋਲਾ ਨਿਕਲਿਆ ਡੋਡਿਆਂ ਦਾ।'

"ਅੱਛਾ! ਜ਼ੈਲਦਾਰੋ, ਨਾਲੇ ਜੁਆਈ ਨੂੰ ਦੇ 'ਤਾ, ਨਾਲੇ ਫਸਾ 'ਤਾ। ਕੋਈ ਨ੍ਹੀਂ ਚਿੱਟੀਆਂ ਆਲੇ ਚੰਗੇ ਹੋਣ ਤਾਂ ਸਾਨੂੰ ਆਹ ਦਿਨ ਕਾਹਨੂੰ ਦੇਖਣ ਨੂੰ ਮਿਲਣ!" ਤੇ ਤੀਜੀ ਵਾਰ ਛਿੱਲ ਲੁਹਾਉਣ ਲਈ ਅਮਲੀ ਫਿਰ ਪੁਲਿਸ ਦੀ ਜਿਪਸੀ 'ਚ ਬੈਠ ਗਿਆ ਸੀ।

ਮੇਰਾ ਵੀ ਜ਼ਿੰਦਗੀ 'ਚ ਇਕ ਮਾੜੇ ਵਿਚੋਲੇ ਨਾਲ ਵਾਹ ਪਿਆ ਸੀ ਜੋ ਕਦੇ ਭੁੱਲੇਗਾ ਵੀ ਨਹੀਂ। ਹੋਇਆ ਇੰਜ ਕਿ ਇਕ ਤਾਂ ਮੈਂ ਤਾਜ਼ਾ-ਤਾਜ਼ਾ ਚੰਗੀ ਸਰਕਾਰੀ ਨੌਕਰੀ 'ਤੇ ਲੱਗ ਗਿਆ ਸਾਂ ਤੇ ਦੂਜਾ ਅਖ਼ਬਾਰਾਂ ਨਾਲ ਜੁੜਿਆ ਹੋਣ ਕਾਰਨ ਨਾਂ ਜਿਹਾ ਵੀ ਬਣ ਗਿਆ ਸੀ। ਮੇਰਾ ਰਿਸ਼ਤਾ ਕਰਨ ਦੀ ਵਿਉਂਤ ਬਣ ਗਈ। ਵੱਡੇ ਭਰਾ ਨੂੰ ਵਿਚ ਸ਼ਾਮਲ ਕਰ ਲਿਆ ਗਿਆ।

ਉਦੋਂ ਹਾਲੇ ਦੇਖਣ-ਦਿਖਾਉਣ ਦਾ ਰਿਵਾਜ਼ ਨਵਾਂ-ਨਵਾਂ ਪਿਆ ਸੀ। ਇਸ ਬੁੱਢ-ਬੁਲੇਢ ਵਿਚੋਲੇ ਨੇ ਗ੍ਰਹਿਸਥ ਦੀ ਸਰਕਸ ਦਾ ਸ਼ੋਅ ਸਾਡੇ ਇਕ ਰਿਸ਼ਤੇਦਾਰ ਦੇ ਘਰ ਰੱਖ ਲਿਆ। ਠੰਢ 'ਚ ਸਵੇਰ ਤੋਂ ਸ਼ਾਮ ਤੱਕ ਬੈਠੇ ਰਹੇ। ਕੁੜੀ ਤਾਂ ਆਈ ਨ੍ਹੀਂ, ਆਥਣੇ ਹਨ੍ਹੇਰੇ ਹੋਏ ਕੁੜੀ ਦਾ ਪਿਓ ਆ ਗਿਆ। ਸੁਨੱਖਾ ਸੀ। ਆਖਣ ਲੱਗਾ, "ਰੰਗ ਰੂਪ ਮੇਰੇ ਵਰਗੈ, ਤੂੰ ਹਾਂ ਕਰ ਦੇ...ਸ਼ਗਨ ਦੇ ਦਿੰਨੇ ਆਂ। ਕੁੜੀ ਭੂਆ ਦੇ ਗਈ ਹੋਈ ਆ, ਕੱਲ੍ਹ ਦਿਖਾ ਦਿਆਂਗੇ। ਜੇ ਤੂੰ ਨਾਂਹ ਕਰ'ਤੀ ਤਾਂ ਸਾਡਾ ਰਹਿਣਾ ਕੱਖ ਨ੍ਹੀਂ।" ਮਨ 'ਚ ਸੋਚਿਆ, ਵਿਆਹ ਕੁੜੀ ਨਾਲ ਕਰਵਾਉਣਾ ਕਿ ਉਹਦੇ ਪਿਓ ਨਾਲ? ਖ਼ੈਰ! ਮੈਂ ਸ਼ਗਨ ਤਾਂ ਨਹੀਂ ਲਿਆ ਪਰ ਅਗਲੇ ਦਿਨ ਜਦੋਂ ਉਸ ਬੀਬੀ ਦੇ ਦਰਸ਼ਨ ਹੋਏ ਤਾਂ ਲੱਗਾ ਜਿਵੇਂ ਰੱਬ ਨੇ ਵਿਚਾਰੀ ਨੂੰ ਰੰਗ ਤਾਂ ਦੇ ਦਿੱਤਾ ਸੀ ਪਰ ਪੌਣੇ ਪੰਜ ਫੁੱਟ ਸਰੀਰ 'ਤੇ ਨੱਕ ਲਾਉਣਾ ਭੁੱਲ ਗਿਆ।

ਮੈਂ ਕਿਹਾ, "ਜੀ ਤੁਸੀਂ ਬੀ.ਐਡ. ਕਦੋਂ ਕੀਤੀ ਆ?"

ਆਂਹਦੀ, ਉਨੀ ਸੌ ਅਠੱਤਰ ਵਿਚ। ਉਸ ਸਾਲ ਮੈਂ ਦਸਵੀਂ 'ਚ ਪੜ੍ਹਦਾ ਸਾਂ। ਮੈਂ ਭਰਾ ਨੂੰ ਕਿਹਾ, "ਜਵਾਬ ਤੂੰ ਹੀ ਦੇ ਦਈਂ।" ਤੇ ਮੈਂ ਬੱਸ ਫੜ ਆਪਣੇ ਸਕੂਲ ਪੜ੍ਹਾਉਣ ਚਲੇ ਗਿਆ।

ਪਰ ਇਸ ਕਾਮਰੇਡ ਵਿਚੋਲੇ ਨੇ ਮੇਰਾ ਹੁਣ ਵਾਲਾ ਰਿਸ਼ਤਾ ਤੁੜਾਉਣ 'ਚ ਕੋਈ ਕਸਰ ਨਹੀਂ ਛੱਡੀ। ਤੀਜੇ ਦਿਨ ਮੇਰੇ ਸਹੁਰੀਂ ਜਾ ਕੇ ਕਹਿ ਆਇਆ ਕਰੇ, "ਅਸੀਂ ਤੁਹਾਡੇ ਪਿੰਡ 'ਜਾਗਦੇ ਰਹੋ' ਡਰਾਮਾ ਖੇਡ ਕੇ ਗਏ ਸੀ ਪਰ ਤੁਸੀਂ ਤਾਂ 'ਸੁੱਤੇ ਪਏ ਹੋ'...ਮੁੰਡਾ ਤਾਂ ਗਾਉਣ ਵਾਲੀਆਂ, ਨੱਚਣ ਵਾਲੀਆਂ 'ਚ ਰਹਿੰਦੈ, ਤੁਹਾਡੀ ਕਿਥੇ ਵਸਾ ਲਊ।"

ਖ਼ੈਰ! ਭੁੱਟੋ-ਗਾਂਧੀ ਦਾ ਸ਼ਿਮਲਾ ਸਮਝੌਤਾ ਸਿਰੇ ਲੱਗਾ ਜਾਂ ਨਹੀਂ, ਪਰ ਮੇਰਾ ਹੁਣ ਆਲਾ ਰਿਸ਼ਤਾ ਉਹ ਬੜੇ ਯਤਨ ਕਰ ਕੇ ਵੀ ਤੋੜ ਨਹੀਂ ਸਕਿਆ।

ਦੋ ਕੁ ਸਾਲ ਪਹਿਲਾਂ ਹੀ ਮੈਂ ਉਸ ਕਾਮਰੇਡ ਵਿਚੋਲੇ ਨੂੰ ਸ਼ਰਧਾਂਜਲੀ ਭੇਟ ਕਰ ਕੇ ਹਟਿਆ ਹਾਂ।

ਅਸਲ ਵਿਚ ਬਾਦਸ਼ਾਹ ਇਸੇ ਗੱਲ ਤੋਂ ਡਰਦੇ ਰਹੇ ਹਨ ਕਿ ਕਿਤੇ ਮੰਗਤੇ ਬਣ ਕੇ ਕਾਸਾ ਨਾ ਹੱਥ ਫੜਨਾ ਪੈ ਜਾਵੇ ਤੇ ਮੰਗਤੇ ਬਾਦਸ਼ਾਹ ਬਣਨ ਦੀ ਉਡੀਕ 'ਚ ਬੁੱਢੇ ਹੋ ਰਹੇ ਹਨ।

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਥਾਣਿਓਂ ਭੇਡ

ਨਾਗ ਬੇਕਾਬੂ ਹੋ ਗਿਆ, ਬੇਵੱਸ ਹੋ ਗਈ ਬੀਨ।
ਕੋਈ ਕਿਸੇ ਤੋਂ ਘੱਟ ਨ੍ਹੀਂ, ਤੇ ਕੋਈ ਨ੍ਹੀਂ ਮੰਨਦਾ ਈਨ।
ਧੌਣ ਭੰਨਣ ਨੂੰ ਪੈ ਰਹੇ, ਹੁਣ ਬਾਪੂ ਦੀ ਪੁੱਤ।
ਧੀ ਮਨ ਆਈਆਂ ਕਰ ਰਹੀ, ਪੁੱਟ ਕੇ ਮਾਂ ਦੀ ਗੁੱਤ।
ਰਾਂਝੇ ਮਿਰਜ਼ੇ ਦੋਸਤੋ, ਕਿਥੇ ਰਹਿ ਗਏ ਖਾਸ।
ਕੁੜੀਆਂ-ਮੁੰਡੇ ਲੱਗ ਪਏ, ਲਿਖਣ ਨਵਾਂ ਇਤਿਹਾਸ।
ਡੋਲੀਆਂ ਤੁਰਨ ਕਚਹਿਰੀਓਂ, ਬਿਨਾਂ ਹੀ ਹਾਰ-ਸ਼ਿੰਗਾਰ।
ਪਾਧੇ ਬਣੇ ਵਕੀਲ ਨੇ, ਤੇ ਬੈਠੇ ਘਰੇ ਕਹਾਰ।
ਫਿਰੇ ਜਵਾਨੀ ਭੂਤਰੀ, ਜੋਬਨ ਦਾ ਨਹੀਂ ਸ਼ੋਰ।
ਹੁਣ ਘਟਾ ਕਾਲੀਆਂ ਵੇਖ ਕੇ, ਧਾਹੀਂ ਰੋਂਦੇ ਮੋਰ।
ਨਹੀਂ ਸਮਝ ਕਿਸੇ ਨੂੰ ਆਂਵਦਾ, ਉਲਟ ਸਮੇਂ ਦਾ ਗੇੜ।
'ਭੌਰਾ' ਵੇਖੀ ਨਿਕਲਦੀ, ਰੋਜ਼ ਥਾਣਿਓਂ ਭੇਡ।

## 'ਪੰਜਾਬੀ ਟ੍ਰਿਬਿਊਨ' ਨਾਲ ਜੁੜੀਆਂ ਯਾਦਾਂ ਦੀ ਲੜੀ

# ਬੱਲ ਦਾ ਐਬਸਰਡ ਮਾਨਵਵਾਦ ਤੇ ਵਿਲੱਖਣ ਅਖਬਾਰ ਨਵੀਸੀ

*ਸਿਆਣਿਆਂ ਸੱਚ ਕਿਹਾ ਹੈ ਕਿ ਵਰਤਮਾਨ ਤੋਂ ਬੰਦਾ ਅਕਸਰ ਅਸੰਤੁਸ਼ਟ ਹੁੰਦਾ ਹੈ। ਭਵਿੱਖ ਵਿਚ ਕੀ ਵਾਪਰਨਾ ਹੈ, ਕਿਸੇ ਨੂੰ ਕੁਝ ਪਤਾ ਨਹੀਂ ਹੁੰਦਾ। ਇਉਂ ਅਤੀਤ ਹਰ ਕਿਸੇ ਨੂੰ ਚੰਗਾ ਲੱਗਦਾ ਹੈ। ਕਿਸੇ ਦਾ ਅਤੀਤ ਕਿੰਨਾ ਵੀ ਮਾੜਾ ਕਿਉਂ ਨਾ ਹੋਵੇ, ਉਸ ਵਿਚੋਂ ਚਾਨਣ ਦੀਆਂ ਕੁਝ ਕਿਰਨਾਂ ਦਿਸ ਹੀ ਪੈਂਦੀਆਂ ਹਨ ਜੋ ਵਰਤਮਾਨ ਦੇ ਹਨੇਰੇ ਨੂੰ ਰੋਸ਼ਨ ਕਰਨ ਲਈ ਕਾਫੀ ਹੁੰਦੀਆਂ ਹਨ। 'ਕਮਲਿਆਂ ਦਾ ਟੱਬਰ' ਲਿਖਤ ਤੋਂ ਬਾਅਦ ਮੇਰੇ ਨਾਲ ਵੀ ਕੁਝ ਅਜਿਹਾ ਹੀ ਹੋਇਆ। ਨਿਗ੍ਹਾ ਬੀਤੇ ਵੱਲ ਗਈ ਤਾਂ ਕੁਝ ਚੀਜ਼ਾਂ ਨੇ ਮਨ 'ਤੇ ਜ਼ੋਰ ਪਾਇਆ ਤੇ ਮੇਰੀ ਕਲਮ ਇਨ੍ਹਾਂ ਨੂੰ ਝਰੀਟਣ ਤੁਰ ਪਈ। ਹੋ ਸਕਦਾ ਹੈ ਕਿ ਕੁਝ ਪਾਠਕਾਂ ਨੂੰ ਇਹ ਸਭ ਯੱਭਲੀਆਂ ਹੀ ਜਾਪਣ ਪਰ ਅਜਿਹੇ ਪਾਠਕਾਂ ਦੀ ਵੀ ਕਮੀ ਨਹੀਂ ਜਿਨ੍ਹਾਂ ਨੂੰ ਇਹ ਚੀਜ਼ਾਂ ਪੜ੍ਹ ਕੇ ਆਪਣੇ ਅਤੀਤ ਦਾ ਕਈ ਕੁਝ ਚੇਤੇ ਆ ਗਿਆ ਹੈ। ਮੈਂ ਆਪਣੇ ਅਤੀਤ ਦੀਆਂ ਇਨ੍ਹਾਂ ਯਾਦਾਂ ਨੂੰ ਪਾਠਕਾਂ ਨਾਲ ਸਾਂਝਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਸਿਹਤ ਦੀਆਂ ਮਜਬੂਰੀਆਂ ਕਰ ਕੇ ਹੋ ਸਕਦਾ ਹੈ ਕਿ ਪਾਠਕਾਂ ਦੀ ਕਚਹਿਰੀ ਵਿਚ ਹਰ ਹਫਤੇ ਹਾਜ਼ਰ ਨਾ ਹੋ ਸਕਾਂ।*

ਪੱਤਰਕਾਰੀ ਦੇ ਅਸੂਲਾਂ ਅਨੁਸਾਰ ਖਬਰ ਦੇ ਸੰਪਾਦਨ ਵੇਲੇ ਸਬ ਐਡੀਟਰ ਨੇ ਖਬਰ ਐਡਿਟ ਕਰਦਿਆਂ ਨਿਰਪੱਖ ਰਹਿਣਾ ਹੁੰਦਾ ਹੈ। ਪੱਤਰ ਪ੍ਰੇਰਕ ਜਾਂ ਰਿਪੋਰਟਰ ਵਲੋਂ ਭੇਜੀ ਖਬਰ ਕੱਟੀ-ਵੱਢੀ ਜਾਂ ਮੁੜ ਲਿਖੀ ਜਾ ਸਕਦੀ ਹੈ ਪਰ ਕਿਸੇ ਖਬਰ ਜਾਂ ਬਿਆਨ ਵਿਚ ਮੂਲੋਂ ਹੀ ਆਪਣੇ ਕੋਲੋਂ ਕੋਈ ਸਮੱਗਰੀ, ਖਾਸ ਕਰ ਕੋਈ ਵਿਚਾਰ ਜੋੜਨਾ ਸਹੀ ਨਹੀਂ ਮੰਨਿਆ ਜਾਂਦਾ। ਗੁਰਦਿਆਲ ਬੱਲ ਦਫਤਰੀ ਜ਼ਾਬਤੇ ਤੋਂ ਤਾਂ ਹਮੇਸ਼ਾਂ ਇਨਕਾਰੀ ਰਿਹਾ

**ਅਮੋਲਕ ਸਿੰਘ ਜੰਮੂ**
ਫੋਨ: 847-359-0746


ਹੀ, ਖਬਰਾਂ ਦਾ ਸੰਪਾਦਨ ਕਰਦਿਆਂ ਵੀ ਉਸ ਕਦੇ ਕਿਸੇ ਰਵਾਇਤੀ ਕਾਇਦੇ-ਕਾਨੂੰਨ ਨੂੰ ਪ੍ਰਵਾਨ ਨਹੀਂ ਕੀਤਾ। ਬੱਲ ਨੂੰ ਕਿਸੇ ਪੱਤਰ ਪ੍ਰੇਰਕ ਜਾਂ ਰਿਪੋਰਟਰ ਵਲੋਂ ਭੇਜੀ ਖਬਰ, ਜਾਂ ਕਿਸੇ ਵਿਅਕਤੀ ਜਾਂ ਸੰਸਥਾ ਵਲੋਂ ਭੇਜੇ ਬਿਆਨ ਵਿਚ ਆਪਣੇ ਕੋਲੋਂ ਹੀ ਬਹੁਤ ਕੁਝ ਜੋੜ ਦੇਣ ਦਾ ਇਕ ਤਰ੍ਹਾਂ ਨਾਲ ਖਬਤ ਸੀ। ਇਹ ਵੀ ਠੀਕ ਹੈ ਕਿ ਨਿਊਜ਼ ਐਡੀਟਰ ਨਾਲ ਉਸ ਦਾ ਝਗੜਾ ਬਹੁਤੀ ਵਾਰ ਡਿਊਟੀ 'ਤੇ ਲੇਟ ਆਉਣ ਕਰਕੇ ਨਹੀਂ ਸਗੋਂ ਕਿਸੇ ਖਬਰ 'ਚ ਆਪਣੇ ਕੋਲੋਂ ਹੀ ਘੜ ਕੇ ਮਸਾਲਾ ਪਾ ਦੇਣ ਕਰਕੇ ਹੁੰਦਾ।

ਕੋਈ ਵੀ ਕਿਸੇ ਜਾਣਕਾਰ ਦਾ ਨਾਂ ਲੈ ਕੇ ਬੱਲ ਨੂੰ ਕੋਈ ਬਿਆਨ ਖਬਰ ਲਾਉਣ ਲਈ ਦੇ ਦੇਵੇ, ਬੱਲ ਆਪਣਾ ਪਵਿੱਤਰ ਧਰਮ ਸਮਝ ਲੈਂਦਾ ਕਿ ਇਹ ਖਬਰ ਹਰ ਹਾਲਤ ਵਿਚ ਲਗਣੀ ਚਾਹੀਦੀ ਹੈ। ਉਸ ਦੀ ਇਸ ਆਦਤ ਨੂੰ ਰੋਕਣ ਲਈ ਇਕ ਵਾਰ ਤਾਂ ਸੰਪਾਦਕ ਨੇ ਇਹ ਵੀ ਹੁਕਮ ਕਰ ਦਿਤੇ ਕਿ ਬੱਲ ਦੀ ਬਣਾਈ ਕੋਈ ਵੀ ਖਬਰ ਚੀਫ ਸਬ ਜਾਂ ਨਿਊਜ਼ ਐਡੀਟਰ ਦੇ ਦਸਤਖਤਾਂ ਬਿਨਾਂ ਨਹੀਂ ਛਪੇਗੀ। ਪਰੂਫ ਰੀਡਰਾਂ ਨੂੰ ਵੀ ਇਹ ਹੁਕਮ ਹੋ ਗਿਆ ਕਿ ਉਹ ਇਸ ਦਾ ਖਿਆਲ ਰਖਣ। ਬੱਲ ਕਿਹੜਾ ਘੱਟ ਸੀ, ਉਹ ਆਪਣੀਆਂ ਬੇਲੇ ਵਾਲੀਆਂ ਖਬਰਾਂ ਲਾਉਣ ਲਈ ਸ਼ਾਮ ਸਿੰਘ ਜਾਂ ਆਪਣੇ ਹੱਕ ਦੇ ਕਿਸੇ ਹੋਰ ਚੀਫ ਸਬ ਤੋਂ ਸਹੀ ਪੁਆ ਲੈਂਦਾ। ਉਸ ਦੀ ਇਸ ਆਦਤ ਤੋਂ ਕਈ ਵਾਰ ਤਾਂ ਉਸ ਦੇ ਪੱਕੇ ਹਮਾਇਤੀ ਵੀ ਅੱਕ ਜਾਂਦੇ ਪਰ ਬੱਲ ਉਪਰ ਕਿਸੇ ਗੱਲ ਦਾ ਕੋਈ ਅਸਰ ਨਹੀਂ ਸੀ। ਉਂਜ ਬੱਲ ਦੇ ਇਸ ਖਬਤ ਦੇ ਕੁਝ ਹਾਂ-ਪੱਖੀ ਪਹਿਲੂ ਵੀ ਸਨ। ਮੈਨੂੰ ਯਾਦ ਹੈ, ਇਕ ਵਾਰ ਕੋਈ ਸੱਜਣ ਕਿਸੇ ਦਾ ਨਾਂ ਲੈ ਕੇ ਉਸ ਪਾਸ ਆਇਆ, ਬੱਲ ਨੇ ਬੜੇ ਧਿਆਨ ਨਾਲ ਉਸ ਦੀ ਗੱਲ ਸੁਣੀ। ਦੇਵਨੇਤ ਉਸ ਦਿਨ ਸਟਾਫ ਘੱਟ ਸੀ। ਚੀਫ ਸਬ ਨੇ ਦੋ ਵਾਰ ਮੈਨੂੰ ਬਾਹਰ ਘਾਹ 'ਤੇ ਬੈਠ ਕੇ ਉਸ ਵਿਅਕਤੀ ਦੀ ਗੱਲ ਸੁਣ ਰਹੇ ਬੱਲ ਨੂੰ ਬੁਲਾਉਣ ਲਈ ਭੇਜਿਆ। ਬੱਲ ਨੇ ਖਬਰ ਬਣਾਈ ਅਤੇ ਚੀਫ ਸਬ ਤੋਂ ਬੜੀ ਜਿਦ ਕਰਕੇ ਪਾਸ ਕਰਵਾ ਕੇ ਛਾਪ ਦਿਤੀ। ਖਬਰ ਦਾ ਨਤੀਜਾ ਇਹ ਸੀ ਕਿ ਉਸ ਬੰਦੇ ਦੀ ਜਾਨ ਬੱਚ ਗਈ ਜਿਸ ਨੂੰ ਪੁਲਿਸ ਕਿਸੇ ਵਕਤ ਵੀ ਚੁੱਕ ਕੇ ਖਤਮ ਕਰਨ ਨੂੰ ਫਿਰਦੀ ਸੀ।

ਬੱਲ ਆਪਣੀ ਧੁਨ ਵਿਚ ਉਹੋ ਕੁਝ ਹੀ ਕਰੀ ਗਿਆ ਜੋ ਉਸ ਨੂੰ ਠੀਕ ਲੱਗਦਾ ਸੀ। ਬੱਲ ਅਜਿਹਾ ਕਿਉਂ ਕਰਦਾ ਸੀ, ਇਸ ਬਾਰੇ ਮੈਂ ਤਾਂ ਕੋਈ ਨਿਰਣਾ ਦੇਣ ਦੀ ਅਵਸਥਾ ਵਿਚ ਨਹੀਂ ਹਾਂ। ਕਰਮਜੀਤ ਭਾਅ ਜੀ ਸ਼ਾਇਦ ਕੁਝ ਦੱਸ ਸਕਣ, ਕਿਹਾ ਨਹੀਂ ਜਾ ਸਕਦਾ।

ਬੱਲ ਨੇ ਸਿੱਖ ਇਤਿਹਾਸ ਬਾਰੇ ਸੋਹਣ ਸਿੰਘ ਸੀਤਲ, ਕਰਤਾਰ ਸਿੰਘ ਕਲਾਸਵਾਲੀਆ ਅਤੇ ਬਾਬਾ ਪ੍ਰੇਮ ਸਿੰਘ ਹੋਤੀ ਦੀਆਂ ਬਹੁਤੀਆਂ ਕਿਤਾਬਾਂ 6ਵੀਂ-7ਵੀਂ ਜਮਾਤ ਤਕ ਹੀ ਪੜ੍ਹ ਲਈਆਂ ਸਨ। ਕਾਲਜ ਜਾਂਦੇ ਸਾਰ ਜਸਵੰਤ ਸਿੰਘ ਕੰਵਲ ਦਾ ਨਾਵਲ 'ਰਾਤ ਬਾਕੀ ਹੈ' ਪੜ੍ਹ ਕੇ ਉਸ ਦੀ ਕਮਿਊਨਿਸਟ ਲੜਕਿਆਂ ਦੇ ਸਰਕਲ ਨਾਲ ਨੇੜਤਾ ਹੋ ਗਈ ਪਰ ਉਨ੍ਹਾਂ ਦਾ 'ਤੰਗਨਜ਼ਰ ਰਵੱਈਆ' ਵੇਖ ਕੇ ਅਤੇ ਸਟਾਲਿਨ ਦੀਆਂ ਵਧੀਕੀਆਂ ਬਾਰੇ ਸ਼ੁਰੂ ਵਿਚ ਹੀ ਲੋਤੋਂ ਵੱਧ ਜਾਣ ਲੈਣ ਕਰਕੇ ਉਸ ਦੇ ਮਨ ਵਿਚ ਮਾਰਕਸਵਾਦ ਦੇ ਅਮਲ ਵਿਚ ਪਲਟ ਸਕਣ ਦੀ ਸੰਭਾਵਨਾ ਬਾਰੇ ਸ਼ੰਕੇ ਪੈਦਾ ਹੋ ਗਏ। ਰੱਬ ਦੀ ਹੋਂਦ ਵਿਚ ਉਸ ਦਾ ਯਕੀਨ ਪਹਿਲਾਂ ਹੀ ਡੋਲ ਗਿਆ ਸੀ।

ਬੱਲ ਦਸਿਆ ਕਰਦਾ ਕਿ ਕਾਲਜ ਦੇ ਉਨ੍ਹਾਂ ਮੁਢਲੇ ਵਰ੍ਹਿਆਂ ਵਿਚ ਉਸ ਨੇ ਆਪਣੇ ਮਿੱਤਰ ਕੰਵਲਜੀਤ ਸਿੰਘ ਸੰਧੂ ਦੇ ਪਿੰਡ ਦੀ ਢਾਬ 'ਤੇ ਬੈਠਿਆਂ ਉਸ ਨੂੰ ਕਿਹਾ ਸੀ ਕਿ ਅਸੀਂ ਜਨਮ ਜਾਤ ਤੋਂ ਹੀ ਸਰਾਪੇ ਹੋਏ ਲੋਕ ਹਾਂ; ਸਾਨੂੰ ਜਿਉਂਦੇ ਜੀ ਕਿਧਰੇ ਢੋਈ ਨਹੀਂ ਮਿਲਣੀ। ਸਾਡਾ ਸ਼ੰਕਾ ਹੀ ਅਜਿਹਾ ਹੈ ਕਿ 'ਰੱਬ ਜੇ ਹੈ ਤਾਂ ਦੁਨੀਆਂ ਦਾ ਅਰਥ ਕੀ ਹੈ? ਅਤੇ ਜੇ ਰੱਬ ਨਹੀਂ ਹੈ ਤਾਂ ਦੁਨੀਆਂ ਦੀ ਤੁਕ ਕੀ ਹੈ? ਸਟਾਲਿਨ ਠੀਕ ਸੀ ਕਿ ਗਲਤ?



ਖਬਰਾਂ ਨਾਲ ਖੁਰਾਫਾਤਾਂ-ਬਾਬਾ ਬੱਲ

ਇਸ ਬਾਰੇ ਪੱਕਾ ਫੈਸਲਾ ਵੀ ਸਾਥੋਂ ਮਰਦੇ ਦਮ ਤੱਕ ਨਹੀਂ ਹੋਣਾ।' ਇਸ ਦੇ ਬਾਵਜੂਦ ਉਸ ਸੰਕਲਪ ਲਿਆ ਸੀ ਕਿ 'ਕਾਦਰ, ਜੇ ਕਿਧਰੇ ਹੈ ਤਾਂ ਅਸੀਂ ਉਸ ਦੀ ਕੁਦਰਤ ਦੀ ਲੀਲਾ ਨੂੰ ਅਜਿਹੀ ਤਾਕਤ ਨਾਲ ਨਿਹਾਰਾਂਗੇ ਕਿ ਉਹ ਖੁਦ ਆ ਕੇ ਪੁੱਛਣ ਲਈ ਮਜਬੂਰ ਹੋਵੇਗਾ ਕਿ ਤੁਸੀਂ ਇਹ ਪੈਸ਼ਨ ਕਿਥੋਂ ਲਿਆ ਹੈ। ਅਸੀਂ ਜ਼ਿੰਦਗੀ ਨੂੰ ਐਸੀ ਮੁਹੱਬਤ ਕਰਾਂਗੇ ਕਿ ਸਾਰੀ ਕਾਇਨਾਤ ਦਾ ਕੋਨਾ ਕੋਨਾ ਮਹਿਕ ਜਾਵੇਗਾ। ਜ਼ਿੰਦਗੀ 'ਚ ਕਿਧਰੇ ਧੁਰੋਂ ਲਿਖੇ ਕੋਈ ਅਰਥ ਹੈ ਨਹੀਂ-ਇਹ ਅਰਥ ਆਪਣੀਆਂ ਸੁਰਤਾਂ ਤੇ ਅਸੀਂ ਖੁਦ ਭਰਾਂਗੇ।'

ਅਗਸਤ 2011 ਵਿਚ ਜਦੋਂ ਉਹ ਮੇਰੇ ਕੋਲ ਕੋਈ ਤਿੰਨ ਹਫਤੇ ਰੁਕਿਆ ਤਾਂ ਉਸ ਨੇ ਇਸ ਗੱਲ 'ਤੇ ਵੱਡੀ ਤਸੱਲੀ ਪ੍ਰਗਟਾਈ ਕਿ ਜੀਵਨ ਕਿਸੇ ਕਥਿਤ ਮਹਾਨ ਆਦਰਸ਼ ਦੇ ਲੇਖੇ ਭਾਵੇਂ ਨਹੀਂ ਲੱਗਿਆ, ਫਿਰ ਵੀ ਜ਼ਿੰਦਗੀ ਦੇ ਹਰ ਰੰਗ ਅਤੇ ਢੰਗ ਨੂੰ ਆਪਣੀ ਰੂਹ ਦੇ ਤਾਲ ਅਨੁਸਾਰ ਜੀਅ ਲੈਣ ਦੀ ਇੰਨੀ ਫੁਰਸਤ ਜੁੜੀ ਹੈ ਕਿ ਕਿਸੇ ਕਿਸਮ ਦਾ ਕੋਈ ਹੇਰਵਾ ਬਾਕੀ ਨਹੀਂ ਹੈ।

ਇਹ ਪੁੱਛਣ 'ਤੇ ਕਿ ਕਾਇਨਾਤ ਦਾ ਕੋਈ ਕਣ ਮਹਿਕਿਆ ਦਿਸਦਾ ਤਾਂ ਹੈ ਨਹੀਂ, ਬੱਲ ਦਾ ਜਵਾਬ ਸੀ, ਇਸ ਦਾ ਇਹ ਮਤਲਬ ਨਹੀਂ ਕਿ ਕੋਸ਼ਿਸ਼ ਕੀਤੀ ਨਹੀਂ ਜਾਣੀ ਚਾਹੀਦੀ। ਜ਼ਿੰਦਗੀ ਨੂੰ ਕਿਸੇ ਸਦੀਵੀ ਗੀਤ ਦੇ ਤਾਲ ਅਨੁਸਾਰ ਜਿਉਣ ਦੀ ਕੋਸ਼ਿਸ਼ ਕਰਨ ਤੋਂ ਚੰਗਾ ਹੋਰ ਕਿਹੜਾ ਵਣਜ ਹੋ ਸਕਦਾ ਹੈ? ਆਪਣੇ ਯਾਰਾਂ-ਦੋਸਤਾਂ ਦੀ ਰੋਟੀ, ਦਾਰੂ, ਚਾਹ-ਪਾਣੀ, ਅਤੇ ਕਿਤਾਬਾਂ ਦੇ ਸ਼ੌਕੀਨਾਂ ਦੀ ਹਰ ਤਰ੍ਹਾਂ ਦੀਆਂ ਕਿਤਾਬਾਂ ਨਾਲ ਸੇਵਾ ਕਰਨ ਦੀ ਉਸ ਨੂੰ ਬੜੀ ਤਸੱਲੀ ਸੀ ਤੇ ਉਸ ਲਈ ਇੰਨਾ ਹੀ ਕਾਫੀ ਸੀ। ਜੇ ਸੱਚ ਜਾਣੋਂ ਤਾਂ ਬਾਬਾ ਬੱਲ ਆਮ ਸਮਾਜੀ ਤੌਰ-ਤਰੀਕਿਆਂ ਤੋਂ ਬਾਹਰ ਹੈ।

'ਪੰਜਾਬੀ ਟ੍ਰਿਬਿਊਨ' ਵਿਚ ਆ ਕੇ ਉਸ ਦਾ ਗਲਤ ਜਾਂ ਠੀਕ ਵਿਸ਼ਵਾਸ ਇਹ ਸੀ ਕਿ ਉਹ ਅਦਾਰੇ ਦੇ ਨਿਯਮਾਂ ਪ੍ਰਤੀ ਨਹੀਂ ਬਲਕਿ ਉਨ੍ਹਾਂ ਲੋਕਾਂ ਪ੍ਰਤੀ ਜਵਾਬਦੇਹ ਹੈ ਜਿਨ੍ਹਾਂ ਨੂੰ ਹਾਲਾਤ ਨੇ ਹਾਸ਼ੀਏ 'ਤੇ ਧੱਕਿਆ ਹੋਇਆ ਹੈ। ਉਸ ਨੇ ਬੇਰੁਜ਼ਗਾਰ ਅਧਿਆਪਕਾਂ, ਸਰਕਾਰੀ ਅਧਿਆਪਕਾਂ, ਵਿਦਿਆਰਥੀ ਸੰਗਠਨਾਂ, ਨਕਸਲੀ ਧੜਿਆਂ, ਸੱਜੇ ਤੇ ਖੱਬੇ ਕਮਿਊਨਿਸਟਾਂ ਦੀਆਂ ਖਬਰਾਂ ਤਾਂ ਪੂਰੀ ਨਿਸ਼ਠਾ ਨਾਲ ਲਾਈਆਂ ਹੀ, ਬਾਅਦ 'ਚ ਖਾੜਕੂ ਧਿਰਾਂ ਦੀਆਂ ਖਬਰਾਂ ਲਾਉਣ ਵਿਚ ਵੀ ਕੋਈ ਕਸਰ ਬਾਕੀ ਨਾ ਛੱਡੀ। ਹਰ ਖਬਰ ਦਾ ਸੰਪਾਦਨ ਕਰਨ ਵੇਲੇ ਨਜ਼ਰੀਆ ਉਸ ਦਾ ਉਹੀ ਸੇਰ ਦੋਂ ਡੇਢ ਸੇਰ ਬਣਾਉਣ ਦਾ ਹੁੰਦਾ ਬਲਕਿ ਕਈ ਵਾਰ ਤਾਂ ਉਹ ਤੋਲੇ ਦੀ ਪਨਸੇਰੀ ਬਣਾ ਦਿੰਦਾ।

ਅਸਲ ਵਿਚ ਸਟਾਲਿਨ ਮਾਰਕਾ ਕਾਮਰੇਡਾਂ ਤੋਂ ਬਦਜਨ ਹੋ ਜਾਣ ਪਿਛੋਂ ਮਾਰਕਸ ਪ੍ਰਤੀ ਸਤਿਕਾਰ ਬਣਿਆ ਰਹਿਣ ਦੇ ਬਾਵਜੂਦ ਉਸ ਨੂੰ ਕਿਸੇ ਵੀ 'ਕੱਲੀ-ਕਾਰੀ ਵਿਚਾਰਧਾਰਾ ਦੇ ਸੱਚ ਉਤੇ ਅਜਾਰੇਦਾਰੀ ਦੇ ਦਾਅਵਿਆਂ 'ਤੇ ਸੰਦੇਹ ਹੋ ਗਿਆ ਸੀ। 'ਪੰਜਾਬੀ ਟ੍ਰਿਬਿਊਨ' ਵਿਚ ਗੁਜ਼ਾਰੇ ਸਾਲਾਂ ਦੌਰਾਨ ਸ਼ਾਇਦ ਉਸ ਨੂੰ ਲੱਗਣ ਲੱਗ ਗਿਆ ਸੀ ਕਿ ਹਰ ਵਿਚਾਰਧਾਰਾ ਹੀ ਆਪੋ ਆਪਣੀ ਜਗ੍ਹਾ 'ਤੇ ਠੀਕ ਸੀ, ਬਸ਼ਰਤੇ ਕਿ ਉਸ ਦੇ ਪੈਰੋਕਾਰਾਂ ਵੱਲੋਂ ਦੂਜੀਆਂ ਧਿਰਾਂ ਦਾ ਜ਼ਬਰਦਸਤੀ ਮੂੰਹ ਬੰਦ ਕਰਨ ਦੀ ਧੱਕੇਸ਼ਾਹੀ ਨਾ ਕੀਤੀ ਜਾਵੇ। ਸੈਮੂਅਲ ਬੈਕਿਟ ਦਾ ਨਾਟਕ 'ਗੋਦੋ ਦੀ ਉਡੀਕ' ਮੈਂ ਵੀ ਪੜ੍ਹਿਆ ਤੇ ਵੇਖਿਆ ਸੀ ਪਰ ਮੈਨੂੰ ਲੱਗਦਾ, ਜੀਵਨ ਦੀ ਨਿਹਿਤ ਐਬਸਰਡਟੀ ਦਾ ਥੀਮ ਬੱਲ ਦੀ ਤਾਂ ਅੰਤਰ ਆਤਮਾ ਵਿਚ ਵਸਿਆ ਹੋਇਆ ਸੀ। (ਗੋਦੋ ਦੀ ਉਡੀਕ (Waiting for Godot) ਫਰਾਂਸੀਸੀ ਨਾਟਕਕਾਰ ਸੈਮੂਅਲ ਬੈਕਿਟ ਰਚਿਤ ਇਕ ਐਬਸਰਡ ਡਰਾਮਾ ਹੈ, ਜਿਸ ਵਿਚ ਦੋ ਮੁੱਖ ਪਾਤਰ-ਵਲਾਦੀਮੀਰ ਅਤੇ ਐਸਟਰਾਗਨ ਇੱਕ ਕਾਲਪਨਿਕ ਪਾਤਰ ਗੋਦੋ ਦੇ ਆਉਣ ਦੀ ਅੰਤਹੀਣ ਅਤੇ ਨਿਸਫਲ ਉਡੀਕ ਕਰਦੇ ਹਨ। ਗੋਦੋ ਆਸ ਦੀ ਉਹ ਕਿਰਨ ਹੈ ਜੋ ਕਦੇ ਪੂਰੀ ਨਹੀਂ ਹੁੰਦੀ। ਗੋਦੋ ਦੀ ਗੈਰਹਾਜ਼ਰੀ ਅਤੇ ਹੋਰ ਪਹਿਲੂਆਂ ਦੇ ਅਧਾਰ 'ਤੇ ਇਸ ਡਰਾਮੇ ਦੀਆਂ ਹੁਣ ਤੱਕ ਅਨੇਕ ਵਿਆਖਿਆਵਾਂ ਹੋ ਚੁੱਕੀਆਂ ਹਨ। ਇਸ ਨੂੰ ਵੀਹਵੀਂ ਸਦੀ ਦਾ ਅੰਗਰੇਜ਼ੀ ਭਾਸ਼ਾ ਦਾ ਸਭ ਤੋਂ ਪ੍ਰਭਾਵਸ਼ਾਲੀ ਡਰਾਮਾ ਵੀ ਕਿਹਾ ਗਿਆ ਹੈ।)

ਬੱਲ ਦਾ ਕਹਿਣਾ ਸੀ ਕਿ ਜ਼ਿੰਦਗੀ 'ਚ ਹੱਕ-ਸੱਚ ਦੀ ਲੜਾਈ ਲਈ ਜੇ ਨਹੀਂ ਲੜਿਆ ਜਾ ਸਕਿਆ, ਨਾ ਸਹੀ; ਅਖਬਾਰ ਵਿਚ ਕੰਮ ਕਰਨ ਦਾ ਮੌਕਾ ਮਿਲ ਗਿਆ ਤਾਂ ਘੱਟੋ ਘੱਟ ਉਨ੍ਹਾਂ ਲੋਕਾਂ ਦੀ ਪੈਰਵੀ ਤਾਂ ਕੀਤੀ ਜਾਵੇ ਜੋ ਅਜਿਹੇ ਸੰਗਰਾਮ ਕਰ ਰਹੇ ਸਨ। ਇਸ ਕਿਸਮ ਦੇ ਧੜਿਆਂ ਅਤੇ ਧਿਰਾਂ ਦੀਆਂ ਪ੍ਰਜੀਸ਼ਨਾਂ ਦੀ ਜਿੰਨੀ ਉਸ ਨੂੰ ਸਮਝ ਸੀ, ਉਨੀ ਪੰਜਾਬੀ ਟ੍ਰਿਬਿਊਨ ਦੇ ਸਟਾਫ ਵਿਚੋਂ ਸ਼ਾਇਦ ਕਿਸੇ ਨੂੰ ਵੀ ਨਹੀਂ ਸੀ। 1986 ਜਾਂ 87 ਦੀ ਗੱਲ ਹੈ, ਕਾਮਰੇਡ ਦਰਸ਼ਨ ਖਟਕੜ ਦੀ ਅਗਵਾਈ ਹੇਠਲੀ ਨਕਸਲੀ ਪਾਰਟੀ ਦਾ ਕੋਈ ਇਜਲਾਸ ਸੀ। ਉਨ੍ਹਾਂ ਬੱਲ ਨੂੰ ਆਪਣੀ ਰਿਪੋਰਟ ਦੀ ਖਬਰ ਲਾਉਣ ਲਈ ਕਿਹਾ ਪਰ ਉਹ ਵੇਲੇ ਸਿਰ ਰਿਪੋਰਟ ਪੁੱਜਦੀ ਨਾ ਕਰ ਸਕੇ। ਬੱਲ ਨੇ ਖੁਦ ਹੀ ਆਪਣੇ ਕੋਲੋਂ ਘੜ ਕੇ ਤਿੰਨ ਕਾਲਮੀ ਵੱਡੀ ਖਬਰ ਛਾਪ ਦਿੱਤੀ। ਖਬਰ ਛਪੀ ਵੇਖ ਕੇ ਦਰਸ਼ਨ ਖਟਕੜ ਖੁਦ ਹੈਰਾਨ ਸੀ ਕਿ ਖਬਰ ਇੰਨੀ ਸਹੀ ਭਾਵਨਾ ਵਿਚ ਕਿਵੇਂ ਲੱਗ ਗਈ?

ਨਕਸਲੀਆਂ ਦਾ ਇਕ ਹੋਰ ਧੜਾ ਇੰਟਰਨੈਸ਼ਨਲਿਸਟ ਡੈਮੋਕਰੈਟਿਕ ਪਾਰਟੀ ਦੇ ਨਾਂ ਹੇਠ ਕੰਮ ਕਰਨ ਲੱਗਾ। ਇਸ ਪਾਰਟੀ ਦਾ ਏਜੰਡਾ ਵਿਚਾਰਾਂ ਦੇ ਪ੍ਰਚਾਰ ਰਾਹੀਂ ਸਮਾਜਕ ਤਬਦੀਲੀ ਲਿਆਉਣ ਦਾ ਸੀ। ਕਰਮਜੀਤ ਭਾਅ ਜੀ ਦੇ ਵੀ ਇਸ ਪਾਰਟੀ ਦੇ ਆਗੂ ਮਾਸਟਰ ਖੇਤਾ ਸਿੰਘ ਨਾਲ ਨਿਕਟ ਸਬੰਧ ਸਨ। ਬੱਲ ਦੀਆਂ ਇਸ ਪਾਰਟੀ ਦੇ ਆਗੂਆਂ ਨਾਲ ਮੁਲਾਕਾਤਾਂ ਕਰਮਜੀਤ ਭਾਅ ਜੀ ਦੇ ਘਰ ਹੀ ਹੁੰਦੀਆਂ ਰਹੀਆਂ ਸਨ। ਹੋਇਆ ਇਹ ਕਿ ਬੱਲ ਦੀ ਬਦੌਲਤ ਇਕ ਸਟੇਜ 'ਤੇ

## ਰੰਗ-ਬੇਰੰਗ

'ਪੰਜਾਬੀ ਟ੍ਰਿਬਿਊਨ' ਇਸ ਪਾਰਟੀ ਦਾ ਬੁਲਾਰਾ ਹੀ ਜਾਪਣ ਲਗ ਪਿਆ। ਸਾਡੇ ਸਾਥੀ ਸ਼ਮਸ਼ੇਰ ਸੰਧੂ ਦੇ ਦੱਸਣ ਅਨੁਸਾਰ ਉਸ ਦਾ ਦੋਸਤ ਇਨਕਲਾਬੀ ਕਵੀ ਪਾਸ਼ ਆਪਣੀ ਸ਼ਹੀਦੀ ਤੋਂ ਕੁਝ ਦਿਨ ਪਹਿਲਾਂ ਚੰਡੀਗੜ੍ਹ ਆਇਆ ਤਾਂ ਉਸ ਨੇ ਪੁੱਛਿਆ ਕਿ ਪੰਜਾਬੀ ਟ੍ਰਿਬਿਊਨ ਦੀ ਵਿਚਾਰਧਾਰਾ ਕੀ ਹੈ? ਕਿਸੇ ਕਿਸੇ ਦਿਨ ਇਹ ਨਕਸਲੀ ਧਿਰਾਂ ਦਾ ਤਰਜਮਾਨ ਕਿਵੇਂ ਬਣ ਜਾਂਦਾ ਹੈ? ਸ਼ਮਸ਼ੇਰ ਦਾ ਸੰਖੇਪ ਜਿਹਾ ਜਵਾਬ ਸੀ: ਜਿਸ ਦਿਨ ਗੁਰਦਿਆਲ ਬੱਲ ਦੀ ਜਿਸ 'ਤੇ ਮਿਹਰਬਾਨੀ ਹੋ ਜਾਵੇ, ਉਸੇ ਦਾ ਤਰਜਮਾਨ ਬਣ ਜਾਂਦਾ ਹੈ, ਅਖਬਾਰ।

ਕੁਝ ਵਿਸ਼ੇਸ਼ ਕਿਸਮ ਦੀਆਂ ਖਬਰਾਂ ਜਾਂ ਰਿਪੋਰਟਾਂ ਨੂੰ ਐਬਸਰਡ ਵਿਅੰਗ ਭਾਵ ਵਿਚ ਪੇਸ਼ ਕਰਨ ਦਾ ਬੱਲ ਦਾ ਆਪਣਾ ਹੀ ਰੰਗ ਸੀ। ਪੱਤਰਕਾਰੀ ਦਾ ਕੋਰਸ ਕੀਤਾ ਹੋਣ ਕਰਕੇ ਮੈਨੂੰ ਬੱਲ ਦਾ ਇਸ ਤਰ੍ਹਾਂ ਕਰਨਾ ਬਿਲਕੁਲ ਹੀ ਉਸ ਦੀ ਜਿਆਦਤੀ ਲਗਦੀ। ਬੱਲ ਨੇ ਅਜਿਹੇ ਭਾਵ ਵਾਲੀਆਂ ਖਬਰਾਂ ਬਹੁਤ ਘੜੀਆਂ, ਜਿਨ੍ਹਾਂ ਵਿਚੋਂ 15-20 ਮੇਰੀ ਫਾਈਲ ਵਿਚ ਅਜੇ ਵੀ ਸਾਂਭੀਆਂ ਪਈਆਂ ਹਨ। ਪਾਠਕਾਂ ਦੀ ਦਿਲਚਸਪੀ ਲਈ ਇਨ੍ਹਾਂ ਵਿਚੋਂ ਕੁਝ ਖਬਰਾਂ ਨਮੂਨੇ ਵਜੋਂ ਪੇਸ਼ ਕੀਤੀਆਂ ਜਾ ਸਕਦੀਆਂ ਹਨ।



ਪ੍ਰੋ. ਕੁਲਵੰਤ ਸਿੰਘ ਗਰੇਵਾਲ

ਪਹਿਲੀ ਡੱਬੀ ਵਿਚ ਛਾਪੀ ਗਈ ਖਬਰ ਗਿੱਦੜਬਾਹਾ ਤੋਂ ਸਾਲ 1989 'ਚ ਕਿਸੇ ਕਥਿਤ 'ਲੋਕ ਜਾਗਰਨ ਮੰਚ' ਦੀ ਹੈ। ਇਸ ਖਬਰ ਵਿਚ ਪਹਿਲੇ ਅਤੇ ਪਿਛੋਂ ਦੇ ਦੋ ਪੈਰ੍ਹਿਆਂ ਨੂੰ ਛੱਡ ਕੇ ਬਾਕੀ ਸਾਰਾ ਮਸਾਲਾ ਬੱਲ ਦਾ ਪਾਇਆ ਹੋਇਆ ਹੈ। ਇਸ ਕਿਸਮ ਦੇ ਕਥਿਤ ਜਾਗ੍ਰਿਤੀ ਮੰਚਾਂ ਨੂੰ ਤਿੱਖੇ ਵਿਅੰਗ ਦੀ ਧਾਰ ਹੇਠ ਲਿਆ ਕੇ ਬੱਲ ਨੂੰ ਕੋਈ ਖਾਸ ਹੀ ਮਾਨਸਿਕ ਤਸੱਲੀ ਮਿਲਦੀ ਸੀ।

ਇਸ ਖਬਰ ਦੀ ਅਸਲ ਕਾਪੀ ਅਗਲੇ ਦਿਨ ਨਿਊਜ਼ ਐਡੀਟਰ ਨੇ ਕਢਵਾ ਲਈ ਅਤੇ ਕਈ ਦਿਨ ਰੌਲਾ ਪੈਂਦਾ ਰਿਹਾ ਕਿ ਇਹ ਕਿਸ ਕਿਸਮ ਦੀ ਐਡੀਟਿੰਗ ਹੈ? ਖਬਰ ਵਿਚ ਕਾਂਟ ਛਾਂਟ ਕਰਨ ਦੀ ਬਜਾਏ ਮੈਟਰ ਵਧਾ ਕਿਸ ਉਦੇਸ਼ ਲਈ ਦਿੱਤਾ ਗਿਆ? ਖਬਰ ਭੇਜਣ ਵਾਲਾ ਪੱਤਰਕਾਰ ਹੈਰਾਨ ਸੀ ਕਿ ਉਸ ਦੀ ਭੇਜੀ ਖਬਰ ਦਾ ਕੀ ਬਣ ਗਿਆ, ਪਰ ਇਸ ਗੱਲੋਂ ਖੁਸ਼ ਸੀ ਕਿ ਖਬਰ ਲੰਬੀ ਛਪੀ ਹੈ।

ਦੂਜੀ ਖਬਰ (ਡੱਬੀ-2) ਪੰਜਾਬੀ ਯੂਨੀਵਰਸਿਟੀ ਦੇ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਕਿਸੇ ਸਮਾਗਮ ਬਾਰੇ ਪੱਤਰਕਾਰ ਦਰਸ਼ਨ ਸਿੰਘ ਖੋਖਰ ਵੱਲੋਂ ਭੇਜੀ ਗਈ ਰਿਪੋਰਟ ਹੈ। ਇਸ ਰਿਪੋਰਟ ਵਿਚ ਵੀ ਪਹਿਲੇ ਅਤੇ ਪਿਛਲੇ ਦੋ ਕੁ ਪਹਿਰਿਆਂ ਨੂੰ ਛੱਡ ਕੇ ਸਿੱਖ ਚਿੰਤਕ ਪ੍ਰੋ. ਕੁਲਵੰਤ ਸਿੰਘ ਗਰੇਵਾਲ ਵਾਲਾ ਸਾਰਾ ਹਿੱਸਾ ਬੱਲ ਦਾ ਆਪਣੇ ਕੋਲੋਂ ਪਰ ਉਸ ਦੇ ਅਕਸਰ ਕਾਫੀ ਹਾਉਸ ਦੀਆਂ ਮਜਲਿਸਾਂ ਵਿਚ ਕੀਤੇ ਗਏ ਦਾਅਵਿਆਂ ਦੀ ਸਪਿਰਟ ਅਨੁਸਾਰ ਘੜ ਕੇ ਫਿਟ ਕੀਤਾ ਹੋਇਆ ਹੈ। ਪਹਿਲੀ ਖਬਰ ਵਿਚ ਜੇ ਹਿੰਦੂ ਜਾਗਰਨ ਮੰਚ 'ਤੇ ਵਿਅੰਗ ਹੈ ਤਾਂ ਇਸ ਦੂਜੀ ਖਬਰ ਵਿਚ ਉਸ ਤੋਂ ਵੀ ਤਿੱਖੇ ਅਤੇ ਸੂਖਮ ਵਿਅੰਗ ਦਾ ਨਿਸ਼ਾਨਾ ਪ੍ਰੋ. ਗਰੇਵਾਲ ਨੂੰ ਬਣਾਇਆ ਗਿਆ ਹੈ।

ਬੱਲ ਨੇ ਇਕ ਥੈਲਾ ਹਮੇਸ਼ਾਂ ਮੋਢਿਆਂ ਉਤੇ ਪਾਇਆ ਹੁੰਦਾ ਜਿਸ ਵਿਚ ਭਾਂਤ-ਸੁਭਾਂਤੀਆਂ ਕਿਤਾਬਾਂ ਤਾਂ ਹੁੰਦੀਆਂ ਹੀ, ਨਾਲ ਹੀ ਪਤਾ ਨਹੀਂ ਕਿੱਧਰ-ਕਿੱਧਰ ਦੀਆਂ ਖਬਰਾਂ ਵੀ ਇਸ ਵਿਚ ਭਰੀਆਂ ਹੁੰਦੀਆਂ। ਉਸ ਦਾ ਖਬਰਾਂ ਘੜਨ ਦਾ ਇਕ ਹੋਰ ਵੀ ਅਨੋਖਾ ਢੰਗ ਸੀ। ਫੋਨ 'ਤੇ ਕਦੀ ਕੋਈ ਪੱਤਰਕਾਰ ਖਬਰ ਲਿਖਾਉਂਦਾ ਤਾਂ ਬੱਲ ਉਸ ਤੋਂ ਖਬਰ ਦੇ ਇਕ-ਦੋ ਨੁਕਤੇ ਅਤੇ ਖਬਰ ਨਾਲ ਸਬੰਧਤ ਬੰਦਿਆਂ ਦੇ ਨਾਂ ਨੋਟ ਕਰ ਲੈਂਦਾ ਤੇ ਅਗਲੇ

### ਪਹਿਲੀ ਡੱਬੀ

**ਲੋਕ ਜਾਗਰਨ ਮੰਚ ਭਾਰਤੀਆਂ ਨੂੰ ਉਨ੍ਹਾਂ ਦੇ ਆਤਮਿਕ ਧੁਰੇ ਨਾਲ ਜੋੜੇਗਾ**

**ਗਿੱਦੜਬਾਹਾ, 30 ਮਾਰਚ (ਪੱਤਰ ਪ੍ਰੇਰਕ):** ਭਾਰਤੀ ਲੋਕਾਂ ਅੱਗੇ ਇਸ ਸਮੇਂ ਮੁੱਖ ਮਸਲਾ ਇਹ ਹੈ ਕਿ ਦੇਸ਼ ਅੰਦਰ ਚੱਲ ਰਹੇ ਬੁੱਚੜਖਾਨੇ ਬੰਦ ਕਰਵਾਏ ਜਾਣ ਅਤੇ ਕਸ਼ਮੀਰ ਵਾਦੀ ਅੰਦਰ ਕਸ਼ਮੀਰੀ ਪੰਡਤਾਂ ਨੂੰ ਵਾਪਸ ਭੇਜ ਕੇ ਦੇਸ਼ ਦੇ ਸਭ ਤੋਂ ਪਵਿੱਤਰ ਧਾਰਮਿਕ ਅਸਥਾਨ ਗੁਫਾ ਅਮਰਨਾਥ ਦੀ ਯਾਤਰਾ ਸਦਾ ਵਾਸਤੇ ਸੁਰੱਖਿਅਤ ਬਣਾਈ ਜਾਵੇ।

ਇਹ ਵਿਚਾਰ ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਕਾਇਮ ਕੀਤੇ ਗਏ ਲੋਕ ਜਾਗਰਨ ਮੰਚ ਦੇ ਪ੍ਰਧਾਨ ਸ੍ਰੀ ਬਨਾਰਸੀ ਦਾਸ ਬਾਂਸਲ ਵੱਲੋਂ ਪ੍ਰਗਟ ਕੀਤੇ ਗਏ ਹਨ। ਉਨ੍ਹਾਂ ਆਖਿਆ ਜਿਹੜੀਆਂ ਕੌਮਾਂ ਆਪਣੇ ਆਤਮਿਕ ਵਿਰਸੇ ਵੱਲੋਂ ਬੇਮੁਖ ਹੋ ਜਾਣ ਉਹ ਬਹੁਤ ਜਲਦੀ ਗਰਕ ਹੋ ਜਾਇਆ ਕਰਦੀਆਂ ਹਨ। ਭਾਰਤੀ ਲੋਕਾਂ ਨੂੰ ਇਹ ਗੱਲ ਕਦੀ ਵੀ ਮਨੋ ਨਹੀਂ ਵਿਸਾਰਨੀ ਚਾਹੀਦੀ ਕਿ ਉਨ੍ਹਾਂ ਦੇ ਆਤਮਿਕ ਵਿਰਸੇ ਦੀਆਂ ਜੜ੍ਹਾਂ ਅਮਰਨਾਥ ਦੀ ਗੁਫਾ ਵਿਚ ਹਨ। ਇਸ ਥਾਂ 'ਤੇ ਭਗਵਾਨ ਸ਼ਿਵ ਸਦੀਵੀ ਕਾਲ ਤੋਂ ਸੁੰਨ ਸਮਾਧ ਲਾਈ ਬੈਠੇ ਹਨ ਅਤੇ ਇਸੇ ਥਾਂ 'ਤੇ ਉਨ੍ਹਾਂ ਵਲੋਂ ਕਾਇਨਾਤ ਦੀ ਸਮੁੱਚੀ ਘਾੜਤ ਵਿਉਂਤੀ ਗਈ ਸੀ। ਇਸ ਲਈ ਹਿੰਦੁਸਤਾਨ ਦੇ ਲੋਕਾਂ ਲਈ ਇਸ ਪਵਿੱਤਰ ਅਸਥਾਨ ਦੀ ਅਹਿਮੀਅਤ ਉਸ ਤੋਂ ਵੱਧ ਹੈ ਜਿਤਨੀ ਕਿ ਯਹੂਦੀਆਂ ਲਈ ਜੈਰੂਸ਼ਲਮ ਪਵਿੱਤਰ ਦੀਵਾਰ ਦੀ ਹੈ।

ਸ੍ਰੀ ਬਾਂਸਲ ਨੇ ਕਿਹਾ ਕਿ ਯਹੂਦੀ ਲੋਕ ਘੱਟ ਗਿਣਤੀ ਵਿਚ ਸਨ ਅਤੇ ਹਜ਼ਾਰਾਂ ਸਾਲ ਘਰੋਂ ਬੇਘਰ ਹੋਏ ਰਹਿਣ ਦੇ ਬਾਵਜੂਦ ਯਹੂਦੀਆਂ ਦੀ ਆਤਮਿਕ ਤਾਕਤ ਦਾ ਰਾਜ਼ ਇਸ ਗੱਲ ਵਿਚ ਹੈ ਕਿ ਉਨ੍ਹਾਂ ਨੇ ਆਪਣੇ ਇਸ ਆਤਮਿਕ ਕੇਂਦਰ ਨੂੰ ਇਕ ਪਲ ਲਈ ਵੀ ਮਨੋਂ ਵਿਸਾਰਿਆ ਨਹੀਂ ਸੀ। ਇਸੇ ਪਵਿੱਤਰ ਆਤਮਿਕ ਧੁਰੇ ਲਈ ਤੜਪ ਵਿਚੋਂ ਹੀ ਯਹੂਦੀਆਂ ਨੇ ਸੰਸਾਰ ਨੂੰ ਆਈਨਸਟਾਈਨ ਸਮੇਤ ਅਨੇਕਾਂ ਸਾਇੰਸਦਾਨ, ਗਣਿਤ ਵਿਗਿਆਨੀ, ਲੇਖਕ, ਦਾਰਸ਼ਨਿਕ ਅਤੇ ਸੰਗੀਤਕਾਰ ਦਿੱਤੇ। ਇਸੇ ਤੜਪ ਵਿਚੋਂ ਇਸਰਾਈਲ ਹੋਂਦ ਵਿਚ ਆਇਆ ਅਤੇ ਉਹ ਆਪਣੀ ਪਵਿੱਤਰ ਦੀਵਾਰ ਤੱਕ ਪੁੱਜਣ ਵਿਚ ਸਫਲ ਹੋਏ। ਪ੍ਰੰਤੂ ਸਾਡੇ ਨੇਤਾਵਾਂ ਦਾ ਬਾਬਾ ਆਦਮ ਹੀ ਨਿਰਾਲਾ ਹੈ। ਸਾਡਾ ਆਪਣਾ ਭਾਰਤ ਮੁਲਕ ਹੈ। ਸਾਡੀ ਗਿਣਤੀ ਯਹੂਦੀਆਂ ਦੇ ਮੁਕਾਬਲੇ ਸੌ ਗੁਣਾ ਵੱਧ ਹੈ। ਪਵਿੱਤਰ ਅਮਰਨਾਥ ਦੀ ਗੁਫਾ ਆਪਣੇ ਦੇਸ਼ ਵਿਚ ਹੈ ਪਰ ਅਸੀਂ ਨਾ ਕੇਵਲ ਆਪਣੇ ਆਤਮਿਕ ਨਾੜੂਏ ਨਾਲੋਂ ਹੀ ਟੁੱਟੇ ਹੋਏ ਹਾਂ ਬਲਕਿ ਸਾਡੇ ਆਗੂਆਂ ਨੂੰ ਕੁਰਸੀ ਦੀ ਅੰਨ੍ਹੀ ਦੌੜ ਵਿਚ ਖਚਤ ਹੋਣ ਕਾਰਨ ਕਸ਼ਮੀਰ ਵਾਦੀ ਵਿਚੋਂ ਜ਼ਬਰਦਸਤ ਬਾਹਰ ਕੱਢੇ ਹੋਏ ਕਸ਼ਮੀਰੀ ਬ੍ਰਾਹਮਣ ਭਰਾਵਾਂ ਦੇ ਦੁੱਖ ਦਾ ਵੀ ਖਿਆਲ ਨਹੀਂ ਹੈ।

ਉਨ੍ਹਾਂ ਕਿਹਾ ਕਿ ਲੋਕ ਜਾਗਰਨ ਮੰਚ ਦੀ ਨੀਤੀ ਹੈ ਕਿ ਲੋਕ ਉਸ ਪਾਰਟੀ ਨੂੰ ਵੋਟ ਦੇਣ ਜੋ ਪਾਰਟੀ ਬਾਬਾ ਅਮਰਨਾਥ ਦੇ ਦਰਸ਼ਨਾਂ ਸਮੇਂ ਯਾਤਰੀਆਂ ਉਤੇ ਮੰਡਰਾਉਂਦੀ ਅਤਿਵਾਦ ਦੀ ਕਾਲੀ ਛਾਂ ਨੂੰ ਦੂਰ ਕਰ ਸਕੇ ਅਤੇ ਦੇਸ਼ ਵਿਚ ਗਊ ਹੱਤਿਆ 'ਤੇ ਰੋਕ ਲਾ ਸਕੇ। ਉਨ੍ਹਾਂ ਕਿਹਾ ਕਿ ਮੰਚ ਚਾਹੁੰਦਾ ਹੈ ਕਿ ਉਸ ਪਾਰਟੀ ਨੂੰ ਵੋਟ ਦਿੱਤਾ ਜਾਵੇ ਜੋ ਹਿੰਦੂ ਅਤੇ ਮੁਸਲਮਾਨਾਂ ਨੂੰ ਸਮਾਨ ਅਧਿਕਾਰ ਪ੍ਰਦਾਨ ਕਰੇ। ਜਦੋਂ ਕਿ ਸਰਕਾਰ ਇਮਾਮਾਂ ਨੂੰ ਤਾਂ ਤਨਖਾਹ ਦੇ ਰਹੀ ਹੈ ਅਤੇ ਹੱਜ ਯਾਤਰੀਆਂ ਨੂੰ ਵਿਸ਼ੇਸ਼ ਸੁਵਿਧਾਵਾਂ ਪ੍ਰਦਾਨ ਕਰ ਰਹੀ ਹੈ ਪਰ ਹਿੰਦੂਆਂ ਦੀ ਤੀਰਥ ਯਾਤਰਾ ਉਤੇ ਟੈਕਸ ਲਾ ਰਹੀ ਹੈ।

ਦੂਜੀ ਡੱਬੀ

## 'ਪੱਛਮੀ ਚਿੰਤਨ ਰਾਹੀਂ ਭਵਸਾਗਰ ਪਾਰ ਨਹੀਂ ਹੋ ਸਕਦਾ'

**ਪਟਿਆਲਾ (ਦਰਸ਼ਨ ਖੋਖਰ):** ਗੁਰਮਤਿ ਸਾਹਿਤ ਦੇ ਪ੍ਰਸਿੱਧ ਵਿਦਵਾਨ ਡਾ. ਗੁਰਚਰਨ ਸਿੰਘ ਨੇ ਕਿਹਾ ਕਿ ਆਦਿ ਕਾਲ ਤੋਂ ਹੀ ਮਨੁੱਖ ਸੱਚ ਦੀ ਖੋਜ ਵਿਚ ਸੰਘਰਸ਼ਸ਼ੀਲ ਰਿਹਾ ਹੈ ਭਾਵੇਂ ਉਹ ਜੀਵਨ ਦੇ ਕਿਸੇ ਵੀ ਖੇਤਰ ਵਿਚ ਵਿਚਰ ਰਿਹਾ ਹੋਵੇ ਪਰ ਸੱਚ ਮ੍ਰਿਗ-ਛਲ ਵਾਂਗ ਉਸ ਤੋਂ ਹੋਰ ਦੂਰ ਹੁੰਦਾ ਗਿਆ ਹੈ। ਡਾ. ਗੁਰਚਰਨ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵੱਲੋਂ ਯੂਨੀਵਰਸਿਟੀ ਦੇ ਵਿਗਿਆਨ ਭਵਨ ਵਿਚ ਗੁਰੂ ਨਾਨਕ ਸਿਮਰਤੀ ਵਿਖਿਆਨਮਾਲਾ ਦੇ ਅੰਤਰਗਤ ਆਯੋਜਿਤ ਦੋ-ਰੋਜ਼ਾ ਗੋਸ਼ਟੀ ਦਾ ਉਦਘਾਟਨ ਕਰ ਰਹੇ ਸਨ। ਉਨ੍ਹਾਂ ਅੱਗੇ ਕਿਹਾ ਕਿ ਸਮੇਂ-ਸਮੇਂ ਅਧਿਆਤਮਕ ਪੱਧਰ 'ਤੇ ਵਿਸਮਾਦਿਕ ਅਵਸਥਾ ਵਿਚ ਸੱਚ ਨੂੰ ਸੀਮਤ ਭਾਸ਼ਾ ਵਿਚ ਸਮਝਣ ਦੀ ਕੋਸ਼ਿਸ਼ ਹੁੰਦੀ ਰਹੀ ਹੈ। ਬੌਧਿਕ ਪੱਧਰ 'ਤੇ ਇਹ ਵਿਖਿਆਨ ਮਾਲਾ ਵੀ ਉਸੇ ਲੜੀ ਦਾ ਹਿੱਸਾ ਹੈ ਜਿਸ ਵਿਚ ਵਿਦਵਾਨ ਸ਼ਾਬਦਿਕ ਰੂਪ ਵਿਚ ਸੱਚ ਦੇ ਕੀਤੇ ਗਏ ਪ੍ਰਗਟਾਵੇ ਨੂੰ ਸਮਝਣ ਦਾ ਯਤਨ ਕਰ ਰਹੇ ਹਨ ਤਾਂ ਜੋ ਇਸ ਸੰਕਲਪ ਦੀ ਕਿਸੇ ਕਿਰਨ ਦੀ ਪ੍ਰਾਪਤੀ ਹੋ ਸਕੇ।

ਇਸ ਮੌਕੇ ਸਥਾਨਕ ਵਿਦਵਾਨ ਪ੍ਰੋ. ਕੁਲਵੰਤ ਸਿੰਘ ਗਰੇਵਾਲ ਨੇ ਇਹ ਗੱਲ ਜ਼ੋਰ ਦੇ ਕੇ ਆਖੀ ਕਿ ਪੂਰਬੀ ਸਭਿਅਤਾ ਦੀ ਨੁਹਾਰ ਪੱਛਮੀ ਸਭਿਅਤਾ ਤੋਂ ਬਿਲਕੁਲ ਅਲੱਗ ਹੈ। ਮਾਨਵ ਜਾਤੀ ਜਦੋਂ ਤਕ ਵੀ ਹੋਂਦ ਵਿਚ ਰਹੇਗੀ, ਇਸ ਦੀ ਅੰਤਿਮ ਸੱਚ ਦੀ ਪ੍ਰਾਪਤੀ ਲਈ ਤੜਪ ਅਤੇ ਤਲਾਸ਼ ਵੀ ਬਣੀ ਰਹੇਗੀ ਪ੍ਰੰਤੂ ਪੂਰਬ ਦੇ ਮਨੁੱਖ ਨੂੰ ਅਜਿਹਾ ਕਰਦਿਆਂ ਆਤਮਿਕ ਸੇਧ ਅਤੇ ਆਪਣੇ ਗੁਰੂਆਂ-ਪੀਰਾਂ ਵਲੋਂ ਦਰਸਾਏ ਰਾਹਾਂ ਤੋਂ ਲੈਣੀ ਪਵੇਗੀ ਅਤੇ ਪੱਛਮ ਦੇ ਮਾਰਕਸਵਾਦੀ, ਅਧੁਨਿਕਵਾਦੀ ਅਤੇ ਪਾਰ-ਅਧੁਨਿਕਤਾਵਾਦੀ ਸਿਧਾਂਤਾਂ ਵੱਲ ਝਾਕ ਛੱਡਣੀ ਹੋਵੇਗੀ।

ਪ੍ਰੋ. ਗਰੇਵਾਲ ਨੇ ਦੱਸਿਆ ਕਿ ਜੇਕਰ ਮਨੁੱਖ ਦੀ ਮੁਕਤੀ ਅਤੇ ਉਸ ਦੀ ਆਤਮਿਕ ਪਿਆਸ ਅਜਿਹੇ ਨਿਰਪੇਖ ਸਿਧਾਂਤਾਂ ਨਾਲ ਹੋ ਸਕਦੀ ਹੁੰਦੀ ਤਾਂ ਨਾ ਤਾਂ ਫਰਾਂਸੀਸੀ ਮਾਰਕਸਵਾਦੀ-ਸੰਰਚਨਾਵਾਦੀਆਂ ਦੇ ਉਸਤਾਦ ਲੂਈ ਅਲਤਿਉਸੇਰ ਨੂੰ ਆਤਮ ਹੱਤਿਆ ਕਰਨੀ ਪੈਂਦੀ, ਨਾ ਮਿਸ਼ੈਲ ਫੂਕੋ ਵਰਗਾ ਪਾਰ-ਆਧੁਨਿਕਤਾਵਾਦੀ ਉਸਤਾਦ ਏਡਜ਼ ਵਰਗੀ ਨਾਮੁਰਾਦ ਬਿਮਾਰੀ ਨਾਲ ਮਰਦਾ ਅਤੇ ਨਾ ਪ੍ਰਵਚਨਾਂ ਦੀ ਸੁਤੰਤਰਤਾ ਦੇ ਝੰਡਾ ਬਰਦਾਰ ਮਹਾਂ ਚਿੰਤਕ ਗਾਈਲਜ਼ ਦੇਲੀਊਸ਼ ਨੂੰ ਹੀ ਇਕੱਲਤਾ ਦੇ ਸੰਤਾਪ ਤੋਂ ਬਚਣ ਲਈ ਬਾਰੀ ਵਿਚੋਂ ਛਲਾਂਗ ਮਾਰ ਕੇ ਆਪਣੀ ਜਾਨ ਗੁਆਉਣੀ ਪੈਂਦੀ। ਉਨ੍ਹਾਂ ਦੱਸਿਆ ਕਿ ਇਹ ਤਿੰਨੇ ਉਹ ਚਿੰਤਕ ਸਨ ਜਿਨ੍ਹਾਂ ਨੇ 70ਵਿਆਂ ਤੋਂ ਲੈ ਕੇ 90ਵਿਆਂ ਤੱਕ ਦੁਨੀਆਂ ਭਰ ਦੀਆਂ ਯੂਨੀਵਰਸਿਟੀਆਂ ਵਿਚ ਵਿਦਵਾਨਾਂ ਨੂੰ ਚਕਾਚੌਂਧ ਕਰੀ ਰੱਖਿਆ ਅਤੇ ਫਿਰ ਪਿਛਲੇ ਕੁਝ ਵਰ੍ਹਿਆਂ 'ਚ ਥੋੜ੍ਹੇ ਥੋੜ੍ਹੇ ਸਮੇਂ ਦੇ ਅੰਤਰ ਨਾਲ ਤਿੰਨੇ ਬਹੁਤ ਤ੍ਰਾਸਦਿਕ ਤਰੀਕਿਆਂ ਨਾਲ ਮੌਤ ਦੇ ਮੂੰਹ ਵਿਚ ਜਾ ਡਿੱਗੇ। ਭਵਸਾਗਰ ਪਾਰ ਕਰਵਾ ਸਕਣ ਦੀ ਉਨ੍ਹਾਂ ਦੇ ਚਿੰਤਨ ਵਿਚ ਕੋਈ ਜੁਗਤ ਮੌਜੂਦ ਨਹੀਂ ਸੀ।

ਇਸ ਅਵਸਰ 'ਤੇ ਗੋਸ਼ਟੀ ਦੇ ਮੁੱਖ ਪ੍ਰਵਕਤਾ ਅਤੇ ਪੰਜਾਬ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਡਾ. ਗੋਬਿੰਦ ਨਾਥ ਰਾਜਗੁਰੂ ਨੇ ੴ ਦੇ ਸੰਕਲਪ ਬਾਰੇ ਆਪਣਾ ਖੋਜ ਪੱਤਰ ਪੇਸ਼ ਕਰਦੇ ਹੋਏ ਕਿਹਾ ਕਿ ਗੁਰੂ ਨਾਨਕ ਸਾਹਿਬ ਨੇ ਆਪਣੇ ਇਸ ਸੰਕਲਪ ਰਾਹੀਂ ਟੁਕੜੇ ਟੁਕੜੇ ਹੋਏ ਇਸ ਸਮਾਜ ਨੂੰ ਇਕ ਸੂਤਰ ਵਿਚ ਪ੍ਰੋਣ ਦਾ ਸੰਦੇਸ਼ ਦਿੱਤਾ ਸੀ। ...

ਵਿਭਾਗ ਵੱਲੋਂ ਡਾ. ਗੁਰਨਾਮ ਕੌਰ ਨੇ ਗੁਰਮਤਿ ਸਾਹਿਤ ਦੇ ਖੋਜ ਖੇਤਰ ਵਿਚ ਵਿਭਾਗੀ ਪ੍ਰਾਪਤੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਇਨ੍ਹਾਂ ਭਾਸ਼ਨ ਲੜੀਆਂ ਦੇ ਉਦੇਸ਼ਾਂ ਬਾਰੇ ਦੱਸਿਆ। ਵਿਚਾਰ ਗੋਸ਼ਟੀ ਵਿਚ ਹੋਈ ਚਰਚਾ ਵਿਚ ਡਾ. ਜੋਧ ਸਿੰਘ, ਡਾ. ਮੰਜੁਲਾ ਸਹਿਦੇਵ, ਡਾ. ਹੁਕਮ ਚੰਦ ਰਾਜਪਾਲ ਅਤੇ ਡਾ. ਬਿਕਰਮ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਕਿਤਾਬਾਂ ਵੀ ਰਿਲੀਜ਼ ਕੀਤੀਆਂ। ਡਾ. ਬਲਕਾਰ ਸਿੰਘ ਨੇ ਧੰਨਵਾਦੀ ਸ਼ਬਦ ਕਹੇ।

ਦਿਨ ਉਸ ਪੱਤਰ ਪ੍ਰੇਰਕ ਦੇ ਨਾਂ ਹੇਠ ਵਡੀ ਸਾਰੀ ਖਬਰ ਅਖਬਾਰ ਵਿਚ ਛਪੀ ਹੁੰਦੀ ਅਤੇ ਇਸ ਵਿਚ ਕਈ ਕੁਝ ਉਹ ਵੀ ਹੁੰਦਾ ਜਿਸ ਦਾ ਪੱਤਰ ਪ੍ਰੇਰਕ ਨੇ ਕਦੀ ਸੁਪਨਾ ਵੀ ਨਹੀਂ ਸੀ ਲਿਆ ਹੁੰਦਾ।

1996 ਦੇ ਅੱਧ ਵਿਚ ਮੈਂ ਚੰਡੀਗੜ੍ਹ ਤੋਂ ਸ਼ਿਕਾਗੋ ਚਲਾ ਆਇਆ। 1999 ਦੇ ਸ਼ੁਰੂ ਵਿਚ ਜਦੋਂ ਵਾਪਸ ਚੰਡੀਗੜ੍ਹ ਗਿਆ ਤਾਂ ਨਰਿੰਦਰ ਭੁੱਲਰ ਨੇ ਕੋਲੋਂ ਖਬਰਾਂ ਘੜਨ ਦੇ ਬੱਲ ਦੇ ਖਬਤ ਦੀ ਗੱਲ ਕਰਦਿਆਂ 1997 ਦੇ ਸ਼ੁਰੂ ਵਿਚ ਕੋਲੋਂ ਘੜੀ 'ਸੂਚਨਾ ਦੇ ਅਧਿਕਾਰ' ਵਾਲੀ ਇਕ ਬੜੀ ਹੀ ਦਿਲਚਸਪ ਰਿਪੋਰਟ ਦੀ ਕਾਪੀ ਦਿੱਤੀ। ਇਹ ਵੀ ਮੇਰੀ ਫਾਈਲ ਵਿਚ ਸਾਂਭੀ ਪਈ ਹੈ। ਇਥੇ ਇਹ ਰਿਪੋਰਟ ਵੀ ਜਰਾ ਕੁ ਸੰਪਾਦਨ ਨਾਲ ਛਾਪੀ ਜਾ ਰਹੀ ਹੈ। (ਡੱਬੀ-3)

ਹੋਇਆ ਇੰਜ ਕਿ ਪੰਜਾਬੀ ਯੂਨੀਵਰਸਿਟੀ ਵਿਚ ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ ਵਾਲੇ ਡਾ. ਹਰਜਿੰਦਰ ਵਾਲੀਆ ਨੇ ਆਪਣੀ ਪੈਂਠ ਬਣਾਉਣ ਲਈ 'ਸੂਚਨਾ ਦਾ ਅਧਿਕਾਰ' ਬਾਰੇ ਉਨ੍ਹੀਂ ਦਿਨੀਂ ਨਵੀਂ ਚੱਲੀ ਬਹਿਸ 'ਤੇ ਗੋਸ਼ਟੀ ਕਰਵਾਈ। ਸੱਦੇ ਗਏ ਮਾਨਵ ਅਧਿਕਾਰਾਂ ਵਾਲਾ ਵਕੀਲ ਨਵਕਿਰਨ ਸਿੰਘ ਅਤੇ ਹੋਰ ਕਈ ਅਹਿਮ ਬੁਲਾਰੇ ਪੁੱਜ ਨਾ ਸਕੇ। ਬੱਲ ਖੁਦ ਵੀ ਸੈਮੀਨਾਰ ਵਿਚ ਹਾਜ਼ਰ ਨਾ ਹੋ ਸਕਿਆ। ਸਬੱਬ ਨਾਲ ਮੁੱਖ ਬੁਲਾਰਾ ਡਾ. ਗੁਰਭਗਤ ਸਿੰਘ ਸੀ। ਬੱਲ ਉਸ ਦੀ ਵਿਦਵਤਾ ਅਤੇ ਪੜ੍ਹਾਈ ਦੀ ਰੇਂਜ ਦਾ ਕਦਰਦਾਨ ਸੀ ਪਰ ਉਸ ਨੂੰ ਖਿਝ ਸੀ ਕਿ ਸਾਰੇ ਆਧੁਨਿਕ ਚਿੰਤਨ ਨੂੰ ਡਾਕਟਰ ਸਾਹਿਬ ਖਾਹਮਖਾਹ ਹੀ ਸਿੱਖੀ ਚਿੰਤਨ ਨਾਲ ਘੁਚੂੰ ਮਚੂੰ ਕਰੀ ਜਾ ਰਹੇ ਸਨ। ਸੂਚਨਾ ਦੇ ਸਿਧਾਂਤ ਬਾਰੇ ਵੀ ਉਸੇ ਤਰ੍ਹਾਂ ਦੇ ਅੰਟ ਸ਼ੰਟ ਦਾਅਵੇ ਉਨ੍ਹਾਂ ਨੇ ਗੋਸ਼ਟੀ ਵਿਚ ਕਰ ਦਿੱਤੇ ਸਨ। ਇਹ ਗੋਸ਼ਟੀ ਸੋਮਵਾਰ ਨੂੰ ਹੋਈ ਸੀ। ਅੰਗਰੇਜ਼ੀ ਤੇ ਪੰਜਾਬੀ ਅਖਬਾਰਾਂ ਦੇ 15-20 ਨੁਮਾਇੰਦੇ ਗੋਸ਼ਟੀ ਵਿਚ ਹਾਜ਼ਰ ਹੋਏ ਸਨ। ਪਰ ਖਬਰ ਕੇਵਲ ਰੋਜ਼ਾਨਾ 'ਅਜੀਤ' ਵਿਚ ਅਤੇ ਉਹ ਵੀ ਦੋ ਦਿਨ ਬਾਅਦ ਦੋ ਪੈਰ੍ਹਿਆਂ ਦੀ ਹੀ ਲੱਗੀ ਸੀ। ਪੱਤਰਕਾਰ ਆਪਣੀ ਆਦਤ ਅਨੁਸਾਰ ਗੋਸ਼ਟੀ ਦੇ ਪ੍ਰਬੰਧਕਾਂ ਕੋਲੋਂ ਲਿਖਤੀ ਪ੍ਰੈਸ ਨੋਟ ਚਾਹੁੰਦੇ ਸਨ, ਜੋ ਮਿਲਿਆ ਨਹੀਂ ਸੀ। ਬੱਲ ਦਾ ਵੀ ਇਸ ਝੰਜਟ ਵਿਚ ਪੈਣ ਦਾ ਮਨ ਨਹੀਂ ਸੀ। ਵੀਰਵਾਰ ਦਾ ਦਿਨ ਸੀ। ਉਸ ਦਿਨ ਸਭ ਤੋਂ ਵੱਧ, ਯਾਨਿ 58 ਕਾਲਮ ਮੈਟਰ ਦੇਣਾ ਸੀ। ਬੱਲ ਦੀ ਸਵੇਰ ਦੀ ਡਿਊਟੀ ਸੀ। ਪ੍ਰੋ. ਸ਼ਾਮ ਸਿੰਘ ਨੇ 3 ਵਜੇ ਸ਼ਿਫਟ ਦਾ ਚਾਰਜ ਸੰਭਾਲਿਆ ਤਾਂ ਅਜੇ 38 ਕਾਲਮ ਤਾਜਾ ਮੈਟਰ ਚਾਹੀਦਾ ਸੀ। ਸਟਾਫ ਵੀ ਘੱਟ ਸੀ। ਸ਼ਾਮ ਸਿੰਘ ਨੇ ਕੁਰਸੀ 'ਤੇ ਬਹਿੰਦੇ ਸਾਰ ਹੀ ਬੱਲ ਨੂੰ ਆਪਣੇ ਥੈਲੇ ਵਾਲੀਆਂ ਸਾਰੀਆਂ ਖਬਰਾਂ ਦੇ ਜਾਣ ਲਈ ਆਖਿਆ ਪਰ ਉਹ ਖਬਰਾਂ ਤਾਂ ਬੱਲ ਸਵੇਰ ਦਾ ਹੀ ਬਣਾ ਕੇ ਪ੍ਰੈਸ ਨੂੰ ਤੋਰ ਚੁਕਾ ਸੀ। ਬੱਲ ਨੇ ਆਖਿਆ ਕਿ ਉਦੋਂ ਤੱਕ ਤਾਂ ਇਕ ਖਬਰ ਉਸ ਦੇ ਸਿਰ ਵਿਚਲੀ ਹੀ ਰਹਿ ਗਈ ਸੀ ਅਤੇ ਇਹ ਖਬਰ ਸੂਚਨਾ ਅਧਿਕਾਰ ਸੈਮੀਨਾਰ ਵਾਲੀ ਸੀ।

ਡਾ. ਹਰਜਿੰਦਰ ਵਾਲੀਆ ਦਾ ਮਨ ਰਿਪੋਰਟ ਪੜ੍ਹ ਕੇ ਖਿੜ ਗਿਆ ਸੀ ਅਤੇ ਉਸ ਨੇ ਪੂਰਾ ਵਰ੍ਹਾ ਇਸ ਦੀ ਕਟਿੰਗ ਵਿਭਾਗ ਦੇ ਸਾਈਨ ਬੋਰਡ 'ਤੇ ਟੰਗੀ ਰੱਖੀ ਸੀ। ਇਸ ਖਬਰ 'ਤੇ ਡਾ. ਗੁਰਭਗਤ ਸਿੰਘ, ਬੱਲ ਉਪਰ ਕਾਫੀ ਖਫਾ ਖੂਨ ਹੋਏ ਅਤੇ ਪਿਛੋਂ ਕਈ ਵਰ੍ਹੇ ਬਾਬੇ ਨਾਲ ਕਲਾਮ ਤੱਕ ਵੀ ਨਾ ਕੀਤੀ। ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਉਸ ਸਮੇਂ ਸ. ਸ਼ੰਗਾਰਾ ਸਿੰਘ ਭੁੱਲਰ ਸਨ। ਡਾ. ਗੁਰਭਗਤ ਸਿੰਘ ਨੇ ਉਨ੍ਹਾਂ ਕੋਲ ਗੰਭੀਰ ਵਿਸ਼ੇ 'ਤੇ ਹੋਈ ਬਹਿਸ ਨੂੰ ਵਿਅੰਗ ਰੂਪ ਵਿਚ ਪੇਸ਼ ਕਰਨ ਲਈ ਬੱਲ ਵਿਰੁਧ ਲਿਖਤੀ ਸ਼ਿਕਾਇਤ ਵੀ ਕੀਤੀ ਪਰ ਭੁੱਲਰ ਸਾਹਿਬ ਨੇ ਚਿੱਠੀ ਪੜ੍ਹ ਕੇ ਹੱਸ ਛੱਡਿਆ ਸੀ।

ਬੱਲ ਨੂੰ ਹੁਣ ਤੱਕ ਵੀ ਆਪਣੀਆਂ ਅਜਿਹੀਆਂ 'ਮਨੋਕਲਪਿਤ' ਖਬਰਾਂ ਬਣਾਉਣ 'ਤੇ ਕੋਈ ਅਫਸੋਸ ਨਹੀਂ। ਉਸ ਨੂੰ ਕਥਿਤ ਤੱਥ ਅਧਾਰਤ ਰਿਪੋਰਟਾਂ ਤੋਂ ਇਹ ਖਬਰਾਂ ਜਾਂ ਰਿਪੋਰਟਾਂ ਕਿਤੇ ਵਧੇਰੇ ਅਰਥਵਾਨ ਲੱਗਦੀਆਂ ਹਨ ਬਸ਼ਰਤੇ ਕਿ ਪਾਠਕਾਂ ਵਿਚ ਸੂਖਮ ਵਿਅੰਗ ਨੂੰ ਸਮਝਣ ਜਾਂ ਮਾਨਣ ਦੀ ਸੂਝ ਤੇ ਸਮਰੱਥਾ ਹੋਵੇ। ਮੈਂ ਪੁਛਿਆ ਕਿ ਉਹ ਖਬਰ ਵਿਚ ਇੰਜ ਕੋਲੋਂ ਕਈ ਕੁਝ ਕਿਉਂ ਪਾਉਂਦਾ ਹੈ? ਜਵਾਬ ਸੀ, ਹਿੰਦੂ ਮੰਚ, ਕੁਲਵੰਤ ਗਰੇਵਾਲ ਜਾਂ ਡਾ. ਗੁਰਭਗਤ ਸਿੰਘ ਵਰਗੇ 'ਚਿੰਤਕਾਂ ਜਾਂ ਧਿਰਾਂ ਦੇ ਸਿਰਾਂ ਵਿਚ ਜੰਮੀ ਬਰਫ ਨੂੰ ਤੋੜਨ ਲਈ' ਅਜਿਹੇ ਤਿੱਖੇ ਵਿਅੰਗਾਂ ਦੀ ਆਰ ਤੋਂ ਬਿਨਾਂ ਹੋਰ ਰਾਹ ਵੀ ਕੀ ਸੀ? ਉਸ ਅਨੁਸਾਰ ਕੁਲਵੰਤ ਗਰੇਵਾਲ ਅਤੇ ਡਾ. ਗੁਰਭਗਤ ਸਿੰਘ 'ਕੱਚੇ ਚਿੰਤਨ ਦੇ ਸਿਰਲੱਥ ਅਲੰਬਰਦਾਰ' ਹਨ। ਉਹ ਦਾਅਵਾ ਜੀਵਨ ਵਿਚ ਸ਼ਾਇਰੀ ਤੇ ਸੰਗੀਤ ਨਾਲ ਜੁੜੇ ਹੋਏ ਮੁੱਲਾਂ ਦੀ ਰਾਖੀ ਦਾ ਕਰਦੇ ਹਨ ਪਰ ਉਨ੍ਹਾਂ ਨੂੰ ਜ਼ਰਾ ਭਰ ਵੀ ਇਸ ਕਿਸਮ ਦੇ ਖਤਰੇ ਦੀ ਸੋਝੀ ਨਹੀਂ ਕਿ ਉਨ੍ਹਾਂ ਦਾ ਚਿੰਤਨ ਅਮਲ ਵਿਚ ਜਦੋਂ ਉਤਰੇਗਾ ਤਾਂ ਕਿਵੇਂ ਸਭ ਤੋਂ ਪਹਿਲਾਂ ਇਨ੍ਹਾਂ ਕਦਰਾਂ ਦਾ ਹੀ ਘਾਣ ਕਰੇਗਾ।



ਡਾ. ਗੁਰਭਗਤ ਸਿੰਘ

ਗੁਰਦਿਆਲ ਬੱਲ ਲਈ ਜ਼ਿੰਦਗੀ ਦਾ ਹਰ ਪਲ, ਹਰ ਦਿਨ ਇਕ ਨਵਿਓਂ ਨਵਾਂ ਜਸ਼ਨ ਹੈ ਅਤੇ 'ਪੰਜਾਬੀ ਟ੍ਰਿਬਿਊਨ' ਇਸ ਲਈ ਇਕ ਮੰਚ ਸੀ। ਉਹ ਜ਼ਿੰਦਗੀ ਨੂੰ ਕਿਸੇ ਪਵਿੱਤਰ ਜਸ਼ਨ ਵਾਂਗ ਜਿਊਣ ਦਾ ਮੌਕਾ ਦੇਣ ਲਈ ਬਰਜਿੰਦਰ ਭਾਅ ਜੀ ਦਾ ਕੋਟਾਨਿ ਕੋਟਿ ਰਿਣੀ ਹੈ।

ਦੁਮਛੱਲਾ: 1992 ਦੀ ਗੱਲ ਹੈ। ਟ੍ਰਿਬਿਊਨ ਕਾਲੋਨੀ ਵਿਚ ਮੇਰੇ ਘਰ ਰੰਮ ਦੇ ਪੈਗ ਫੜੀ ਅਸੀਂ ਉਪਰ ਬਰਸਾਤੀ ਵਿਚ ਚਲੇ ਗਏ। ਬੱਲ ਉਰਦੂ ਦੇ ਕਿਸੇ ਸ਼ਾਇਰ ਦਾ ਸ਼ੇਅਰ 'ਪੀਸ ਡਾਲਾ ਹੈ ਆਸਮਾਂ ਨੇ ਮੁਝੇ, ਕਿਸ ਕੇ ਰਾਹ ਕਾ ਗੁਬਾਰ ਹੋਨੇ ਕੋ' ਗੁਣਗੁਣਾ ਰਿਹਾ ਸੀ। ਮੈਂ ਇਸ ਮਿਸਰੇ ਦਾ ਸਿੱਧਾ ਅਰਥ ਕਰਨ ਲਈ ਕਿਹਾ ਤਾਂ ਬੱਲ ਦਾ ਅਸਿੱਧਾ ਜਵਾਬ ਸੀ, "ਅਮੋਲਕ, ਮੈਨੂੰ ਆਇਸਾਡੋਰਾ ਡੰਕਨ, ਅੰਮ੍ਰਿਤਾ ਸ਼ੇਰਗਿੱਲ, ਮਦਾਮ ਬਾਵਾਰੀ ਅਤੇ ਅੰਨਾ ਕਾਰਨਿਨਾ ਦੇ ਤਸੱਵਰਾਂ ਨੇ ਸਰਸ਼ਾਰ ਕਰੀ ਰੱਖਿਆ ਹੈ। ਇਹ ਚਾਰੇ ਮੈਨੂੰ ਆਪਣੀਆਂ ਧਰਮ ਭੈਣਾਂ ਲਗਦੀਆਂ ਹਨ। ਜ਼ਿੰਦਗੀ ਸੋਹਣੀ ਹੈ ਅਤੇ ਇਹ ਤਸੱਵਰ ਮੈਨੂੰ ਸਦਾ ਯਾਦ ਕਰਵਾਈ ਰਖਦੇ ਹਨ ਕਿ ਇਨਸਾਨ ਸੁਹੱਪਣ ਦੀਆਂ ਐਸੀਆਂ ਉਚੀਆਂ ਸਿਖਰਾਂ ਨੂੰ ਛੂਹ ਸਕਦਾ ਹੈ। ਮੈਂ ਦਿਨ ਰਾਤ ਸੋਚਦਾ ਰਹਿਨਾਂ ਕਿ ਇਨ੍ਹਾਂ ਚੌਹਾਂ ਵਿਚੋਂ ਸਾਰਿਆਂ ਤੋਂ ਚੰਗੀ, ਯਾਨਿ ਆਪਣੀ ਰਾਣੀ ਭੈਣ ਕੀਹਨੂੰ ਕਹਾਂ। ਪਤਾ ਨਹੀਂ ਲਗਦਾ, ਕਿਸੇ ਗੱਲ ਦਾ ਵੀ, ਪਤਾ ਨਹੀਂ ਲੱਗਦਾ!"



ਪ੍ਰੋ. ਅਮਰਜੀਤ ਸਿੰਘ ਪਰਾਗ

ਬੱਲ 1998 ਵਿਚ ਪੰਜਾਬੀ ਟ੍ਰਿਬਿਊਨ ਦੀ ਨੌਕਰੀ ਛਡ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੱਤਰਕਾਰੀ ਵਿਭਾਗ ਵਿਚ ਚਲਾ ਗਿਆ ਸੀ, ਜਿਥੋਂ ਦੋ ਕੁ ਸਾਲ ਪਹਿਲਾਂ ਉਹ ਰਿਟਾਇਰ ਹੋ ਗਿਆ ਅਤੇ ਅਜਕਲ੍ਹ ਪਟਿਆਲੇ ਹੀ ਵਸਦਾ ਹੈ।

ਤੀਜੀ ਡੱਬੀ

## 'ਸੂਚਨਾ ਦਾ ਅਧਿਕਾਰ' ਵਿਸ਼ੇ 'ਤੇ ਸੈਮੀਨਾਰ ਯਾਦਗਾਰੀ ਹੋ ਨਿਬੜਿਆ

**ਪਟਿਆਲਾ:** 'ਸੰਚਾਰ' ਪਟਿਆਲਾ ਅਤੇ ਪੰਜਾਬ ਯੂਨੀਅਨ ਆਫ ਜਰਨਲਿਸਟਸ (ਰਜਿ.) ਵੱਲੋਂ ਸਾਂਝੇ ਤੌਰ ਉਤੇ ਪਿਛਲੇ ਦਿਨੀਂ ਇਥੇ ਪੰਜਾਬੀ 'ਵਰਸਿਟੀ ਦੇ ਸਟੂਡੈਂਟਸ ਹੋਮ ਵਿਖੇ 'ਸੂਚਨਾ ਦਾ ਅਧਿਕਾਰ ਅਤੇ ਭਾਰਤੀ ਜਮਹੂਰੀਅਤ' ਵਿਸ਼ੇ ਉਤੇ ਕਰਵਾਇਆ ਗਿਆ ਸੈਮੀਨਾਰ ਉਸ ਸਮੇਂ ਯਾਦਗਾਰੀ ਹੋ ਨਿਬੜਿਆ ਜਦੋਂ ਪਾਰ ਆਧੁਨਿਕਵਾਦ ਦੇ ਧੁਨੰਤਰ ਵਿਦਵਾਨ ਡਾ. ਗੁਰਭਗਤ ਸਿੰਘ ਅਤੇ ਉਨ੍ਹਾਂ ਦੇ ਸਮਕਾਲੀ ਪ੍ਰੋ. ਅਮਰਜੀਤ ਸਿੰਘ ਪਰਾਗ ਵਿਚਾਲੇ ਵਿਚਾਰਾਂ ਦਾ ਅਜਿਹਾ ਦਵੰਦ ਯੁੱਧ ਹੋਇਆ ਕਿ ਡਾ. ਗੁਰਭਗਤ ਸਿੰਘ ਨੂੰ ਹੱਥ ਖੜ੍ਹੇ ਕਰ ਕੇ ਹਾਰ ਕਬੂਲ ਕਰਨੀ ਪਈ। ਸੈਮੀਨਾਰ ਦੇ ਮੁੱਖ ਬੁਲਾਰੇ ਅਤੇ ਮੁੱਖ ਮਹਿਮਾਨ ਵੀ ਕਰਮਵਾਰ ਡਾ. ਗੁਰਭਗਤ ਸਿੰਘ ਅਤੇ ਪ੍ਰੋ. ਅਮਰਜੀਤ ਸਿੰਘ ਪਰਾਗ ਸਨ ਅਤੇ ਬਹਿਸ ਚਰਚਾ ਦੀ ਸੰਜੀਦਗੀ ਅਤੇ ਤੀਖਣਤਾ ਤੋਂ ਲੱਗਦਾ ਸੀ, ਜਿਵੇਂ ਪ੍ਰਬੰਧਕਾਂ ਵਲੋਂ ਇਹ ਵਿਚਾਰਧਾਰਕ 'ਘੋਲ' ਬਾਕਾਇਦਾ ਕਰਵਾਇਆ ਵੀ ਮਿਥ ਕੇ ਹੀ ਗਿਆ ਹੋਵੇ।

ਸੈਮੀਨਾਰ ਦੌਰਾਨ ਪਹਿਲਾਂ ਡਾ. ਗੁਰਭਗਤ ਸਿੰਘ ਨੇ ਮਨੁੱਖੀ ਇਤਿਹਾਸ ਵਿਚ ਜਮਹੂਰੀਅਤ ਦੇ ਸੰਕਲਪ ਅਤੇ ਇਸ ਦੇ ਵਿਕਾਸ ਬਾਰੇ ਪੂਰੇ ਵਿਸਥਾਰ ਵਿਚ ਰੋਸ਼ਨੀ ਪਾਈ। ਉਨ੍ਹਾਂ ਨੇ ਅਜਿਹਾ ਕਰਦਿਆਂ ਜਮਹੂਰੀ ਪ੍ਰਣਾਲੀ ਦੇ ਬਰਤਾਨਵੀ 'ਵੈਸਟ ਮਿਨਸਟਰ' ਅਤੇ ਅਮਰੀਕਨ ਮਾਡਲਾਂ ਦੀਆਂ ਸਾਂਝਾਂ ਤੇ ਅੰਤਰਾਂ ਦਾ ਨਿਖੇੜਾ ਕਰਦਿਆਂ ਇਨ੍ਹਾਂ ਦੋਵੇਂ ਮਾਡਲਾਂ ਦੇ ਗੁਣਾਂ-ਔਗੁਣਾਂ ਬਾਰੇ ਸਮਝਾਇਆ ਅਤੇ ਇਹ ਵੀ ਦੱਸਿਆ ਕਿ ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਭਾਰਤੀ ਹਾਕਮਾਂ ਨੂੰ ਆਪਣੇ ਹਿਤਾਂ-ਹੱਕਾਂ ਦੀ ਰਾਖੀ ਲਈ ਜਮਹੂਰੀਅਤ ਦਾ ਬਰਤਾਨਵੀ ਮਾਡਲ ਕਿਉਂ ਵਧੇਰੇ ਸੂਟ ਕਰਦਾ ਸੀ। ਉਨ੍ਹਾਂ ਸਮਾਜਵਾਦੀ ਜਮਹੂਰੀਅਤ ਦੇ ਮਾਡਲ ਦੀਆਂ ਘਾਟਾਂ ਦਾ ਵੀ ਵੇਰਵੇ ਸਹਿਤ ਜ਼ਿਕਰ ਕੀਤਾ ਅਤੇ ਦਾਅਵਾ ਕੀਤਾ ਕਿ ਇਹ ਸਾਰੀਆਂ ਪ੍ਰਣਾਲੀਆਂ ਮੱਧਕਾਲੀ ਅੰਧਕਾਰ ਵਿਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਵਜੋਂ ਸਾਹਮਣੇ ਆਏ ਯੂਰਪੀਨ ਪੁਨਰਜਾਗ੍ਰਿਤੀ ਦੇ ਪ੍ਰਾਜੈਕਟ ਦੀ ਹੀ ਪੈਦਾਇਸ਼ ਸਨ। ਧਰਮ ਅਤੇ ਵਿਸ਼ਵਾਸ ਦੇ ਮੁਕਾਬਲੇ ਤਰਕ ਅਤੇ ਵਿਗਿਆਨ ਦੀ 'ਅੰਤਿਮ ਫਤਿਹ' ਵਿਚ ਅੰਨ੍ਹੇ ਵਿਸ਼ਵਾਸ 'ਤੇ ਅਧਾਰਤ ਜਮਹੂਰੀ ਉਦਾਰਵਾਦ ਅਤੇ ਮਾਰਕਸੀ ਸਮਾਜਵਾਦ ਦੀਆਂ ਬੁਲੰਦ ਬਾਂਗ ਵਿਚਾਰਧਾਰਾਵਾਂ ਵਿਚ ਵਖਰੇਵੇਂ ਲਈ ਕੋਈ ਜਗ੍ਹਾ ਨਹੀਂ ਸੀ। ਇਹੋ ਕਾਰਨ ਸੀ ਕਿ ਜਾਣੇ-ਅਣਜਾਣੇ ਇਨ੍ਹਾਂ ਸਾਰੇ ਸਿਧਾਂਤਾਂ ਨੇ ਨਾਅਰੇ ਮਨੁੱਖ ਦੀ ਬਰਾਬਰੀ ਦੇ ਲਾਏ, ਵਾਅਦੇ ਸੁਤੰਤਰਤਾ ਦੇ ਕੀਤੇ-ਪ੍ਰੰਤੂ ਅਮਲੀ ਰੂਪ ਵਿਚ ਹੁੰਦਾ ਇਹ ਰਿਹਾ ਕਿ ਮਨੁੱਖ ਆਤਮਕ ਅਤੇ ਪਦਾਰਥਕ ਦੋਵਾਂ ਖੇਤਰਾਂ ਵਿਚ ਸਿਸਟਮ ਦੇ ਮੂਹਰੇ ਵਧੇਰੇ ਨਿਤਾਣਾ ਹੁੰਦਾ ਗਿਆ। ਗੁਲਾਮੀ ਵਧਦੀ ਗਈ ਅਤੇ ਨਾਬਰਾਬਰੀ ਵੀ ਵੱਧ ਪੱਕੇ ਪੈਰੀਂ ਹੁੰਦੀ ਗਈ।

ਡਾ. ਗੁਰਭਗਤ ਸਿੰਘ ਨੇ ਕਿਹਾ ਕਿ ਜਮਹੂਰੀਅਤ ਦੇ ਅਜਿਹੇ ਮੋਟਾ ਪੀਹਣ ਵਾਲੇ ਇਸ ਫਾਸ਼ੀ ਪ੍ਰਵਚਨ ਵਿਚ ਭਾਰਤੀ ਉਪ ਮਹਾਂਦੀਪ ਦੇ ਵਿਲੱਖਣ ਸਭਿਆਚਾਰਾਂ ਦੀ ਖੁਸ਼ਬੋਈ ਨੂੰ ਵਧਣ ਫੁੱਲਣ ਅਤੇ ਮੌਲਣ ਦਾ ਮੌਕਾ ਦੇਣ ਲਈ ਕੋਈ ਵਾਅਦਾ ਨਹੀਂ ਸੀ ਅਤੇ ਸਿਸਟਮ ਦੀ ਸਾਜ਼ਿਸ਼ ਵਿਰੁਧ ਪੰਜਾਬ, ਕਸ਼ਮੀਰ, ਅਸਾਮ ਜਾਂ ਨਾਗਾਲੈਂਡ ਦੇ ਲੋਕਾਂ ਨੇ ਜਦੋਂ ਜਦੋਂ ਖੰਡੇ ਖਿੱਚੇ ਤਾਂ ਹਾਕਮ ਜਮਾਤਾਂ ਉਨ੍ਹਾਂ ਲੋਕਾਂ ਦੀ ਹੱਕੀ ਪੀੜਾ ਨੂੰ ਸਮਝਣ ਦੀ ਬਜਾਏ ਵਾਰ ਵਾਰ ਬੁਖਲਾਹਟ ਦਾ ਸ਼ਿਕਾਰ ਹੁੰਦੀਆਂ ਗਈਆਂ।

ਨਿਤਾਣੇ ਸਭਿਆਚਾਰਾਂ ਦੇ ਲੋਕਾਂ ਦੇ ਸੰਘਰਸ਼ਾਂ ਦੇ ਹੱਕ ਵਿਚ ਹਿੱਕ ਥਾਪੜ ਕੇ ਭੁਗਤਦਿਆਂ ਉਹ ਪੰਜਾਬ ਦੇ ਪਿਛਲੇ ਵਰ੍ਹਿਆਂ ਦੀ ਖਾੜਕੂ ਲਹਿਰ ਵੱਲ ਪਰਤੇ ਅਤੇ ਉਨ੍ਹਾਂ ਪ੍ਰੈਸ ਦੇ ਮਾੜੇ ਰੋਲ ਅਤੇ ਪੱਤਰਕਾਰਾਂ ਦੀ ਗੁਲਾਮ ਜ਼ਹਿਨੀਅਤ 'ਤੇ ਤਾਬੜਤੋੜ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਸਰੋਤਿਆਂ ਦੀ ਵਾਹ ਵਾਹ ਦੌਰਾਨ ਉਨ੍ਹਾਂ ਦੱਸਿਆ ਕਿ ਇਥੇ ਦੋਸ਼ ਵਿਚਾਰੇ ਪੱਤਰਕਾਰਾਂ ਦਾ ਨਹੀਂ ਬਲਕਿ ਉਨ੍ਹਾਂ ਸਾਰੀਆਂ ਸੰਸਥਾਵਾਂ ਦੀ ਸਾਜ਼ਿਸ਼ ਦਾ ਸੀ ਜਿਨ੍ਹਾਂ ਦੇ ਕਿ ਉਹ ਅੰਗ ਹਨ ਅਤੇ ਜਿਹੜੀਆਂ ਕਿ ਟਿਕੀਆਂ ਹੀ ਮਨੁੱਖ ਨੂੰ ਟੇਮ ਕਰਨ ਜਾਂ ਸਿਧਾਉਣ ਦੇ ਉਦੇਸ਼ ਉਪਰ ਹੋਈਆਂ ਸਨ। ਫਰਾਂਸ ਦੇ ਫੂਕੋ ਨਾਂ ਦੇ ਫਿਲਾਸਫਰ ਦੇ ਵਿਚਾਰਾਂ ਦੇ ਹਵਾਲੇ ਨਾਲ ਉਨ੍ਹਾਂ ਦੱਸਿਆ ਕਿ ਹੁਣ ਉਹ ਵਕਤ ਆ ਪੁੱਜਾ ਹੈ ਜਦੋਂ ਮਨੁੱਖ ਨੇ ਇਨ੍ਹਾਂ ਕਥਿਤ ਮਹਾਨ ਸਿਧਾਂਤਾਂ ਅਤੇ ਉਨ੍ਹਾਂ ਦਾ ਦਮ ਭਰਨ ਵਾਲੀਆਂ ਜ਼ਾਲਮ ਹਾਕਮ ਧਿਰਾਂ ਦੀ ਸਾਜ਼ਿਸ਼ ਨੂੰ ਸਮਝ ਲਿਆ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਦੁਨੀਆਂ ਭਰ ਦੇ ਮਨੁੱਖ ਆਪੋ ਆਪਣੇ ਲੋਕ ਸਭਿਆਚਾਰਾਂ ਦੀ ਰਾਖੀ ਲਈ ਉਠਣਗੇ ਅਤੇ ਸਾਰੀ ਦੁਨੀਆਂ ਵਿਚ ਵਿਲੱਖਣ ਸਭਿਆਚਾਰਾਂ ਦੀ ਖੁਸ਼ਬੋਈ ਫੈਲ ਜਾਵੇਗੀ।

ਖਾੜਕੂ ਲਹਿਰ ਵਿਚ ਪੱਤਰਕਾਰਾਂ ਦੇ ਰੋਲ ਵੱਲ ਪਰਤਦਿਆਂ ਉਨ੍ਹਾਂ ਕਿਹਾ ਕਿ ਬਾਹਰਲੇ ਪੱਤਰਕਾਰ ਸੱਜਣ ਉਨ੍ਹਾਂ ਔਖੇ ਸਮਿਆਂ ਵਿਚ ਪੁਲਿਸ ਦੇ ਹੱਥਠੋਕੇ ਬਣੇ ਰਹੇ ਅਤੇ ਲਹਿਰ ਨੂੰ ਬਦਨਾਮ ਕਰਨ ਲਈ ਉਹ ਉਹੋ ਪ੍ਰੈਸ ਨੋਟ ਹੀ ਅਖਬਾਰਾਂ ਵਿਚ ਛਪਵਾਈ ਗਏ ਜੋ ਕਿ ਸਿਸਟਮ ਦੀ ਰੱਖਿਆ ਕਰਨ ਵਾਲੀ ਦੂਸਰੀ ਅਹਿਮ ਸੰਸਥਾ ਪੁਲਿਸ ਦੇ ਨੁਮਾਇੰਦੇ ਉਨ੍ਹਾਂ ਨੂੰ ਘੜ ਘੜ ਕੇ ਦਿਆ ਕਰਦੇ ਸਨ। ... ਅੱਗੋਂ ਹੋਰ ਬੰਬ ਉਨ੍ਹਾਂ ਇਹ ਸੁੱਟਿਆ ਕਿ ਪੱਤਰਕਾਰਾਂ ਦੀ ਜ਼ਮੀਰ ਦੀ ਆਵਾਜ਼ ਅੰਦਰੋਂ ਉਸ ਸਮੇਂ ਇਸ ਕਰਕੇ ਨਾ ਕੂਕੀ ਕਿ ਉਨ੍ਹਾਂ ਨੂੰ ਸਿਸਟਮ ਦੀ ਸੇਵਾ ਕਰਨ ਵਾਲੀ ਸੰਸਥਾ-ਜਾਨੀ ਕਿ ਯੂਨੀਵਰਸਿਟੀਆਂ ਨੇ ਪਹਿਲਾਂ ਹੀ ਆਪਣੀ ਲੋੜ ਲਈ ਸਿਧਾਇਆ ਹੋਇਆ ਸੀ।

ਉਹ ਆਪਣੇ ਭਾਸ਼ਨ ਦੀ ਧਾਰਾ ਸਿਸਟਮ ਦੀ ਰਾਖੀ ਕਰਨ ਵਾਲੀਆਂ ਹੋਰ ਸੰਸਥਾਵਾਂ ਵੱਲ ਮੋੜਨ ਬਾਰੇ ਅਜੇ ਸੋਚ ਹੀ ਰਹੇ ਸਨ ਕਿ ਪ੍ਰਬੰਧਕਾਂ ਨੇ ਪ੍ਰੋ. ਅਮਰਜੀਤ ਸਿੰਘ ਪਰਾਗ ਨੂੰ ਮੈਦਾਨ ਵਿਚ ਉਤਰਨ ਲਈ ਸੰਕੇਤ ਕਰ ਦਿੱਤਾ। ਪ੍ਰੋ. ਪਰਾਗ ਨੇ ਮਾਈਕ ਸੰਭਾਲਦਿਆਂ ਹੀ ਡਾ. ਗੁਰਭਗਤ ਸਿੰਘ ਨੂੰ ਵੰਗਾਰਿਆ ਅਤੇ ਕਿਹਾ ਕਿ ਪਾਰ ਆਧੁਨਿਕ ਨੇਂਹਵਾਦ ਤੇ ਉਹਦੇ ਸਮਰਥਕਾਂ ਦਾ ਸਾਰਾ ਪ੍ਰਵਚਨ ਵੀ ਉਸੇ ਤਰ੍ਹਾਂ ਦੇ ਵਿਚਾਰਧਾਰਕ ਹੰਕਾਰ ਤੇ ਆਧਾਰਤ ਸੀ ਅਤੇ ਫਾਸ਼ੀਵਾਦ ਵੱਲ ਰੁਚਿਤ ਸੀ ਜਿਸ ਕਿਸਮ ਦੇ ਹੰਕਾਰ ਜਾਂ ਫਾਸ਼ੀਵਾਦੀ ਸੁਝਾਅ ਲਈ ਕਿ ਉਹ ਪੂਰਵ ਸਭਿਆਚਾਰਾਂ ਵਿਰੁਧ ਜਹਾਦ ਦਾ ਸੱਦਾ ਦੇ ਰਹੇ ਹਨ। ਉਨ੍ਹਾਂ ਬਹੁਤ ਹੀ ਵਿਹਾਰਕ ਅਤੇ ਮਿੱਠੀਆਂ ਮਿਸਾਲਾਂ ਦੇ ਕੇ ਪਹਿਲਾਂ ਮੰਨਿਆ ਕਿ ਇਹ ਠੀਕ ਹੈ ਕਿ ਸੰਸਥਾਵਾਂ ਮਨੁੱਖ ਨੂੰ ਸਿਧਾਉਂਦੀਆਂ ਹਨ, ਉਸ ਦੀ ਪਹਿਲਕਦਮੀ ਦੀ 'ਸਪੇਸ' ਨੂੰ ਤਬਾਹ ਕਰਦੀਆਂ ਹਨ ਅਤੇ ਨਾਲ ਹੀ ਜ਼ੋਰ ਦੇ ਕੇ ਕਿਹਾ ਕਿ ਸੰਸਥਾਵਾਂ ਦੇ ਰੋਲ ਨੂੰ ਅਜਿਹੀ ਮਜਾਹੀਆ ਇਕਪਾਸੜਤਾ ਤਕ ਵੀ ਮਹਿਦੂਦ ਨਹੀਂ ਕੀਤਾ ਜਾ ਸਕਦਾ। ਮਸਲਨ ਉਨ੍ਹਾਂ ਕਿਹਾ ਕਿ ਸਾਡੀ ਇਥੇ ਵਿਆਹ ਦੀ ਸੰਸਥਾ ਹੈ ਜਿਸ ਵਿਰੁਧ ਉਤਰ-ਆਧੁਨਿਕਵਾਦ ਤੋਂ ਪ੍ਰੇਰਿਤ ਫੈਮੀਨਿਸਟਾਂ ਨੇ ਅੱਜ ਸਭ ਤੋਂ ਵੱਧ ਪਰਸ ਰਾਮ ਵਾਲਾ ਕੁਹਾੜਾ ਚੁੱਕਿਆ ਹੋਇਆ ਹੈ। ਇਹ ਸੰਸਥਾ ਔਰਤ ਨੂੰ ਨਿਰਸੰਦੇਹ ਸਿਧਾਉਂਦੀ ਹੈ। ... ਔਰਤ ਨੂੰ ਸੁਤੰਤਰ ਹੋਣ ਦੀ ਵੀ ਲੋੜ ਹੈ ਪਰ ਕੀ ਵਿਆਹ ਦੀ ਸੰਸਥਾ ਕੇਵਲ ਇਤਨੀ ਕੁ ਹੀ ਗੱਲ ਹੈ। ਉਨ੍ਹਾਂ ਡਾ. ਗੁਰਭਗਤ ਸਿੰਘ ਨੂੰ ਲਲਕਾਰ ਕੇ ਕਿਹਾ ਕਿ ਡਾਕਟਰ ਸਾਹਿਬ ਜਾਓ, ਜਾ ਕੇ ਆਪਣੇ ਉਤਰ ਆਧੁਨਿਕ ਪੰਡਤਾਂ ਨੂੰ ਇਹ ਗੱਲ ਦੱਸ ਆਵੋ ਕਿ ਮਾਨਵੀ ਸਭਿਅਤਾ ਦਾ ਬਹੁਤ ਜ਼ਿਆਦਾ ਵਿਕਾਸ ਹੋਇਆ ਹੈ ਅਤੇ ਇਸ ਵਿਕਾਸ ਦੀ ਬੁਨਿਆਦ ਉਸੇ ਟੱਬਰ ਦੀ ਸੰਸਥਾ 'ਤੇ ਖੜ੍ਹੀ ਹੈ ਜਿਸ ਵਿਰੁਧ ਉਨ੍ਹਾਂ ਨੇ ਕੁਹਾੜਾ ਚੁੱਕਿਆ ਹੋਇਆ ਹੈ।

ਪ੍ਰੋ. ਪਰਾਗ ਨੇ ਬਹੁਤ ਹੀ ਗਹਿਨ ਕਲਾਸੀਕਲ ਸ਼ੈਲੀ ਵਿਚ ਡਾ. ਗੁਰਭਗਤ ਸਿੰਘ ਨੂੰ ਵਾਸਤਾ ਪਾ ਕੇ ਕਿਹਾ ਕਿ ਉਹ ਨਵੇਂ ਵਿਚਾਰਾਂ ਦੇ ਜੋਸ਼ ਵਿਚ ਯੋਰਪੀ ਐਨਲਾਈਟਨਮੈਂਟ ਦੇ ਪ੍ਰਾਜੈਕਟ ਤੇ ਐਂ ਕਾਲੀ ਕੀੜੀ ਨਾ ਫੇਰਨ। ਉਨ੍ਹਾਂ ਕਿਹਾ ਕਿ ਪੁਲਿਸ ਦਾ, ਪੱਤਰਕਾਰਾਂ ਦਾ ਅਤੇ ਯੂਨੀਵਰਸਿਟੀਆਂ ਦਾ ਰੋਲ ਵੀ ਇਕਪਾਸੜ ਤਰੀਕੇ ਨਾਲ ਨਕਾਰਿਆ ਨਹੀਂ ਜਾ ਸਕਦਾ। ਉਨ੍ਹਾਂ ਡਾ. ਗੁਰਭਗਤ ਸਿੰਘ ਨੂੰ ਯਾਦ ਕਰਾਇਆ ਕਿ ਜੇਕਰ ਪੁਲਿਸ ਅਤੇ ਪੱਤਰਕਾਰ ਜ਼ਾਲਮ ਸਿਸਟਮ ਦੇ ਹੱਕ ਵਿਚ ਭੁਗਤ ਰਹੇ ਵਰਸਿਟੀ ਪ੍ਰਬੰਧ ਦੀ ਪੈਦਾਇਸ਼ ਹਨ ਤਾਂ ਡਾ. ਗੁਰਭਗਤ ਸਿੰਘ ਜਾਂ ਸਿਸਟਮ ਵਿਰੁਧ ਲੜਨ ਵਾਲੇ ਨੌਜਵਾਨ ਮੁਜਾਹਿਦ ਵੀ ਇਨ੍ਹਾਂ ਯੂਨੀਵਰਸਿਟੀਆਂ ਵਿਚੋਂ ਹੀ ਪੜ੍ਹ ਕੇ ਆਏ ਸਨ। ਪ੍ਰੋ. ਪਰਾਗ ਨੇ ਕਿਹਾ ਕਿ ਜੇ ਆਧੁਨਿਕ ਵਿਦਿਅਕ ਪ੍ਰਣਾਲੀ ਦਾ ਨਾਕਾਰਾਤਮਿਕ ਚਿਹਰਾ ਹੀ ਦਿਖਾਉਣਾ ਹੈ, ਫੂਕੋ, ਦੈਰਿਦਾ ਜਾਂ ਯੱਕ ਲਾਕਾਂ ਵਰਗੇ ਔਖੇ ਔਖੇ ਨਾਂ ਲੈ ਕੇ ਡਰਾਉਣ ਦੀ ਵੀ ਭਲਾ ਕੀ ਲੋੜ ਹੈ। ਇਸ ਕਿਸਮ ਦੀਆਂ ਗੱਲਾਂ ਤਾਂ ਸਾਡੇ ਆਪਣੇ ਮਾਨਵਵਾਦੀ ਲੋਕ ਪੱਖੀ ਉਰਦੂ ਕਵੀ ਅਕਬਰ ਇਲਾਹਾਬਾਦੀ ਨੇ 100-150 ਵਰ੍ਹੇ ਪਹਿਲਾਂ ਹੀ ਕੀਤੀਆਂ ਹੋਈਆਂ ਹਨ। ਜਦੋਂ ਉਨ੍ਹਾਂ ਅਕਬਰ ਇਲਾਹਾਬਾਦੀ ਦਾ ਤਨਜ਼ੀਆ ਸ਼ੇਅਰ 'ਯੂੰ ਕਤਲ ਸੇ ਬੱਚੋਂ ਕੇ ਵੋਹ ਬਦਨਾਮ ਨਾ ਹੋਤਾ, ਅਫਸੋਸ ਕਿ ਫਰਾਊਨ ਕੋ ਕਾਲਜ ਕੀ ਨਾ ਸੂਝੀ' ਸੁਣਾਇਆ ਤਾਂ ਮਾਹੌਲ ਹਾਸੇ ਨਾਲ ਭਰ ਗਿਆ ਤੇ ਫਿਰ ਜਦੋਂ ਸਾਡੇ ਮਿਥਿਹਾਸ ਦੇ ਰਾਜੇ ਕੰਸ ਦੇ ਕ੍ਰਿਸ਼ਨ ਨੂੰ ਮਰਵਾਉਣ ਦੀ ਕੋਸ਼ਿਸ਼ ਵਰਗੀ ਰਾਜੇ ਫਰਾਊਨ ਦੀ ਕਥਾ ਉਨ੍ਹਾਂ ਨੇ ਸੁਣਾਈ ਤਾਂ ਸੈਮੀਨਾਰ ਵਿਚ ਬੈਠੇ ਦਰਸ਼ਕ ਇਕ ਵਾਰ ਮੁੜ ਵਾਹ ਵਾਹ ਕਰ ਉਠੇ।

ਇਹੋ ਮੌਕਾ ਸੀ ਜਦੋਂ ਡਾ. ਗੁਰਭਗਤ ਸਿੰਘ ਨੇ ਖੇਡ ਭਾਵਨਾ ਦਿਖਾਉਂਦਿਆਂ ਹੱਸ ਕੇ ਹੱਥ ਖੜ੍ਹੇ ਕੀਤੇ ਅਤੇ ਗੋਸ਼ਟੀਆਂ ਦਾ ਸਿਲਸਿਲਾ ਅੱਗੋਂ ਜਾਰੀ ਰੱਖਣ ਦੇ ਐਲਾਨ ਨਾਲ ਪ੍ਰਬੰਧਕਾਂ ਵੱਲੋਂ ਇਸ 'ਇਤਿਹਾਸਕ' ਮੈਚ ਨੂੰ ਬਰਾਬਰੀ 'ਤੇ ਛੁਡਾ ਦਿੱਤਾ ਗਿਆ। ਪ੍ਰੋ. ਪਰਾਗ ਨੇ ...ਡਾ. ਗੁਰਭਗਤ ਸਿੰਘ ਦੇ ਇਸ ਵਿਚਾਰ ਨਾਲ ਪੂਰਨ ਸਹਿਮਤੀ ਪ੍ਰਗਟਾਈ ਕਿ ਭਾਰਤ ਵਿਚ ਜਮਹੂਰੀਅਤ ਦੀ ਪ੍ਰਣਾਲੀ ਨੂੰ ਵਧੇਰੇ ਨਰੋਈਆਂ ਲੀਹਾਂ 'ਤੇ ਲਿਆਉਣ ਦੀ ਨਿਸ਼ਚੇ ਹੀ ਕੋਸ਼ਿਸ਼ ਹੋਣੀ ਚਾਹੀਦੀ ਹੈ ਅਤੇ ਅਜਿਹਾ ਕਰਨ ਲਈ ਪ੍ਰੈਸ ਦੀ ਸੁਤੰਤਰਤਾ ਅਤੇ ਸੂਚਨਾ ਦੇ ਅਧਿਕਾਰ ਦੀ ਯਕੀਨਨ ਲੋੜ ਹੈ।

ਸੈਮੀਨਾਰ ਦੌਰਾਨ ਪ੍ਰਬੰਧਕਾਂ ਵੱਲੋਂ ਪ੍ਰੋ. ਹਰਜਿੰਦਰ ਵਾਲੀਆ ਅਤੇ ਸ੍ਰੀ ਅਸ਼ੋਕ ਸਿੰਘੀ ਨੇ ਬਾਰਸ਼ ਦੇ ਬਾਵਜੂਦ ਸਮਾਗਮ ਵਿਚ ਪੁੱਜੇ 'ਦਰਸ਼ਕਾਂ' ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਲਾਲਾ ਹਰਦਿਆਲ: ਬੌਧਿਕ ਬੁਲੰਦੀ ਦਾ ਮੁਜੱਸਮਾ-2

**ਬਾਤਾਂ ਗਦਰ ਦੀਆਂ**

# ਲਾਲਾ ਹਰਦਿਆਲ ਅਤੇ ਗਦਰ ਲਹਿਰ

*ਆਜ਼ਾਦੀ ਦੀ ਲੜਾਈ ਵਿਚ ਲਾਲਾ ਹਰਦਿਆਲ ਦਾ ਯੋਗਦਾਨ ਅਭੁੱਲ ਹੈ। ਉਨ੍ਹਾਂ ਦੀ ਬੌਧਿਕ ਸਮਰੱਥਾ ਬਾਰੇ ਤਾਂ ਕਿਸੇ ਨੂੰ ਕੋਈ ਸ਼ੱਕ ਹੈ ਹੀ ਨਹੀਂ ਸੀ, ਜਦੋਂ ਅਮਰੀਕਾ ਦੀ ਧਰਤੀ ਉਤੇ ਆਜ਼ਾਦੀ ਦੀ ਲਹਿਰ ਗਦਰ ਦੇ ਰੂਪ ਵਿਚ ਕਰਵਟ ਲੈ ਰਹੀ ਸੀ ਤਾਂ ਉਸ ਵੇਲੇ ਉਨ੍ਹਾਂ ਵੱਲੋਂ ਕੀਤੀਆਂ ਪਹਿਲਕਦਮੀਆਂ ਨੇ ਉਨ੍ਹਾਂ ਦੀ ਜਥੇਬੰਦਕ ਸਮਰੱਥਾ ਦੇ ਦਰਸ਼ਨ ਵੀ ਕਰਵਾਏ। ਉਦੋਂ ਉਨ੍ਹਾਂ ਗਦਰ ਲਹਿਰ ਦੀ ਧਾਰ ਬੰਨ੍ਹਣ ਵਿਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਦਾ ਜੀਵਨ ਲਗਾਤਾਰ ਗਤੀਸ਼ੀਲ ਰਿਹਾ ਅਤੇ ਉਹ ਹਰ ਵਾਰ ਆਪਣੇ ਲਈ ਆਪ ਰਾਸਤੇ ਤਿਆਰ ਕਰਦੇ ਰਹੇ। ਚਰਨ ਸਿੰਘ ਜੱਜ ਦੇ ਇਸ ਲੇਖ ਵਿਚ ਉਨ੍ਹਾਂ ਦੀ ਇਸੇ ਪ੍ਰਤਿਭਾ ਬਾਰੇ ਗੱਲਾਂ ਕੀਤੀਆਂ ਗਈਆਂ ਹਨ। -ਸੰਪਾਦਕ*

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

### ਗਦਰ ਲਹਿਰ ਦੀ ਸਥਾਪਨਾ

ਲਾਲਾ ਹਰਦਿਆਲ ਬਰਕਲੇ ਵਿਚ ਰਹਿੰਦਿਆਂ ਸਰਕਾਰੀ, ਗੈਰ-ਸਰਕਾਰੀ, ਸਮਾਜਕ, ਸਭਿਆਚਾਰਕ, ਪੱਤਰਕਾਰੀ ਅਤੇ ਸਾਹਿਤਕ ਖੇਤਰ ਵਿਚ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਸਨ। ਉਨ੍ਹਾਂ ਦੀਆਂ ਲਿਖਤਾਂ ਵਿਚ ਚਮਤਕਾਰੀ ਸ਼ਕਤੀ ਸੀ। ਉਨ੍ਹਾਂ ਦੀ ਅਣਥੱਕ ਮਿਹਨਤ ਸਦਕਾ ਭਾਰਤੀਆਂ ਅੰਦਰ ਨਵੀਂ ਚੇਤਨਾ ਦਾ ਪਾਸਾਰ ਹੋਣ ਲੱਗਾ। ਉਨ੍ਹਾਂ ਦਾ ਇਕੋ

**ਚਰਨ ਸਿੰਘ ਜੱਜ**
ਫੋਨ: 916-256-5367

ਮਨੋਰਥ ਸੀ ਕਿ ਭਾਰਤ ਵਿਚੋਂ ਬਰਤਾਨਵੀ ਸਰਕਾਰ ਖਤਮ ਕਰਨਾ ਅਤੇ ਭਾਰਤ ਦੇ ਹਰ ਖੇਤਰ ਵਿਚ ਪਰਿਵਰਤਨ ਲਿਆਉਣਾ। ਇਸ ਕੰਮ ਲਈ ਉਨ੍ਹਾਂ ਭਾਸ਼ਣਾਂ, ਲੇਖਾਂ, ਮੀਟਿੰਗਾਂ ਰਾਹੀਂ ਕਿਰਤੀ ਨੌਜੁਆਨਾਂ ਅਤੇ ਵਿਦਿਆਰਥੀਆਂ ਵਿਚ ਨਵੀਂ ਸ਼ਕਤੀ ਦਾ ਸੰਚਾਰ ਕੀਤਾ। ਭਾਰਤੀਆਂ ਅਤੇ ਪੰਜਾਬੀ ਸਿੱਖ ਕਿਰਤੀਆਂ ਲਈ ਉਨ੍ਹਾਂ ਏਕਤਾ ਕਮੇਟੀਆਂ ਬਣਾਈਆਂ। ਸਾਰੇ ਕਿਰਤੀਆਂ ਵੱਲੋਂ ਮੰਗ ਪੱਤਰ ਪੇਸ਼ ਕੀਤੇ ਗਏ। ਖੇਤ ਮਾਲਕਾਂ ਤੇ ਉਦਯੋਗਪਤੀਆਂ ਨੂੰ ਪਤਾ ਲੱਗ ਗਿਆ ਕਿ ਤਕੜੀ ਜਥੇਬੰਦੀ ਬਣ ਗਈ ਹੈ, ਹੁਣ ਬਹੁਤੀ ਦੇਰ ਬੇਇਨਸਾਫੀ ਨਹੀਂ ਕੀਤਾ ਜਾ ਸਕਦੀ। ਫਿਰ ਉਹ ਸਟਾਕਟਨ (ਕੈਲੀਫੋਰਨੀਆ) ਪੁੱਜੇ ਅਤੇ ਉਥੇ ਸ. ਜਵਾਲਾ ਸਿੰਘ ਅਤੇ ਸੰਤ ਵਿਸਾਖਾ ਸਿੰਘ ਨੂੰ ਮਿਲੇ ਜਿਨ੍ਹਾਂ ਨੇ ਭਾਰਤੀਆਂ, ਵਿਸ਼ੇਸ਼ ਤੌਰ 'ਤੇ ਪੰਜਾਬੀ ਕਿਰਤੀ ਕਿਸਾਨਾਂ ਨਾਲ ਹੁੰਦੇ ਧੱਕਿਆਂ ਸਬੰਧੀ ਉਨ੍ਹਾਂ ਨੂੰ ਵਿਸਥਾਰ ਨਾਲ ਸਮਝਾਇਆ ਅਤੇ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਲਈ ਆਪ ਨੂੰ ਕਿਹਾ।

ਸਟਾਕਟਨ ਵਿਚ ਭਾਰਤ ਤੋਂ ਆਏ ਪਰਵਾਸੀ ਸਿੱਖ ਵਧੇਰੇ ਸਨ। ਉਸ ਸਮੇਂ ਇਨ੍ਹਾਂ ਦੇ ਕੰਮ ਕਰਨ ਅਤੇ ਮਿਹਨਤਾਨੇ ਦੇ ਮਾਮਲਿਆਂ ਵਿਚ ਝਗੜੇ ਹੁੰਦੇ ਰਹਿੰਦੇ ਸਨ। ਭਾਰਤੀ ਅਤੇ ਹੋਰ ਪਰਵਾਸੀਆਂ ਨਾਲੋਂ ਪੰਜਾਬੀ ਵਧੇਰੇ ਮਿਹਨਤ ਕਰਨ ਕਰ ਕੇ ਖੁਸ਼ਹਾਲ ਸਨ। ਉਥੇ ਗੁਰਦੁਆਰਾ ਵੀ ਸੀ। ਸ. ਜਵਾਲਾ ਸਿੰਘ ਤੇ ਸੰਤ ਬਾਬਾ ਵਿਸਾਖਾ ਸਿੰਘ ਨੇ ਭਾਰਤੀ ਵਿਦਿਆਰਥੀਆਂ ਲਈ ਮਦਦ ਜਾਂ ਵਜ਼ੀਫਿਆਂ ਦਾ ਐਲਾਨ ਵੀ ਕੀਤਾ ਹੋਇਆ ਸੀ। ਹਰਦਿਆਲ ਦੇ ਸੁਝਾਅ 'ਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਵਜ਼ੀਫਾ ਦੇਣ ਦਾ ਫੈਸਲਾ ਵੀ ਕੀਤਾ ਗਿਆ। ਇਨ੍ਹਾਂ ਵਜ਼ੀਫਿਆਂ ਦੀਆਂ ਖ਼ਬਰਾਂ ਜਦ ਭਾਰਤ ਦੀਆਂ ਅਖਬਾਰਾਂ ਵਿਚ ਛਪੀਆਂ ਤਾਂ ਬੀ.ਏ. ਪਾਸ 600 ਵਿਦਿਆਰਥੀਆਂ ਨੇ ਇਸ ਵਜ਼ੀਫੇ ਲਈ ਬੇਨਤੀ ਪੱਤਰ ਭੇਜੇ। ਯੂਨੀਵਰਸਿਟੀ ਦੇ ਸਹਿਯੋਗ ਨਾਲ ਕਮੇਟੀ ਬਣਾਈ ਗਈ ਜਿਸ ਦੇ ਮੁਖੀ ਡਾ. ਆਰਥਰ ਉਪਹਾਣ ਪੋਪ ਸਨ। ਇਸ ਵਿਚ ਹਰਦਿਆਲ, ਤਾਰਕਨਾਥ ਦਾਸ, ਸ. ਤੇਜਾ ਸਿੰਘ, ਸ. ਜਵਾਲਾ ਸਿੰਘ ਮੈਂਬਰਾਂ ਵਿਚ ਸ਼ਾਮਲ ਸਨ। ਕਮੇਟੀ ਨੇ ਪੜਤਾਲ ਕਰ ਕੇ ਛੇ ਵਿਦਿਆਰਥੀਆਂ ਦੀ ਚੋਣ ਕਰ ਲਈ। ਵਿਦਿਆਰਥੀ ਬਰਕਲੇ ਪਹੁੰਚ ਗਏ। ਉਨ੍ਹਾਂ ਨੂੰ ਇਕ ਮਕਾਨ ਕਿਰਾਏ 'ਤੇ ਲੈ ਕੇ ਦਿੱਤਾ ਗਿਆ ਅਤੇ ਉਨ੍ਹਾਂ ਯੂਨੀਵਰਸਿਟੀ ਵਿਚ ਦਾਖਲ ਹੋ ਕੇ ਆਪਣੀ ਪੜ੍ਹਾਈ ਸ਼ੁਰੂ ਕਰ ਦਿੱਤੀ।

ਇਸੇ ਸਮੇਂ ਵਿਚ ਭਾਰਤ ਵਿਚ ਇਕ ਘਟਨਾ ਹੋਰ ਵਾਪਰ ਗਈ। ਭਾਰਤ ਵਿਚ ਵਾਇਸਰਾਏ ਲਾਰਡ ਹਾਰਡਿੰਗ ਨੂੰ ਕਤਲ ਕਰਨ ਦੀ ਨਾਕਾਮ ਕੋਸ਼ਿਸ਼ ਹੋਈ। ਭਾਰਤ ਦੀ ਬਰਤਾਨਵੀ ਸਰਕਾਰ ਨੇ ਮਾਸਟਰ ਅਮਰ ਚੰਦ ਨੂੰ ਮੁੱਖ ਦੋਸ਼ੀ ਕਰਾਰ ਦੇ ਕੇ ਫੜ ਲਿਆ ਜਿਸ ਦੇ ਕਬਜ਼ੇ ਵਿਚ ਹਰਦਿਆਲ ਵੱਲੋਂ ਲਿਖੇ ਪੱਤਰ ਮਿਲੇ ਸਨ। ਸਮੇਂ ਸਮੇਂ ਹਰਦਿਆਲ ਦੇ ਅਖਬਾਰਾਂ ਵਿਚ ਛਪੇ ਲੇਖਾਂ ਦੇ ਟੁਕੜੇ ਵੀ ਫੜੇ ਗਏ। ਜਦੋਂ ਇਸ ਘਟਨਾ ਦੀ ਖਬਰ 25 ਦਸੰਬਰ 1912 ਨੂੰ ਬਰਕਲੇ ਦੀਆਂ ਅਖਬਾਰਾਂ ਵਿਚ ਛਪੀ ਤਾਂ ਭਾਰਤੀ ਲੋਕਾਂ ਨੇ ਖੁਸ਼ੀ ਮਨਾਈ। 'ਵੰਦੇ ਮਾਤਰਮ' ਦਾ ਗੀਤ ਗਾਇਆ। ਭਾਰਤੀਆਂ ਨੇ ਜੋਸ਼ ਵਿਚ ਆ ਕੇ ਬਰਤਾਨਵੀ ਸਰਕਾਰ ਖਿਲਾਫ ਨਾਅਰੇਬਾਜ਼ੀ ਵੀ ਕੀਤੀ। ਹਰਦਿਆਲ ਨੇ ਬੰਬ ਸੁੱਟਣ ਵਾਲੇ ਨੂੰ ਸਲਾਮ ਭੇਜਿਆ ਅਤੇ ਇਕ ਪ੍ਰੈਸ ਨੋਟ ਭਾਰਤ ਦੀਆਂ ਅਖਬਾਰਾਂ ਵਿਚ ਛਪਣ ਲਈ ਭੇਜਿਆ। ਭਾਰਤ ਵਿਚ ਤਾਂ ਇਹ ਪ੍ਰੈਸ ਨੋਟ ਛਪ ਨਾ ਸਕਿਆ, ਬਾਹਰਲੇ ਮੁਲਕਾਂ ਵਿਚ ਛਪ ਗਿਆ। ਵਾਇਸਰਾਏ ਉਤੇ ਬੰਬ ਸੁੱਟਣ ਦੇ ਜੋ ਜਸ਼ਨ ਮਨਾਏ ਗਏ, ਉਸ ਦਾ ਕੈਨੇਡਾ, ਅਮਰੀਕਾ ਅਤੇ ਬਰਤਾਨਵੀ ਸਰਕਾਰਾਂ ਨੇ ਗੰਭੀਰ ਨੋਟਿਸ ਲਿਆ। ਬਰਤਾਨਵੀ ਸਰਕਾਰ ਨੇ ਕਲਕੱਤਾ ਫੋਰਸ ਦੇ ਰਹਿ ਚੁੱਕੇ ਅਧਿਕਾਰੀ ਹਾਪਕਿਨਸਨ ਨੂੰ 8 ਜਨਵਰੀ



ਲਾਲਾ ਹਰਦਿਆਲ

1913 ਨੂੰ ਕੈਲੀਫੋਰਨੀਆ ਭੇਜਿਆ। ਇਹ ਅਫਸਰ ਭਾਰਤੀ ਭਾਸ਼ਾਵਾਂ ਬੋਲ ਤੇ ਸਮਝ ਲੈਂਦਾ ਸੀ। ਉਸ ਨੇ ਆਉਂਦਿਆਂ ਹੀ ਬਰਤਾਨਵੀ ਜਨਰਲ ਕੌਂਸਲ ਪੁੱਜ ਕੇ ਭਾਰਤੀ ਵਿਦਿਆਰਥੀਆਂ ਤੇ ਨੇਤਾਵਾਂ ਦੇ ਨਾਂ ਟਿਕਾਣੇ ਪ੍ਰਾਪਤ ਕੀਤੇ ਅਤੇ ਗੁਪਤ ਰੂਪ ਵਿਚ ਪੜਤਾਲ ਸ਼ੁਰੂ ਕਰ ਦਿੱਤੀ। ਹਾਪਕਿਨਸਨ ਅਮਰੀਕਾ ਦੇ ਪਰਵਾਸੀ ਵਿਭਾਗ ਦੇ ਅਫਸਰਾਂ ਨੂੰ ਵੀ ਮਿਲਿਆ। ਸੈਨ ਫਰਾਂਸਿਸਕੋ ਵਿਚ ਇਕ ਮੰਦਰ ਦੇ ਪੁਜਾਰੀ ਕੋਲੋਂ ਲੋੜੀਂਦੀ ਜਾਣਕਾਰੀ ਵੀ ਹਾਸਿਲ ਕਰ ਲਈ। ਹਾਪਕਿਨਸਨ ਨੇ ਹਰਦਿਆਲ ਸਬੰਧੀ ਜੋ ਰਿਪੋਰਟ ਭਾਰਤ ਭੇਜੀ, ਉਸ ਵਿਚ ਲਿਖਿਆ ਸੀ ਕਿ ਹਰਦਿਆਲ ਸਭ ਤੋਂ ਖਤਰਨਾਕ ਬੁੱਧੀਜੀਵੀ ਤੇ ਪ੍ਰਤਿਭਾਸ਼ਾਲੀ ਇਨਕਲਾਬੀ ਨੇਤਾ ਹੈ, ਉਸ ਦਾ ਤਕੜਾ ਪ੍ਰਭਾਵ ਹੈ, ਇਸ ਦੇ ਭਾਸ਼ਣ ਸੁਣ ਕੇ ਨੌਜਵਾਨਾਂ ਵਿਚ ਜਜ਼ਬਾਤ ਦੀ ਅੱਗ ਭਰ ਜਾਂਦੀ ਹੈ।

ਉਧਰ, ਹਰਦਿਆਲ ਦੇ ਕੰਮਕਾਰ ਉਤੇ ਕੋਈ ਅਸਰ ਨਾ ਹੋਇਆ। ਉਨ੍ਹਾਂ ਦੇ ਉਦਮ ਸਦਕਾ ਕੈਲੀਫੋਰਨੀਆ ਵਿਚ ਵਿਦਿਆਰਥੀਆਂ ਅਤੇ ਕਿਰਤੀ-ਕਾਮਿਆਂ ਦੀਆਂ ਜਥੇਬੰਦੀਆਂ ਬਣ ਗਈਆਂ। ਵੱਖ ਵੱਖ ਸ਼ਹਿਰਾਂ ਵਿਚ ਯੰਗ ਇੰਡੀਆ ਐਸੋਸੀਏਸ਼ਨਾਂ ਦੀਆਂ ਬਰਾਂਚਾਂ ਖੋਲ੍ਹ ਦਿੱਤੀਆਂ ਗਈਆਂ ਜਿਨ੍ਹਾਂ ਵਿਚ ਨੌਜੁਆਨਾਂ ਅਤੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਉਨ੍ਹਾਂ ਵੱਖ ਵੱਖ ਸ਼ਹਿਰਾਂ ਵਿਚ ਪ੍ਰੋ. ਸਟਿਫਨਜ਼ ਦੇ ਲੈਕਚਰ ਵੀ ਕਰਵਾਏ। ਉਹ ਭਾਰਤ ਦੇ ਕ੍ਰਾਂਤੀਕਾਰੀਆਂ ਦਾ ਸਮਰਥਕ ਸੀ। ਉਹ ਵੀ ਕਹਿੰਦਾ ਸੀ ਕਿ ਭਾਰਤ ਦੀ ਅਜ਼ਾਦੀ ਹਥਿਆਰਬੰਦ ਸੰਘਰਸ਼ ਰਾਹੀਂ ਹੀ ਸੰਭਵ ਹੈ।

ਵੀਹਵੀਂ ਸਦੀ ਦੇ ਸ਼ੁਰੂ ਵਿਚ ਅਮਰੀਕਾ ਦੇ ਪੱਛਮੀ ਹਿੱਸੇ ਦੀ ਉਸਾਰੀ ਹੋ ਰਹੀ ਸੀ। ਸੜਕਾਂ ਤੇ ਪੁਲ ਬਣ ਰਹੇ ਸਨ; ਰੇਲਵੇ ਲਾਈਨਾਂ ਵਿਛਾਈਆਂ ਜਾ ਰਹੀਆਂ ਸਨ। ਓਰੇਗਾਨ ਸਟੇਟ ਵਿਚ ਪੈਂਦੇ ਕੋਲੰਬੀਆ ਦਰਿਆ 'ਤੇ ਆਰਾ ਮਿੱਲਾਂ ਬਹੁਤ ਸਨ ਜਿਸ ਵਿਚ ਹਿੰਦੀ ਅਤੇ ਪੰਜਾਬੀ ਕਾਮੇ ਕੰਮ ਕਰਦੇ ਸਨ। ਕਾਰਖਾਨਿਆਂ ਵਿਚ ਕੰਮ ਕਰਨ ਵਾਲਿਆਂ ਨੂੰ ਪੂਰੀਆਂ ਸਹੂਲਤਾਂ ਨਹੀਂ ਸਨ ਦਿੱਤੀਆਂ ਜਾਂਦੀਆਂ। ਉਹ ਸਾਰੇ ਲਗਾਤਾਰ ਹੋ ਰਹੇ ਅਪਮਾਨ ਤੋਂ ਅੱਕੇ ਹੋਏ ਸਨ। ਹਾਲਾਤ ਬਿਹਤਰ ਬਣਾਉਣ ਲਈ ਕੀ ਕੀਤਾ ਕੀ ਜਾਵੇ, ਇਹ ਦੱਸਣ ਲਈ ਕੋਈ ਨਿੱਤਰ ਕੇ ਅੱਗੇ ਨਹੀਂ ਸੀ ਆ ਰਿਹਾ। ਹਰਨਾਮ ਸਿੰਘ ਕੋਟਲਾ ਨੌਧਸਿੰਘ ਅਖਬਾਰਾਂ ਪੜ੍ਹਦਾ ਰਹਿੰਦਾ ਸੀ। ਉਸ ਅਤੇ ਗੁਰੂਦੱਤ ਨੇ ਫੈਸਲਾ ਕੀਤਾ ਕਿ ਪੋਰਟਲੈਂਡ ਦੇ ਆਲੇ-ਦੁਆਲੇ ਦੀਆਂ ਆਰਾ ਮਿੱਲਾਂ 'ਤੇ ਕੰਮ ਕਰਨ ਵਾਲਿਆਂ ਦੀ ਮੀਟਿੰਗ ਬੁਲਾਈ ਜਾਵੇ ਜਿਸ ਵਿਚ ਕੋਈ ਕਮੇਟੀ ਬਣਾਈ ਜਾਵੇ ਅਤੇ ਅਖ਼ਬਾਰ ਵੀ ਕੱਢਿਆ ਜਾਵੇ।

ਜੁਲਾਈ 1912 ਵਿਚ ਵੱਖ ਵੱਖ ਆਰਾ ਮਿੱਲਾਂ ਦੇ ਭਾਰਤੀ ਮਜ਼ਦੂਰ ਪੋਰਟਲੈਂਡ ਵਿਚ ਇਕੱਠੇ ਹੋਏ। ਇਸ ਮੀਟਿੰਗ ਵਿਚ ਬ੍ਰਾਈਡਲਵੇਲ, ਸੇਂਟ ਜੌਹਨ, ਲਿੰਟਨ ਅਤੇ ਪੋਰਟਲੈਂਡ ਤੋਂ ਕਿਰਤੀਆਂ ਨੇ ਹਿੱਸਾ ਲਿਆ। ਮੀਟਿੰਗ ਵਿਚ ਫੈਸਲਾ ਹੋਇਆ ਕਿ ਪੈਸੇਫਿਕ ਕੋਸਟ ਹਿੰਦੀ ਐਸੋਸੀਏਸ਼ਨ ਬਣਾ ਕੇ ਪੋਰਟਲੈਂਡ ਵਿਚ ਕਿਰਾਏ 'ਤੇ ਘਰ ਲੈ ਕੇ ਦਫ਼ਤਰ ਖੋਲ੍ਹਿਆ ਜਾਵੇ। ਸਭ ਹਾਜ਼ਰ ਬੰਦੇ ਇਸ ਦੇ ਮੈਂਬਰ ਬਣ ਗਏ। ਭਾਈ ਸੋਹਣ ਸਿੰਘ ਭਕਨਾ ਨੂੰ ਪ੍ਰਧਾਨ, ਗੁਰੂਦੱਤ ਨੂੰ ਸੈਕਟਰੀ ਅਤੇ ਪੰਡਿਤ ਕਾਂਸ਼ੀ ਰਾਮ ਨੂੰ ਖਜ਼ਾਨਚੀ ਥਾਪਿਆ ਗਿਆ। ਉਰਦੂ ਵਿਚ ਅਖ਼ਬਾਰ ਕੱਢਣ ਦਾ ਫੈਸਲਾ ਕੀਤਾ ਗਿਆ ਪਰ ਇਸੇ ਦੌਰਾਨ ਗੁਰੂਦੱਤ ਬਿਮਾਰ ਹੋ ਗਿਆ। ਉਸ ਨੂੰ ਹਸਪਤਾਲ ਦਾਖਿਲ ਕਰਾਉਣਾ ਪਿਆ ਅਤੇ ਇਹ ਫੈਸਲਾ ਕਾਗਜ਼ਾਂ ਵਿਚ ਹੀ ਰਹਿ ਗਿਆ। ਮਜ਼ਦੂਰ ਬੇਚੈਨ ਸਨ, ਕੁਝ ਕਰਨਾ ਲੋਚਦੇ ਸਨ। ਲਾਲਾ ਠਾਕਰ ਦਾਸ, ਜੋ ਸੇਂਟ ਜੌਹਨ ਕੰਮ ਕਰਦਾ ਸੀ, ਨੇ ਸੁਝਾਅ ਦਿੱਤਾ ਕਿ ਸੈਨ ਫਰਾਂਸਿਸਕੋ ਵਿਚ ਰਹਿੰਦੇ ਲਾਲਾ ਹਰਦਿਆਲ ਨੂੰ ਇਸ ਕਾਰਜ ਦੀ ਅਗਵਾਈ ਕਰਨ ਲਈ ਬੇਨਤੀ ਕੀਤੀ ਜਾਵੇ। ਠਾਕਰ ਦਾਸ ਨੇ ਹਰਦਿਆਲ ਨੂੰ ਖ਼ਤ ਲਿਖਿਆ। ਜੁਆਬ ਵਿਚ ਹਰਦਿਆਲ ਨੇ ਵਾਇਦਾ ਕੀਤਾ ਕਿ ਉਹ ਉਨ੍ਹਾਂ ਕੋਲ ਜਲਦੀ ਪੁੱਜੇਗਾ।

25 ਮਾਰਚ 1913 ਨੂੰ ਲਾਲਾ ਹਰਦਿਆਲ ਤੇ ਭਾਈ ਪਰਮਾਨੰਦ, ਪੰਡਿਤ ਕਾਂਸ਼ੀ ਰਾਮ ਦੇ ਘਰ ਪੁੱਜੇ ਜਿਥੇ ਪਹਿਲਾਂ ਹੀ ਆਰਾ ਮਿੱਲਾਂ ਦੇ ਕਾਮੇ ਲਾਲਾ ਜੀ ਦੇ ਵਿਚਾਰ ਸੁਣਨ ਲਈ ਇਕੱਠੇ ਹੋਏ ਹੋਏ ਸਨ। ਲਾਲਾ ਜੀ ਨੇ ਆਪਣੇ ਜੋਸ਼ੀਲੇ ਵਿਚਾਰਾਂ ਵਿਚ ਆਖਿਆ ਕਿ ਜਿੰਨਾ ਚਿਰ ਬਰਤਾਨਵੀ ਰਾਜ ਦਾ ਖਾਤਮਾ ਨਹੀਂ ਹੋ ਜਾਂਦਾ, ਉਨਾ ਚਿਰ ਭਾਰਤੀਆਂ ਦੇ ਦੁੱਖਾਂ ਦਾ ਕੋਈ ਇਲਾਜ ਨਹੀਂ। ਭਾਰਤੀ ਬਰਤਾਨਵੀ ਰਾਜ ਸਕੂਲਾਂ-ਕਾਲਜਾਂ ਵਿਚ ਕਲਰਕ ਹੀ ਪੈਦਾ ਕਰਦਾ ਹੈ ਜੋ ਸਰਕਾਰੀ ਨੌਕਰੀਆਂ ਦੀ ਝਾਕ ਵਿਚ ਰਹਿੰਦੇ ਹਨ। ਅਜਿਹੇ ਲੋਕ ਭਾਰਤ ਦੀ ਸੁਤੰਤਰਤਾ ਲਈ ਕੁਝ ਵੀ ਨਹੀਂ ਕਰ ਸਕਦੇ। ਇਹ ਕੰਮ ਕੇਵਲ ਕਿਸਾਨ ਮਜ਼ਦੂਰ ਹੀ ਕਰ ਸਕਦੇ ਹਨ; ਬਸ਼ਰਤੇ ਉਨ੍ਹਾਂ ਨੂੰ ਦੇਸ਼ ਭਗਤੀ ਤੋਂ ਜਾਣੂ ਕਰਵਾਇਆ ਜਾਵੇ, ਉਨ੍ਹਾਂ ਨੂੰ ਜਮਹੂਰੀ ਤੇ ਸਿਆਸੀ ਭਾਂਤ ਦੀ ਪਾਰਟੀ ਬਣਾਉਣੀ ਚਾਹੀਦੀ ਹੈ ਜਿਸ ਦਾ ਫਿਰਕਾਪ੍ਰਸਤੀ, ਨਸਲ, ਰੰਗ ਅਤੇ ਜਾਤ-ਪਾਤ ਨਾਲ ਦੂਰ ਦਾ ਵੀ ਵਾਸਤਾ ਨਾ ਹੋਵੇ। ਸਾਰਿਆਂ ਨੂੰ ਇਥੇ ਭਾਰਤ ਦੀ ਕ੍ਰਾਂਤੀਕਾਰੀ ਲਹਿਰ ਦੀ ਤਿਆਰੀ ਕਰ ਕੇ ਭਾਰਤ ਵਿਚੋਂ ਬਰਤਾਨਵੀ ਸਾਮਰਾਜ ਨੂੰ ਖਤਮ ਕਰਨ ਲਈ ਉਥੇ ਜਾਣਾ ਚਾਹੀਦਾ ਹੈ। ਨਾਲ ਹੀ ਉਨ੍ਹਾਂ ਇਹ ਤਜਵੀਜ਼ ਪੇਸ਼ ਕੀਤੀ ਕਿ ਬਰਤਾਨਵੀ ਰਾਜ ਦੀਆਂ ਜੜ੍ਹਾਂ ਪੁੱਟਣ ਅਤੇ ਭਾਰਤੀਆਂ ਵਿਚ ਇਨਕਲਾਬੀ ਰੂਹ ਫੂਕਣ ਲਈ ਉਰਦੂ ਅਤੇ ਪੰਜਾਬੀ ਵਿਚ ਹਫਤਾਵਾਰੀ ਅਖਬਾਰ ਕੱਢਿਆ ਜਾਵੇ।

ਓਰੇਗਾਨ ਪ੍ਰਾਂਤ ਵਿਚ ਕੰਮ ਕਰਦੇ ਮਜ਼ਦੂਰਾਂ ਦੇ ਚੁਣੇ ਹੋਏ ਡੈਲੀਗੇਟਾਂ ਦੀ ਪ੍ਰਵਾਨਗੀ ਨਾਲ ਇਹ ਕੰਮ ਸਿਰੇ ਚੜ੍ਹਨਾ ਸੀ। ਇਸ ਲਈ ਬ੍ਰਾਈਡਲਵੇਲ ਵਿਚ 31 ਮਾਰਚ, ਲਿੰਟਨ ਵਿਚ 7 ਅਪ੍ਰੈਲ, ਵੀਨਾ ਵਿਚ 14 ਅਪ੍ਰੈਲ ਤੇ ਕੁਝ ਹੋਰ ਥਾਂਈਂ ਇਕੱਤਰਤਾਵਾਂ ਕਰਨ ਦਾ ਫੈਸਲਾ ਕੀਤਾ ਗਿਆ। ਸਭ ਥਾਂਈਂ ਲਾਲਾ ਹਰਦਿਆਨ ਨੇ ਸਾਰੀ ਵਿਉਂਤ ਦੀ ਵਜਾਹਤ ਕੀਤੀ। ਡੈਲੀਗੇਟਾਂ ਦੀ ਮੀਟਿੰਗ ਐਸਟੋਰੀਆ ਵਿਚ 21 ਅਪਰੈਲ 1913 ਨੂੰ ਹੋਈ। ਸਭ ਦੀ ਤਸੱਲੀ ਲਈ ਮਸਲੇ ਇਕ ਵਾਰ ਫਿਰ ਵਿਚਾਰੇ ਗਏ। ਅੰਤ ਵਿਚ ਲਾਲਾ ਹਰਦਿਆਲ ਨੇ ਆਪਣੀਆਂ ਤਜਵੀਜ਼ਾਂ ਦਾ ਸਾਰ ਪੇਸ਼ ਕੀਤਾ।

ਇਸ ਤੋਂ ਬਾਅਦ 12 ਮੱਦਾਂ ਵਾਲਾ ਵਿਧਾਨ ਬਣਾਇਆ ਗਿਆ ਜਿਸ ਵਿਚ ਪਾਰਟੀ ਦਾ ਨਾਮ ਹਿੰਦੀ ਐਸੋਸੀਏਸ਼ਨ ਆਫ ਦੀ ਪੈਸੇਫਿਕ ਕੋਸਟ ਆਫ ਅਮਰੀਕਾ ਪਾਸ ਹੋਇਆ ਅਤੇ ਇਹ ਵੀ ਕਿ ਪਾਰਟੀ ਦਾ ਦਫ਼ਤਰ ਸੈਨ ਫਰਾਂਸਿਸਕੋ ਵਿਚ ਹੋਵੇਗਾ। ਸੈਨ ਫਰਾਂਸਿਸਕੋ ਨੂੰ ਇਸ ਲਈ ਚੁਣਿਆ ਗਿਆ ਕਿ ਇਹ ਦੁਨੀਆਂ ਭਰ ਦੇ ਕ੍ਰਾਂਤੀਕਾਰੀਆਂ ਦਾ ਹੈਡਕੁਆਰਟਰ ਸੀ। ਫੈਸਲਾ ਹੋਇਆ ਕਿ ਪਾਰਟੀ ਆਪਣਾ ਅਖ਼ਬਾਰ ਹਿੰਦੀ, ਉਰਦੂ ਅਤੇ ਪੰਜਾਬੀ ਵਿਚ ਕੱਢੇਗੀ, ਮੁੱਖ ਸੰਪਾਦਕ ਲਾਲਾ ਜੀ ਹੋਣਗੇ। ਟਰਾਂਸਲੇਸ਼ਨ ਦਾ ਕੰਮ ਕਰਤਾਰ ਸਿੰਘ ਸਰਾਭਾ ਕਰੇਗਾ। ਬਰਤਾਨਵੀ ਸਰਕਾਰ ਦੇ ਖਿਲਾਫ ਹਥਿਆਰਬੰਦ ਘੋਲ ਕੀਤਾ ਜਾਵੇਗਾ। ਦਫ਼ਤਰ ਦਾ ਕੋਈ ਵੀ ਮੈਂਬਰ ਤਨਖਾਹ ਨਹੀਂ ਲਵੇਗਾ। ਹਰ ਮੈਂਬਰ ਨੂੰ ਇਕ ਡਾਲਰ, ਮਹੀਨੇ ਦੀ ਪਹਿਲੀ ਤਰੀਕ ਨੂੰ ਦੇਣਾ ਪਵੇਗਾ। ਹਰ ਮੈਂਬਰ ਦਾ ਕੋਈ ਵੀ ਆਪਣਾ ਧਰਮ ਹੋ ਸਕਦਾ ਹੈ, ਪਰ ਉਹ ਇਸ ਬਾਰੇ ਕੋਈ ਬਹਿਸ ਨਹੀਂ ਕਰ ਸਕਦਾ। ਪਾਰਟੀ ਮੈਂਬਰਾਂ ਦੀ ਚੋਣ ਹਰ ਸਾਲ ਹੋਵੇਗੀ। ਮੀਟਿੰਗ ਵਿਚ ਅੱਠ ਮੈਂਬਰੀ ਕੇਂਦਰੀ ਕਮੇਟੀ ਚੁਣੀ ਗਈ ਜਿਸ ਤਹਿਤ ਸੋਹਣ ਸਿੰਘ ਭਕਨਾ ਪ੍ਰਧਾਨ, ਲਾਲਾ ਹਰਦਿਆਲ ਸਕੱਤਰ, ਪੰਡਿਤ ਕਾਂਸ਼ੀ ਰਾਮ ਖਜ਼ਾਨਚੀ, ਕੇਸਰ ਸਿੰਘ ਠੱਠਗੜ੍ਹ ਮੀਤ ਪ੍ਰਧਾਨ, ਹਰਨਾਮ ਸਿੰਘ ਕੋਟਲਾ ਨੌਧਸਿੰਘ ਸਹਾਇਕ ਖਜ਼ਾਨਚੀ, ਕਰੀਮ ਬਖ਼ਸ਼ ਪ੍ਰਬੰਧਕੀ ਸਕੱਤਰ ਬਣੇ। ਫੰਡ ਇਕੱਠਾ ਕਰਨ ਦੀ ਅਪੀਲ 'ਤੇ 10 ਹਜ਼ਾਰ ਡਾਲਰ ਮੌਕੇ 'ਤੇ ਹੀ ਇਕੱਠਾ ਹੋ ਗਿਆ। ਮੀਟਿੰਗ ਖਤਮ ਹੋਣ ਤੋਂ ਬਾਅਦ ਸਾਰੇ ਵਰਕਰ ਆਪੋ ਆਪਣੇ ਥਾਂਈਂ ਚਲ ਗਏ ਅਤੇ ਲਾਲਾ ਹਰਦਿਆਲ ਕੈਲੀਫੋਰਨੀਆ ਮੁੜ ਗਏ। ਲਗਭਗ 7 ਮਹੀਨਿਆਂ ਦੀ ਦੇਰੀ ਨਾਲ ਪਹਿਲੀ ਨਵੰਬਰ 1913 ਨੂੰ 'ਗਦਰ' (ਉਰਦੂ) ਦਾ ਪਹਿਲਾ ਅੰਕ ਪ੍ਰਕਾਸ਼ਤ ਹੋਇਆ। ਇਸ ਨੂੰ ਕਰਤਾਰ ਸਿੰਘ ਸਰਾਭਾ ਤੇ ਰਘਬਰ ਲਾਲ ਗੁਪਤਾ ਨੇ ਸਾਈਕਲੋਸਟਾਈਲ ਕੀਤਾ ਸੀ। ਦਫ਼ਤਰ ਅਤੇ




ਗਦਰ ਪਾਰਟੀ ਦਾ ਹੈਡ ਕੁਆਰਟਰ ਯੁਗਾਂਤਰ ਆਸ਼ਰਮ

ਅਖ਼ਬਾਰ ਦਾ ਕੰਮ ਤੇਜ਼ ਕਰਨ ਵਾਸਤੇ ਪ੍ਰੈਸ ਦੇ ਸਟਾਫ ਵਿਚ ਹਰਨਾਮ ਸਿੰਘ ਕੋਟਲਾ ਨੌਧਸਿੰਘ, ਪੰਡਿਤ ਜਗਤ ਰਾਮ, ਪ੍ਰਿਥਵੀ ਸਿੰਘ, ਅਮਰ ਸਿੰਘ, ਪੂਰਨ ਸਿੰਘ, ਸੋਹਣ ਲਾਲ ਪਾਠਕ ਸ਼ਾਮਿਲ ਹੋ ਗਏ। ਪ੍ਰੈਸ ਅਤੇ ਆਸ਼ਰਮ ਵਿਚ ਆਪ ਮੁਹਾਰੇ ਵਿਦਿਆਰਥੀ ਆਣ ਰਲੇ ਸਨ। ਸਭ ਦਾ ਸਾਂਝਾ ਸਲਾਮ 'ਵੰਦੇ ਮਾਤਰਮ' ਸੀ।

### ਹਫਤਾਵਾਰੀ 'ਗਦਰ'


'ਗਦਰ' ਦਾ ਪ੍ਰਕਾਸ਼ਨ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿਚ ਵੱਡੀ ਘਟਨਾ ਸੀ। ਇਹ ਇਨਕਲਾਬ ਦਾ ਬੁਲੰਦ ਹੋਕਾ ਸੀ। ਲਾਲਾ ਹਰਦਿਆਲ ਬਰਤਾਨਵੀ ਕੂਟਨੀਤੀ ਦੇ ਹਰ ਪੱਖ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਉਨ੍ਹਾਂ ਨੂੰ ਸਰਕਾਰ ਦੇ ਜ਼ੁਲਮ ਜਬਰ ਨੂੰ ਬੇਪਰਦ ਕਰਨ ਦਾ ਹੁਨਰ ਆਉਂਦਾ ਸੀ। ਗਦਰ ਦੇ ਪਹਿਲ-ਪ੍ਰਿਥਮੇ ਅੰਕ ਵਿਚ ਲਿਖਿਆ ਸੀ ਕਿ ਅੱਜ ਪਹਿਲੀ ਨਵੰਬਰ 1913 ਦਾ ਦਿਨ ਭਾਰਤ ਦੇ ਇਤਿਹਾਸ ਵਿਚ ਨਵੇਂ ਯੁਗ ਦੀ ਸ਼ੁਰੂਆਤ ਹੈ ਕਿਉਂਕਿ ਅੱਜ ਵਿਦੇਸ਼ੀ ਜ਼ਮੀਨ ਉਤੇ, ਪਰ ਆਪਣੀ ਬੋਲੀ ਵਿਚ ਬਰਤਾਨਵੀ ਰਾਜ ਵਿਰੁਧ ਜੰਗ ਅਰੰਭ ਹੁੰਦਾ ਹੈ,

ਸਾਡਾ ਨਾਂ ਕੀ ਹੈ-ਗਦਰ
ਸਾਡਾ ਕੰਮ ਕੀ ਹੈ-ਇਨਕਲਾਬ
ਇਹ ਬਗਾਵਤ ਕਿਥੇ ਹੋਵੇਗੀ-ਭਾਰਤ ਵਿਚ।
ਇਹ ਕਦੋਂ ਕਾਮਯਾਬ ਹੋਵੇਗੀ-ਕੁਝ ਸਾਲਾਂ ਵਿਚ...

ਬਰਤਾਨੀਆ ਦਾ ਜਬਰ ਜ਼ੁਲਮ ਭਾਰਤੀ ਹੁਣ ਹੋਰ ਬਰਦਾਸ਼ਤ ਨਹੀਂ ਕਰ ਸਕਦੇ। ਉਹ ਆਜ਼ਾਦੀ ਲਈ ਮਰ ਮਿਟਣ ਦੀ ਤਾਕ ਵਿਚ ਨੇ। ਛੇਤੀ ਹੀ ਉਹ ਸਮਾਂ ਆਵੇਗਾ ਜਦੋਂ ਬੰਦੂਕਾਂ ਤੇ ਖ਼ੂਨ, ਕਲਮਾਂ ਤੇ ਸਿਆਹੀ ਦੀ ਥਾਂ ਲੈਣਗੇ।...ਇਹ ਉਹ ਵਿਚਾਰਧਾਰਾ ਸੀ ਜੋ ਗਦਰ ਹਰ ਹਫ਼ਤੇ ਪ੍ਰਚਾਰਦਾ ਸੀ।

ਅਗਲੇ ਹਫ਼ਤੇ ਜਰਮਨਾਂ ਨਾਲ ਸਾਂਝ ਪਾਉਣ ਦੀ ਗੱਲ ਕੀਤੀ ਗਈ ਕਿਉਂਕਿ ਜਰਮਨਾਂ ਤੇ ਭਾਰਤੀਆਂ ਦਾ ਸਾਂਝਾ ਦੁਸ਼ਮਣ ਬਰਤਾਨੀਆ ਸੀ। 15 ਨਵੰਬਰ 1913 ਦੇ ਪਰਚੇ ਵਿਚ ਉਨ੍ਹਾਂ ਗੱਦਾਰ

(ਬਾਕੀ ਅਗਲੇ ਸਫੇ 'ਤੇ)



ਜਿਉ ਤਉ ਪ੍ਰੇਮ ਖੇਲਣ ਕਾ ਚਾਉ। ਸਿਰ ਧਰ ਤਲੀ ਗਲੀ ਮੇਰੀ ਆਉ॥

ਗ਼ਦਰ

ਯੁਗੰਤਰ ਆਸ਼ਰਮ ... ਫਰਾਂਸਿਸਕੋ। ... ਮਾਰਚ ੧੯੧੪. ਨੰਬਰ ੧੨

ਅੰਗਰੇਜ਼ੀ ਰਾਜ
ਮੋਟੀਆਂ ਮੋਟੀਆਂ ...

ਲੇਖਾਂ ਦੀ ਲੜੀ

ਸਾਰੇ ਖਤ ਪਤ੍ਰ ਤੇ ਮਾਇਆ ਦਾ ...

ਸਕੱਤਰ
ਯੁਗੰਤਰ ਆਸ਼ਰਮ
THE SECRETARY
Yugantar Ashram
San Francisco
U.S.A.

ਟੁੱਕੜਬੋਚਾਂ ਬਾਰੇ ਵੀ ਚਿਤਾਵਨੀ ਦਿੱਤੀ ਗਈ ਸੀ ਜਿਨ੍ਹਾਂ ਨੇ ਆਜ਼ਾਦੀ ਦੀ ਇਸ ਲੜਾਈ ਵਿਚ ਰੁਕਾਵਟਾਂ ਖੜ੍ਹੀਆਂ ਕੀਤੀਆਂ ਸਨ। 'ਗਦਰ' ਦੇ 18 ਤੇ 23 ਦਸੰਬਰ ਵਾਲੇ ਅੰਕਾਂ ਵਿਚ ਲਿਖਿਆ ਗਿਆ ਕਿ ਭਾਰਤਵਾਸੀ ਦੇਸ਼ ਭਗਤ ਵੱਡੀ ਗਿਣਤੀ ਵਿਚ ਆਜ਼ਾਦੀ ਲਹਿਰ ਵਿਚ ਸ਼ਾਮਿਲ ਹੋ ਰਹੇ ਹਨ, ਬੰਬ ਅਤੇ ਹਥਿਆਰਾਂ ਵਾਲੀ ਪਾਰਟੀ ਉਭਰ ਕੇ ਸਾਹਮਣੇ ਆ ਚੁੱਕੀ ਹੈ। ਇਸ ਨਾਲ ਬਰਤਾਨਵੀ ਸਰਕਾਰ ਦਾ ਕਾਲਜਾ ਮੂੰਹ ਵਿਚ ਆਇਆ ਹੋਇਆ ਹੈ। 6 ਜਨਵਰੀ 1914 ਵਾਲੇ ਅੰਕ ਵਿਚ ਹਰਦਿਆਲ ਨੇ ਲਿਖਿਆ ਸੀ-ਹਰ ਇਕ ਨੂੰ ਦਿੱਲੀ ਦਾ 1857 ਦਾ ਗਦਰ ਯਾਦ ਹੈ, ਜੇ ਅਸੀਂ ਅੰਗਰੇਜ਼ਾਂ ਦੇ ਅਧੀਨ ਹਾਂ ਤਾਂ ਇਸ ਵਿਚ ਕਸੂਰ ਸਾਡਾ ਭਾਰਤੀਆਂ ਦਾ ਹੈ, ਜੇ ਅਸੀਂ ਇਕਸੁਰ ਹੋ ਕੇ ਲੜਾਈ ਲੜੀਏ ਤਾਂ ਅਜ਼ਾਦ ਹੋ ਸਕਦੇ ਹਾਂ।

'ਗਦਰ' ਨੇ ਭਾਰਤੀ ਪਰਵਾਸੀਆਂ ਦੀ ਚੇਤਨਾ ਪ੍ਰਚੰਡ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਮਾਤ ਭੂਮੀ ਦੇ ਵਿਚਾਰ ਉਨ੍ਹਾਂ ਦੇ ਮਨਾਂ ਵਿਚ ਘਰ ਕਰ ਗਏ। ਅਜ਼ਾਦੀ ਦੇ ਨਵੇਂ ਵਿਚਾਰਾਂ ਨਾਲ ਉਹ ਨਵੇਂ ਮਨੁੱਖ ਬਣ ਗਏ। ਖੇਤਰੀ ਭਿੰਨ-ਭੇਦ ਅਸਲੋਂ ਅਲੋਪ ਹੋ ਗਏ। ਕਈ ਪਰਵਾਸੀ ਭਾਰਤੀਆਂ ਨੇ ਤਾਂ ਆਪਣੀ ਸਾਰੀ ਕਮਾਈ ਗਦਰ ਪਾਰਟੀ ਨੂੰ ਦੇ ਦਿੱਤੀ ਸੀ। ਭਰਾਤਰੀ-ਭਾਵ ਨੇ ਸੁਆਰਥ ਦਾ ਥਾਂ ਲੈ ਲਿਆ ਸੀ। ਉਨ੍ਹਾਂ ਭਾਰਤ ਦੀ ਅਜ਼ਾਦੀ ਬਾਰੇ ਸੋਚਣਾ, ਤੜਫਣਾ, ਸੁਪਨੇ ਲੈਣੇ ਤੇ ਵਿਉਂਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। 'ਗਦਰ' ਦੀਆਂ ਲਿਖਤਾਂ ਨੇ ਭਾਰਤੀਆਂ ਦੀ ਬੇਸਬਰੀ ਨੂੰ ਅਮਲੀ ਜਾਮਾ ਪਹਿਨਾਉਣਾ ਸ਼ੁਰੂ ਕਰ ਦਿੱਤਾ।

ਗਦਰ ਦੇ ਬੁਲਾਰੇ ਨੇ ਮਲਾਇਆ, ਬਰਮਾ, ਸਿਆਮ, ਇੰਡੋਨੇਸ਼ੀਆ, ਹਾਂਗਕਾਂਗ, ਫਿਲੀਪੀਨਜ਼, ਚੀਨ, ਜਪਾਨ, ਕੈਨੇਡਾ, ਅਮਰੀਕਾ, ਅਫਰੀਕਾ, ਈਸਟ ਇੰਡੀਜ਼, ਗੁਆਨਾ, ਆਸਟਰੇਲੀਆ, ਨਿਊਜ਼ੀਲੈਂਡ, ਅਰਜਨਟੀਨਾ ਆਦਿ ਵਿਚ ਗਦਰ ਪਾਰਟੀ ਦੀ ਜੜ੍ਹ ਲੱਗਣ ਲਈ ਜ਼ਮੀਨਾਂ ਤਿਆਰ ਕਰ ਲਈਆਂ। 'ਗਦਰ' ਧਰਮਨਿਰਪੱਖ, ਗੈਰ-ਫਿਰਕੂ ਤੇ ਇਨਕਲਾਬੀ ਜਮਹੂਰੀ ਅਖਬਾਰ ਸੀ। ਇਹ ਅੰਦੋਲਨਕਾਰੀ ਲਾਮਬੰਦਕ ਤੇ ਪ੍ਰਬੰਧਕ ਦੇ ਮਿਲਵੇਂ ਕੰਮ ਕਰਦਾ ਸੀ। ਭਾਰਤੀ ਪਰਵਾਸੀ ਇਸ ਦੇ ਤੂਫਾਨੀ ਅਸਰ ਹੇਠ ਸਨ। ਇਹ ਸਪਸ਼ਟ ਸ਼ਬਦਾਂ ਵਿਚ ਭਾਰਤੀਆਂ ਦੇ ਦਿਲਾਂ ਦੀਆਂ ਰੀਝਾਂ ਦੀ ਤਰਜਮਾਨੀ ਕਰਦਾ ਸੀ।

### ਅਮਰੀਕਾ 'ਚੋਂ ਦੇਸ਼ ਨਿਕਾਲਾ

ਅਮਰੀਕਾ ਤੇ ਕੈਨੇਡਾ ਵਿਚ ਇਨਕਲਾਬੀ ਉਭਾਰ ਸਿਖਰ 'ਤੇ ਪੁੱਜ ਰਿਹਾ ਸੀ। 'ਗਦਰ' ਅਖ਼ਬਾਰ, ਗਦਰ ਸਾਹਿਤ ਤੇ ਗਦਰ ਪਾਰਟੀ ਦੀ ਕਾਰਗੁਜ਼ਾਰੀ ਨੇ ਦੋਨਾਂ ਸਰਕਾਰਾਂ ਦੇ ਤੌਖਲੇ ਵਧਾ ਦਿੱਤੇ। ਨਿੱਤ ਨਵੇਂ ਲੋਕ ਇਸ ਪਾਰਟੀ ਵਿਚ ਸ਼ਾਮਿਲ ਹੋ ਰਹੇ ਸਨ ਅਤੇ ਖੁੱਲ੍ਹੇ ਦਿਲ ਨਾਲ ਮਾਇਕ ਸਹਾਇਤਾ ਵੀ ਕਰ ਰਹੇ ਸਨ। ਬਰਤਾਨਵੀ ਸਰਕਾਰ ਨੂੰ ਆਪਣੇ ਏਜੰਟਾਂ ਰਾਹੀਂ ਗਦਰ ਪਾਰਟੀ ਦੀਆਂ ਸਰਗਰਮੀਆਂ ਦੀਆਂ ਰਿਪੋਰਟਾਂ ਮਿਲ ਰਹੀਆਂ ਸਨ। ਬਰਤਾਨਵੀ ਹੁਕਮਰਾਨ ਭਾਰਤੀ ਲੋਕਾਂ ਵਿਚ ਵਧ ਰਹੀ ਸਿਆਸੀ ਜਾਗ੍ਰਿਤੀ ਤੋਂ ਘਬਰਾਉਣ ਲੱਗ ਪਏ। ਉਹ ਸਮਝਦੇ ਸਨ ਕਿ ਗਦਰ ਪਾਰਟੀ ਦੇ ਇਨਕਲਾਬੀ ਉਭਾਰ ਪਿੱਛੇ ਹਰਦਿਆਲ ਦਾ ਹੱਥ ਹੈ। ਜੇ ਉਸ ਨੂੰ ਦ੍ਰਿਸ਼ ਤੋਂ ਲਾਂਭੇ ਕਰ ਦਿੱਤਾ ਜਾਵੇ ਤਾਂ ਆਪੇ ਟਿਕ-ਟਿਕਾ ਹੋ ਜਾਵੇਗਾ। ਆਖਰਕਾਰ, ਕੈਲੀਫੋਰਨੀਆ ਦੀ ਸਰਕਾਰ ਨੇ ਲਾਲਾ ਹਰਦਿਆਲ ਨੂੰ ਦੇਸ਼ ਨਿਕਾਲਾ ਦੇਣ ਲਈ ਵਾਰੰਟ ਜਾਰੀ ਕਰ ਦਿੱਤੇ।

25 ਮਾਰਚ ਦਿਨ ਬੁੱਧਵਾਰ ਦੀ ਸ਼ਾਮ ਨੂੰ ਯੁਗਾਂਤਰ ਆਸ਼ਰਮ ਵਲੋਂ ਵਿਸ਼ਾਲ ਇਕੱਤਰਤਾ ਕੀਤੀ ਗਈ ਜਿਸ ਦੀ ਪ੍ਰਧਾਨਗੀ ਪ੍ਰਸਿੱਧ ਵਕੀਲ ਮਿਸਟਰ ਸਮਿੱਥ ਨੇ ਕੀਤੀ ਸੀ। ਉਥੇ ਤਿੰਨ ਆਦਮੀ ਗ੍ਰਿਫਤਾਰੀ ਵਾਰੰਟ ਲੈ ਕੇ ਪੁੱਜੇ ਹੋਏ ਸਨ। ਉਂਜ ਉਨ੍ਹਾਂ ਹਰਦਿਆਲ ਨੂੰ ਜਲਸੇ ਨੂੰ ਸੰਬੋਧਨ ਕਰ ਲੈਣ ਦਿੱਤਾ। ਰਾਤ ਨੂੰ ਉਨ੍ਹਾਂ ਅਮਰੀਕਨ ਦੋਸਤਾਂ ਨੂੰ ਸੂਚਿਤ ਕੀਤਾ ਕਿ ਸਵੇਰੇ ਪਰਵਾਸ ਮਹਿਕਮੇ ਜਾਣਾ ਹੈ। ਸਾਰੇ ਅਖਬਾਰਾਂ ਵਾਲੇ, ਵਕੀਲ ਅਤੇ ਹਮਦਰਦ ਅੰਗਰੇਜ਼ ਨਾਲ ਜਾਣ ਲਈ ਤਿਆਰ ਹੋ ਗਏ। ਅਮਰੀਕਨ ਔਰਤਾਂ ਹਰਦਿਆਲ ਦੀ ਜ਼ਮਾਨਤ ਦੇਣ ਦਾ ਬੰਦੋਬਸਤ ਕਰਨ ਲੱਗ ਪਈਆਂ। ਦੂਸਰੇ ਦਿਨ ਲਾਲਾ ਹਰਦਿਆਲ ਅਮਰੀਕਨ ਸਾਥੀਆਂ ਨਾਲ ਕੁਆਰਨਟੀਨ ਪੁੱਜ ਗਏ। ਦਫ਼ਤਰ ਵੱਲੋਂ ਵਾਰੰਟ ਪੇਪਰ ਦਿਖਾਏ ਗਏ ਜਿਨ੍ਹਾਂ 'ਤੇ ਲਿਖਿਆ ਹੋਇਆ ਸੀ ਕਿ ਹਰਦਿਆਲ ਨੇ 31 ਅਕਤੂਬਰ 1913 ਨੂੰ ਰੂਸੀ ਜ਼ਾਰ ਖ਼ਿਲਾਫ਼ ਤਕਰੀਰ ਕੀਤੀ ਸੀ। 14 ਜਾਂ 15 'ਗਦਰ' ਅਖ਼ਬਾਰ ਦੇ ਲੇਖਾਂ ਦਾ ਪੁਲੰਦਾ ਵੀ ਦਿਖਾਇਆ ਗਿਆ। ਦਫ਼ਤਰ ਦੇ ਅਫਸਰ ਕੋਈ ਤਿੰਨ ਘੰਟੇ ਅੰਗਰੇਜ਼ ਸਾਥੀਆਂ ਦੇ ਸਾਹਮਣੇ ਪੁੱਛ ਪੜਤਾਲ ਕਰਦੇ ਰਹੇ ਪਰ ਕੋਈ ਠੋਸ ਹਕੀਕਤ ਨਾ ਦੱਸ ਸਕੇ। ਅਖੀਰ ਵਿਚ ਇਕ ਹਜ਼ਾਰ ਡਾਲਰ ਦੀ ਜ਼ਮਾਨਤ 'ਤੇ ਛੱਡ ਦਿੱਤਾ। ਅਗਲੀ ਪੇਸ਼ੀ 10 ਅਪ੍ਰੈਲ 1914 ਨੂੰ ਰੱਖ ਦਿੱਤੀ। ਕੈਲੀਫੋਰਨੀਆ ਦੀਆਂ ਅਖ਼ਬਾਰਾਂ ਜਿਨ੍ਹਾਂ ਵਿਚ 'ਕ੍ਰਾਨੀਕਲ' ਤੇ 'ਬੁਲਿਟਨ' ਸ਼ਾਮਲ ਹਨ, ਦੇ ਮੁੱਖ ਪੰਨਿਆਂ 'ਤੇ ਖਬਰਾਂ ਅਤੇ ਆਰਟੀਕਲ ਲਿਖੇ ਗਏ। ਪੁੱਛਿਆ ਗਿਆ ਕਿ ਲਾਲਾ ਹਰਦਿਆਲ ਵਰਗੇ ਬੁੱਧੀਜੀਵੀ ਅਤੇ ਸੰਵੇਦਨਸ਼ੀਲ ਵਿਅਕਤੀ ਨੂੰ ਕਿਉਂ ਕੱਢਿਆ ਜਾ ਰਿਹਾ ਹੈ, ਜਦੋਂ ਕਿ ਹੋਰ ਵੀ ਲੋਕ ਆਜ਼ਾਦੀ ਦੀ ਲੜਾਈ ਲੜ ਰਹੇ ਹਨ। ਅਖਬਾਰਾਂ ਵਿਚ ਖ਼ਬਰਾਂ ਛਪਣ ਨਾਲ ਸਰਕਾਰ ਦੇ ਅੰਦਰ ਵੀ ਹਿਲਜੁਲ ਸ਼ੁਰੂ ਹੋ ਗਈ। ਕੁਝ ਸੈਨੇਟਰਾਂ ਨੇ ਬੁਰਾ ਮਨਾਇਆ। ਕੈਲੀਫੋਰਨੀਆ ਦੀ ਸਰਕਾਰ ਨੇ ਵੀ ਰੋਸ ਜਤਾਇਆ। ਵਾਸ਼ਿੰਗਟਨ ਤੋਂ ਖਬਰ ਆਈ ਕਿ ਹਰਦਿਆਲ ਨੂੰ ਅੰਗਰੇਜ਼ੀ ਕੌਂਸਲ ਨੇ ਫੜਾਇਆ ਹੈ। ਅਸਿਸਟੈਂਟ ਕਮਿਸ਼ਨਰ (ਜਨਰਲ ਇਮੀਗ੍ਰੇਸ਼ਨ) ਮਿਸਟਰ ਕਾਰਨਡ ਨੇ ਕਿਹਾ ਕਿ ਉਨ੍ਹਾਂ ਨੂੰ ਬ੍ਰਿਟਿਸ਼ ਅੰਬੈਸੀ ਦੇ ਸਕੱਤਰ ਮਿਸਟਰ ਸਕਾਟ ਨੇ ਆ ਕੇ ਕਿਹਾ ਸੀ ਕਿ ਹਰਦਿਆਲ ਇਸ ਦੇਸ਼ ਵਿਚੋਂ ਕੱਢਣ ਦੇ ਲਾਇਕ ਹੈ। ਅਖ਼ਬਾਰਾਂ ਵਿਚ ਇਸ ਗੱਲ ਨੇ ਜ਼ੋਰ ਫੜ ਲਿਆ ਕਿ ਹਰਦਿਆਲ ਨੂੰ ਬ੍ਰਿਟਿਸ਼ ਅੰਬੈਸੀ ਦੇ ਕਹਿਣ 'ਤੇ ਫੜਾਇਆ ਗਿਆ।

ਲਾਲਾ ਹਰਦਿਆਲ ਦੀ ਗ੍ਰਿਫ਼ਤਾਰੀ ਨੇ ਭਾਰਤੀ ਪਰਵਾਸੀਆਂ ਵਿਚ ਬਹੁਤ ਹਲਚਲ ਮਚਾਈ। ਗਦਰ ਪਾਰਟੀ ਨੇ ਹੰਗਾਮੀ ਮੀਟਿੰਗ ਸੱਦ ਕੇ ਇਸ ਮਸਲੇ ਦੇ ਸਿੱਧ-ਪੁੱਠ ਬਾਰੇ ਵਿਚਾਰ ਕੀਤੀ। ਪਾਰਟੀ ਨੇ ਵਕੀਲਾਂ ਨਾਲ ਸਲਾਹ ਮਸ਼ਵਰਾ ਵੀ ਕੀਤਾ ਪਰ ਸਾਰਿਆਂ ਦੀ ਸਲਾਹ ਦਾ ਨਿਚੋੜ ਸੀ ਕਿ ਹਰਦਿਆਲ ਨੂੰ ਅਮਰੀਕਾ ਛੱਡ ਦੇਣਾ ਚਾਹੀਦਾ ਹੈ ਕਿਉਂਕਿ 'ਗਦਰ' ਅਖ਼ਬਾਰ ਵਿਚ ਦਿੱਲੀ ਬੰਬ ਕੇਸ ਦੀ ਪ੍ਰਸ਼ੰਸਾ ਕੀਤੀ ਗਈ ਸੀ। ਬਰਤਾਨਵੀ ਸਰਕਾਰ ਮੁਤਾਬਕ ਸਾਰੀ ਸਾਜ਼ਿਸ਼ ਕੈਲੀਫੋਰਨੀਆ ਵਿਚ ਹੀ ਤਿਆਰ ਹੋਈ ਸੀ ਤੇ ਮੁੱਖ ਸਾਜ਼ਿਸ਼ਕਾਰ ਹਰਦਿਆਲ ਸੀ।

ਹਰਦਿਆਲ ਨੇ ਜਲਾਵਤਨ ਹੋਣ ਤੋਂ ਪਹਿਲਾਂ ਸੰਤੋਖ ਸਿੰਘ ਨੂੰ ਗਦਰ ਪਾਰਟੀ ਦਾ ਜਨਰਲ ਸਕੱਤਰ ਥਾਪ ਦਿੱਤਾ ਅਤੇ ਬੈਂਕਾਂ ਦੇ ਖਾਤੇ ਉਸ ਦੇ ਨਾਮ ਕਰਵਾ ਦਿੱਤੇ। ਹਰਨਾਮ ਸਿੰਘ ਕੋਟਲਾ ਨੌਧਸਿੰਘ ਨੂੰ ਗਦਰ ਦਾ ਐਡੀਟਰ ਇੰਚਾਰਜ ਬਣਾ ਦਿੱਤਾ। ਡਾਕਘਰ ਲਿਜਾ ਕੇ ਜਾਣ-ਪਛਾਣ ਕਰਵਾ ਦਿੱਤੀ। ਸਾਰੀਆਂ ਜ਼ਿੰਮੇਵਾਰੀਆਂ ਦਾ ਹਿਸਾਬ ਕਿਤਾਬ ਮੁਕਾ ਕੇ ਜਨੇਵਾ (ਸਵਿਟਜ਼ਰਲੈਂਡ) ਪੁੱਜ ਗਏ। ਉਥੇ ਜਾ ਕੇ ਉਹ ਬਿਮਾਰ ਹੋ ਗਏ। ਸਰਕਾਰਾਂ ਦੀ ਬੇਰੁਖੀ, ਜ਼ਿੰਦਗੀ ਦੀਆਂ ਤਲਖ ਹਕੀਕਤਾਂ, ਗਦਰ ਲਹਿਰ ਨਾਲੋਂ ਮਜਬੂਰਨ ਟੁੱਟਣ, ਇਕ ਮੁਲਕ ਤੋਂ ਦੂਜੇ ਮੁਲਕ ਜਾਣ, ਆਪਣੇ ਵਤਨ ਤੋਂ ਦੂਰ-ਪਹਿਲਾਂ ਸਵਿਟਜ਼ਰਲੈਂਡ ਅਤੇ ਫਿਰ ਜਰਮਨੀ, ਇਟਲੀ ਅਤੇ ਸਵੀਡਨ ਵਿਚ ਕਠਿਨਾਈਆਂ, ਤੰਗੀਆਂ-ਤੁਰਸ਼ੀਆਂ, ਔਕੜਾਂ, ਮੁਸ਼ਕਿਲਾਂ ਨਾਲ ਜੂਝਦਿਆਂ ਅਖੀਰ ਅਮਰੀਕਾ ਦੇ ਸ਼ਹਿਰ ਫਿਲਾਡੈਲਫੀਆ ਪਹੁੰਚ ਗਏ ਜਿਥੇ 4 ਮਾਰਚ 1939 ਨੂੰ ਮੌਤ ਦੀ ਗੋਦ ਵਿਚ ਜਾ ਬੈਠੇ। ਉਨ੍ਹਾਂ ਵਲੋਂ ਸਵੈ-ਵਿਕਾਸ ਲਈ ਦਰਸਾਇਆ ਮਾਰਗ ਬੰਦੇ ਦੀ ਸੋਚ ਨੂੰ ਮਾਂਜ-ਸੰਵਾਰ ਕੇ ਤਿੱਖਾ ਕਰਨ ਦੀ ਸਮਰੱਥਾ ਰਖਦਾ ਹੈ। ਲਾਲਾ ਹਰਦਿਆਲ ਆਪਣੇ ਸਮੇਂ ਦਾ ਆਲਮ ਫਾਜ਼ਲ ਸੀ।

#

# ਇਹ ਮੇਰਾ ਪੰਜਾਬ ਬੇਲੀਓ, ਇਹ ਮੇਰਾ ਪੰਜਾਬ...

## ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ
ਫੋਨ:91-98141-78883

ਪੰਜਾਬ ਦੀ ਵਡਿੱਤਣ 'ਚ ਬਥੇਰਾ ਕੁਝ ਲਿਖਿਆ ਗਿਐ ਤੇ ਬਥੇਰਾ ਕੁਝ ਲਿਖਿਆ ਜਾਵੇਗਾ ਪਰ ਜੇ ਹਕੀਕੀ ਪ੍ਰਸੰਗ ਵਿਚ ਦੇਖੀਏ ਤਾਂ ਸਿਵਾਏ ਕੁਫ਼ਰ ਦੇ ਹੋਰ ਕੁਝ ਨਹੀਂ ਲੱਭਦਾ। ਕਿੱਸੇ-ਕਹਾਣੀਆਂ ਤੇ ਗੀਤਾਂ ਵਿਚ ਪੰਜਾਬੀਆਂ ਨੂੰ ਸੂਰਬੀਰ, ਇੱਜ਼ਤਾਂ ਦੇ ਰਾਖੇ, ਗਊ-ਗ਼ਰੀਬ ਦੇ ਰਾਖੇ, ਅਣਖਾਂ ਦੇ ਸਿਰਨਾਵੇਂ ਤੇ ਹੋਰ ਪਤਾ ਨਹੀਂ ਕੀ ਕੁਝ ਆਖਿਆ ਜਾਂਦੈ, ਪਰ ਹਕੀਕਤ ਇਹ ਹੈ ਕਿ ਇਹ ਸਭ ਬੀਤੇ ਦੀਆਂ ਬਾਤਾਂ ਨੇ। ਅੱਜ ਇਸ 'ਮਹਾਨ ਪੰਜਾਬ' ਵਿਚ ਜੋ ਹੋ ਰਿਹੈ, ਉਹ ਜਾਨਣ ਲਈ ਕਿਸੇ ਵੀ ਦਿਨ ਦੀ ਅਖ਼ਬਾਰ ਪੜ੍ਹੀ ਜਾ ਸਕਦੀ ਏ।

'ਪੰਜਾਬ ਵਸਦਾ ਗੁਰਾਂ ਦੇ ਨਾਂ 'ਤੇ' ਸਤਰ ਜਦੋਂ ਵੀ ਕੰਨੀਂ ਪੈਂਦੀ ਏ ਤਾਂ ਜਾਪਦੈ ਏਸ ਸਤਰ ਵਿਚ ਵੀ 'ਸੀ' ਪਾਉਣ ਦੀ ਜ਼ਰੂਰਤ ਏ, 'ਪੰਜਾਬ ਵਸਦਾ 'ਸੀ' ਗੁਰਾਂ ਦੇ ਨਾਂ 'ਤੇ।' ਅੱਜ ਗੁਰੂਆਂ ਦੀ ਕੌਣ ਮੰਨਦੈ, ਕੌਣ ਤੇਰਾਂ-ਤੇਰਾਂ ਤੋਲਦੈ, ਕੌਣ ਪਰਾਏ ਹੱਕ ਨੂੰ ਛੱਡਦੈ, ਕੌਣ ਜ਼ਬਰ-ਜ਼ੁਲਮ ਖਿਲਾਫ਼ ਅਵਾਜ਼ ਉਠਾਉਂਦੈ? ਕੌਣ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਮੁਕਤ ਏ?

ਪੰਜਾਬ ਦਾ ਜੋ ਅਜੋਕਾ ਸਿਆਸੀ, ਸੱਭਿਆਚਾਰਕ ਤੇ ਸਮਾਜਿਕ ਮਾਹੌਲ ਹੈ, ਉਸ ਵੱਲ ਤੱਕ 'ਦੁਨੀਆਂ ਦੇ ਦੁੱਖ ਦੇਖ-ਦੇਖ ਦਿਲ ਡੁੱਬਦਾ ਡੁੱਬਦਾ ਜਾਂਦਾ' ਵਾਲੀ ਗੱਲ ਸੱਚ ਸਾਬਤ ਹੁੰਦੀ ਏ। ਸੱਚ ਇਹ ਹੈ ਕਿ ਪੰਜਾਬ ਅੰਦਰੋਂ ਖੋਖਲਾ ਹੋ ਚੁੱਕੈ, ਇਹ ਆਪਣੀ ਹਾਲਤ 'ਤੇ ਹੰਝੂ ਵਹਾ ਰਿਹੈ, ਅਹਿਮਦ ਸ਼ਾਹ ਅਬਦਾਲੀ ਦੀ ਜ਼ਹਿਨੀਅਤ ਵਾਲੇ ਸਿਆਸਤਦਾਨ ਇਹਨੂੰ ਲੁੱਟਣ ਦੀ ਕੋਈ ਕਸਰ ਨਹੀਂ ਛੱਡ ਰਹੇ, ਗ਼ਰੀਬ ਦਾਲ਼-ਰੋਟੀ ਲਈ ਹਾੜੇ ਕੱਢ ਰਿਹੈ, ਲੋਕਤੰਤਰ ਦੇ ਮੰਦਰਾਂ ਵਿਚ ਧੀਆਂ-ਭੈਣਾਂ ਦੀਆਂ ਗਾਲਾਂ ਨਿਕਲ ਰਹੀਆਂ ਨੇ, ਨੰਨ੍ਹੀਆਂ ਛਾਂਵਾਂ ਦੀ ਰਾਖੀ ਦਾ ਰਾਗ ਅਲਾਪਿਆ ਜਾ ਰਿਹੈ ਪਰ ਜਵਾਨ ਧੀਆਂ ਦੀ ਆਬਰੂ ਹਰ ਮੋੜ 'ਤੇ ਖਤਰੇ 'ਚ ਹੈ, ਦੁੱਧ ਨਾਲੋਂ ਦਾਰੂ ਸਸਤੀ ਏ, ਪਿੰਡਾਂ ਵਿਚ ਸਕੂਲ ਭਾਵੇਂ ਇੱਕ ਵੀ ਨਾ ਹੋਵੇ, ਠੇਕੇ ਦੋ-ਦੋ ਨੇ, ਪੁਲਿਸ ਸੱਤਾਧਾਰੀਆਂ ਦੀ ਚਾਕਰ ਬਣੀ ਹੋਈ ਏ, ਜਨਤਾ ਮੂਕ ਦਰਸ਼ਕ ਬਣੀ ਸਭ ਕੁਝ ਦੇਖ ਰਹੀ ਏ, ਅਗਲੀਆਂ ਚੋਣਾਂ ਵਿਚ ਪੱਗਾਂ ਦਾ ਰੰਗ ਬਦਲਣ ਬਾਰੇ ਗੱਲਾਂ ਹੋ ਰਹੀਆਂ ਨੇ ਪਰ ਬਦਲੀਆਂ ਪੱਗਾਂ ਨੇ ਵੀ ਉਹੀ ਕਰਨੈ, ਜੋ ਅੱਜ ਹੋ ਰਿਹੈ।

ਚੋਣਾਂ 'ਚ ਉਮੀਦਵਾਰ ਜਿੱਤਦੇ ਨੇ, ਫੇਰ ਸਾਢੇ ਚਾਰ ਸਾਲ ਛੂਪਣਛੋਤ ਹੋ ਜਾਂਦੇ ਨੇ। ਇਨ੍ਹਾਂ ਸਾਲਾਂ ਵਿਚ ਉਨ੍ਹਾਂ ਦੀਆਂ ਗਤੀਵਿਧੀਆਂ ਦਾ ਪਤਾ ਸਿਰਫ਼ ਵਿਧਾਨ ਸਭਾ ਦੇ ਸੈਸ਼ਨਾਂ ਤੋਂ ਮਿਲਦਾ ਹੈ। ਜੇ ਲੀਡਰ ਸੱਤਾਧਾਰੀ ਧਿਰ ਦਾ ਹੈ ਤਾਂ ਸਰਕਾਰ ਦੇ ਸੋਹਲੇ ਤੇ ਜੇ ਵਿਰੋਧੀ ਧਿਰ ਦਾ ਹੈ, ਤਾਂ ਵਾਕਆਊਟ ਦਾ ਟੰਟਾ। ਪ੍ਰਾਇਮਰੀ ਸਕੂਲ ਦੇ ਨਿਆਣਿਆਂ ਵਾਂਗ ਵਿਧਾਨ ਸਭਾ 'ਚ ਲੜਦੇ ਲੀਡਰਾਂ ਵੱਲ ਦੇਖ ਇੰਜ ਜਾਪਦੈ ਕਿ ਇਨ੍ਹਾਂ ਦੀ ਸੋਚ ਅੱਜ ਵੀ ਛੋਟੀ ਹੈ, ਸਿਰ ਦੇ ਵਾਲ਼ ਭਾਵੇਂ ਸਾਰੇ ਚਿੱਟੇ ਹੋ ਗਏ ਹੋਣ।

ਪੰਜਾਬ ਵਿਧਾਨ ਸਭਾ ਦੇ ਹੁਣੇ-ਹੁਣੇ ਖ਼ਤਮ ਹੋਏ ਸੈਸ਼ਨ ਦੌਰਾਨ ਮਜੀਠੀਆ ਸਾਹਿਬ ਨੇ ਗਾਲਾਂ ਦੇ ਭਰ ਭਰ ਗੱਫ਼ੇ ਮਾਈਕ ਮੂਹਰੇ ਖੜ੍ਹ ਕੇ ਦਿੱਤੇ ਤੇ ਉਹ ਇਹ ਵੀ ਭੁੱਲ ਗਏ ਕਿ ਉਨ੍ਹਾਂ ਦੀ ਸਤਿਕਾਰਯੋਗ ਭੈਣ 'ਨੰਨ੍ਹੀਆਂ ਛਾਂਵਾਂ' ਦੀ ਗੱਲ ਕਰਦੀ ਏ ਤੇ ਗਾਲਾਂ ਵਿਚ ਉਨ੍ਹਾਂ 'ਨੰਨ੍ਹੀਆਂ' ਦੀ ਵਰਤੋਂ ਧੀ ਦੀ...ਭੈਣ ਦੀ... ਦੇ ਰੂਪ ਵਿਚ ਹੋਈ। ਵਿਰੋਧੀ ਧਿਰ ਨੂੰ ਮਾਮਲਾ ਉਠਾਉਣ ਦਾ ਮੌਕਾ ਮਿਲ ਗਿਆ ਤੇ ਸ਼ਰਮ ਨਾਲ ਸਿਰ ਨੀਵਾਂ ਕਰਨ ਦੀ ਥਾਂ ਇੱਕ ਧਿਰ ਨੇ ਆਖਿਆ, 'ਸੱਤਾਧਾਰੀ ਧਿਰ ਗੁੰਡਿਆਂ ਵਾਲੀ ਭਾਸ਼ਾ ਵਰਤਣ ਲੱਗੀ ਏ...' ਤੇ ਦੂਜੀ ਨੇ ਆਖਿਆ, 'ਵਿਰੋਧੀ ਪਾਰਟੀ ਹਰ ਗੱਲ ਨੂੰ ਮੁੱਦਾ ਬਣਾ ਛੱਡਦੀ ਏ...।'

ਮੁਹੰਮਦ ਸਦੀਕ ਜਦੋਂ ਪਹਿਲੀ ਵਾਰ ਵਿਧਾਨ ਸਭਾ ਸੈਸ਼ਨ 'ਚ ਪਹੁੰਚਿਆ ਤਾਂ 'ਭਾਰਤ ਹੈ ਵਾਂਗ ਮੁੰਦਰੀ, ਵਿਚ ਨਗ ਪੰਜਾਬ ਦਾ' ਗਾਣਾ ਸੁਣਾ ਕੇ ਵਿਵਾਦ ਸਹੇੜ ਬੈਠਾ। ਅਕਾਲੀਆਂ ਆਖਿਆ, 'ਗਾਣਾ ਗਾਉਣ ਨਾਲ ਮਰਿਆਦਾ ਦੀ ਉਲੰਘਣਾ ਹੋ ਗਈ ਏ।' ਤੇ ਹੁਣ ਗਾਲਾਂ ਨਾਲ ਵਿਧਾਨ ਸਭਾ ਦੀ ਮਰਿਆਦਾ ਨੂੰ ਜਿਹੜੇ ਚਾਰ ਚੰਨ ਲੱਗੇ ਨੇ, ਉਹਦੇ ਬਾਰੇ ਸਭ ਲੋਕ ਜਾਣਦੇ ਨੇ।

ਹੈਰਾਨੀ ਦੀ ਗੱਲ ਏ ਕਿ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਨੂੰ ਸਿਆਸੀ ਪਨਾਹ ਵਾਲੇ ਗੁੰਡਿਆਂ ਵੱਲੋਂ ਸ਼ਰੇਆਮ ਗੋਲੀਆਂ ਮਾਰੀਆਂ ਜਾਂਦੀਆਂ ਨੇ, ਪੁਲਿਸ ਮੁਲਾਜ਼ਮਾਂ ਦੀਆਂ ਲੱਤਾਂ ਤੋੜੀਆਂ ਜਾਂਦੀਆਂ ਨੇ, ਕੁੜੀਆਂ ਚੁੱਕ ਕੇ ਲਿਜਾਣ ਵਾਲਿਆਂ ਨੂੰ ਸਿਆਸੀ ਪਨਾਹ ਮਿਲਦੀ ਏ, ਪਰ ਛੋਟੇ ਬਾਦਲ ਸਾਹਿਬ ਕਹਿ ਰਹੇ ਨੇ ਕਿ ਪੰਜਾਬ ਅਪਰਾਧ ਮੁਕਤ ਸੂਬਿਆਂ ਵਿਚ ਸ਼ਾਮਲ ਹੈ, ਜਿੱਥੋਂ ਦੀ ਪੁਲਿਸ ਸਭ ਤੋਂ ਵੱਧ ਮੁਸ਼ਤੈਦੀ ਨਾਲ ਕੰਮ ਕਰ ਰਹੀ ਏ, ਅਮਨ-ਕਾਨੂੰਨ ਦੀ ਸਥਿਤੀ ਨੂੰ ਕੋਈ ਕੋਈ ਖਤਰਾ ਹੈ ਹੀ ਨਹੀਂ।

ਪੰਜਾਬ ਵਿਚ ਆਟੇ ਨਾਲੋਂ ਮਹਿੰਗੀ ਰੇਤ ਵਿਕ ਰਹੀ ਏ, ਭੱਠਾ ਮਾਲਕਾਂ ਦੀਆਂ ਹੜਤਾਲਾਂ ਨੇ ਘਰ ਬਣਾਉਣ ਦੇ ਚਾਹਵਾਨਾਂ ਦੀਆਂ ਸੱਧਰਾਂ ਦਾ ਭੱਠਾ ਬਿਠਾ ਛੱਡਿਐ, ਜ਼ਮੀਨਾਂ 'ਤੇ ਧੱਕੇ ਨਾਲ ਕਬਜ਼ੇ ਹੋ ਰਹੇ ਨੇ, ਬੇਰੁਜ਼ਗਾਰ ਅਧਿਆਪਕ ਆਪਣੀਆਂ ਮੰਗਾਂ ਲਈ ਰੋਜ਼ਾਨਾ ਪੁਲਸੀਆਂ ਦੀਆਂ ਡਾਂਗਾਂ ਖਾਂਦੇ ਨੇ, ਥਾਣਿਆਂ ਵਿਚ ਕੰਮ ਕਰਦੀ ਖਾਕੀ ਵਰਦੀ 'ਉਪਰੋਂ ਆਏ ਹੁਕਮਾਂ' ਮੁਤਾਬਕ ਚੱਲਦੀ ਏ ਜਾਂ ਰੰਗ-ਬਰੰਗੇ ਨੋਟਾਂ ਨਾਲ, ਚਪੜਾਸੀ ਤੋਂ ਲੈ ਕੇ ਉਪਰ ਤੱਕ ਹਰ ਕੋਈ ਵਿਕਿਆ ਹੋਇਐ ਤੇ ਅਸੀਂ ਫੇਰ ਵੀ ਆਖਦੇ ਹਾਂ, 'ਮੇਰੇ ਸੋਹਣੇ ਦੇਸ ਪੰਜਾਬ ਨੂੰ ਕਦੇ ਨਜ਼ਰ ਨਾ ਲੱਗੇ...।'

'ਮਹਾਨ ਪੰਜਾਬ' ਦਾ ਪਾਣੀ ਏਨਾ ਜ਼ਹਿਰੀਲਾ ਹੋ ਚੁੱਕੈ ਕਿ ਹਜ਼ਾਰਾਂ ਨਹੀਂ ਲੱਖਾਂ ਲੋਕ ਕੈਂਸਰ ਤੇ ਕਾਲੇ ਪੀਲੀਏ ਜਿਹੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਚੁਕੇ ਹਨ ਤੇ ਸੈਂਕੜੇ ਲੋਕ ਹਰ ਸਾਲ ਇਲਾਜ ਲਈ ਤਰਸਦੇ ਜਹਾਨੋਂ ਜਾ ਰਹੇ ਨੇ। ਸਾਰੇ ਲੋਕ ਬਾਦਲਾਂ ਜਿੰਨੇ ਅਮੀਰ ਨਹੀਂ ਕਿ ਬਿਮਾਰੀਆਂ ਦੇ ਇਲਾਜ ਲਈ ਅਮਰੀਕਾ ਜਾ ਸਕਣ, ਉਨ੍ਹਾਂ ਦੀ ਪਹੁੰਚ ਤਾਂ ਕੈਂਸਰ ਦੇ ਇਲਾਜ ਲਈ ਬੀਕਾਨੇਰ ਤੱਕ ਸੀਮਤ ਹੈ। ਮੰਤਰੀਆਂ ਵੱਲੋਂ ਪੰਜਾਬ ਦੇ ਕੈਂਸਰ ਪੀੜਤਾਂ ਨੂੰ ਇਲਾਜ ਲਈ ਵਿਸ਼ੇਸ਼ ਰਾਸ਼ੀਆਂ ਦੇਣ ਦਾ ਐਲਾਨ ਕੀਤਾ ਜਾਂਦੈ ਪਰ ਬਾਅਦ ਵਿਚ ਸਕੈਂਡਲ ਸਾਹਮਣੇ ਆਉਂਦੈ ਕਿ ਪੀੜਤਾਂ ਦੀ ਰਾਸ਼ੀ ਡਾਕਟਰਾਂ ਅਤੇ ਹੋਰ ਅਮਲੇ ਫੈਲੇ ਨੇ ਮਿਲ-ਮਿਲਾ ਕੇ ਛਕ ਲਈ ਏ।

ਖਾਣ ਲਈ ਕਣਕ, ਦੁੱਧ, ਦਾਲ਼ਾਂ, ਦਵਾਈਆਂ ਕੁਝ ਵੀ ਸ਼ੁੱਧ ਨਹੀਂ, ਜਿਸ ਕਰਕੇ ਲੋਕ ਮਰ ਰਹੇ ਨੇ ਤੇ ਤੁਰ ਗਿਆਂ ਨੂੰ ਸਿਰਫ਼ 'ਰੱਬ ਦੇ ਭਾਣੇ' ਨਾਲ ਜੋੜ ਕੇ ਦੇਖਿਆ ਜਾਂਦੈ। ਦੇਸ਼ ਦੇ ਨਿਰਮਾਤਾ ਪੈਦਾ ਕਰਨ ਵਾਲੇ ਸਰਕਾਰੀ ਵਿੱਦਿਅਕ ਅਦਾਰਿਆਂ ਦਾ ਬੁਰਾ ਹਾਲ ਏ ਤੇ ਪ੍ਰਾਈਵੇਟ ਅਦਾਰਿਆਂ ਦੀ ਲੁੱਟ-ਖਸੁੱਟ ਸਧਾਰਨ ਲੋਕ ਬਰਦਾਸ਼ਤ ਕਰਨ ਦੇ ਸਮਰੱਥ ਨਹੀਂ। ਪੰਜਾਬ ਦੇ 30% ਤੋਂ ਵੱਧ ਲੋਕਾਂ ਨੂੰ ਸ਼ਾਮ ਦੇ ਅੱਠ ਵਜੇ ਤੱਕ ਲਾਲ ਪਰੀ ਦੇ ਸਰੂਰ ਵਿਚ ਇਹ ਪਤਾ ਨਹੀਂ ਹੁੰਦਾ ਕਿ ਉਹ ਪੰਜਾਬ ਦੇ ਵਾਸੀ ਹਨ ਜਾਂ ਬਿਹਾਰ ਦੇ। ਸਵੇਰ ਨੂੰ ਜਦੋਂ ਦਾਰੂ ਉਤਰਦੀ ਏ ਤਾਂ ਪਤਾ ਲੱਗਦੈ ਕਿ ਉਹ 'ਗੁਰੂਆਂ ਦੀ ਧਰਤੀ' ਦੇ ਜਾਏ ਨੇ। ਸਵੇਰੇ ਚਾਰ ਵਜੇ ਗੁਰਧਾਮ ਖੁੱਲ੍ਹਦੇ ਨੇ ਤੇ ਸਾਢੇ ਪੰਜ ਵਜੇ ਠੇਕਿਆਂ ਦੇ ਜਿੰਦੇ ਖੁੱਲ੍ਹ ਜਾਂਦੇ ਨੇ ਤੇ ਜਿੰਨੇ ਕੁ ਲੋਕ ਸਿਰ ਨਿਵਾਉਣ ਧਾਰਮਿਕ ਥਾਂਵਾਂ 'ਤੇ ਜਾਂਦੇ ਨੇ, ਓਨੇ ਕੁ ਹੀ ਠੇਕਿਆਂ ਮੂਹਰੇ ਖੜ੍ਹੇ, 'ਇੱਕ ਰਸਭਰੀ ਦੇਈਂ...ਇੱਕ 'ਸ਼ਰਮੀਲੀ' ਫੜਾਈਂ...'ਗੱਭਰੂ' ਦਾ ਅਧੀਆ ਦੇ ਦਿਓ' ਕਹਿ ਰਹੇ ਹੁੰਦੇ ਨੇ।

ਜਦੋਂ ਇਹ ਸਾਰਾ ਕੁਝ ਮੇਰੇ ਗੁਲਾਬ ਵਰਗੇ ਸੂਬੇ ਵਿਚ ਹੋ ਰਿਹਾ ਹੋਵੇ, ਉਦੋਂ ਦੱਸੋ ਇਸ ਦੀ 'ਸਿਫ਼ਤ' ਵਿਚ ਹੋਰ ਕੀ-ਕੀ ਆਖੀਏ? ਸ਼ਾਲਾ, ਇਹ ਪੰਜਾਬ ਪਹਿਲਾਂ ਵਰਗਾ ਬਣ ਜਾਵੇ, ਜਦੋਂ ਸਿਆਸਤ ਵਿਚ ਅੱਜ ਜਿੰਨਾ ਗੰਧਲਾਪਣ ਨਹੀਂ ਸੀ ਆਇਆ, ਸ਼ਰਧਾ ਵਪਾਰ ਦਾ ਹਿੱਸਾ ਨਹੀਂ ਸੀ ਬਣੀ, ਲੋਕ ਸਿੱਧੇ-ਸਾਦੇ ਸਨ ਤੇ ਜ਼ਿੰਦਗੀ ਦੀਆਂ ਲੋੜਾਂ ਵੀ ਏਨੀਆਂ ਨਹੀਂ ਸਨ। ਜੀਵਨ ਨਿਰਬਾਹ ਲਈ ਖੂਨ ਦਾ ਰੰਗ ਬਦਲਣ ਦੀ ਜ਼ਰੂਰਤ ਨਹੀਂ ਸੀ ਪੈਂਦੀ।

2012 ਅਲਵਿਦਾ ਆਖ ਚੁੱਕੈ ਤੇ 2013 ਨੂੰ ਲੋਕਾਂ ਬੜੀ ਸ਼ਿੱਦਤ ਨਾਲ ਖੁਸ਼ਆਮਦੀਦ ਆਖਿਐ। ਪਰ ਦੇਖਿਆ ਜਾਵੇ ਤਾਂ ਤਰੀਕ ਤੇ ਸਾਲ ਬਦਲਿਐ, ਬੰਦਾ ਜਾਂ ਬੰਦੇ ਦੀ ਸੋਚ ਨਹੀਂ। ਟੀ.ਵੀ. ਚੈਨਲਾਂ 'ਤੇ ਰੰਗ-ਬਰੰਗੇ ਪ੍ਰੋਗਰਾਮ ਪੇਸ਼ ਹੋਏ ਕਿ ਨਵਾਂ ਸਾਲ ਖੁਸ਼ੀਆਂ ਏਦਾਂ ਲਿਆ ਰਿਹੈ, ਨਵੇਂ ਸਾਲ 'ਚ ਵਿਗਿਆਨ ਨੇ ਆਹ ਕਰ ਛੱਡਣੈ-ਔਹ ਕਰ ਦੇਣੈ, ਪਰ ਕਿਸੇ ਨੇ ਨਵੇਂ ਸਾਲ ਮੌਕੇ ਬੰਦੇ ਨੂੰ ਬੰਦਾ ਬਣਨ ਲਈ ਨਾ ਕਿਹਾ।

ਚੁਣੌਤੀਆਂ ਉਹੀ ਨੇ, ਲੀਡਰਸ਼ਿਪ ਵੀ ਉਹੀ ਤੇ ਆਮ ਲੋਕ ਵੀ ਉਹੀ, ਫੇਰ ਵੀ ਨਵੇਂ ਸਾਲ ਵਿਚ ਦਾਖਲ ਹੋਣ 'ਤੇ ਆਮ ਬੰਦਾ ਚਾਹੁੰਦਾ ਹੈ ਕਿ ਕਦੇ ਉਹਦੀ ਵੀ ਸੁਣੀ ਜਾਵੇ, ਉਹਨੂੰ ਵੀ ਪੁੱਛਿਆ ਜਾਵੇ ਕਿ ਕੀ ਸੋਚਦਾ ਏ ਉਹੋ?

## ਨਵਾਂ ਸਾਲ ਮੁਬਾਰਕ !

ਆਵੋ ਸੱਜਣੋ! ਰਲ਼ ਕੇ ਗਾਈਏ ਗੀਤ ਅਮਨ ਦੇ।
ਆਵੋ ਸੱਜਣੋ! ਖਿੜ-ਖਿੜ ਕਹਿੰਦੇ ਫ਼ੁੱਲ ਚਮਨ ਦੇ।
ਅੱਜ ਦਾ ਸੂਰਜ ਭਾਗਾਂ ਭਰਿਆ, ਜੋ ਹੈ ਚੜ੍ਹਿਆ,
ਮਿਲ ਕੇ ਸਾਰੇ ਖੁਸ਼ੀ ਮਨਾਈਏ।
ਨਵਾਂ ਸਾਲ ਮੁਬਾਰਕ ਹੋਵੇ!
ਤੁਹਾਨੂੰ ਵੀ ਤੇ ਸਾਨੂੰ ਵੀ।

ਹਰ ਘਰ ਵਿਚ, ਇਹ ਲੈ ਕੇ ਆਵੇ ਖੁਸ਼ੀਆਂ ਖੇੜੇ।
ਹਰ ਪਾਸਿਓਂ ਆਣ ਸਦਾ ਹੀ ਸੁੱਖ ਸੁਨੇਹੜੇ।
ਹਰ ਬਸ਼ਰ ਦੇ ਪੜ੍ਹਨ ਸਕੂਲੇ ਜਾਣ ਨਿਆਣੇ,
ਹਰ ਕਾਮੇ ਦੀ ਕੋਠੀ ਦੇ ਵਿਚ ਹੋਵਣ ਦਾਣੇ।
ਆਵੋ ਰਲ ਕੇ ਨੱਚੀਏ ਗਾਈਏ।
ਨਵਾਂ ਸਾਲ ਮੁਬਾਰਕ ਹੋਵੇ!
ਤੁਹਾਨੂੰ ਵੀ ਤੇ ਸਾਨੂੰ ਵੀ।

ਕੁੱਲ ਦੁਨੀਆਂ ਵਿਚ ਅਮਨ ਸ਼ਾਂਤੀ ਹੋ ਜਾਏ ਸਾਰੇ।
ਨਾ ਕੋਈ ਖੋਵ੍ਹੇ ਹੱਕ ਕਿਸੇ ਦਾ ਨਾ ਕਿਸੇ ਨੂੰ ਮਾਰੇ।
ਛੱਡ ਕੇ ਬੰਬ-ਬੰਦੂਕਾਂ, ਸਾਰੇ ਕਸਮਾਂ ਖਾਵਣ,
ਜੀਓ ਅਤੇ ਜੀਣ ਦਿਓ ਦਾ ਨਾਰ੍ਹਾ ਲਾਵਣ।
ਆ ਜਾਓ ਸਾਰੇ ਜੱਫੀਆਂ ਪਾਈਏ!
ਨਵਾਂ ਸਾਲ ਮੁਬਾਰਕ ਹੋਵੇ,
ਤੁਹਾਨੂੰ ਵੀ ਤੇ ਸਾਨੂੰ ਵੀ।

ਸਭ ਲੋਕਾਂ ਦੇ ਕੋਲੇ ਹੋਵੇ ਰੋਟੀ, ਕੱਪੜਾ ਅਤੇ ਮਕਾਨ।
ਸਾਡੇ ਭਾਰਤ ਦੇਸ਼ ਦੀ ਹੋਵੇ ਕੁੱਲ ਦੁਨੀਆਂ 'ਤੇ ਸ਼ਾਨ।
ਕੋਈ ਵੀ ਦੁਸ਼ਮਣ ਪਾਵੇ ਨਾ, ਸਾਡੇ ਵਿਚ ਬਖੇੜੇ,
ਮੁੱਕ ਜਾਵਣ ਜੋ ਆਪਸ ਵਿਚ ਨੇ ਝਗੜੇ-ਝੇੜੇ।
ਜਾ ਸਰਹੱਦੀਂ ਹੋਕਾ ਲਾਈਏ।
ਨਵਾਂ ਸਾਲ ਮੁਬਾਰਕ ਹੋਵੇ!
ਤੁਹਾਨੂੰ ਵੀ ਤੇ ਸਾਨੂੰ ਵੀ।

ਅਸੀਂ ਹਾਂ ਸਾਰੇ ਭਾਰਤ ਵਾਸੀ, ਭਾਰਤ ਮਾਂ ਦੇ ਜਾਏ।
ਸ਼ਾਤਰ ਲੋਕਾਂ ਹਾਉਮੈ ਖਾਤਰ ਜਾਤਾਂ ਵਿਚ ਵੰਡਾਏ।
ਸਾਂਝਾ ਚੰਦ, ਹਵਾ ਤੇ ਤਾਰੇ, ਪਾਣੀ ਅਤੇ ਆਕਾਸ਼,
ਸਭਨਾਂ 'ਤੇ ਇਕੋ ਹੀ ਸੂਰਜ ਕਰਦਾ ਹੈ ਪ੍ਰਕਾਸ਼।
ਆ 'ਰਾਠੀ' ਗਲ਼ ਬਾਹਵਾਂ ਪਾਈਏ।
ਨਵਾਂ ਸਾਲ ਮੁਬਾਰਕ ਹੋਵੇ!
ਤੁਹਾਨੂੰ ਵੀ ਤੇ ਸਾਨੂੰ ਵੀ।

-ਰਾਠੇਸ਼ਵਰ ਸਿੰਘ ਸੂਰਾਪੁਰੀ
ਫੋਨ: 916-969-9337

## ਇਕ ਚੁੱਪ...

ਇਹ ਕੋਈ ਨਹੀਂ ਦੱਸਦਾ ਉਸ ਦਾ ਕੀ ਕਸੂਰ ਹੈ।
ਚੁੱਪ ਰਹਿਣਾ ਹੀ ਦੋਸਤਾ ਇਸ ਸ਼ਹਿਰ ਦਾ ਦਸਤੂਰ ਹੈ।
ਸੂਲੀ ਚੜ੍ਹਿਆ ਵੇਖਿਆ ਮੈਂ ਸੋਚ ਨੂੰ ਹਰ ਮੋੜ 'ਤੇ,
ਸੁਕਰਾਤ ਜ਼ਹਿਰ ਦਾ ਪਿਆਲਾ ਪੀਣ ਲਈ ਮਜਬੂਰ ਹੈ।
ਬੇਸ਼ੱਕ ਉਪਰੋਂ ਸੁੱਕ ਗਏ ਇਹ ਜ਼ਖ਼ਮ ਵਿਚੋਂ ਹਰੇ ਨੇ,
ਜੋ ਅੱਖਾਂ ਰਾਹੀਂ ਵਗ੍ਹਾ ਰਿਹਾ ਸੀਨੇ 'ਚ ਕੋਈ ਨਾਸੂਰ ਹੈ।
ਕਾਗ਼ਜ਼ ਦੀ ਛਤਰੀ ਤਾਣ ਕੇ ਮੀਂਹ ਵਿਚ ਖੜ੍ਹਾ ਹੈ ਸੋਚਦਾ,
ਕਾਗਜ਼ ਦੀ ਕਿਸ਼ਤੀ ਤੋਂ ਪੁੱਛਾਂ ਕਿਨਾਰਾ ਕਿੰਨੀ ਦੂਰ ਹੈ।
ਜੀਭਾਂ ਕਿਉਂ ਖਮੋਸ਼ ਨੇ ਸਮਝ ਨਹੀਂ ਕੁਝ ਆ ਰਿਹਾ,
ਅੱਖਾਂ ਵੀ ਖੁੱਲ੍ਹੀਆਂ ਬੰਦ ਨੇ ਬੇਸ਼ੱਕ ਨੈਣਾਂ ਵਿਚ ਨੂਰ ਹੈ।

-ਅਜੇ ਤਨਵੀਰ
ਫੋਨ: 559-309-2031

## ਕਹਾਣੀ

# ਅਮਰ ਕਥਾ

*ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ ਹਰ ਹਫਤੇ ਆਪਣੇ ਕਾਲਮ 'ਨਿੱਕ-ਸੁੱਕ' ਰਾਹੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਮੇਲਾ ਕਰਦੇ ਹਨ। ਇਸ ਵਾਰ ਅਸੀਂ ਉਨ੍ਹਾਂ ਦੀ ਕਹਾਣੀ 'ਅਮਰ ਕਥਾ' ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਕਹਾਣੀ ਵਿਚ ਧੀਆਂ ਦਾ ਦਰਦ ਹੈ, ਇਹ ਦਰਅਸਲ ਦਰਦ ਦੀ ਕੋਈ ਇੰਤਹਾ ਹੈ। ਖਾਮੋਸ਼ੀ ਇਸ ਦਰਦ ਨੂੰ ਝੱਲ ਸਕਣ ਦਾ ਕੋਈ ਝਉਲਾ ਮਾਤਰ ਹੀ ਹੈ; ਨਹੀਂ ਤਾਂ ਦਰਦ ਤਾਂ ਸੱਤ ਕੰਧਾਂ ਪਾੜ ਕੇ ਵੀ ਸਾਹਵੇਂ ਆਣ ਖਲੋਂਦਾ ਹੈ। ਇਹ ਕਹਾਣੀ ਨਿਰੀ ਦਰਦ ਦੀ ਹੀ ਕਹਾਣੀ ਨਹੀਂ, ਇਸ ਵਿਚ ਦਰਦ ਵੰਡਣ ਵਾਲਿਆਂ ਲਈ ਬਹੁਤ ਤਿੱਖੀਆਂ ਚੋਭਾਂ ਹਨ। ਇਹ ਚੋਭਾਂ ਪਾਠਕ-ਮਨ ਲਈ ਸ਼ਾਇਦ ਮੱਲ੍ਹਮ ਵਾਲਾ ਕੰਮ ਕਰਦੀਆਂ ਹਨ। ਇਹ ਕਹਾਣੀ ਬੰਦੇ ਅੰਦਰ ਹਰ ਵੇਲੇ ਸੁੰਗੜਦੀ-ਫੈਲਦੀ ਮਾਨਵਤਾ ਦੀ ਕੋਈ ਅਮਰ ਕਥਾ ਹੈ। ਗੁਲਜ਼ਾਰ ਸਿੰਘ ਸੰਧੂ ਨੇ ਇਹ ਅਮਰ ਕਥਾ ਜਿੰਨੇ ਸਹਿਜ ਨਾਲ ਸੁਣਾਈ ਹੈ, ਮਨ ਅੰਦਰ ਉਤਨੇ ਹੀ ਵੱਧ ਜ਼ੋਰ ਨਾਲ ਖੌਰੂ ਪੈਣ ਲਗਦਾ ਹੈ। -ਸੰਪਾਦਕ*

ਇਹ ਕਹਾਣੀ ਬੰਗਲਾ ਦੇਸ਼ ਦੀ ਨਹੀਂ। ਹਰ ਕਹਾਣੀ ਬੰਗਲਾ ਦੇਸ਼ ਦੀ ਹੋ ਹੀ ਨਹੀਂ ਸਕਦੀ।

ਬੰਗਲਾ ਦੇਸ਼ ਤਾਏ ਨੱਥਾ ਸਿੰਘ ਨੇ ਵੇਖਿਆ ਹੀ ਕਦੋਂ ਸੀ? ਦੇਖੀ ਸੁਣੀ ਗੱਲ ਦਾ ਫਰਕ ਵੀ ਤਾਂ ਹੁੰਦਾ ਹੈ। ਜੇ ਸੱਚ ਪੁੱਛੋ ਤਾਂ ਉਸ ਨੇ ਵੇਖਿਆ ਹੀ ਕੀ ਸੀ। ਇਕ ਬੰਨੇ ਰੋਪੜ ਤੇ ਦੂਜੇ ਬੰਨੇ ਰਾਜਪੁਰਾ। ਇੱਜ਼ਤਦਾਰ ਬੰਦੇ ਦਾ ਭੂਗੋਲ ਹੁੰਦਾ ਹੀ ਕਿੰਨਾ ਕੁ ਹੈ। ਕਿਸੇ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਨਾਲ ਲੜਾਈ ਨਹੀਂ, ਕਿਸੇ ਨਾਲ ਝਗੜਾ ਨਹੀਂ। ਤਹਿਸੀਲ ਤੇ ਜ਼ਿਲ੍ਹੇ ਦੀ ਕਚਹਿਰੀ ਤਾਂ ਇਕ ਪਾਸੇ ਰਹੀ, ਆਪਣਾ ਥਾਣਾ ਹੀ ਨਹੀਂ ਵੇਖਿਆ ਹੁੰਦਾ।

ਤਾਏ ਦਾ ਇਤਿਹਾਸ ਸਿੱਖ ਇਤਿਹਾਸ ਨਾਲੋਂ ਵੀ ਛੋਟਾ ਸੀ। ਮਾਤਾ ਗੁਜਰੀ, ਦਸਵੀਂ ਪਾਤਸ਼ਾਹੀ, ਚਾਰੇ ਸਾਹਿਬਜ਼ਾਦੇ ਤੇ ਸਰਹਿੰਦ ਤੱਕ ਸੀਮਤ। ਤਾਇਆ ਅਨੰਦਪੁਰ ਤੱਕ ਜਾ ਸਕਦਾ ਸੀ ਪਰ ਉਸ ਨੇ ਪਰਵਾਹ ਨਹੀਂ ਸੀ ਕੀਤੀ। ਉਸ ਦੇ ਕਹਿਣ ਅਨੁਸਾਰ ਸਾਰੇ ਗੁਰਧਾਮ ਇਕ ਬਰਾਬਰ ਸਨ।

ਉਂਜ ਵੀ ਉਸ ਦੇ ਪਿੰਡ ਢੋਲੇਵਾਲ ਦਾ ਬਾਹਰਲੀ ਸਭਿਅਤਾ ਨਾਲ ਵਾਸਤਾ ਨਹੀਂ ਸੀ। ਭੜੀ ਜਾ ਕੇ ਖੰਨੇ ਨੂੰ ਤਾਂਗਾ ਮਿਲਦਾ ਸੀ, ਬਸੀ ਪਠਾਣਾਂ ਤੋਂ ਰਾਜਪੁਰੇ ਨੂੰ ਗੱਡੀ ਤੇ ਸੰਘੋਲ ਪਹੁੰਚ ਕੇ ਲੁਧਿਆਣੇ ਨੂੰ ਬੱਸ।

ਬੰਗਲਾ ਦੇਸ਼ ਤਾਂ ਦੂਰ ਦੀ ਗੱਲ ਹੈ, ਉਸ ਨੇ ਪਟਿਆਲਾ ਨਹੀਂ ਸੀ ਤੱਕਿਆ ਜਿਥੇ ਰਾਜਿਆਂ ਦੇ ਮਹਿਲ ਸਨ, ਬਾਰਾਂਦਰੀ ਸੀ ਤੇ ਦੂਖ ਨਿਵਾਰਨ ਸੀ। 'ਮੈਂ ਕਿਹੜਾ ਵੋਟਾਂ ਲੈਣੀਐਂ।' ਉਸ ਦਾ ਇੰਨਾ ਹੀ ਉਤਰ ਹੁੰਦਾ।

ਹਾਂ, ਬੰਗਾਲ ਦੇ ਜਾਦੂ ਬਾਰੇ ਉਸ ਨੇ ਕਿਸੇ ਕਿੱਸੇ ਵਿਚ ਪੜ੍ਹਿਆ ਸੀ। ਕਾਮਰੂਪ ਦੀਆਂ ਕਾਮਣੀਆਂ ਬਾਰੇ, ਕਾਲੀਆਂ ਅੱਖਾਂ ਕਾਲੇ ਵਾਲ। ਆਦਮੀ ਨੂੰ ਮੀਂਢਾ ਬਣਾ ਕੇ ਉਸ ਦੀ ਸਵਾਰੀ ਕਰਦੀਆਂ, ਪਰ ਕੀ ਲੈਣਾ ਸੀ ਕਿਸੇ ਦੀ ਸਵਾਰੀ ਬਣ ਕੇ। ਉਸ ਦੀ ਘਰ ਵਾਲੀ ਕਿਸ ਤੋਂ ਘੱਟ ਸੀ। ਧੀਆਂ ਸਨ, ਪੁੱਤਰ ਸਨ। ਪਿੰਡ ਸੀ, ਪਿੰਡ ਦੀ ਇੱਜ਼ਤ ਸੀ। ਉਸ ਦੇ ਕਿਹੜੀ ਨਕੇਲ ਨਹੀਂ ਸੀ ਪਈ ਹੋਈ? ਘਰੋਂ ਨਿਕਲਣਾ ਸੰਭਵ ਹੀ ਨਹੀਂ ਸੀ।

ਜਦੋਂ ਅਕਾਸ਼ਵਾਣੀ ਤੋਂ ਬੰਗਲਾ ਦੇਸ਼ ਦੇ ਹੁਸਨ ਨਾਲ ਅਤਿਆਚਾਰਾਂ ਦੀਆਂ ਖ਼ਬਰਾਂ ਆਉਂਦੀਆਂ ਤਾਂ ਉਹ ਕੇਵਲ ਦੋ ਅੱਖਰ ਬੋਲਦਾ, 'ਮੂਰਖ ਕਿਸੇ ਥਾਂ ਦੇ', ਤੇ ਮੁੜ ਆਪਣੇ ਕੰਮ ਲੱਗ ਜਾਂਦਾ। ਇਹ ਵੀ ਪਤਾ ਨਹੀਂ ਸੀ ਲਗਦਾ ਕਿ ਉਹ ਇਹ ਸ਼ਬਦ ਜ਼ੁਲਮ ਕਰਨ ਵਾਲਿਆਂ ਲਈ ਵਰਤਦਾ ਸੀ ਜਾਂ ਕਿਸੇ ਹੋਰ ਲਈ।

ਜ਼ੁਲਮ ਤਾਏ ਲਈ ਨਵੀਂ ਗੱਲ ਨਹੀਂ ਸੀ। ਰਾਜ ਅਧਿਕਾਰੀ ਤਾਂ ਪਰਜਾ 'ਤੇ ਜ਼ੁਲਮ ਕਰਦੇ ਹੀ ਆਏ ਹਨ। ਉਸ ਨੇ ਇਸ ਤੋਂ ਵੀ ਘੋਰ ਜ਼ੁਲਮ ਤੱਕੇ ਸਨ। ਇਹ ਅਤਿਆਚਾਰ ਉਸ ਨੂੰ ਕੱਲ੍ਹ ਵਾਂਗ ਚੇਤੇ ਸਨ। ਸੁਤੰਤਰਤਾ ਮਿਲਣੀ, ਪਾਕਿਸਤਾਨ ਬਣਨਾ ਤੇ ਵਸੋਂ ਦਾ ਤਬਾਦਲਾ। ਪਾਕਿਸਤਾਨ ਜਾਣ ਤੋਂ ਬਚਣ ਲਈ ਮੁਸਲਮਾਨਾਂ ਦਾ ਈਨ ਮੰਨਣਾ। ਉਸ ਦੇ ਆਪਣੇ ਪਿੰਡ ਢੋਲੇਵਾਲ ਦੇ ਮੁਸਲਮਾਨਾਂ ਦਾ ਪਾਕਿਸਤਾਨ ਜਾਣ ਦੀ ਥਾਂ ਧਰਮ ਬਦਲ ਲੈਣ ਦਾ ਫ਼ੈਸਲਾ। ਇੱਥੇ ਜੰਮੇ, ਇੱਥੇ ਪਲੇ, ਇੱਥੇ ਹੀ ਮਰਾਂਗੇ। ਢੋਲੇਵਾਲ ਦੀ ਮਿੱਟੀ ਉਨ੍ਹਾਂ ਨੂੰ ਮਾਂ ਦੀ ਕੁੱਖ ਵਾਂਗ ਸੀ। ਮਾਂ ਨੂੰ ਛੱਡ ਕੇ ਕੌਣ ਜਾਂਦਾ ਹੈ!

ਪਰ ਪੰਥ ਦੇ ਰਾਖੇ ਢੋਲੇਵਾਲ ਆ ਵੜੇ ਸਨ। ਸਿਖ਼ਰ ਦੁਪਹਿਰੇ, ਕੜਕਦੀ ਧੁੱਪੇ। ਬਰਛੇ ਛਵ੍ਹੀਆਂ ਤੇ ਬੰਦੂਕਾਂ। ਚੰਡੀ ਦੀ ਜੈ ਜੈ। ਬੋਲੇ ਸੋ ਨਿਹਾਲ। ਸਲ੍ਹਾ ਦੀ ਸਲ੍ਹਾ। ਹਰ ਮੁਸਲਮਾਨ ਹਰ ਹਿੰਦੂ ਦਾ ਦੁਸ਼ਮਣ। ਅਰਾਈਂ, ਗੁੱਜਰ, ਭਰਾਈ, ਮਰਾਸੀ-ਸਭ ਦੇ ਸਭ। ਕਿੱਥੇ ਨਿੱਕਾ ਜਿਹਾ ਪਿੰਡ, ਕਿੱਥੇ ਇਸ ਨੂੰ ਲੁੱਟਣ ਵਾਲਾ ਵੀਹ ਪਿੰਡਾਂ ਦਾ ਲਸ਼ਕਰ। ਗਹਿਣੇ ਬੋਝੇ, ਨਕਦੀ ਖ਼ੀਸੇ, ਗੱਭਰੂ ਕਤਲ, ਸੁੰਦਰੀਆਂ ਬੇਪੱਤ। ਹੱਥ ਜੁੜਦੇ ਸਨ, ਤਾਂ ਹੱਥ ਨਹੀਂ; ਸਿਰ ਨਿਵਦਾ ਸੀ ਤਾਂ ਸਿਰ ਨਹੀਂ। ਚਾਲੀ ਕਤਲ ਤੇ ਵੀਹ ਬੇਪੱਤੀਆਂ। ਨਸੀਰੋ ਕੀ ਤੇ ਬਖਤੋ ਕੀ। ਬੱਚੇ ਇੱਧਰ, ਮਾਂਵਾਂ ਓਧਰ। ਬਾਹਰੋਂ ਆਏ ਮਨ ਆਈ ਕਰ ਰਹੇ ਸਨ ਤੇ ਪਿੰਡ ਵਾਲੇ ਵੇਖ ਰਹੇ ਸਨ। ਸੈਨਾ ਦੀ ਸੈਨਾ ਅੱਗੇ ਪਿੰਡ ਵਾਲਿਆਂ ਦੀ ਪੇਸ਼ ਵੀ ਕੀ ਜਾਂਦੀ ਸੀ। ਸਾਰਾ ਪਿੰਡ ਖੁੱਸੀ ਹੋਇਆ ਖੜ੍ਹਾ ਸੀ, ਮੁਸਲਮਾਨ ਘੱਟ ਤੇ ਹਿੰਦੂ ਸਿੱਖ ਉਨ੍ਹਾਂ ਤੋਂ ਵੱਧ। ਧਾੜਵੀਆਂ ਦਾ ਕਹਿਣਾ ਸੀ-ਉਹ ਦਸਵੇਂ ਪਾਤਸ਼ਾਹ ਦੇ ਸਾਹਿਬਜ਼ਾਦਿਆਂ ਦਾ ਬਦਲਾ ਲੈ ਰਹੇ ਸਨ, ਮਾਤਾ ਗੁਜਰੀ ਦਾ ਤੇ ਬੰਦੇ ਬਹਾਦਰ ਦਾ।

ਇਹ ਕਿਵੇਂ ਹੋਇਆ ਸੀ ਤੇ ਕਿਉਂ ਹੋਇਆ ਸੀ? ਕਿਸੇ ਕੋਲ ਵੀ ਇਸ ਦਾ ਕੋਈ ਉਤਰ ਨਹੀਂ ਸੀ। ਸਭ ਨੂੰ ਦੂਹਰਾ ਦੁੱਖ ਸੀ-ਬੰਦੇ ਮਰਨ ਦਾ ਵੱਖਰਾ ਤੇ ਪਿੰਡ ਵਾਲਿਆਂ ਦੀ ਮਰਜ਼ੀ ਤੋਂ ਬਿਨਾਂ ਮਰਨ ਦਾ ਵੱਖਰਾ।

ਪਿੰਡ ਦੀ ਇੱਜ਼ਤ ਸਾਂਝੀ ਹੁੰਦੀ ਹੈ ਤੇ ਸਾਂਝੀ ਇੱਜ਼ਤ ਲੁੱਟੀ ਜਾ ਚੁੱਕੀ ਸੀ। ਨਿਆਮਤ, ਨਸੀਰੋ ਤੇ ਬਖਤੋ ਨੂੰ ਧਾੜਵੀ ਉਧਾਲ ਕੇ ਲੈ ਗਏ ਸਨ। ਪਿੰਡ ਵਾਲੇ ਬੇਪੱਤ ਹੋ ਗਏ ਸਨ। ਭਰੇ ਮੇਲੇ ਵਿਚ ਬੇਪੱਤ। ਇਹ ਬੇਪੱਤੀ ਮੁਸਲਮਾਨਾਂ ਨਾਲੋਂ ਹਿੰਦੂ-ਸਿੱਖਾਂ ਦੀ ਵਧੇਰੇ ਸੀ। ਤਾਇਆ ਇਸ ਬੇਇੱਜ਼ਤੀ ਨੂੰ ਭੁਲਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਨੂੰ ਪੂਰੀਆਂ ਸੱਤ ਰਾਤਾਂ ਨੀਂਦ ਨਹੀਂ ਸੀ ਆਈ। ਪੂਰੇ ਸੱਤ ਦਿਨ ਉਹ ਕਿਸੇ ਮੁਸਲਮਾਨ ਦੇ ਮੱਥੇ ਨਹੀਂ ਸੀ ਲੱਗ ਸਕਿਆ। ਮੱਥੇ ਲਗਣ ਦੇ ਡਰੋਂ ਬਾਹਰ ਨਹੀਂ ਸੀ ਨਿਕਲਿਆ। ਮਸਾਂ ਸੱਤਵੇਂ ਦਿਨ ਉਸ ਦੇ ਮਨ ਨੂੰ ਸ਼ਾਂਤੀ ਮਿਲੀ ਸੀ; ਉਹ ਵੀ ਇਸ ਗੱਲ ਤੋਂ ਕਿ ਨਾਲ ਦੇ ਪਿੰਡ ਮੁੱਲਾਂਪੁਰ ਵਿਚ ਇਸ ਤੋਂ ਵੀ ਭੈੜਾ ਹਾਲ ਸੀ। ਮਕਾਨਾਂ ਦੀਆਂ ਇੱਟਾਂ, ਬਾਲੇ, ਸ਼ਤੀਰੀਆਂ, ਬੂਹੇ ਤੇ ਬਾਰੀਆਂ ਗਾਇਬ ਸਨ। ਮੁਰਦੇ ਬੂ ਮਾਰ ਰਹੇ ਸਨ। ਉਨ੍ਹਾਂ ਨੂੰ ਦੱਬਣ-ਫੂਕਣ ਵਾਲਾ ਕੋਈ ਨਹੀਂ ਸੀ ਮਿਲਿਆ। ਪਿੰਜਰਾਂ ਦੇ ਪਿੰਜਰ, ਲੱਤਾਂ-ਬਾਹਾਂ ਤੇ ਖੋਪਰੀਆਂ। ਜਿਹੜੀਆਂ ਲੋਥਾਂ ਮਲਬੇ 'ਚ ਦੱਬੀਆਂ ਗਈਆਂ ਸਨ, ਉਨ੍ਹਾਂ ਦੀ ਇੱਜ਼ਤ ਰਹਿ ਗਈ ਸੀ; ਬਾਕੀ ਬੇਪੱਤ ਸਨ-ਟੁੱਟੀਆਂ ਵੰਗਾਂ, ਲੀਰੋ ਲੀਰ ਸਲਵਾਰਾਂ, ਝੋਥੇ ਤੇ ਚੁੰਨੀਆਂ।

ਗਵਾਂਢੀ ਪਿੰਡ ਦੀ ਵਡੇਰੀ ਬੇਪੱਤੀ ਨੇ ਢੋਲੇਵਾਲ ਦੀ ਪੱਤ ਰੱਖ ਲਈ ਸੀ। ਉਸ ਬੇਪੱਤੀ ਦੇ ਟਾਕਰੇ ਉਤੇ ਢੋਲੇਵਾਲ ਦੀ ਬੇਇੱਜ਼ਤੀ ਕੁਝ ਵੀ ਨਹੀਂ ਸੀ। ਤਾਏ ਨੱਥਾ ਸਿੰਘ ਨੇ ਬੇਇੱਜ਼ਤੀ ਨੂੰ ਹਜ਼ਮ ਕਰਨ ਦਾ ਢੰਗ ਲੱਭ ਲਿਆ ਸੀ।

ਥੋੜ੍ਹੇ ਦਿਨਾਂ ਪਿੱਛੋਂ ਇਹ ਵੀ ਪਤਾ ਲੱਗ ਗਿਆ ਸੀ ਕਿ ਨਸੀਰੋ ਨੂੰ ਸੈਦਪੁਰੇ ਦਾ ਦਰਬਾਰਾ ਲੈ ਗਿਆ ਸੀ, ਨਿਆਮਤੋ ਨੂੰ ਦੂਲੂਆਂ ਦਾ ਬੰਤੂ ਤੇ ਬਖ਼ਤੋ ਨੂੰ ਚੜ੍ਹੀ ਵਾਲਾ ਸੰਤੂ। ਪਤਾ ਲੱਗਣ ਤੱਕ ਕੁੜੀਆਂ ਦੇ ਮਾਪੇ ਪਾਕਿਸਤਾਨ ਜਾ ਚੁੱਕੇ ਸਨ, ਤੇ ਕੁੜੀਆਂ ਉਨ੍ਹਾਂ ਦੇ ਘਰਾਂ ਦੀਆਂ ਦਾਸੀਆਂ ਹੋ ਚੁੱਕੀਆਂ ਸਨ। ਤਿੰਨ ਮਹੀਨੇ ਪੁਰਾਣੀ ਘਟਨਾ ਦਾ ਰੌਲਾ ਪਾਉਣ ਦੀ ਕੀ ਲੋੜ ਸੀ। ਗੱਲ ਆਈ-ਗਈ ਹੋ ਗਈ।

ਸਦਾ ਵਾਂਗ ਮੇਲੇ, ਛਿੰਵਾਂ ਤੇ ਰਾਸਾਂ ਪੈਣ ਲੱਗੀਆਂ। ਸਹਿਬਜ਼ਾਦਿਆਂ ਦਾ ਸ਼ਹੀਦੀ ਦਿਨ ਨੇੜੇ ਆ ਗਿਆ ਤੇ ਗੁਰਧਾਮਾਂ ਦੀ ਰੌਣਕ ਵਧਣ ਲੱਗੀ। ਦੀਵਾਨ ਸਜ ਗਏ ਤੇ ਲੰਗਰ ਚਾਲੂ ਹੋ ਗਏ। ਕਵੀਸ਼ਰਾਂ, ਰਾਗੀਆਂ ਤੇ ਢਾਡੀਆਂ ਨੇ ਆਪਣੀ ਕਵੀਸ਼ਰੀ ਤੇ ਆਵਾਜ਼ ਦੇ ਜਾਦੂ ਨਾਲ ਇਨ੍ਹਾਂ ਘਟਨਾਵਾਂ ਦੀ ਬੇਸ਼ਰਮੀ ਨੂੰ ਸੂਰਮਗਤੀ ਵਿਚ ਬਦਲ ਦਿੱਤਾ। 'ਇੰਜਣ' ਨਾਂ ਦੇ ਕਵੀਸ਼ਰ ਨੇ ਬਹੁਤ ਵਧੀਆ ਬੰਦ ਰਚਿਆ, 'ਪੰਥ ਰੰਗੀਲੇ ਨੇ ਧਾਂਕਾਂ ਦੇਸ ਵਿਚ ਪਾਈਆਂ।' ਜਿਥੇ ਜਾਂਦਾ ਇਸੇ ਕਬਿਤ ਦੀ ਫਰਮਾਇਸ਼ ਹੁੰਦੀ। ਸਤਲੁਜ ਦੇ ਕੰਢੇ ਪਰਿਵਾਰ ਵਿਛੋੜਾ ਤੋਂ ਲੈ ਕੇ ਮਾਛੀਵਾੜਾ, ਚਮਕੌਰ, ਸਰਹੰਦ, ਬੱਸੀ, ਫਤਿਹਗੜ੍ਹ ਤੇ ਛੱਤ-ਬਨੂੜ ਤੱਕ 'ਇੰਜਣ' ਕਵੀ ਦਾ ਨਾਂ ਮਸ਼ਹੂਰ ਹੋ ਗਿਆ। ਉਸ ਦੀ ਕਵਿਤਾ ਛੱਕ-ਛੱਕ, ਸ਼ੂੰ-ਸ਼ੂੰ ਚਲਦੀ ਸੀ-ਇੰਜਣ ਵਾਂਗ।

ਇਸ ਸਾਲ ਸਭਾ ਦੇ ਮੇਲੇ ਵਿਚ ਬੜੀ ਭੀੜ ਸੀ। ਢੋਲੇਵਾਲ ਤਾਂ ਲਗਭਗ ਸਾਰੇ ਦਾ ਸਾਰਾ ਫਤਿਹਗੜ੍ਹ ਪੁੱਜਾ ਹੋਇਆ ਸੀ। ਕਵੀਸ਼ਰ ਕਵੀਸ਼ਰੀ ਕਰ ਰਹੇ ਸਨ। ਕਵੀਸ਼ਰੀ ਦੇ ਜਾਦੂ ਥੱਲੇ ਕਿਸੇ ਨੂੰ ਵੀ ਇਹ ਚੇਤੇ ਨਹੀਂ ਸੀ ਕਿ ਉਹਦੇ ਪਿੰਡੋਂ ਕਿੰਨੀਆਂ ਮੁਸਲਮਾਨ ਕੁੜੀਆਂ ਨੂੰ ਪੰਥ ਰੰਗੀਲਾ ਉਨ੍ਹਾਂ ਦੇ ਹੀ ਗੱਡੇ ਜੋੜ ਕੇ, ਉਨ੍ਹਾਂ 'ਤੇ ਹੀ ਲੱਦ ਕੇ ਲੈ ਗਿਆ ਸੀ। ਕਵੀ ਇੰਜਣ ਰਗਾਂ ਫੁਲਾ ਫੁਲਾ ਕੇ ਗਾ ਰਿਹਾ ਸੀ, 'ਪੰਥ ਰੰਗੀਲੇ ਨੇ ਧਾਂਕਾਂ ਦੇਸ ਵਿਚ ਪਾਈਆਂ।' ਤੇ ਸਾਰੇ ਉਸ ਆਵਾਜ਼ ਦੇ ਜਾਦੂ 'ਚ ਮੁਗਧ ਸਨ।

'ਤੇਰੀ ਮਾਂ ਕਿਥੇ ਐ ਤੇ ਨਾਲੇ ਬਾਕੀ ਬੁੱਢੀਆਂ' ਕਵਿਤਾ ਖ਼ਤਮ ਹੋਣ ਉਤੇ ਕਿਸੇ ਬਾਲਕ ਦੀ ਪਿੱਠ ਉਤੇ ਤਾਏ ਦਾ ਹੱਥ ਸੀ। 'ਬੁਲਾ ਉਨ੍ਹਾਂ ਨੂੰ', ਉਸ ਦੀ ਆਵਾਜ਼ ਦੱਬੀ ਦੱਬੀ ਸੀ।

ਤਾਇਆ ਕਦੋਂ ਆ ਗਿਆ ਸੀ ਤੇ ਉਸ ਨੂੰ ਪਿੰਡ ਦੀਆਂ ਬੁੱਢੀਆਂ ਨਾਲ ਕਿਹੜਾ ਜ਼ਰੂਰੀ ਕੰਮ ਆਣ ਪਿਆ ਸੀ। ਬਾਲਕ ਨੂੰ ਸਮਝ ਨਹੀਂ ਸੀ ਆ ਰਹੀ। ਉਹ ਕੀਰਤਨ ਸੁਣਦੀ ਮਾਂ ਦੇ ਕੰਨ ਵਿਚ ਘੁਸਰ ਮੁਸਰ ਕਰ ਕੇ ਬਾਹਰ ਤਾਏ ਕੋਲ ਆ ਗਿਆ। ਤਾਇਆ ਹਾਲੀ ਵੀ ਚੁੱਪ ਸੀ, ਗੰਭੀਰ।

ਤਾਏ ਦੀ ਚੁੱਪ ਨੇ ਇੰਜਣ ਦੀ ਕਵੀਸ਼ਰੀ ਦਾ ਜਾਦੂ ਤੋੜ ਦਿੱਤਾ ਸੀ। ਤਾਇਆ ਕਿਸੇ ਨਾਲ ਕੋਈ ਗੱਲ ਸਾਂਝੀ ਕਰਨ ਲਈ ਤਿਆਰ ਨਹੀਂ ਸੀ। ਜ਼ਰੂਰ ਕੋਈ ਭਾਣਾ ਵਰਤ ਗਿਆ ਸੀ। ਸੰਤਾਲੀ ਦੇ ਕਤਲਾਂ ਵਰਗਾ। ਸੰਤਾਲੀ ਦੇ ਕਤਲਾਂ ਦੀਆਂ ਉਹ ਲਾਸ਼ਾਂ ਸਭ ਦੀਆਂ ਅੱਖਾਂ ਅੱਗੇ ਘੁੰਮਣ ਲੱਗੀਆਂ ਜਿਹੜੀਆਂ ਪਿੰਡ ਵਾਲਿਆਂ ਨੇ ਤਕੀਏ ਵਿਚ ਸ਼ਤੀਰੀਆਂ ਚਿਣ ਕੇ ਇਕੱਠੀਆਂ ਹੀ ਫੂਕੀਆਂ ਸਨ। ਗ਼ੈਰ ਮੁਸਲਿਮ ਹੋਈਆਂ ਹਿੰਦੂ ਲਾਸ਼ਾਂ। ਚਾਲੀ ਲਾਸ਼ਾਂ ਦੇ ਸਾਂਝੇ ਸਿਵੇ ਦੀਆਂ ਲਾਟਾਂ ਨੇ ਹਵਾ ਦੇ ਧੱਫਿਆਂ ਵਿਚ ਲਿਪਟ ਕੇ ਤਕੀਏ ਦੇ ਅੰਬ ਦੀਆਂ ਹਰੀਆਂ ਟਹਿਣੀਆਂ ਨੂੰ ਲੂਹ ਸੁੱਟਿਆ ਸੀ।

'ਕੀ ਗੱਲ ਭਾਈਆ?' ਮਾਂ ਨੇ ਘੁੰਡ ਵਿਚੋਂ ਹੀ ਤਾਏ ਨੂੰ ਪੁੱਛਿਆ।

'ਕੁਝ ਨਹੀਂ, ਚਲੋ ਪਿੰਡ ਨੂੰ ਚੱਲੀਏ', ਤਾਏ ਨੇ ਸੰਖੇਪ ਜਿਹਾ ਉੱਤਰ ਦਿੱਤਾ।

'ਸੁੱਖ ਤਾਂ ਹੈ?' ਤਾਈ ਨੇ ਪਤੀ ਕੋਲੋਂ ਦਾਅਵੇ ਨਾਲ ਪੁੱਛਿਆ।



*ਪੰਜਾਬ 1947: ਬਿਆਸ ਦਰਿਆ ਦੇ ਪਾਣੀ ਨਾਲ ਰਾਹਤ ਕੈਂਪ ਦਾ ਹੋਇਆ ਮੰਦੜਾ ਹਾਲ। ਇਹ ਫੋਟੋ ਅਮਰੀਕੀ ਫੋਟੋਗ੍ਰਾਫਰ ਮਾਰਗਰੇਟ ਬਰਕ-ਵ੍ਹਾਈਟ ਦੀ ਖਿੱਚੀ ਹੋਈ ਹੈ।*

'ਸੁੱਖ ਨੂੰ ਤਾਂ ਸੁੱਖ ਹੀ ਹੈ, ਪਰ ਤੁਹਾਡਾ ਗੁਰਦਵਾਰੇ ਠਹਿਰਨਾ ਠੀਕ ਨਹੀਂ। ਚਲੋ ਘਰ ਨੂੰ।' ਤਾਏ ਦੀ ਗੰਭੀਰਤਾ ਦਾ ਪ੍ਰਭਾਵ ਹੁਕਮ ਜਿਹਾ ਸੀ।

'ਫੇਰ ਵੀ?' ਤਾਈ ਨੇ ਜ਼ਿੱਦ ਕੀਤੀ।

'ਪਿੰਡ ਵਿਚ ਦੁਰਘਟਨਾ ਹੋ ਗਈ ਹੈ, ਬੰਦੇ ਮਾਰੇ ਗਏ ਹਨ। ਮਰਨ ਵਾਲੇ ਗਵਾਂਢੀ ਪਿੰਡਾਂ ਦੇ ਹਨ। ਉਨ੍ਹਾਂ ਪਿੰਡਾਂ ਵਿਚ ਖ਼ਬਰ ਪਹੁੰਚ ਗਈ ਤਾਂ ਤੁਹਾਨੂੰ ਕੋਈ ਸੱਟ ਫੇਟ ਲਾ ਸਕਦਾ ਹੈ। ਪਿੰਡ ਵਾਲਿਆਂ ਦਾ ਫ਼ੈਸਲਾ ਹੈ ਕਿ ਤੁਹਾਨੂੰ ਗੁਰਦਵਾਰੇ ਨਹੀਂ ਰੁਕਣਾ ਚਾਹੀਦਾ। ਮਰਦਾਂ ਬਿਨਾਂ ਤਾਂ ਉੱਕਾ ਹੀ ਨਹੀਂ।' ਤਾਏ ਨੇ ਗੱਲ ਸਪੱਸ਼ਟ ਕਰ ਦਿੱਤੀ ਅਤੇ ਬੁੱਢੀਆਂ ਤੇ ਬਾਲਾਂ ਨੂੰ ਨਾਲ ਤੋਰ ਲਿਆ।

ਤਾਇਆ ਅੱਗੇ ਅੱਗੇ ਸੀ ਤੇ ਬੁੱਢੀਆਂ ਬੱਚੇ ਪਿੱਛੇ ਪਿੱਛੇ। ਉਹ ਬਹੁਤੀ ਗੱਲ ਨਹੀਂ ਸੀ ਕਰ ਰਿਹਾ। ਗੱਲ ਕਰਨ ਵਾਲੀ ਵੀ ਨਹੀਂ ਸੀ, ਪਰ ਉਹ ਪੂਰੀ ਗੱਲ ਛੁਪਾ ਵੀ ਕਿਵੇਂ ਸਕਦਾ ਸੀ। ਫਤਿਹਗੜ੍ਹ ਤੋਂ ਢੋਲੇਵਾਲ ਦਾ ਪੈਂਡਾ ਪੂਰੇ ਪੰਜ ਕੋਹ ਸੀ। ਦੋ ਤਿੰਨ ਘੰਟੇ ਲਗਦੇ ਸਨ। ਤੁਰ ਕੇ ਜਾਣਾ ਸੀ। ਇੰਨੀ ਦੇਰ ਚੁੱਪ ਚਾਪ ਤੁਰਨਾ ਅਸੰਭਵ ਸੀ।

ਝਗੜੇ ਦਾ ਕਾਰਨ ਨਸੀਰੋ ਸੀ। ਤਾਏ ਦੀ ਧੀ ਤੇਜੋ ਦੀ ਸਹੇਲੀ। ਨਸੀਰੋ ਜਿਸ ਨੂੰ ਚਾਰ ਮਹੀਨੇ ਹੋਏ ਧਾੜਵੀ ਚੁੱਕ ਕੇ ਲੈ ਗਏ ਸਨ। ਉਹ ਧਾੜਵੀ ਜਿਨ੍ਹਾਂ ਦਾ ਨਾਂ 'ਇੰਜਣ' ਦੀ ਕਵੀਸ਼ਰੀ ਵਿਚ ਪੰਥ ਰੰਗੀਲਾ ਸੀ।

ਨਸੀਰੋ ਸੈਦਪੁਰੀਏ ਦਰਬਾਰੇ ਦੇ ਹੱਥ ਲੱਗ ਗਈ ਸੀ। ਦਰਬਾਰੇ ਨੇ ਉਸ ਨੂੰ ਆਪਣੇ ਘਰ ਵਸਾ ਲਿਆ ਸੀ। ਪਿੰਡ ਵਾਲਿਆਂ ਵਿਚੋਂ ਕਿਸੇ ਕਿਸੇ ਨੂੰ ਇਸ ਗੱਲ ਦੀ ਖ਼ਬਰ ਵੀ ਸੀ, ਪਰ ਕੋਈ ਕਿਸ ਕਿਸ ਦੀ ਰੱਖਿਆ ਕਰ ਸਕਦਾ ਸੀ। ਨਸੀਰੋ ਕੋਈ ਇਕੱਲੀ ਤਾਂ ਨਹੀਂ ਸੀ। ਉਹਦੇ ਨਾਲ ਪਿੰਡ ਦੀਆਂ ਹੋਰ ਵੀ ਅਠਾਰਾਂ ਵੀਹ ਨੌਜਵਾਨ ਕੁੜੀਆਂ ਸਨ, ਅਣ ਵਿਆਹੀਆਂ ਜਾਂ ਸੱਜ ਵਿਆਹੀਆਂ, ਜਿਹੜੀਆਂ ਆਪਣੇ ਮਾਪਿਆਂ ਨੂੰ ਮਿਲਣ ਪੇਕੀਂ ਆਈਆਂ ਹੋਈਆਂ ਸਨ। ਪਿੰਡ ਦੇ ਹਰ ਪਿਉ ਦਾ ਬਹੁਤੀਆਂ ਧੀਆਂ ਵਾਲੇ ਪਿਓ ਵਾਲਾ ਹਾਲ ਸੀ। ਬਹੁਤੀਆਂ ਧੀਆਂ ਵਾਲਾ ਕਿਹੜੀ ਕਿਹੜੀ ਧੀ ਦੇ ਦੁੱਖ ਦਾ ਭਾਈਵਾਲ ਹੋ ਸਕਦਾ ਸੀ। ਤਾਏ ਦੀ ਤੇਜੋ ਆਪਣੀ ਸਹੇਲੀ ਲਈ ਰੋਂਦੀ ਸੀ ਤਾਂ ਤਾਇਆ ਕੀ ਕਰ ਸਕਦਾ ਸੀ।

ਪਰ ਹੁਣ ਤਾਂ ਉਹ ਗੱਲ ਖ਼ਤਮ ਹੋ ਚੁੱਕੀ ਸੀ। ਨਸੀਰੋ ਦਰਬਾਰੇ ਦੇ ਘਰੋਂ ਸੈਦਪੁਰੇ ਤੋਂ ਨੱਸ ਕੇ ਰਾਤੋ ਰਾਤ ਢੋਲੇਵਾਲ ਪਹੁੰਚ ਚੁੱਕੀ ਸੀ। ਉਹ ਸਿੱਧੀ ਤਾਏ ਦੇ ਘਰ ਆਪਣੀ ਸਹੇਲੀ ਤੇਜੋ ਨੂੰ ਆ ਮਿਲੀ ਸੀ। ਤਾਏ ਨੇ ਉਸ ਨੂੰ ਧੀਆਂ ਵਾਂਗ ਸਾਂਭ ਲਿਆ ਸੀ। ਜਿਥੇ ਤੇਜੋ, ਸੀਤੋ ਤੇ ਜੀਤੋ ਰੋਟੀ ਖਾਂਦੀਆਂ ਸਨ, ਉਥੇ ਇਕ ਧੀ ਹੋਰ ਖਾਣ ਲੱਗ ਪਈ ਸੀ। ਇਸ ਧੀ ਨੇ ਕਿਹੜਾ ਬੈਠੇ ਰਹਿਣਾ ਸੀ। ਅਮਨ ਅਮਾਨ ਹੋਣ 'ਤੇ ਉਸ ਦੇ ਮਾਪਿਆਂ ਨੇ ਉਸ ਨੂੰ ਆਪਣੇ ਕੋਲ ਲੈ ਜਾਣਾ ਸੀ। ਕੁਝ ਨਾ ਕੁਝ ਹੋ ਹੀ ਜਾਣਾ ਸੀ। ਨਾ ਵੀ ਹੁੰਦਾ ਤਾਂ ਵੀ ਦੁਖੀਆ ਧੀ ਘਰੋਂ ਤਾਂ ਨਹੀਂ ਸੀ ਕੱਢੀ ਜਾਂਦੀ। ਇਸ ਗੱਲ ਨੂੰ ਹੁਣ ਚਾਰ ਮਹੀਨੇ ਹੋ ਗਏ ਸਨ।

ਫਤਿਹਗੜ੍ਹ ਦੀ ਸਭਾ ਦੀ ਇਲਾਕੇ ਵਿਚ ਬਹੁਤ ਮਾਨਤਾ ਸੀ। ਗੁਰੂ ਗੋਬਿੰਦ ਦੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਅਸਥਾਨ ਸੀ। ਬੰਦਾ ਬਹਾਦਰ ਨੇ ਸਰਹੰਦ ਦੇ ਸੂਬੇ ਤੋਂ ਬਦਲਾ ਲੈਣ ਸਮੇਂ ਸਰਹੰਦ ਤੇ ਬੱਸੀ ਦੇ ਇਸ ਇਲਾਕੇ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਸੀ। ਬੰਦਾ ਲੋਹੇ ਦਾ ਸੁਹਾਗਾ ਸੀ ਜਿਸ ਨੇ ਮੁਗਲਾਂ ਨੂੰ ਆਪਣੇ ਪੈਰਾਂ ਵਿਚ ਮਧੋਲ ਦਿੱਤਾ ਸੀ। ਪੰਥ ਰੰਗੀਲੇ ਦੀਆਂ ਧਾਂਕਾਂ ਤੋਂ ਪਹਿਲਾਂ ਕਵੀ ਇੰਜਣ ਬੰਦੇ ਦੀ ਸੂਰਮਗਤੀ ਦੇ ਹੀ ਕਬਿੱਤ ਲਿਖਦਾ ਹੁੰਦਾ ਸੀ। ਸਭਾ ਵਿਚ ਇਹ ਗੱਲਾਂ ਰਾਗੀਆਂ ਢਾਡੀਆਂ ਦੇ ਮੂੰਹੋਂ ਸੁਣ ਕੇ ਬੜਾ ਜੋਸ਼ ਆਉਂਦਾ ਸੀ। ਭਾਰਤੀ ਅਣਖ ਦੀਆਂ ਗੱਲਾਂ। ਗੱਭਰੂ ਮੁਟਿਆਰਾਂ ਤੇ ਬੱਚੇ ਬੁੱਢੇ ਸਭ ਸੁਣਨ ਆਉਂਦੇ ਸਨ।

ਸੈਦਪੁਰੀਏ ਦਰਬਾਰੇ ਤੇ ਉਸ ਦੇ ਸਾਥੀਆਂ ਨੇ ਨਸੀਰੋ ਨੂੰ ਮੁੜ ਚੁੱਕ ਲਿਜਾਣ ਦਾ ਫ਼ੈਸਲਾ ਕੀਤਾ ਹੋਇਆ ਸੀ ਪਰ ਪਿੰਡ ਅੱਗੇ ਉਨ੍ਹਾਂ ਦੀ ਪੇਸ਼ ਨਹੀਂ ਸੀ ਜਾਂਦੀ। ਕਿਥੇ ਪਿੰਡ ਦਾ ਪਿੰਡ, ਕਿਥੇ ਦੋ ਚਾਰ ਬਦਮਾਸ਼। ਕਿੰਨੇ ਵੀ ਸੂਰਮੇ ਕਿਉਂ ਨਾ ਹੋਣ। ਇਕ ਇਕੱਲਾ ਦੋ ਗਿਆਰਾਂ।

ਸਭਾ ਵਾਲਾ ਦਿਨ ਪਿੰਡ ਉਤੇ ਧਾਵਾ ਬੋਲਣ ਲਈ ਬੜਾ ਯੋਗ ਸੀ। ਉਨ੍ਹਾਂ ਕੋਲ ਬਾਰਾਂ ਬੋਰ ਦਾ ਪਿਸਤੌਲ ਸੀ, ਦੋਨਾਲੀ ਬੰਦੂਕ ਤੇ ਥਰੀ ਨਾਟ ਥਰੀ ਦੀ ਰਾਈਫ਼ਲ। ਤਿੰਨ ਦੇ ਤਿੰਨ ਪੂਰੀ ਤਰ੍ਹਾਂ ਸ਼ਸਤਰਬੱਧ ਸਨ। ਸੈਦਪੁਰੀਆ ਦਰਬਾਰਾ, ਚੜ੍ਹੀ ਦਾ ਸੰਤੂ ਤੇ ਦੁੱਲੂਆਂ ਦਾ ਬੰਤੂ। ਉਨ੍ਹਾਂ ਕੋਲ ਦੋ ਘੋੜੀਆਂ ਸਨ। ਜਿਹੜੀਆਂ ਉਹ ਬਾਹਰ ਚਮਗਿੱਦੜਾਂ ਵਾਲੇ ਬਰੋਟੇ ਥੱਲੇ ਛੱਡ ਆਏ ਸਨ। ਉਨ੍ਹਾਂ ਨੂੰ ਪਤਾ ਸੀ ਨਸੀਰੋ ਤੇ ਉਸ ਦੀਆਂ ਸਹੇਲੀਆਂ, ਤੇਜੋ ਹੋਰੀਂ, ਫਤਿਹਗੜ੍ਹ ਸਾਹਿਬ ਦੀ ਸਭਾ ਵਾਲਾ ਸਮਾਗਮ ਵੇਖਣ ਨਹੀਂ ਸਨ ਗਈਆਂ।

ਉਨ੍ਹਾਂ ਪਿੰਡ ਵਿਚ ਦਾਖ਼ਲ ਹੁੰਦਿਆਂ ਹੀ ਹਰੀਜਨਾਂ ਦੇ ਦੇਬੇ ਤੋਂ ਨਸੀਰੋ ਦਾ ਘਰ ਪੁੱਛਿਆ। ਦੇਬਾ ਉਨ੍ਹਾਂ ਦੀ ਨੀਅਤ ਸਮਝ ਗਿਆ। ਉਹ ਤਾਏ ਦੇ ਘਰ ਦੀ ਥਾਂ ਉਨ੍ਹਾਂ ਨੂੰ ਨਸੀਰੋ ਦੇ ਮਾਪਿਆਂ ਵਾਲੇ ਘਰ ਲੈ ਗਿਆ। ਇਹ ਕਹਿ ਕੇ ਕਿ ਨਸੀਰੋ ਆਪਣੇ ਘਰ ਹੀ ਰਹਿੰਦੀ ਸੀ। ਇਕੱਲੀ।

ਦਰਬਾਰਾ, ਬੰਤੂ ਤੇ ਪ੍ਰੀਤੂ ਜਦੋਂ ਨਸੀਰੋ ਦੇ ਵਿਹੜੇ ਵੜ ਗਏ ਤਾਂ ਦੇਬੇ ਨੇ ਬਾਹਰ ਦਾ ਕੁੰਡਾ ਲਾ ਕੇ ਸਾਰੇ ਪਿੰਡ ਨੂੰ ਖ਼ਬਰ ਕਰ ਦਿੱਤੀ। ਪਲਾਂ ਛਿਣਾਂ ਵਿਚ ਨਸੀਰੋ ਦੇ ਮਾਪਿਆਂ ਵਾਲੇ ਘਰ ਦੇ ਆਲੇ ਦੁਆਲੇ ਸਾਰਾ ਪਿੰਡ ਇਕੱਠਾ ਹੋ ਗਿਆ। ਤਾਇਆ ਬੰਦੂਕ ਚੁੱਕ ਲਿਆਇਆ। ਕਿਸੇ ਕੋਲ ਬਰਛਾ, ਕਿਸੇ ਕੋਲ ਗੰਡਾਸੀ। ਹਥਿਆਰ ਹੀ ਹਥਿਆਰ ਚਮਕਣ ਲੱਗੇ। ਵੰਡ ਦੇ ਦਿਨਾਂ ਦੇ ਹਥਿਆਰ।

ਪਿੰਡ ਦੀ ਧੀ ਦੀ ਇੱਜ਼ਤ ਦਾ ਸਵਾਲ ਸੀ। ਇਸ ਵਿਚ ਵੰਡ ਦੇ ਦਿਨਾਂ ਦੀ ਬਦਲੇ ਦੀ ਭਾਵਨਾ ਰਲ ਗਈ ਸੀ। ਉਦੋਂ ਪੰਥ ਰੰਗੀਲਾ ਸਾਰੇ ਪਿੰਡ ਦੇ ਵੇਂਹਦਿਆਂ ਕਿੰਨੇ ਕਤਲ ਕਰ ਗਿਆ ਸੀ। ਉਦੋਂ ਪਿੰਡ ਦੇਖਦਾ ਹੀ ਰਿਹਾ ਗਿਆ ਸੀ। ਅੱਜ ਇਹ ਗੱਲ ਨਹੀਂ ਸੀ ਹੋਣ ਲੱਗੀ।

ਮਸਾਂ ਮਸਾਂ ਸ਼ਿਕਾਰ ਕਾਬੂ ਆਇਆ ਸੀ। ਕਿਸੇ ਨੇ ਕੋਈ ਰਾਹ ਰੋਕ ਲਿਆ, ਕਿਸੇ ਨੇ ਕੋਈ। ਬਾਕੀ ਛੱਤ ਉਤੇ ਜਾ ਚੜ੍ਹੇ। ਭੱਜ ਕੇ ਕਿਧਰ ਨੂੰ ਜਾਣਾ ਸੀ। ਬੰਤੂ ਤੇ ਪ੍ਰੀਤੂ ਦਲਾਨ ਵਿਚੋਂ ਹੀ ਬਾਹਰ ਨਹੀਂ ਸਨ ਨਿਕਲ ਰਹੇ। ਦਰਬਾਰੇ ਨੇ ਵਿਹੜੇ ਵਿਚੋਂ ਗੋਲੀ ਚਲਾਈ, ਪਰ ਛੱਤ ਵਾਲੇ ਬਨੇਰੇ ਪਿੱਛੇ ਹੋ ਗਏ। ਉਨ੍ਹਾਂ ਬਨੇਰੇ ਦੀਆਂ ਇੱਟਾਂ ਨਾਲ ਦਰਬਾਰੇ ਨੂੰ ਲਹੂ ਲੁਹਾਨ ਕਰ ਦਿੱਤਾ। ਬਾਹਰੋਂ ਕੁੰਡਾ ਖੁੱਲ੍ਹਣ 'ਤੇ ਉਸ ਨੇ ਭੱਜਣ ਦਾ ਯਤਨ ਕੀਤਾ ਤਾਂ ਪਿੰਡ ਦੇ ਮੁੰਡਿਆਂ ਨੇ ਹੱਟੀ ਕੋਲ ਢਾ ਲਿਆ। ਓਧਰ ਪ੍ਰੀਤੂ ਤੇ ਬੰਤੂ ਦਲਾਨ 'ਚੋਂ ਨਿਕਲਣ ਦਾ ਨਾਂ ਨਹੀਂ ਸੀ ਲੈਂਦੇ। ਪਿੰਡ ਵਾਲਿਆਂ ਛੱਤ ਪਾੜ ਕੇ ਕੋਠੇ ਨੂੰ ਅੱਗ ਲਾਉਣ ਦਾ ਡਰਾਵਾ ਦਿੱਤਾ ਤਾਂ ਦੋਵੇਂ ਬਾਹਰ ਨਿਕਲਦੇ ਹੀ ਤਾਏ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਏ।

ਜਦੋਂ ਫਤਿਹਗੜ੍ਹ ਵਾਲੀਆਂ ਸੰਗਤਾਂ ਆਪਣੇ ਪਿੰਡ ਪਹੁੰਚੀਆਂ ਤਾਂ ਦੋ ਲਾਸ਼ਾਂ ਨਸੀਰੋ ਦੇ ਵਿਹੜੇ ਪਈਆਂ ਸਨ ਤੇ ਇਕ ਹੱਟੀਆਂ ਦੇ ਸਾਹਮਣੇ। ਪਿੰਡ ਦੇ ਕਿਸੇ ਬੰਦੇ ਨੂੰ ਕੋਈ ਚੋਟ ਨਹੀਂ ਸੀ ਆਈ। ਜੇ ਆ ਵੀ ਜਾਂਦੀ ਤਾਂ ਇਸ ਨਾਲ ਕੀ ਫ਼ਰਕ ਪੈਂਦਾ ਸੀ।

ਦਰਬਾਰੇ ਦੀ ਲਾਸ਼ ਕੋਲ 2-4 ਬੱਚਿਆਂ ਤੋਂ ਸਿਵਾ ਹੋਰ ਕੋਈ ਨਹੀਂ ਸੀ। ਇਕ ਸਿਪਾਹੀ ਉਸ ਦੀ ਰਾਖੀ ਬੈਠਾ ਸੀ ਤੇ ਇਕ ਹੋਰ ਸਿਪਾਹੀ ਨਸੀਰੋ ਦੇ ਵਿਹੜੇ ਸੰਤੂ ਤੇ ਬੰਤੂ ਦੀਆਂ ਲਾਸ਼ਾਂ ਦੀ ਰਾਖੀ।

ਤਾਇਆ ਚੁੱਪ ਸੀ। ਥਾਣੇ ਵਾਲਿਆਂ ਨੇ ਪਤਾ ਨਹੀਂ ਇਸ ਘਟਨਾ ਨੂੰ ਕਿਵੇਂ ਲੈਣਾ ਸੀ। ਜੋ ਮਰਜ਼ੀ ਕਰਦੇ। ਪਿੰਡ ਦੀ ਧੀ ਦੀ ਇੱਜ਼ਤ ਰਹਿ ਗਈ ਸੀ। ਸਾਰੇ ਪਿੰਡ ਨੇ ਇਕ ਮੁੱਠ ਹੋ ਕੇ ਰੱਖੀ ਸੀ। ਬਹਾਦਰੀ ਦੀ ਗੱਲ ਸੀ। ਸੂਰਮਗਤੀ ਵਾਲੀ, ਪਰ ਤਾਏ ਦੇ ਚਿਹਰੇ 'ਤੇ ਇਸ ਤਰ੍ਹਾਂ ਦੀ ਸੂਰਮਗਤੀ ਦਾ ਕੋਈ ਪ੍ਰਭਾਵ ਨਹੀਂ ਸੀ।

ਹੁਣ ਜਦੋਂ ਅਕਾਸ਼ਵਾਣੀ ਤੋਂ ਬੰਗਲਾ ਦੇਸ਼ ਦੇ ਮਾਸੂਮਾਂ ਨਾਲ ਅਤਿਆਚਾਰਾਂ ਦੀ ਖ਼ਬਰ ਆਉਂਦੀ ਸੀ ਤਾਂ ਤਾਏ ਦੇ ਮੂੰਹੋਂ ਕੇਵਲ ਇਕੋ ਹੀ ਸ਼ਬਦ ਨਿਕਲਦਾ ਸੀ, 'ਮੂਰਖ਼ ਹਨ ਸਹੁਰੇ।'

ਇਹ ਕਹਾਣੀ ਬੰਗਲਾ ਦੇਸ਼ ਦੀ ਨਹੀਂ।

# ਠੰਡ ਹੈ ਬਰਫੀਲੀ, ਭਰ ਲਈਏ ਪੈਮਾਨੇ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਜਦ ਮਨੁਖ ਸਭਿਅਤਾ ਦੀਆਂ ਬਰੂਹਾਂ 'ਤੇ ਪੁੱਜਾ ਤਾਂ ਉਸ ਦੇ ਕਿੱਤੇ ਵਿਸ਼ੇਸ਼ੀਕ੍ਰਿਤ ਹੋ ਗਏ ਤੇ ਹਰ ਵਿਸ਼ੇਸ਼ੀਕ੍ਰਿਤ ਕਸਬ ਵਿਚ ਕਿਸੇ ਨਾ ਕਿਸੇ ਕਿਸਮ ਦੇ ਨਾਪ-ਤੋਲ ਦੇ ਪ੍ਰਬੰਧ ਦੀ ਲੋੜ ਮਹਿਸੂਸ ਹੋਈ। ਰਾਜਗੀਰੀ ਵਿਚ ਉਚਾਈ-ਲੰਬਾਈ ਦੀਆਂ ਮਿਣਤੀਆਂ, ਦਰਜ਼ੀ ਦੇ ਧੰਦੇ ਵਿਚ ਕਪੜਾ ਮਿਣਨ, ਵਪਾਰ ਵਿਚ ਭਾਰ ਤੋਲਣ, ਤਰਖਾਣਾ-ਲੁਹਾਰਾ ਵਿਚ ਗੁਣੀਆ ਆਦਿ ਸਾਹਮਣੇ ਆਏ। ਆਪਣੀ ਰੋਜ਼ੀ ਲਈ ਸ਼ਿਕਾਰ ਕਰਨ ਜਾਂ ਫਲ ਆਦਿ ਇੱਕਤਰ ਕਰਨਾ ਛੱਡ ਕੇ ਮਨੁਖ ਇਕ ਜਗ੍ਹਾ ਬੱਝ ਕੇ ਖੇਤੀ ਕਰਨ ਲੱਗਾ ਤਾਂ ਜ਼ਮੀਨ ਮਾਪਣ ਦੀ ਲੋੜ ਪਈ। ਜ਼ਮੀਨ ਮਾਪਣ ਦੀਆਂ ਇਕਾਈਆਂ ਵਜੋਂ ਏਕੜ, ਘੁਮਾ, ਕਨਾਲ, ਸਰਸਾਹੀ, ਮਰਲਾ, ਵਿਘਾ, ਕੋਹ, ਕਦਮ, ਕਾਨੀ, ਗਜ਼, ਫੁੱਟ, ਜਰੀਬ, ਗਿਰਾਹ, ਚੱਪਾ ਆਦਿ ਜਿਹੇ ਅਨੇਕਾਂ ਸ਼ਬਦ ਸਾਹਮਣੇ ਆਏ। ਭਾਰ ਮਾਪਣ ਲਈ ਮਣ, ਸੇਰ, ਛਟਾਂਕ, ਪਾਅ, ਰੱਤੀ, ਮਾਸ਼ਾ ਤੇ ਹੋਰ। ਇਹ ਸਾਰੇ ਸ਼ਬਦ ਬਹੁਤ ਹੀ ਸਰਲ ਤੇ ਸਹਿਜ ਅਨੁਭਵਾਂ ਵੱਲ ਇਸ਼ਾਰਾ ਕਰਦੇ ਹਨ ਜਿਵੇਂ 'ਮਾਸ਼ਾ' ਮਾਂਹ ਦੇ ਭਾਰ ਤੋਂ ਬਣਿਆ, 'ਕੋਹ' ਸੰਸਕ੍ਰਿਤ 'ਕ੍ਰੋਸ' ਦਾ ਵਿਕਸਿਤ ਰੂਪ ਹੈ ਜਿਸ ਦਾ ਅਰਥ ਗਾਂ ਦਾ ਰੰਭਣਾ ਹੈ- ਮੂਲ ਭਾਵ ਜਿਸ ਫਾਸਲੇ ਤੱਕ ਗਾਂ ਦੀ ਅਵਾਜ਼ ਸੁਣਾਈ ਦੇਵੇ। ਕਿਹਾ ਜਾਂਦਾ ਹੈ ਕਿ ਸਿੰਧ ਘਾਟੀ ਦੀ ਸਭਿਅਤਾ ਦੌਰਾਨ ਭਾਰ, ਲੰਬਾਈ ਅਤੇ ਸਮੇਂ ਨੂੰ ਮਾਪਣ ਦੇ ਸਭ ਤੋਂ ਪ੍ਰਾਚੀਨ, ਸੁਨਿਸਚਿਤ ਅਤੇ ਛੋਟੇ ਪੈਮਾਨੇ ਲਭੇ ਗਏ। ਸਭਿਅਤਾ ਦੇ ਵਿਕਾਸ ਨਾਲ ਨਵੀਆਂ ਨਵੀਆਂ ਸਥੂਲ, ਮਹੀਨ ਤੇ ਸੂਖਮ ਚੀਜ਼ਾਂ ਬਣਨ ਲੱਗੀਆਂ ਤੇ ਉਨ੍ਹਾਂ ਦੇ ਮਾਪਣ ਲਈ ਨਵੀਆਂ ਨਵੀਆਂ ਇਕਾਈਆਂ ਹੋਂਦ ਵਿਚ ਆਈਆਂ ਜਿਵੇਂ ਤਾਪ, ਗੁਰੁਤਾ, ਭੁਚਾਲ, ਬਿਜਲੀ, ਰੋਸ਼ਨੀ ਆਦਿ ਲਈ ਪੈਮਾਨੇ ਮਿਥੇ ਗਏ। ਹੁਣ ਤਾਂ ਬੁਧੀ ਤੇ ਭਾਵਾਂ ਨੂੰ ਵੀ ਮਿਣਿਆ ਜਾਣ ਲੱਗਾ ਹੈ। ਮੁਢ ਕਦੀਮ ਤੋਂ ਹੀ ਬੰਦੇ ਨੇ ਦੇਖਿਆ ਕਿ ਸਮੇਂ ਦੀ ਗਤੀ ਵਿਚ ਮੁੜ ਮੁੜ ਉਹੋ ਰੁੱਤਾਂ ਆਉਂਦੀਆਂ ਹਨ-ਸੂਰਜ, ਚੰਦ, ਨਛੱਤਰਾਂ ਆਦਿ ਦੀ ਗਰਦਿਸ਼ ਵਿਚ ਬਾਕਾਇਦਗੀ ਹੈ। ਇਸ ਲਈ ਸਮੇਂ ਨੂੰ ਇਨ੍ਹਾਂ ਅਕਾਸ਼ੀ ਪਿੰਡਾਂ ਦੀ ਗਰਦਿਸ ਅਨੁਸਾਰ ਸਾਲ, ਮਹੀਨੇ, ਦਿਨਾਂ ਆਦਿ ਵਿਚ ਵੰਡਿਆ ਗਿਆ।

ਅਸੀਂ ਪਹਿਲਾਂ ਦੇਖ ਚੁਕੇ ਹਾਂ ਕਿ ਕਿਸੇ ਵੀ ਮਿਕਦਾਰ ਨੂੰ ਮਿਣਨ ਦੀ ਧਾਰਨਾ ਲਈ ਚੰਦ ਦੇ ਘਟਣ ਵਧਣ ਦੇ ਅੰਸ਼ਾਂ ਤੋਂ 'ਮਾ' ਧਾਤੂ ਹੋਂਦ ਵਿਚ ਆਇਆ। ਇਸ ਤੋਂ ਮਿਣਨ ਦੀ ਸਮੁਚੀ ਪ੍ਰਣਾਲੀ ਲਈ 'ਮਾਪ' ਸ਼ਬਦ ਹੋਂਦ ਵਿਚ ਆਇਆ। "ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ" (ਭਗਤ ਕਬੀਰ), ਅਰਥਾਤ ਜਰੀਬ (ਡੋਰੀ) ਨਾਲ ਪੂਰਾ ਮਾਪਦੇ ਨਹੀਂ, ਵੱਢੀ ਬਹੁਤ ਲੈਂਦੇ ਹਨ। ਮਾਪ ਤੋਂ ਅਗੇ 'ਮਾਪਦੰਡ' ਬਣਿਆ। ਦੰਡ ਤਾਂ ਅਸਲ ਵਿਚ ਡੰਡਾ ਦਾ ਹੀ ਰੂਪ ਹੈ, ਅਰਥਾਤ ਮਾਪਣ ਵਾਲਾ ਡੰਡਾ, yard stick. ਮਾ ਤੋਂ ਹੀ 'ਮਾਨ' ਬਣਿਆ, ਮਾਪਦੰਡ ਨੂੰ ਮਾਨਦੰਡ ਵੀ ਕਹਿ ਦਿੱਤਾ ਜਾਂਦਾ ਹੈ। ਨਕਸ਼ੇ ਦੇ ਅਰਥਾਂ ਵਾਲੇ 'ਮਾਨਚਿਤਰ' ਦਾ ਭਾਵ ਮਿਣਤੀ ਦੀ ਨਿਸਬਤ ਬਣਾਇਆ ਚਿੱਤਰ ਹੈ। 'ਅਨੁਮਾਨ' ਦਾ ਅਰਥ ਕਿਆਫ਼ਾ ਵੀ ਮਨ ਵਿਚ ਕਿਸੇ ਮਿਕਦਾਰ ਲਈ ਲਾਇਆ ਮਾਪ ਹੀ ਹੈ। 'ਨਿਰਮਾਣ' ਦਾ ਮੁਢਲਾ ਅਰਥ ਮਿਣਨਾ ਹੀ ਹੈ ਪਰ ਫਿਰ ਮਿਣਨ ਦੀ ਕਿਰਿਆ ਕਾਰਨ ਬਣਾਉਣਾ, ਰਚਨਾ ਹੋ ਗਏ। ਮਾਨ ਤੋਂ ਅੱਗੇ ਮਿਣਨ ਅਤੇ ਮਿਣਤੀ ਸ਼ਬਦ ਬਣ ਜਾਂਦੇ ਹਨ। ਹਿਸਾਬ ਲਾਉਣਾ ਦੇ ਅਰਥਾਂ ਵਿਚ ਗਿਣਤੀ-ਮਿਣਤੀ ਸਮਾਸ ਬਣ ਜਾਂਦਾ ਹੈ। ਇਸੇ ਕੜੀ ਵਿਚ ਅਣਮਿਣਿਆ ਸ਼ਬਦ ਹਾਸਿਲ ਆਉਂਦਾ ਹੈ। 'ਮਾ' ਦੇ ਅੱਗੇ 'ਸ' ਅਗੇਤਰ ਲੱਗ ਕੇ ਸਮਾਅ, ਸਮਾਉਣਾ ਬਣ ਗਏ। ਮੁਖ ਭਾਵ ਹੈ ਮਿਣਤੀ ਵਿਚ ਬਰਾਬਰ ਹੋਣਾ। ਕੋਈ ਤਰਲ ਆਦਿ ਜਦ ਕਿਸੇ ਦੂਜੇ ਵਿਚ ਸਮਾਉਂਦਾ ਹੈ ਤਾਂ ਉਹ ਬਰਾਬਰ ਦਾ ਹੋ ਜਾਂਦਾ ਹੈ। 'ਮਿਉਣਾ' ਜਿਵੇਂ "ਚਾਅ ਵਿਚ ਮਿਉਂਦਾ ਨਹੀਂ" ਵੀ ਇਸੇ ਦਾ ਰੂਪਾਂਤਰ ਹੈ।

ਇਸ ਦੇ ਅੱਗੇ 'ਪਰਿ' ਲੱਗ ਕੇ ਪਰਿਮਾਣ ਬਣ ਜਾਂਦਾ ਹੈ ਜਿਸ ਦਾ ਅਰਥ ਵੀ ਮਾਪਦੰਡ ਯਾਨਿ ਮਿਆਰ ਹੈ। ਪ੍ਰਮਾਣ ਦਾ ਅਰਥ ਸਬੂਤ ਹੈ ਅਰਥਾਤ ਕਿਸੇ ਵਾਕਿਆ ਨੂੰ ਸਾਬਿਤ ਕਰਦੇ ਤੱਥ। ਅਸੀਂ ਸੁਨਿਸਚਤਾ ਤੋਂ ਅਵੇਸਲੇ ਪੰਜਾਬੀ ਦੋਵੇਂ ਅਰਥਾਂ ਲਈ ਕਈ ਵਾਰੀ ਇਕੋ ਸ਼ਬਦਜੋੜ ਵਰਤ ਲੈਂਦੇ ਹਾਂ। 'ਉਪ' ਅਗੇਤਰ ਲੱਗ ਕੇ ਉਪਮਾ ਬਣ ਜਾਂਦਾ ਹੈ ਜਿਸ ਦਾ ਸ਼ਾਬਦਿਕ ਅਰਥ ਤਾਂ ਦੋ ਵਰਤਾਰਿਆਂ ਦਰਮਿਆਨ ਸਮਾਨਤਾ ਹੀ ਹੈ ਪਰ ਵਿਸਤ੍ਰਿਤ ਅਰਥ ਵਡਿਆਈ, ਉਸਤਤ ਵੀ ਹੈ, "ਸਾਧ ਕੀ ਉਪਮਾ ਤਿਹ ਗੁਣ ਤੇ ਦੂਰਿ॥" (ਗੁਰੂ ਅਰਜਨ ਦੇਵ) ਇਸ ਸ਼ਬਦ ਦੀ ਵਧੇਰੇ ਵਰਤੋਂ ਇਕ ਤਰ੍ਹਾਂ ਦੇ ਅਲੰਕਾਰ ਲਈ ਹੁੰਦੀ ਹੈ ਜਿਸ ਨੂੰ ਤਸ਼ਬੀਹ ਵੀ ਕਿਹਾ ਜਾਂਦਾ ਹੈ। ਮਿਸਾਲ ਵਜੋਂ 'ਉਸ ਦਾ ਮੁਖੜਾ ਚੰਦ ਵਰਗਾ ਹੈ।' ਇਸ ਅਲੰਕਾਰ ਵਿਚ ਜਿਸ ਚੀਜ਼ ਨਾਲ ਤੁਲਨਾ ਕਰੀਏ ਉਹ 'ਉਪਮਾਨ' ਤੇ ਜਿਸ ਚੀਜ਼ ਦੀ ਤੁਲਨਾ ਕਰੀਏ ਉਹ 'ਉਪਮੇਯ' ਹੈ। ਦਿੱਤੇ ਹੋਏ ਦ੍ਰਿਸ਼ਟਾਂਤ ਵਿਚ ਚੰਦ ਉਪਮਾਨ ਤੇ ਮੁਖੜਾ ਉਪਮੇਯ ਹੈ। ਮਾਨ ਦੇ ਅੱਗੇ ਪ੍ਰਤਿ ਲੱਗ ਕੇ ਪ੍ਰਤਿਮਾਨ ਬਣ ਜਾਂਦਾ ਹੈ ਜਿਸ ਦਾ ਅਰਥ ਮਾਪਦੰਡ ਹੈ ਪਰ ਜੇ ਇਸ ਨੂੰ 'ਪ੍ਰਤਿਮਾ' ਵਜੋਂ ਲਿਖਿਆ ਜਾਵੇ ਤਾਂ ਇਸ ਦਾ ਅਰਥ ਮੂਰਤੀ ਹੋ ਜਾਂਦਾ ਹੈ। ਪ੍ਰਤਿਮਾ ਅਰਥਾਤ ਮੂਰਤੀ ਉਹ ਹੈ ਜੋ ਕਿਸੇ ਇਸ਼ਟ ਨਾਲ ਸਮਾਨਤਾ ਪ੍ਰਗਟ ਕਰਦੀ ਹੈ। ਇਸ ਦਾ ਵਿਕਸਿਤ ਅਰਥ ਮੂਰਤੀ ਸਰੂਪ ਸੁਹਣੀ/ਪੂਜਣਯੋਗ ਔਰਤ ਜਾਂ ਮਹਿਬੂਬ ਹੋ ਜਾਂਦਾ ਹੈ।

ਮਾ ਤੋਂ ਹੀ ਮਾਤਰ ਤੇ ਮਾਤਰਾ ਸ਼ਬਦ ਬਣੇ ਹਨ। ਮਾਤਰ ਦਾ ਉਂਜ ਤਾਂ ਅਰਥ ਬਰਾਬਰ ਹੀ ਹੈ ਪਰ ਰੂੜ੍ਹ ਹੋ ਕੇ 'ਥੋੜਾ' ਜਾਂ 'ਸਿਰਫ' ਬਣ ਗਿਆ ਹੈ ਜਿਵੇਂ ਮਨੁਖ ਮਾਤਰ। "ਤਾਰਣ ਤਰਣ ਖਿਨ ਮਾਤ੍ਰ ਜਾ ਕਉ ਦ੍ਰਿਸਿ ਧਾਰੈ ਸਬਦੁ ਰਿਦ ਬੀਚਾਰੈ ਕਾਮੁ ਕ੍ਰੋਧੁ ਖੋਵੈ ਜੀਉ॥" (ਗੁਰੂ ਰਾਮ ਦਾਸ) 'ਤੀਵੀਂ ਮਾਨੀ' ਦਾ ਅਰਥ ਤੀਵੀਂ ਮਾਤਰ ਹੈ ਅਰਥਾਤ ਕਮਜ਼ੋਰ ਔਰਤ। ਮਾਤਰਾ ਦਾ ਮੁਖ ਅਰਥ ਮਿਕਦਾਰ ਹੈ, ਇਸ ਤੋਂ ਵਿਆਕਰਣ ਤੇ ਪਿੰਗਲ ਵਿਚ ਇਸ ਦੇ ਆਪਣੀ ਤਰ੍ਹਾਂ ਦੇ ਅਰਥ ਰੂੜ੍ਹ ਹੋਏ। ਵਿਆਕਰਣ ਵਿਚ ਅੱਖਰ ਜਾਂ ਵਿਅੰਜਨ ਦੇ ਨਾਲ ਲੱਗੇ ਚਿੰਨ੍ਹ ਜਿਵੇਂ ਬਿਹਾਰੀ ਸਿਹਾਰੀ ਆਦਿ



ਪੈਮਾਨਾ

ਮਾਤਰਾਵਾਂ ਹਨ। ਪਿੰਗਲ ਵਿਚ ਸਵਰਾਂ ਦੇ ਉਚਾਰਣ ਵਿਚ ਲੱਗੇ ਸਮੇਂ ਨੂੰ ਮਾਤਰਾ ਕਿਹਾ ਜਾਂਦਾ ਹੈ। ਦੋਨੋਂ ਸੰਦਰਭਾਂ ਵਿਚ ਮਾਤਰਾ ਇਕਹਿਰੀ ਜਾਂ ਦੂਹਰੀ ਹੁੰਦੀ ਹੈ।

ਮਾ ਤੋਂ ਹੀ ਮਿਣਨਾ ਤੇ ਫਿਰ ਭੂਤ ਕਾਰਦੰਤਕ ਮਿਤ ਬਣਿਆ। ਮਿਤ ਦਾ ਅਰਥ ਮਿਣਿਆ ਹੋਇਆ ਹੈ। ਇਸੇ ਤੋਂ ਤਰੀਕ ਦੇ ਅਰਥਾਂ ਵਾਲਾ ਮਿਤੀ ਸ਼ਬਦ ਬਣਿਆ ਅਰਥਾਤ ਚੰਦਰਮਾਸ ਅਨੁਸਾਰ ਕਿਸੇ ਕਾਰਜ ਲਈ ਮਿਥਿਆ ਹੋਇਆ ਦਿਨ ਜਿਵੇਂ, ਮਿਤੀ ਪੋਹ ਸੁਦੀ ਸੱਤਵੀਂ। ਮਿਤੀ ਦਾ ਅਰਥ ਵਿਆਜ ਵੀ ਹੈ ਜੋ ਹਰ ਮਿਤੀ ਅਰਥਾਤ ਦਿਨ-ਬ-ਦਿਨ ਵਧਦਾ ਜਾਂਦਾ ਹੈ। ਗੁਰਬਾਣੀ ਵਿਚ ਮਾਪ, ਮਿਣਤੀ ਦੇ ਅਰਥਾਂ ਵਿਚ 'ਮਿਤਿ' ਸ਼ਬਦ ਆਇਆ ਹੈ, "ਹਰਿ ਬਿਅੰਤ ਹਉ ਮਿਤਿ ਕਰਿ ਬਰਨਉ॥" ਇਸ ਦਾ ਅਰਥ ਹਦ, ਸੀਮਾ ਵੀ ਹੈ, "ਸੁਖਾ ਕੀ ਮਿਤਿ ਕਿਆ ਗਣੀ॥" ਇਸ ਦੇ ਅੱਗੇ 'ਗਤਿ' ਲੱਗ ਕੇ ਬਣਿਆ ਸਮਾਸ ਇਹੋ ਅਰਥ ਹੋਰ ਤੀਖਣ ਕਰ ਜਾਂਦਾ ਹੈ, "ਤੁਮਰੀ ਗਤਿ ਮਿਤਿ ਤੁਮ ਹੀ ਜਾਨੀ॥" ਇਹ ਸਾਰੀਆਂ ਮਿਸਾਲਾਂ ਗੁਰੂ ਅਰਜਨ ਦੇਵ ਦੀ ਬਾਣੀ ਵਿਚੋਂ ਹਨ।

ਮਾਪਤੋਲ ਦੇ ਅਰਥਾਂ ਵਾਲਾ ਫਾਰਸੀ ਵਲੋਂ ਆਇਆ ਸ਼ਬਦ ਪੈਮਾਨਾ ਵੀ ਇਸੇ ਦਾ ਸੁਜਾਤੀ ਹੈ। ਅਸਲ ਵਿਚ ਇਹ ਪ੍ਰਤਿਮਾ/ਪ੍ਰਤਿਮਾਨ ਦੇ ਬਿਲਕੁਲ ਸਾਵਾਂ ਤੁਲਦਾ ਹੈ। ਪੁਰਾਣੀ ਫਾਰਸੀ ਵਿਚ ਸੰਸਕ੍ਰਿਤ 'ਪ੍ਰਤਿ' ਅਗੇਤਰ ਦੇ ਟਾਕਰੇ ਤੇ 'ਪੈਤਿ' ਹੈ। ਸੋ ਮੂਲ ਸ਼ਬਦ 'ਪੈਤਿਮਾ/ਪੈਤਿਮਾਨ' ਸੀ ਜੋ ਮੁਖ-ਸੁਖ ਕਾਰਨ ਪੈਮਾਨਾ ਹੋ ਗਿਆ। ਪੈਮਾਨਾ ਦਾ ਇਕ ਅਰਥ ਸ਼ਰਾਬ ਦਾ ਪਿਆਲਾ ਵੀ ਹੈ ਜਿਸ ਦੀ ਫਾਰਸੀ ਉਰਦੂ ਸ਼ਾਇਰੀ ਵਿਚ ਖੂਬ ਵਰਤੋਂ ਹੋਈ ਹੈ, "ਰਖ ਦੇ ਕੋਈ ਪੈਮਾਨਾ-ਓ-ਸਹਬਾ ਮੇਰੇ ਆਗੇ।" ਪੈਮਾਨਾ ਦਾ ਇਕ ਹੋਰ ਰੂਪ ਹੈ-ਪੈਮਾਇਸ਼। ਪਰਖ, ਇਮਤਿਹਾਨ ਦੇ ਅਰਥਾਂ ਵਾਲੇ 'ਅਜ਼ਮਾਉਣਾ'/ਅਜ਼ਮਾਇਸ਼ ਸ਼ਬਦ ਵਿਚ ਵੀ 'ਮਾ' ਦਿਸ ਰਿਹਾ ਹੈ। ਅਰਥਾਤ ਕਿਸੇ ਪੈਮਾਨੇ ਅਨੁਸਾਰ ਪਰਖ ਕਰਨਾ। ਕਈ ਲੋਕ ਸ਼ਰਾਬ ਦੇ ਪਿਆਲੇ ਭਰ ਭਰ ਪੀਂਦੇ ਰਹਿੰਦੇ ਹਨ, ਆਪਣੀ ਪੀਣ-ਸਮਰਥਾ ਦੀ ਅਜ਼ਮਾਇਸ਼ ਕਰਨ ਲਈ! ਫਾਰਸੀ ਵਲੋਂ ਆਇਆ 'ਫਰਮਾਨ' ਸ਼ਬਦ ਵੀ ਇਸੇ ਕੜੀ ਦਾ ਹੈ। ਇਸ ਵਿਚ 'ਫਰ' ਅਗੇਤਰ ਦਾ ਅਰਥ ਪਹਿਲਾਂ ਹੈ। ਫਰਮਾਨ ਵਿਚ ਕਿਸੇ ਪੈਮਾਨੇ 'ਤੇ ਉਤਰਨ ਲਈ ਹੁਕਮ ਜਾਰੀ ਹੁੰਦਾ ਹੈ। ਕਿਸੇ ਨੂੰ ਹੁਕਮ ਦੇਣ ਲਈ ਫਰਮਾਉਣਾ ਸ਼ਬਦ ਵਰਤਿਆ ਜਾਂਦਾ ਹੈ। ਸਾਡੇ 'ਪਰਵਾਨਾ' ਸ਼ਬਦ ਦੀ ਇਸ ਨਾਲ ਰਿਸ਼ਤੇਦਾਰੀ ਦੱਸੀ ਜਾਂਦੀ ਹੈ। ਪਰਵਾਨਾ ਵਿਚ ਵੀ ਫਰਮਾਨ ਵਾਂਗੂੰ ਕਿਸੇ ਪੈਮਾਨੇ 'ਤੇ ਉਤਰੀ ਸਥਿਤੀ ਦਾ ਭਾਵ ਹੈ। 'ਪਰਵਾਨਾ' ਦਾ ਅਰਥ ਪ੍ਰਮਾਣ-ਪੱਤਰ ਹੈ; ਪਰਵਾਨਾ ਤੇ ਪ੍ਰਮਾਣ ਇਕੋ ਸ਼ਬਦ ਦੇ ਰੁਪਾਂਤਰ ਹਨ। ਭ੍ਰਿਸ਼ਟਾਚਾਰ ਦੇ ਇਸ ਯੁਗ ਵਿਚ ਕਿਸੇ ਪੈਮਾਨੇ 'ਤੇ ਉਤਰਨ ਦੀ ਲੋੜ ਖਤਮ ਹੋ ਗਈ ਹੈ, ਇਸ ਲਈ ਜਾਅਲੀ ਪਰਵਾਨੇ ਦਾ ਅਰਥ ਦਿੰਦਾ 'ਗਿੱਦੜ-ਪਰਵਾਨਾ' ਸ਼ਬਦ ਚੱਲ ਪਿਆ ਜਿਵੇਂ 'ਸ਼ੇਰਗਿੱਲ' ਦੀ ਥਾਂ ਤੇ 'ਗਿੱਦੜਗਿੱਲ'!

ਅੰਗਰੇਜ਼ੀ ਵੱਲ ਆਈਏ ਤਾਂ ਇਸ ਭਾਵ ਨਾਲ ਜੁੜਦੇ ਸੁਜਾਤੀ ਸ਼ਬਦ ਬਥੇਰੇ ਮਿਲਦੇ ਹਨ। ਸਭ ਤੋਂ ਪਹਿਲਾਂ ਮਾਪ ਜਾਂ ਪੈਮਾਨਾ ਦੇ ਅਰਥਾਂ ਵਿਚ measure ਸ਼ਬਦ ਸਾਹਮਣੇ ਆਉਂਦਾ ਹੈ ਜਿਸ ਵਿਚ 'ਮਾ' ਧਾਤੂ ਸਪਸ਼ਟ ਝਲਕਦਾ ਹੈ। ਇਹ ਸ਼ਬਦ ਅੰਤਮ ਤੌਰ 'ਤੇ ਲਾਤੀਨੀ mensura ਤੋਂ ਆਇਆ ਹੈ। ਇਥੇ ਇਹ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਪਰਿਮਾਣ ਦੇ ਅਰਥਾਂ ਵਾਲੇ 'ਮਿਆਰ' ਸ਼ਬਦ ਦਾ measure ਨਾਲ ਕੋਈ ਸੰਬੰਧ ਨਹੀਂ ਹੈ। ਇਹ ਅਰਬੀ ਵਲੋਂ ਆਇਆ ਹੈ ਤੇ ਜੋ ਅਰਬੀ ਸ਼ਬਦ 'ਇਯਾਰ' ਤੋਂ ਬਣਿਆ ਹੈ ਜਿਸ ਦਾ ਅਰਥ ਵੀ ਮਿਣਨਾ ਹੀ ਹੈ। ਇਸ ਤੋਂ ਅੱਗੇ ਕਈ ਸਾਰੇ ਅਰਥਾਂ ਵਾਲਾਂ ਮੀਟਰ meter ਸ਼ਬਦ ਹੈ ਜਿਸ ਵਿਚ 'ਮਾ' ਸਪਸ਼ਟ ਝਲਕਦਾ ਹੈ। ਇਹ ਸਾਡੇ 'ਮਾਤਰਾ' ਸ਼ਬਦ ਦੇ ਐਨ ਸਾਵਾਂ ਤੁਲਦਾ ਹੈ। ਸਭਨਾਂ ਵਿਚ ਮਿਣਨ ਦਾ ਹੀ ਭਾਵ ਹੈ ਭਾਵੇਂ ਲੰਬਾਈ ਦੀ ਮਿਣਤੀ ਵਾਲਾ ਮੀਟਰ ਲੈ ਲਵੋ, ਭਾਵੇਂ ਬਿਜਲੀ ਆਦਿ ਦਾ ਮੀਟਰ ਤੇ ਭਾਵੇਂ ਪਿੰਗਲ ਦਾ ਮੀਟਰ। ਅੰਗਰੇਜ਼ੀ ਦਾ ਇਕ ਦਿਲਚਸਪ ਸ਼ਬਦ ਹੈ phagodynamometer ਜਿਸ ਦਾ ਅਰਥ ਅਜਿਹਾ ਜੰਤਰ ਹੈ ਜੋ ਭੋਜਨ ਚਿਥਣ ਸਮੇਂ ਜਬਾੜਿਆਂ ਵਲੋਂ ਖਰਚੀ ਜਾਂਦੀ ਸ਼ਕਤੀ ਨਾਪਦਾ ਹੈ। ਕਲ੍ਹ ਨੂੰ ਚਪੇੜ ਮਾਰਨ ਜਾਂ ਖਾਣ ਸਮੇਂ ਖਰਚ ਹੁੰਦੀ ਸ਼ਕਤੀ ਲਈ ਵੀ ਜੰਤਰ ਬਣ ਸਕਦਾ ਹੈ। Dimension ਸ਼ਬਦ ਵਿਚ di ਦਾ ਅਰਥ ਦੋ ਹੈ। ਇਸ ਤਰ੍ਹਾਂ ਇਸ ਸ਼ਬਦ ਲਈ ਸਾਡੀਆਂ ਭਾਸ਼ਾਵਾਂ ਵਿਚ ਇਸ ਭਾਵ ਲਈ 'ਵਿਮਾ' ਸ਼ਬਦ ਚਲਦਾ ਹੈ। ਇਸ ਵਿਚ 'ਮਾ' ਧਾਤੂ ਸਪਸ਼ਟ ਹੈ। Three-dimensional ਦਾ ਪੰਜਾਬੀ ਵਿਚ ਅਨੁਵਾਦ 'ਤਿੰਨ-ਵਿਮੀ' ਹੋਵੇਗਾ। ਮੀਟਰ ਸ਼ਬਦ ਹੋਰ ਸ਼ਬਦਾਂ ਦੇ ਅੱਗੇ ਪਿਛੇ ਲੱਗ ਕੇ ਹੋਰ ਸ਼ਬਦਾਂ ਦਾ ਨਿਰਮਾਣ ਕਰ ਦਿੰਦਾ ਹੈ ਜਿਵੇਂ ਥਰਮਾਮੀਟਰ, ਬੈਰੋਮੀਟਰ, ਸੈਂਟੀਮੀਟਰ, ਕਿਲੋਮੀਟਰ ਆਦਿ। ਇਸ ਤੋਂ ਅੱਗੇ metric ਸ਼ਬਦ ਬਣਿਆ ਹੈ ਸਮਿਟਰੀ symmetry ਸ਼ਬਦ ਦਾ ਅਰਥ ਹੈ ਸੰਤੁਲਨ ਵਿਚ ਜੜੇ ਭਾਗ। Semester ਵਿਚ se ਅੰਸ਼ ਦਾ ਅਰਥ ਛੇ ਹੈ ਮਤਲਬ ਕਿ 'ਛਿਮਾਹੀ।' ਇਸੇ ਤਰ੍ਹਾਂ ਜਿਓਮੈਟਰੀ ਦਾ ਮੁਢਲਾ ਅਰਥ ਜ਼ਮੀਨ ਮਿਣਨਾ ਹੈ। ਖਾਣੇ ਦੇ ਅਰਥਾਂ ਵਾਲੇ ਅੰਗਰੇਜ਼ੀ meal ਦਾ ਮੁਢਲਾ ਅਰਥ ਭੋਜਨ ਦਾ ਸਮਾਂ ਅਰਥਾਤ ਡੰਗ ਹੈ। ਅਸਲ ਵਿਚ ਕਈ ਪੁਰਾਣੀਆਂ ਭਾਰੋਪੀ ਭਾਸ਼ਾਵਾਂ ਵਿਚ me ਧਾਤੂ ਤੋਂ ਬਣੇ ਸ਼ਬਦਾਂ ਵਿਚ ਨਿਸਚਿਤ ਸਮੇਂ ਦਾ ਭਾਵ ਆ ਗਿਆ ਹੈ। ਮਿਸਾਲ ਵਜੋਂ ਜਰਮਨ 'ਮਲ' ਦਾ ਅਰਥ ਸਮਾਂ, ਵਕਤ ਹੈ। ਇਸ ਵਿਚ ਸਮੇਂ ਜਾਂ ਡੰਗ ਦਾ ਭਾਵ me ਧਾਤੂ ਤੋਂ ਆ ਰਿਹਾ ਹੈ। Piecemeal (ਥੋੜਾ ਥੋੜਾ ਕਰਕੇ) ਦਾ ਮੁਢਲਾ ਅਰਥ ਸਾਲ-ਦਰ-ਸਾਲ ਹੈ।

# ਉਡ-ਪੁਡ ਗਿਆ ਪੰਜਾਬ ਦਾ ਅਮਨ-ਕਾਨੂੰਨ

ਦਲਵਿੰਦਰ ਸਿੰਘ ਅਜਨਾਲਾ
ਫੋਨ: 661-834-9770

ਇਕ ਦਿਨ ਕਿਸੇ ਸਟੋਰ ਵਿਚ ਇਕ ਪਤਵੰਤੇ, ਤੇਜ਼-ਤਰਾਰ ਅਤੇ ਬਜ਼ੁਰਗ ਜਥੇਦਾਰ ਨਾਲ ਮੇਲ ਹੋ ਗਿਆ। ਐਵੇਂ ਸਰਸਰੀ ਗੱਲਬਾਤ 'ਚ ਮੈਂ ਆਖ ਦਿੱਤਾ, "ਜਥੇਦਾਰ ਜੀ, ਪੰਜਾਬ ਵਿਚ ਅਮਨ-ਕਾਨੂੰਨ ਦੀ ਹਾਲਤ ਬੜੀ ਖਰਾਬ ਹੋ ਰਹੀ ਹੈ ਅਤੇ ਪੰਥਕ ਸਰਕਾਰ ਦੀ ਬਦਨਾਮੀ ਹੋ ਰਹੀ ਹੈ।" ਫਿਰ ਕੀ ਸੀ, ਜਥੇਦਾਰ ਜੀ ਲਾਲ-ਪੀਲੇ ਹੋ ਕੇ ਕਹਿੰਦੇ, "ਇਥੇ ਬੈਠੇ ਲੋਕਾਂ ਨੂੰ ਐਵੇਂ ਅੱਗ ਲੱਗੀ ਰਹਿੰਦੀ ਐ। ਕੀ ਹੋਇਐ ਪੰਜਾਬ ਦੇ ਅਮਨ-ਕਾਨੂੰਨ ਨੂੰ? ਪਹਿਲਾਂ ਇਥੇ ਤਾਂ ਵੇਖੋ ਨਿੱਤ ਕੀ ਹੋ ਰਿਹੈ? ਇਹ ਲੋਕ ਗੁਰਦੁਆਰਿਆਂ ਵਿਚ ਕੀ ਕਰ ਰਹੇ ਹਨ? ਪਹਿਲਾਂ ਆਪਣੀ ਪੀੜ੍ਹੀ ਹੇਠ ਸੋਟਾ ਫੇਰੋ, ਫਿਰ ਪੰਜਾਬ ਦੀ ਗੱਲ ਵੀ ਕਰ ਲਿਓ। ਨਿੱਕੀਆਂ-ਮੋਟੀਆਂ ਘਟਨਾਵਾਂ ਤਾਂ ਹੁੰਦੀਆਂ ਹੀ ਰਹਿੰਦੀਆਂ ਹਨ, ਪੰਜਾਬ ਕੋਈ ਵੱਖਰ ਨਹੀਂ। ਪੰਥਕ ਸਰਕਾਰ ਨੂੰ ਦੂਜੀ ਵਾਰ ਲੋਕਾਂ ਨੇ ਚੁਣਿਆ ਹੈ। ਅਕਸਰ ਇਨ੍ਹਾਂ ਨੇ ਲੋਕਾਂ ਵਾਸਤੇ ਕੁਝ ਕੀਤਾ ਹੈ ਤਾਂ ਹੀ ਦੁਬਾਰਾ ਚੁਣਿਆ ਹੈ। ਜਦੋਂ ਅਸੀਂ ਪੰਜਾਬ ਛੱਡ ਕੇ ਇਥੇ ਵੱਸ ਗਏ ਹਾਂ ਤਾਂ ਸਾਨੂੰ ਇਥੇ ਬਾਰੇ ਸੋਚਣਾ ਚਾਹੀਦਾ ਹੈ।"

ਮੈਂ ਆਖਿਆ, "ਜਥੇਦਾਰ ਜੀ, ਫਿਰ ਲੜਕੀ ਆਪਣੇ ਵਿਆਹ ਪਿਛੋਂ ਸਹੁਰੇ ਘਰ ਜਾ ਕੇ ਪੇਕੇ ਘਰ ਨੂੰ ਉਕਾ ਭੁੱਲ-ਭੁਲਾ ਛੱਡੇ?" ਜਥੇਦਾਰ ਹੱਸ ਕੇ ਬੋਲੇ, "ਲੜਕੀ ਪੇਕੇ ਘਰ ਨੂੰ ਭੁੱਲੇ-ਭੁਲਾਵੇ ਤੇ ਨਾ, ਪਰ ਐਵੇਂ ਬੇਮਤਲਬ ਟੰਗ ਨਾ ਅੜਾਵੇ।"

ਦੇਖਣ ਵਾਲੀ ਗੱਲ ਇਹ ਹੈ ਕਿ ਧੀਆਂ-ਧਿਆਣੀਆਂ ਨਾਲ ਨਿਤ ਦਿਨ ਵਧੀਕੀਆਂ ਹੋ ਰਹੀਆਂ ਹਨ, ਕਿਤੇ ਕੋਈ ਰੋਹ ਦੀ ਜਵਾਲਾ ਨਹੀਂ; ਆਪਣੀ ਧੀ ਦੀ ਇੱਜ਼ਤ ਦੀ ਰਾਖੀ ਕਰਦਿਆਂ ਕਤਲ ਹੋਣ ਵਾਲੇ ਪੁਲਿਸ ਅਫਸਰ ਰਵਿੰਦਰਪਾਲ ਸਿੰਘ ਦੇ ਘਰ ਅਫਸੋਸ ਕਰਨ ਪੁੱਜੇ ਮੁੱਖ ਮੰਤਰੀ ਨੇ ਇਸ ਘਟਨਾ ਨੂੰ ਅਮਨ ਕਾਨੂੰਨ ਦੀ ਹਾਲਤ ਖਰਾਬ ਹੋਣਾ ਨਹੀਂ ਮੰਨਿਆ। ਪਰ ਅਸਲ ਵਿਚ ਫਰੀਦਕੋਟ ਵਾਲਾ ਸ਼ਰੁਤੀ ਕੇਸ ਅਤੇ ਛੇਹਰਟਾ ਵਾਲਾ ਕਤਲ ਕੇਸ ਗੁੰਡਾਗਰਦੀ ਅਤੇ ਬਦਮਾਸ਼ੀ ਦਾ ਸਿਖਰ ਹਨ। ਹੁਣ ਇਕ ਹੋਰ ਘਟਨਾ ਇਕ ਨਾਬਾਲਗ ਲੜਕੀ ਨਾਲ ਸਮੂਹਿਕ ਜਬਰ ਜਿਨਾਹ ਹੋਣ ਅਤੇ ਪੁਲਿਸ ਵਲੋਂ ਗੱਲ ਨਾ ਸੁਣੇ ਜਾਣ ਪਿਛੋਂ ਉਸ ਦੇ ਖੁਦਕੁਸ਼ੀ ਕਰਨ ਦੀ ਸਾਹਮਣੇ ਆਈ ਹੈ। ਪੰਜਾਬ-ਹਰਿਆਣਾ ਹਾਈ ਕੋਰਟ ਨੇ ਇਸ ਮਾਮਲੇ 'ਤੇ ਟਿੱਪਣੀ ਕਰਦਿਆਂ ਠੀਕ ਹੀ ਕਿਹਾ ਹੈ, "ਬਹੁਤ ਹੋ ਗਿਆ, ਬਥੇਰਾ ਹੋ ਗਿਆ...!" ਸਾਰੀ ਦੁਨੀਆਂ ਵਿਚ ਇਨ੍ਹਾਂ ਕੇਸਾਂ ਦੀ ਚਰਚਾ ਹੋ ਰਹੀ ਹੈ ਪਰ ਜ਼ਿੰਮੇਵਾਰ ਧਿਰਾਂ ਇਨ੍ਹਾਂ ਦੀ ਜ਼ਿੰਮੇਵਾਰੀ ਹੀ ਨਹੀਂ ਲੈ ਰਹੀਆਂ। ਅਸਲ ਵਿਚ ਇਨ੍ਹਾਂ ਨੂੰ ਪਤਾ ਹੈ ਕਿ ਚਾਰ ਦਿਨਾਂ ਦਾ ਰੌਲਾ-ਗੌਲਾ ਹੈ! ਬਸ, ਗੋਲ-ਮੋਲ ਜਿਹੇ ਬਿਆਨ ਦੇ ਛੱਡੋ। ਪਹਿਲਾਂ ਵੀ ਅਜਿਹੀਆਂ ਵਾਰਦਾਤਾਂ ਹੋ ਈ ਚੁੱਕੀਆਂ ਨੇ। ਵੋਟਰ ਬੜਾ ਸੁਭਵਾਨ ਹੈ, ਅਜਿਹੀਆਂ ਘਟਨਾਵਾਂ ਵੱਲ ਬਹੁਤਾ ਧਿਆਨ ਨਹੀਂ ਦਿੰਦਾ!

ਹੁਣ ਜ਼ਰਾ ਉਸ ਰਜਵਾੜਾਸ਼ਾਹੀ ਅਤੇ ਜਗੀਰਦਾਰੀ ਸਿਸਟਮ ਦੀ ਗੱਲ ਕਰੀਏ ਜਿਥੋਂ ਨਿਸ਼ਾਨ ਸਿੰਘ (ਫਰੀਦਕੋਟ) ਅਤੇ ਰਣਜੀਤ ਸਿੰਘ ਰਾਣਾ (ਛੇਹਰਟਾ) ਵਰਗੇ ਬੁਰਛਾਗਰਦ ਪੈਦਾ ਹੁੰਦੇ ਹਨ। ਪੰਜਾਬ ਵਿਚ ਚੋਣਾਂ ਪਿਛੋਂ ਜਦੋਂ ਵਾਰੀ ਦੇ ਹਿਸਾਬ ਜਿਸ ਪਾਰਟੀ ਦੀ ਸਰਕਾਰ ਬਣਨ ਦੀ ਸੰਭਾਵਨਾ ਹੁੰਦੀ ਹੈ, ਵੱਡੇ ਵੱਡੇ ਪੁਲਿਸ ਤੇ ਸਿਵਲ ਅਫਸਰ ਬਣਨ ਵਾਲੇ ਲੀਡਰਾਂ ਦੇ ਦਰਾਂ 'ਤੇ ਮੱਥੇ ਟੇਕਣੇ ਸ਼ੁਰੂ ਕਰ ਦਿੰਦੇ ਹਨ। ਇਹ ਅਫਸਰ ਜਿਹੜੇ ਆਮ ਬੰਦੇ ਨਾਲ ਤਾਂ ਸਿੱਧੇ ਮੂੰਹ ਗੱਲ ਕਰ ਕੇ ਰਾਜ਼ੀ ਨਹੀਂ ਹੁੰਦੇ, ਆਪਣੀ ਸ਼ਰਮ ਹਯਾ, ਆਕੜ, ਅਣਖ ਅਤੇ ਇਖਲਾਕ ਛਿੱਕੇ ਟੰਗ ਕੇ ਆਉਣ ਵਾਲੇ ਹਾਕਮਾਂ ਅੱਗੇ ਹੱਥ ਬੰਨ੍ਹ ਕੇ ਵਫਾਦਾਰੀਆਂ ਦਾ ਸਬੂਤ ਪੇਸ਼ ਕਰਦੇ ਹਨ। ਕਾਹਦੇ ਵਾਸਤੇ? ਚੰਗੇ ਸਟੇਸ਼ਨ, ਚੰਗੇ ਵਿਭਾਗ ਅਤੇ ਖਾਸ ਤਰੱਕੀਆਂ ਲਈ। ਇਸ ਸਿਸਟਮ 'ਚ ਸਭ ਅਫਸਰ ਅਤੇ ਕਰਮਚਾਰੀ ਗੁਲਾਮ ਮਾਨਸਿਕਤਾ ਹੇਠ ਕੰਮ ਕਰਦੇ ਹਨ। ਗੁਲਾਮ ਮਾਨਸਿਕਤਾ ਵਾਲੇ ਅਧਿਕਾਰੀ ਆਪਣੇ ਮਾਲਕਾਂ ਦੇ ਫਾਇਦੇ ਤੇ ਖੁਸ਼ੀ ਲਈ ਕੰਮ ਕਰਦੇ ਹਨ, ਲੋਕਾਂ ਦੀ ਸੇਵਾ ਵਾਸਤੇ ਨਹੀਂ।

ਫਿਰ ਇਹ ਸਿਸਟਮ ਕਿਵੇਂ ਅਤੇ ਕਦੋਂ ਹੋਂਦ ਵਿਚ ਆਇਆ? ਇਹ ਲੰਮੀ ਚੌੜੀ ਵਾਰਤਾ ਹੈ। ਉਂਜ, ਆਜ਼ਾਦ ਭਾਰਤ ਦੀ ਵਾਗਡੋਰ ਲੰਮੇ ਸਮੇਂ ਤਕ ਕਾਂਗਰਸ ਦੇ ਹੱਥ ਰਹੀ ਹੈ, ਅੱਜ ਵੀ ਹੈ। ਇਸ ਪਾਰਟੀ ਨੂੰ ਦੇਸ਼ ਭਗਤ, ਰਾਸ਼ਟਰਵਾਦੀ, ਕੁਰਬਾਨੀਆਂ ਵਾਲੀ ਅਤੇ ਦੇਸ਼ ਨੂੰ ਆਜ਼ਾਦ ਕਰਾਉਣ ਵਾਲੀ ਰਾਸ਼ਟਰੀ ਪਾਰਟੀ ਕਰ ਕੇ ਵੀ ਜਾਣਿਆ ਜਾਂਦਾ ਹੈ ਪਰ ਮੌਜੂਦਾ ਰਾਜਸੀ ਅਤੇ ਪ੍ਰਬੰਧਕੀ ਸਭਿਆਚਾਰ ਤੇ ਵਾਤਾਵਰਨ-ਇਸੇ ਪਾਰਟੀ ਦੀ ਦੇਣ ਹੈ। ਬਾਅਦ ਵਿਚ ਪੈਦਾ ਹੋਣ ਵਾਲੀਆਂ ਪਾਰਟੀਆਂ ਨੇ ਇਸ ਸਭਿਆਚਾਰ ਨੂੰ ਜਿਉਂ ਦਾ ਤਿਉਂ ਅਪਨਾਇਆ ਹੀ ਨਹੀਂ ਸਗੋਂ ਇਸ ਨੂੰ ਚਾਰ ਚੰਨ ਵੀ ਲਾਏ ਹਨ। ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਪੰਥਕ ਪਾਰਟੀ ਬਣ ਕੇ ਲੋਕਾਂ ਅੱਗੇ ਪੇਸ਼ ਹੋਈ ਕਿ ਇਹ ਬਿਨਾ ਕਿਸੇ ਭਿੰਨ-ਭੇਦ ਦੇ ਗੁਰੂ ਨਾਨਕ ਦਾ ਸਿੱਖ ਸਿਧਾਂਤ ਇਕਸਾਰ ਲਾਗੂ ਕਰਨ ਦਾ ਯਤਨ ਕਰੇਗੀ ਅਤੇ ਗੁਰਬਾਣੀ ਫਲਸਫੇ 'ਤੇ ਚੱਲ ਕੇ ਸਿਰਫ ਲੋਕ ਸੇਵਾ ਕਰੇਗੀ, ਰਾਜ ਨਹੀਂ। ਸੇਵਾ ਦਾ ਮਤਲਬ ਹਲੀਮੀ ਤੇ ਨਿਰਮਾਣਤਾ। ਰਾਜ ਦਾ ਮਤਲਬ ਹੰਕਾਰ ਅਤੇ ਲੋਭ-ਲਾਲਚ।

ਹੁਣ ਇਹ ਪਾਰਟੀ ਸਿਰਫ 'ਅਕਾਲੀ ਦਲ-ਬਾਦਲ' ਬਣ ਗਈ ਹੈ। ਜੇ ਇਹ ਪਾਰਟੀ ਇਕੱਲੇ ਬਾਦਲ ਦੀ ਹੈ, ਫਿਰ ਇਹ ਬਾਦਲ ਵਾਸਤੇ ਹੀ ਕੰਮ ਕਰੇਗੀ, ਆਮ ਲੋਕਾਂ ਵਾਸਤੇ ਨਹੀਂ; ਪਰ ਪੰਜਾਬ ਦੇ ਲੋਕ ਅਜੇ ਵੀ ਇਸ ਪਾਰਟੀ ਵਿਚੋਂ 'ਅਕਾਲੀ' ਸ਼ਬਦ ਦੇ ਦਰਸ਼ਨ ਕਰ ਕੇ ਇਸ ਕੋਲੋਂ ਗੁਰੂਆਂ ਵਾਲੀ ਰਹਿਮਤ ਦੀ ਆਸ ਕਰਦੇ ਹਨ, ਤਾਂ ਹੀ ਉਹ ਵਾਰ ਵਾਰ ਇਸ ਨੂੰ ਗੱਦੀ 'ਤੇ ਬਿਠਾ ਰਹੇ ਹਨ। ਇਸੇ ਤਰ੍ਹਾਂ ਹੀ ਲੋਕਾਂ ਵਿਚਾਰਿਆਂ ਨੂੰ ਕਮਿਊਨਿਸਟ ਪਾਰਟੀ ਉਪਰ ਵੀ ਆਸ ਬੱਝੀ ਸੀ। ਪੰਜਾਬ ਵਿਚ ਵੀ ਕਮਿਊਨਿਸਟਾਂ ਨੂੰ ਲੋਕਾਂ ਨੇ ਭਲੇ ਦੀ ਆਸ ਵਿਚ ਜਿਤਾਉਣਾ ਸ਼ੁਰੂ ਕਰ ਦਿੱਤਾ ਸੀ ਪਰ ਇਨ੍ਹਾਂ ਨੇ ਆਪਣੇ ਆਪ ਨੂੰ ਬਹੁਤ ਵੱਡੇ ਮਨੁੱਖਤਾਵਾਦੀ ਅਤੇ ਲੋਕ ਪੱਖੀ ਦੱਸਦਿਆਂ ਹੋਰ ਹੀ ਕਹਾਣੀਆਂ ਫੜ ਲਈਆਂ ਅਤੇ ਦੇਖਦਿਆਂ ਦੇਖਦਿਆਂ ਇਹ ਪੰਜਾਬ 'ਚੋਂ ਮਲੀਆਮੇਟ ਹੋ ਗਏ।

ਹੁਣ ਹਾਲ ਇਹ ਹੈ ਕਿ ਭਾਰਤ ਪਾਰਲੀਮੈਂਟ ਅਤੇ ਰਾਜ ਵਿਧਾਨ ਸਭਾਵਾਂ ਵਿਚ ਬਹੁਤ ਸਾਰੇ ਕਾਤਲ, ਗੁੰਡੇ, ਬਦਮਾਸ਼, ਲੁਟੇਰੇ, ਡਾਕੂ, ਭ੍ਰਿਸ਼ਟਾਚਾਰੀ ਅਤੇ ਘਪਲੇਬਾਜ਼ ਜਿੱਤ ਕੇ ਪਹੁੰਚ ਰਹੇ ਹਨ। ਕਦੇ ਕਦੇ ਅਖਬਾਰਾਂ ਵਿਚ ਅਜਿਹੇ ਅਪਰਾਧਕ ਪਿਛੋਕੜ ਵਾਲੇ ਮੈਂਬਰਾਂ, ਮੰਤਰੀਆਂ ਦੀ ਗਿਣਤੀ, ਨਾਮ ਅਤੇ ਅਪਰਾਧ ਵੀ ਛਪਦੇ ਹਨ। ਹੁਣ ਤਾਂ ਭਾਰਤ ਵਿਚ ਹਰ ਤਰ੍ਹਾਂ ਦੀਆਂ ਚੋਣਾਂ ਵਿਚ ਮੁੱਖ ਮੁਕਾਬਲਾ ਗੁੰਡਾਗਰਦੀ, ਬੁਰਛਾਗਰਦੀ, ਨਸ਼ੇ ਅਤੇ ਪੈਸਾ ਵੰਡਣ ਦਾ ਰਹਿ ਗਿਆ ਹੈ। ਜਿਹੜਾ ਇਸ ਮੁਕਾਬਲੇ ਵਿਚ ਜਿੱਤ ਗਿਆ, ਉਹੋ ਹੀ ਚੋਣਾਂ ਵੀ ਜਿੱਤ ਗਿਆ। ਕੀ ਸਾਰਾ ਕਸੂਰ ਇਨ੍ਹਾਂ ਪਾਰਟੀਆਂ ਦਾ ਹੀ ਹੈ? ਨਹੀਂ!...ਕਸੂਰ ਤਾਂ ਲੋਕਾਂ ਦਾ ਵੀ ਹੈ। ਹੁਣ ਲੋਕਾਂ ਨੂੰ ਇਹ ਪਤਾ ਕਿਵੇਂ ਲੱਗੇ? ਬਸ, ਇਥੇ ਹੀ ਸਮੱਸਿਆ ਹੈ ਅਤੇ ਇਸੇ ਰਮਜ਼ ਵਿਚ ਹੀ ਇਸ ਦਾ ਹੱਲ ਹੈ! ਬਿਮਾਰੀ ਦੇ ਹੱਲ ਦਾ ਪਤਾ ਸਭ ਨੂੰ ਹੀ ਹੈ, ਪਰ ਅਮਲੀ ਜਾਮਾ ਪਹਿਨਾਉਣਾ ਬਾਕੀ ਹੈ। ਇਹ ਕਿਸੇ ਇਕੱਲੇ ਇਕਹਿਰੇ ਦੀ ਖੇਡ ਨਹੀਂ। ਕਿਸੇ ਦਾਨਿਸ਼ਵਰ ਦਾ ਕਥਨ ਹੈ, ਜੇ ਚਿੜੀਆਂ ਏਕਾ ਕਰ ਲੈਣ ਤਾਂ ਉਹ ਸ਼ੇਰ ਦੀ ਖੱਲ ਵੀ ਉਧੇੜ ਸਕਦੀਆਂ ਹਨ। ਜੇ ਤਾਂ ਕਿਸੇ ਵਿਚ ਅਜਿਹਾ ਜਜ਼ਬਾ ਹੈਗਾ, ਫਿਰ ਤਾਂ ਕੋਈ ਰਾਹ-ਖਹਿੜਾ ਵੀ ਲੱਭ ਸਕਦਾ ਹੈ ਤੇ ਮੰਜ਼ਿਲ ਵੀ ਪ੍ਰਾਪਤ ਹੋ ਸਕਦੀ ਹੈ; ਨਹੀਂ ਤਾਂ ਐਵੇਂ ਬੇਮਤਲਬ ਹਾਲ ਪਾਹਰਿਆ ਪਾਈ ਰੱਖਣੀ ਸ਼ੁਗਲ ਤੋਂ ਵੱਧ ਹੋਰ ਕੁਝ ਨਹੀਂ। ਆਖਰ ਗੱਲ ਤਾਂ ਅਮਲਾਂ 'ਤੇ ਮੁਕਣੀ ਹੈ...ਲਿਖੀ ਭਾਵੇਂ ਜਿੰਨਾ ਮਰਜ਼ੀ ਜਾਈਏ, ਤੇ ਭਾਸ਼ਣ ਵੀ ਜਿੰਨੇ ਮਰਜ਼ੀ ਦੇਈ ਜਾਈਏ ਅਤੇ ਗੱਲਾਂ ਵੀ ਭਾਵੇਂ ਜਿੰਨੀਆਂ ਮਰਜ਼ੀ ਕਰੀ ਜਾਈਏ...!

# ਕਾਲੀ ਚਮੜੀ ਦਾ ਸਰਾਪ

ਜਿਹੜੇ ਦੇਸ਼ ਅਜ ਸਭ ਤੋਂ ਅਗਾਂਹਵਧੂ ਹੋਣ ਅਤੇ ਦੁਨੀਆਂ ਵਿਚ ਅਮਨ ਸ਼ਾਂਤੀ ਬਹਾਲ ਕਰਨ ਦੇ ਵੱਡੇ ਵੱਡੇ ਦਾਅਵੇ ਕਰਦੇ ਹਨ, ਉਨ੍ਹਾਂ ਦੇਸ਼ਾਂ ਅੰਦਰ ਅਜਿਹੀਆਂ ਘਿਨਾਉਣੀਆਂ ਘਟਨਾਵਾਂ ਹੁੰਦੀਆਂ ਰਹੀਆਂ ਹਨ ਜੋ ਇਨਸਾਨੀਅਤ ਦਾ ਸਿਰ ਸ਼ਰਮ ਨਾਲ ਨੀਵਾਂ ਕਰ ਦਿੰਦੀਆਂ ਹਨ। ਨਸਲੀ ਵਿਤਕਰਾ ਜਿੱਥੇ ਇਨਸਾਨੀਅਤ ਦਾ ਕੋੜ੍ਹ ਬਣ ਚੁੱਕਾ ਹੋਵੇ ਉਥੇ ਦੁਨੀਆਂ ਵਿਚ ਸ਼ਾਂਤੀ ਦੇ ਦਾਅਵੇ ਕਰਨੇ

**ਗੁਰਚਰਨ ਸਿੰਘ ਜੈਤੋ**
ਫੋਨ: 91-97794-26698

ਕਿੱਥੋਂ ਤੱਕ ਸਹੀ ਕਹੇ ਜਾ ਸਕਦੇ ਹਨ?

ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਵਿਚ ਅਮਰੀਕਾ ਵਿਚ ਬਹੁਤ ਸਾਰੇ ਕਾਲੇ ਲੋਕ ਮਾਰ ਦਿੱਤੇ ਗਏ ਸਨ। ਹਰ ਵਾਰ ਕੋਈ ਨਾ ਕੋਈ ਬਹਾਨਾ ਬਣਾ ਲਿਆ ਜਾਂਦਾ। ਸਗੋਂ ਬਹਾਨੇ, ਇਕ ਸਿਲਸਿਲੇ ਵਿਚ ਬਦਲ ਗਏ ਸਨ। ਪ੍ਰਾਈਵੇਟ ਵਿਲੀਅਮ ਲਿਟਲ ਨਾਂ ਦੇ ਫੌਜੀ ਨੂੰ ਗੋਰਿਆਂ ਨੇ ਕੁੱਟ ਕੁੱਟ ਕੇ ਮਾਰ ਦਿੱਤਾ ਸੀ। ਉਸ ਦਾ ਕਸੂਰ ਇਹ ਸੀ ਕਿ ਜਦੋਂ ਉਹ ਜੰਗ ਪਿਛੋਂ ਆਪਣੇ ਘਰ ਮੁੜਿਆ ਤਾਂ ਉਸ ਨੂੰ ਵਰਦੀ ਲਾਹ ਕੇ ਆਪਣੇ ਘਰ ਸਿਰਫ ਕੱਛੇ ਵਿਚ ਹੀ ਜਾਣ ਲਈ ਕਿਹਾ ਗਿਆ ਸੀ ਅਤੇ ਉਸ ਨੇ ਵਰਦੀ ਲਾਹੁਣ ਤੋਂ ਨਾਂਹ ਕਰ ਦਿੱਤੀ ਸੀ।

ਜੌਰਜ ਹੋਲਡਨ ਨਾਂ ਦੇ ਇਕ ਹੋਰ ਆਦਮੀ ਨੂੰ ਕੁੱਟਿਆ ਮਾਰਿਆ ਗਿਆ ਅਤੇ ਇਕ ਦਰਖਤ ਨਾਲ ਬੰਨ੍ਹ ਕੇ ਗੋਲੀਆਂ ਨਾਲ ਉਸ ਦਾ ਸਰੀਰ ਛਲਣੀ ਕਰ ਦਿੱਤਾ ਗਿਆ। ਉਸ ਦਾ ਕਸੂਰ ਸਿਰਫ ਇਹ ਸੀ ਕਿ ਉਸ ਨੇ ਇਕ ਗੋਰੀ ਔਰਤ ਨੂੰ ਚਿੱਠੀ ਲਿਖਣ ਦੀ ਹਿਮਾਕਤ ਕੀਤੀ ਸੀ। ਪਰ ਅਖੀਰ ਸੱਚ ਇਹ ਨਿਕਲਿਆ ਕਿ ਉਹ ਬਿਲਕੁਲ ਅਨਪੜ੍ਹ ਬੰਦਾ ਸੀ ਤੇ ਪੜ੍ਹਨਾ ਲਿਖਣਾ ਬਿਲਕੁਲ ਨਹੀਂ ਸੀ ਜਾਣਦਾ, ਚਿੱਠੀ ਵਿਚਾਰੇ ਨੇ ਕਿੱਥੋਂ ਲਿਖਣੀ ਸੀ।

ਲਾਇਡ ਕਲੇਅ ਨਾਂ ਦੇ ਬੰਦੇ ਨੂੰ ਅੱਠ ਨੌਂ ਸੌ ਆਦਮੀ ਤੇ ਔਰਤਾਂ ਦੀ ਭੀੜ ਨੇ ਅੱਗ ਲਾ ਕੇ ਸਾੜ ਦਿੱਤਾ। ਉਸ ਭੀੜ ਨੂੰ ਸ਼ੱਕ ਸੀ ਕਿ ਉਸ ਦਿਨ ਕਿਸੇ ਨੇ ਇਕ ਗੋਰੀ ਕੁੜੀ ਨਾਲ ਛੇੜਖਾਨੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਜਦੋਂ ਕਿ ਸੱਚ ਇਹ ਸੀ ਕਿ ਇਕ ਪਾਦਰੀ ਦੀ ਰਿਸ਼ਤੇਦਾਰ ਲੂਲੂ ਬੈਲੇ ਨੇ ਆਪਣੇ ਆਸ਼ਕ ਨੂੰ ਖਿੜਕੀ ਵਿਚੋਂ ਚੋਰੀ ਬਾਹਰ ਜਾਂਦਿਆਂ ਦੇਖ ਲਿਆ ਸੀ ਤੇ ਉਹ ਡਰ ਗਈ ਸੀ। ਉਸ ਨੇ ਆਪਣੇ ਬਚਾਅ ਲਈ ਇਹ ਕਹਾਣੀ ਘੜ ਲਈ ਸੀ। ਜਦੋਂ ਭੀੜ ਨੇ ਕਲੇਅ ਨੂੰ ਜਾ ਦਬੋਚਿਆ ਤਾਂ ਉਸ ਕੁੜੀ ਅਤੇ ਉਸ ਦੇ ਪਿਓ ਨੇ ਭੀੜ ਦੇ ਮਿੰਨਤਾਂ ਤਰਲੇ ਕੀਤੇ ਕਿ ਉਸ ਬੇਕਸੂਰ ਨੂੰ ਮਾਰਿਆ ਨਾ ਜਾਵੇ। ਪਰ ਭੀੜ ਕੋਲ ਉਸ ਨੂੰ ਮਾਰਨ ਦਾ ਆਪਣਾ ਬਹਾਨਾ ਸੀ, ਇਸ ਲਈ ਉਸ ਨੂੰ ਜਿਉਂਦਾ ਸਾੜ ਦਿੱਤਾ ਗਿਆ।

1919 ਵਿਚ ਸ਼ਿਕਾਗੋ ਦੇ ਇਕ ਅਖਬਾਰ ਨੇ ਇਸ ਘਟਨਾ ਬਾਰੇ ਇਹ ਰਿਪੋਰਟ ਛਾਪੀ ਸੀ। ਗੋਰੇ ਲੋਕ ਜਿਸ ਨੂੰ ਸੁਨਹਿਰੀ ਉਤਸਵ ਕਹਿੰਦੇ ਸਨ ਉਹ ਬੁਧਵਾਰ 14 ਮਈ ਨੂੰ ਕਈ ਸਾਲ ਪਹਿਲਾਂ ਹੋਇਆ ਸੀ। ਉਸ ਦਿਨ 23 ਸਾਲਾ ਲਾਇਡ ਕਲੇਅ ਨਾਂ ਦੇ ਬੇਕਸੂਰ ਜਵਾਨ ਨੂੰ, ਆਦਮੀ, ਔਰਤਾਂ ਤੇ ਸਕੂਲੀ ਬੱਚਿਆਂ ਦੀ ਭੀੜ ਨੇ ਸਾੜ ਦਿੱਤਾ ਸੀ। ਕੋਈ ਹਜ਼ਾਰ ਕੁ ਲੋਕਾਂ ਦੀ ਭੀੜ ਨੇ ਮੁਰਦਾਰ ਖਾਣਿਆਂ ਵਾਂਗ ਉਚੀ ਉਚੀ ਚੀਕਾਂ ਮਾਰੀਆਂ ਸਨ। ਕਲੇਅ ਨੂੰ ਭੀੜ ਫਾਰਮਰ ਸਟਰੀਟ ਵਿਚ ਦੀ ਘੜੀਸਦਿਆਂ ਉਸ ਰੁੱਖ ਤੱਕ ਲੈ ਗਈ ਸੀ ਜਿਥੇ ਉਸ ਨੂੰ ਮਾਰਿਆ ਜਾਣਾ ਸੀ। ਕਲੇਅ ਨੇ ਸੀਅ ਤੱਕ ਨਹੀਂ ਸੀ ਕੀਤੀ। ਜਦੋਂ ਉਹਦੇ ਸਰੀਰ ਨੂੰ ਸੜਕ ਤੇ ਉਚੇ ਨੀਵੇਂ ਥਾਂਵਾਂ ਉਤੋਂ ਦੀ ਘੜੀਸਿਆ ਗਿਆ ਸੀ ਤਾਂ ਉਹ ਬੇਹੋਸ਼ ਹੋ ਚੁੱਕਾ ਸੀ। ਛੁਰਿਆਂ ਦੇ ਜਖਮਾਂ ਅਤੇ ਪਿਸਤੌਲਾਂ ਦੀਆਂ ਗੋਲੀਆਂ ਨੇ ਉਹਦੇ ਨੰਗੇ ਸਰੀਰ ਨੂੰ ਛਲਣੀ ਕਰ ਦਿਤਾ ਸੀ। ਉਸ 'ਤੇ ਇਲਜ਼ਾਮ ਇਹ ਸੀ ਕਿ ਉਸ ਨੇ ਇਕ ਗੋਰੀ ਮਿੱਸ ਹੇਤੀ ਹਡਸਨ (ਕਿਸੇ ਹੋਰ ਅਖਬਾਰ ਵਿਚ ਉਹਦਾ ਨਾਂ ਲੂਲੂ ਬੈਲੇ ਬਿਸ਼ਪ ਛਪਿਆ ਸੀ) ਦੇ ਕਮਰੇ ਵਿਚ ਵੜਨ ਦੀ ਗਲਤੀ ਕੀਤੀ ਸੀ। ਉਸ ਵੇਲੇ ਸ਼ੈਰਿਫ (ਜ਼ਿਲਾ ਅਧਿਕਾਰੀ) ਸਕਾਟ ਖੜ੍ਹਾ ਆਪਣਾ ਸਿਗਾਰ ਪੀਂਦਾ ਰਿਹਾ ਸੀ ਜਦੋਂ ਕਲੇਅ ਦੇ ਲਹੂ ਦੀ ਪਿਆਸੀ ਭੀੜ, ਉਸ ਨਿਹੱਥੇ ਨੂੰ ਬੇਰਹਿਮੀ ਨਾਲ ਮਾਰ ਰਹੀ ਸੀ। ਕਲੇਅ ਦੀ ਮਾਂ ਨੇ ਮਿੰਨਤਾਂ ਕੀਤੀਆਂ ਸਨ ਕਿ ਉਸ ਦੇ ਪੁੱਤਰ ਦੀ ਸੜੀ ਹੋਈ ਲਾਸ਼ ਉਸ ਨੂੰ ਦੇ ਦਿੱਤੀ ਜਾਵੇ ਪਰ ਸੜਨ ਪਿੱਛੋਂ ਉਸ ਦੇ ਸਰੀਰ ਦਾ ਕੁਝ ਵੀ ਨਹੀਂ ਸੀ ਬਚਿਆ। ਉਸ ਦੇ ਸਰੀਰ ਦੇ ਕੁਝ ਟੁਕੜੇ ਬੱਚਿਆਂ ਨੂੰ ਤੋਹਫਿਆਂ ਦੇ ਤੌਰ 'ਤੇ ਵੰਡ ਦਿੱਤੇ ਗਏ ਸਨ, ਜਿਹੜੇ ਆਪਣੀਆਂ ਮਾਂਵਾਂ ਨੂੰ ਚੀਕ ਚੀਕ ਕੇ ਆਖ ਰਹੇ ਸਨ, ਮਾਂ ਮੈਨੂੰ ਨਿਗਰ (ਕਾਲੇ) ਦੀ ਉਂਗਲ ਦਾ ਕੋਈ ਟੋਟਾ ਈ ਦੇ ਦੇ।

ਜਦੋਂ ਕਲੇਅ ਨੂੰ ਮਿੱਸ ਹਡਸਨ ਦੇ ਸਾਹਮਣੇ ਲਿਆਂਦਾ ਗਿਆ ਤਾਂ ਉਹ ਉਸ ਨੂੰ ਪਛਾਣ ਨਹੀਂ ਸੀ ਸਕੀ। ਉਸ ਨੇ ਇਹ ਵੀ ਕਿਹਾ ਸੀ ਕਿ ਉਹ ਕਿਸੇ ਬੇਕਸੂਰ ਦੇ ਖ਼ੂਨ ਨਾਲ ਆਪਣੇ ਹੱਥ ਨਹੀਂ ਰੰਗਣਾ ਚਾਹੁੰਦੀ।

ਕੌਣ ਕਹਿੰਦੈ ਇਹ ਬੇਕਸੂਰ ਐ? ਭੀੜ ਵਿਚੋਂ ਇਕ ਉਚੀ ਆਵਾਜ਼ ਆਈ ਸੀ।

ਸਾਰੇ ਆਖੋ ਇਹ ਨਿਗਰ (ਕਾਲਾ) ਹੈ। ਜਵਾਬ ਵਿਚ ਸੈਂਕੜੇ ਆਵਾਜ਼ਾਂ ਨੇ ਇਹ ਫਿਕਰਾ ਦੁਹਰਾਇਆ ਸੀ। ਉਸ ਕੁੜੀ ਨੂੰ ਡਰ ਸੀ ਕਿ ਜੇ ਉਹਨੇ ਭੀੜ ਦਾ ਆਖਾ ਨਾ ਮੰਨਿਆ ਤਾਂ ਹੋ ਸਕਦੈ ਪਾਗਲ ਹੋਈ ਭੀੜ ਉਸੇ ਦਾ ਹੀ ਕੋਈ ਨੁਕਸਾਨ ਨਾ ਕਰ ਦੇਵੇ। ਉਸ ਨੇ ਦਬੀ ਜਿਹੀ ਆਵਾਜ਼ ਵਿਚ ਕਿਹਾ ਸੀ, ਮੇਰੇ ਖਿਆਲ ਵਿਚ ਸ਼ਾਇਦ ਏਹੀ ਬੰਦਾ...। ਉਸ ਦਾ ਏਨਾ ਜਵਾਬ ਹੀ ਕਾਫੀ ਸੀ। ਕਲੇਅ ਦੁਨਾਲੀ ਦੇ ਬੱਟ ਦੀ ਇਕੋ ਫੇਟ ਨਾਲ ਭੁੰਜੇ ਡਿੱਗ ਪਿਆ ਸੀ। ਭੀੜ ਕਲੇਅ 'ਤੇ ਟੁੱਟ ਕੇ ਪੈ ਗਈ ਅਤੇ ਉਸ ਨੂੰ ਨੌਰਥ ਫਰਸਟ ਸਟਰੀਟ ਵਲ ਘੜੀਸਣ ਲੱਗ ਪਈ। ਤਿੰਨ ਬੰਦੇ ਰੱਸਾ ਲੈ ਕੇ ਦਰਖਤ 'ਤੇ ਚੜ੍ਹ ਗਏ। ਜਦੋਂ ਲੋਕਾਂ ਨੂੰ ਇਕ ਮੋਟਾ ਰੱਸਾ ਦਰਖਤ ਤੋਂ ਲਮਕਦਾ ਦਿਸਿਆ ਤਾਂ ਭੀੜ ਬੇਕਾਬੂ ਹੋ ਗਈ। ਏਨੇ ਵਿਚ ਨਿਆਣਿਆਂ ਨੇ ਕਲੇਅ ਦੇ ਨੰਗੇ ਪਿੰਡੇ 'ਤੇ ਮਿੱਟੀ ਦਾ ਤੇਲ ਛਿੜਕਣਾ ਸ਼ੁਰੂ ਕਰ ਦਿੱਤਾ। ਉਹਦਾ ਸਿਰ ਜ਼ਾਲਮ ਭਾਰੇ ਬੂਟਾਂ ਹੇਠਾਂ ਦਰੜਿਆ ਜਾ ਰਿਹਾ ਸੀ। ਇਕ ਔਰਤ ਨੇ ਸਥਿਤੀ ਦਾ ਫਾਇਦਾ ਉਠਾਉਂਦਿਆਂ ਉਹਦੇ 'ਤੇ ਪੈਟਰੋਲ ਛਿੜਕ ਦਿੱਤਾ। ਮਾਚਿਸ ਦੀ ਇਕ ਤੀਲੀ ਬਾਲ ਦਿੱਤੀ ਗਈ। ਕਲੇਅ ਦਾ ਸੜਦਾ ਹੋਇਆ ਸਰੀਰ ਰੱਸੇ ਨਾਲ ਬੱਝਾ ਹਵਾ ਵਿਚ ਲਟਕਣ ਲੱਗ ਪਿਆ। ਭੀੜ ਹੋਰ ਉਤਸ਼ਾਹਿਤ ਹੋ ਗਈ। ਭੀੜ ਨੇ ਚੀਕਾਂ ਮਾਰੀਆਂ। ਕਲੇਅ ਨੇ ਅੱਖਾਂ ਮੀਚ ਕੇ ਆਪਣੇ ਦੋਏ ਹੱਥ ਪ੍ਰਾਰਥਨਾ ਵਿਚ ਜੋੜ ਲਏ ਪਰ ਉਹਦੇ ਮੂੰਹੋਂ ਸੀਅ ਤੱਕ ਨਾ ਨਿਕਲੀ।



ਜਦੋਂ ਕਲੇਅ ਨੂੰ ਦਰਖਤ ਨਾਲ ਲਮਕਾਇਆ ਗਿਆ ਤਾਂ ਚੀਕਾਂ, ਹੇਕਰਿਆਂ ਤੇ ਕਾਰਾਂ ਦੇ ਹਾਰਨਾਂ ਨੇ ਕੰਨ ਪਾੜਵਾਂ ਸ਼ੋਰ ਕੀਤਾ। ਜਵਾਨ ਕੁੜੀਆਂ ਨੇ ਆਪਣੇ ਸੂਖਮ ਹੱਥਾਂ ਵਿਚ ਫੜੇ ਪਿਸਤੌਲ ਦੋਸ਼ੀ 'ਤੇ ਤਾਣੇ ਹੋਏ ਸਨ। ਇਹ ਉਹ ਕੁੜੀਆਂ ਸਨ ਜਿਨ੍ਹਾਂ ਨੇ ਕਲ੍ਹ ਨੂੰ ਮਾਂਵਾਂ ਬਣਨਾ ਸੀ। ਇਹ ਉਹ ਕੁੜੀਆਂ ਸਨ ਜਿਹੜੀਆਂ ਮਾਣਸ ਖਾਣੇ ਕਾਰਿਆਂ ਵਿਚ ਆਪਣਾ ਹਿੱਸਾ ਪਾਉਣ ਆਈਆਂ ਸਨ। ਕਹਿੰਦੇ ਹਨ ਕਿ ਉਸ ਵੇਲੇ ਕਿਸੇ ਔਰਤ ਦੇ ਹੱਥਾਂ ਵਿਚ ਫੜੇ ਪਿਸਤੌਲ ਵਿਚੋਂ ਇਕ ਗੋਲੀ ਨਿਕਲੀ ਤੇ ਤਮਾਸ਼ਾ ਦੇਖ ਰਹੇ ਇਕ ਗੋਰੇ ਚਾਰਲਸ ਲੈਨਬ੍ਰਕਸ ਨਾਂ ਦੇ ਬੰਦੇ ਦੇ ਸਿਰ ਵਿਚ ਜਾ ਵੱਜੀ। ਉਹਨੇ ਮਰਨਾ ਸੀ, ਉਹ ਮਰ ਗਿਆ। ਇਸੇ ਤਰ੍ਹਾਂ ਹੀ ਇਕ ਹੋਰ ਬੈਨੀ ਸਟੈਫਰਡ ਨਾਂ ਦੇ ਗੋਰੇ ਦੀ ਠੋਡੀ ਵਿਚ ਕਿਧਰੋਂ ਗੋਲੀ ਆ ਵੱਜੀ। ਉਹਨੇ ਬਚਣਾ ਸੀ, ਉਹ ਬਚ ਗਿਆ। ਕਲੇਅ ਦੇ ਸੜੇ ਹੋਏ ਕਰੰਗ ਨੂੰ ਲਟਕਦਾ ਹੀ ਰਹਿਣ ਦਿੱਤਾ ਗਿਆ। ਉਹਦੀ ਮਾਂ ਰੋਂਦੀ ਕੁਰਲਾਉਂਦੀ ਰਹੀ। ਭੀੜ ਨੇ ਉਹਨੂੰ ਉਹਦੇ ਪੁੱਤ ਦੀ ਲਾਸ਼ ਦੇ ਨੇੜੇ ਨਹੀਂ ਸੀ ਜਾਣ ਦਿੱਤਾ।

ਬੈਰੀ ਵਾਸ਼ਿੰਗਟਨ ਨਾਂ ਦੇ 65 ਸਾਲ ਦੇ ਕਾਲੇ ਬੰਦੇ ਦਾ ਕਸੂਰ ਇਹ ਸੀ ਕਿ ਉਸ ਨੇ ਇਕ ਗੋਰੇ ਨੂੰ ਇਸ ਲਈ ਗੋਲੀ ਮਾਰੀ ਸੀ ਕਿ ਉਸ ਨੇ ਉਸ ਦੀ ਸੋਲਾਂ ਸਾਲਾਂ ਦੀ ਧੀ ਨਾਲ ਮੂੰਹ ਕਾਲਾ ਕੀਤਾ ਸੀ।

ਕਲੀਵਲੈਂਡ ਬਟਲਰ ਦੇ ਸਿਰ ਵਿਚ ਗੋਲੀਆਂ ਮਾਰ ਕੇ ਉਸ ਨੂੰ ਇਸ ਲਈ ਮਾਰਿਆ ਗਿਆ ਸੀ ਕਿ ਉਹਦੀ ਸ਼ਕਲ ਕਿਸੇ ਹੋਰ ਕਾਲੇ ਬੰਦੇ ਨਾਲ ਮਿਲਦੀ ਸੀ ਜਿਸ ਦੀ ਤਲਾਸ਼ ਭੀੜ ਕਰ ਰਹੀ ਸੀ।

ਹਜ਼ਾਰਾਂ ਆਦਮੀ, ਔਰਤਾਂ ਤੇ ਬੱਚਿਆਂ ਨੇ ਇੱਕਠੇ ਹੋ ਕੇ ਓਮਾਹਾ ਜੇਲ੍ਹ ਤੋੜ ਕੇ ਵਿਲ ਬਰਾਊਨ ਨਾਂ ਦੇ ਬੰਦੇ ਨੂੰ ਬਾਹਰ ਕੱਢ ਕੇ ਫਾਹੇ ਲਾ ਦਿੱਤਾ ਸੀ ਕਿਉਂਕਿ ਉਹ ਸਮਝਦੇ ਸਨ ਕਿ ਉਸ ਨੇ ਇਕ ਗੋਰੇ ਬੱਚੇ ਨਾਲ ਮੂੰਹ ਕਾਲਾ ਕਰਨ ਦੀ ਕੋਸ਼ਿਸ਼ ਕੀਤੀ ਸੀ।

ਜੇ ਕੋਈ ਗੋਰਾ ਆਦਮੀ ਵੀ ਅਜਿਹਾ ਮਾੜਾ ਕੰਮ ਕਰੇ ਤਾਂ ਉਸ ਨੂੰ ਇਹੋ ਹੀ ਸਜ਼ਾ ਮਿਲਣੀ ਚਾਹੀਦੀ ਸੀ। ਓਮਾਹਾ ਦੇ ਗੋਰੇ ਮੇਅਰ ਨੂੰ ਭੀੜ ਨੇ ਉਸ ਦਿਨ ਏਸ ਲਈ ਮਾਰ ਦਿੱਤਾ ਸੀ ਕਿ ਉਸ ਨੇ ਭੀੜ ਨੂੰ ਅਜਿਹਾ ਕਰਨ ਤੋਂ ਰੋਕਣਾ ਚਾਹਿਆ ਸੀ। ਉਹ ਭੀੜ ਨੂੰ ਇਹ ਦੱਸਣਾ ਚਾਹੁੰਦਾ ਸੀ ਕਿ ਉਨ੍ਹਾਂ ਲਈ ਗੋਰੇਪਣ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ ਜੇ ਉਹ ਅਜਿਹੀ ਨਫਰਤ ਕਰਦੇ ਹਨ ਜਿਹੜੀ ਉਨ੍ਹਾਂ ਨੂੰ ਜਾਨਵਰ ਤੋਂ ਵੀ ਭੈੜਾ ਵਿਹਾਰ ਕਰਨ ਲਈ ਮਜਬੂਰ ਕਰ ਦਿੰਦੀ ਹੈ।

ਜਿਵੇਂ ਮਰਨ ਵੇਲੇ ਕਲੇਅ ਨੇ ਆਪਣੇ ਹੱਥ ਜੋੜ ਲਏ ਸਨ ਇਸੇ ਤਰ੍ਹਾਂ ਹੀ ਇੱਕ ਹੋਰ ਕਾਲੇ ਆਦਮੀ ਨੇ ਇਕ ਗੀਤ ਗਾਉਣਾ ਸ਼ੁਰੂ ਕਰ ਦਿੱਤਾ ਸੀ ਜਦੋਂ ਗੋਰਿਆਂ ਦੀ ਭੀੜ ਉਹਨੂੰ ਅੱਗ ਲਾਉਣ ਲੱਗੀ ਸੀ ਨਾ ਰੱਬਾ ਮੇਰਿਆ ਨ ਨ ਨ ਮੈਂ ਤੇਰੇ ਨੇੜੇ...।

ਦੁਨੀਆਂ ਵਿਚ ਆਜ਼ਾਦੀ ਤੇ ਬਰਾਬਰੀ ਦੀ ਦੁਹਾਈ ਦੇਣ ਵਾਲੇ ਦੇਸ਼ਾਂ ਵਿਚ ਜਮਹੂਰੀਅਤ ਨੂੰ ਸੁਰਖਿਅਤ ਰਖਣ ਲਈ ਦੂਜੇ ਦੇਸ਼ਾਂ 'ਤੇ ਹਮਲੇ ਕਰਨ ਵਾਲੇ ਦੇਸ਼ਾਂ ਵਿਚ ਆਪਣੇ ਹੀ ਦੇਸ਼ ਵਾਸੀਆਂ ਦੀ ਹਾਲਤ ਸਿਰਫ ਇਸ ਲਈ ਏਨੀ ਬੁਰੀ ਹੈ ਕਿ ਉਨ੍ਹਾਂ ਦੀ ਚਮੜੀ ਦਾ ਰੰਗ ਕਾਲਾ ਹੈ? ਇਨਸਾਫ ਦੀ ਦੇਵੀ ਦੀਆਂ ਅੱਖਾਂ 'ਤੇ ਸ਼ਾਇਦ ਇਸੇ ਲਈ ਬੰਦੇ ਨੇ ਪੱਟੀ ਬੰਨ੍ਹ ਦਿੱਤੀ ਕਿ ਉਹ ਅਜਿਹਾ ਘਿਨਾਉਣਾ ਇਨਸਾਫ ਦੇਖ ਹੀ ਨਾ ਸਕੇ? ਹੈ ਕੋਈ ਇਲਾਜ ਕਿਧਰੇ ਇਸ ਨਸਲੀ ਵਿਤਕਰੇ ਦੇ ਕੋੜ੍ਹ ਦਾ?

## ਕਾਵਿ-ਜਗਤ

### ਅਤਿਵਾਦ ਦੇ ਨਾਂ

ਐ ਅੱਲ੍ਹਾ ਜੇ ਨੇੜੇ ਹੋਵੇਂ,
ਤੇਰੇ ਗਲ ਵਿਚ ਰੱਸੀ ਪਾਵਾਂ।
ਹਲੂਣਾ ਦੇ ਕੇ ਗੂੜ੍ਹੀ ਨੀਂਦੋਂ,
ਖਿੱਚ ਕੇ ਤੈਨੂੰ ਬੋਲ ਜਗਾਵਾਂ।
ਅੱਖਾਂ ਮੀਟ ਕੇ ਪਾਸੇ ਬੈਠਾ,
ਸ਼ੈਤਾਨ ਵਾਂਗ ਪਿਆ ਹੱਸੇਂ ਬੈਠਾ।
ਦੁਨੀਆਂ ਦੇ ਦੁੱਖ ਫੋਲ ਕੇ ਸਾਰੇ,
ਤੇਰੇ ਅੱਗੇ ਢੇਰ ਲਗਾਵਾਂ।

ਤੇਰੇ ਬੰਦੇ ਅਜੇ ਨਾ ਥੱਕੇ,
ਮਚਾ ਕੇ ਏਨਾ ਅੱਤਿਆਚਾਰ।
ਮੰਦਰ ਗਿਰਜੇ ਗੁਰਦੁਆਰੇ,
ਹਥਿਆ ਲਏ ਨੇ ਇਨ੍ਹਾਂ ਸਾਰੇ।
ਧਰਤੀ ਤੇਰੀ ਸੁੰਦਰ ਫੁਲਵਾੜੀ,
ਕਰ ਦਿਤੀ ਇਹ ਰੰਡ ਵਿਚਾਰੀ।
ਬੱਕਰੇ ਵਾਂਗ ਮਾਣਸ ਝਟਕਾਉਂਦੇ।
ਅਬਾਦੀ ਨੂੰ ਪਏ ਅੱਗਾਂ ਲਾਉਂਦੇ।
ਅਬਲਾਵਾਂ ਦੇ ਸੁਹਲ ਸਰੀਰ,
ਨੋਚਣ ਗਿਰਝਾਂ ਵਾਂਗਰ ਚੀਰ।
ਚੂੜੇ ਤਿੜਕੇ ਕਿੰਨੇ ਸਾਰੇ,
ਲੁੱਟੇ ਗਏ ਕਈ ਚਾਅ ਕੁਆਰੇ।

ਔਹ ਵੇਖ ਪਏ ਰਾਕਸ਼ ਕਾਲੇ,
ਉੱਚੇ ਲੰਮੇ ਹੱਥੀਂ ਪਾਲੇ।
ਸਕੂਲ ਕਾਲਜ ਨਾ ਛੱਡੇ ਉਨ੍ਹਾਂ,
ਥਾਂ ਥਾਂ ਝੰਡੇ ਗੱਡੇ ਉਨ੍ਹਾਂ।
ਖੋਲੇ ਵਿਚ ਇਕ ਬੱਚੀ ਲਿਟਾਈ,
ਖੂਨੋਂ ਖੂਨੀ ਦਏ ਦੁਹਾਈ।
ਫਿਰ ਵੀ ਚੂੰਡ ਕੇ ਕੱਚਾ ਮਾਸ,
ਅਜੇ ਨਾ ਬੁਝੀ ਉਨ੍ਹਾਂ ਦੀ ਪਿਆਸ।
ਮਾਰ ਸੰਗੀਨਾਂ ਕਰਦੇ ਪਾਰ।
ਭਗਵਾਨ ਤੇਰੀ ਜੈ ਜੈਕਾਰ।

ਸਕੂਲਾਂ ਵਿਚ ਨੰਨ੍ਹੇ ਮੁੰਨ੍ਹੇ ਬੱਚੇ,
ਸੁੰਦਰ ਕਲੀਆਂ ਤੇ ਫੁੱਲ ਕੱਚੇ।
ਇਕ-ਵੱਢੋਂ ਛਾਣਾ ਮਾਰ ਦਿੰਦੇ ਨੇ,
ਵਸਦੇ ਹੱਸਦੇ ਘਰ ਉਜਾੜ ਦਿੰਦੇ ਨੇ।

ਔਹ ਵੇਖ ਇਕ ਮਾਤਾ ਆਈ।
ਛੋਟੇ ਬੱਚੇ ਹਿੱਕ ਨਾਲ ਲਾਈ।
ਅੱਖਾਂ ਵਿਚ ਉਹਦੇ ਹੰਝੂ ਸੁੱਕੇ।
ਦੁੱਖ ਦਰਦ ਸਭ ਉਸ ਦੇ ਮੁੱਕੇ।
ਮਾਂਵਾਂ ਸਾਹਮਣੇ ਖੋਹ ਕੇ ਬੱਚੇ।
ਬੇਕਸੂਰ ਇਹ ਮੋਤੀ ਸੱਚੇ
ਸੰਗੀਨਾਂ ਨੇਜਿਆਂ ਦੇ ਬਣਦੇ ਹਾਰ।
ਈਸ਼ਵਰ ਤੇਰੀ ਜੈ ਜੈ ਕਾਰ।
ਔਹ ਵੇਖ ਇਕ ਬੁੱਢਾ ਅੜਾਵੇ।
ਮਿੱਝ 'ਚ ਲੱਥਪੱਥ ਹਾੜੇ ਪਾਵੇ।
ਕੋਹੀ ਲੜਕੀ ਪੁੱਤਰ ਪਿਆਰਾ।
ਬੁੱਢੇ ਵਾਰੇ ਖੋਹਿਆ ਸਹਾਰਾ।
ਨਾ ਸਾਂਝ ਰਹੀ ਨਾ ਰਿਹਾ ਘਰ ਬਾਰ।
ਮਿੱਟੀ 'ਚੋਂ ਲੱਭਦਾ ਫਿਰੇ ਪਰਿਵਾਰ।

ਭਾਈ ਨੂੰ ਜਦ ਭਾਈ ਮਾਰੇ।
ਰੋਵਣ ਕੰਧਾਂ ਮਹਿਲ ਮੁਨਾਰੇ।
ਆਪਣੀਆਂ ਬਾਹਾਂ ਗਲ ਨੂੰ ਪਈਆਂ।
ਵੇਖ ਕੇ ਰੀਝਾਂ ਰੋਂਦੀਆਂ ਰਹੀਆਂ।
ਸਭ ਕੁਝ ਵੇਖ ਤੂੰ ਦਿੱਤਾ ਵਿਸਾਰ।
ਅੱਲਾ ਤੇਰੀ ਜੈ ਜੈ ਕਾਰ।
ਖਿੱਚ ਘਰਾਂ 'ਚੋਂ ਕੱਢਣ ਬਾਹਰ,
ਚੋਰਾਹੇ ਵਿਚ ਲੈਂਦੇ ਖਲ੍ਹਿਆਰ।
ਗਲ ਵਿਚ ਪਾ ਟਾਇਰਾਂ ਦੇ ਹਾਰ,
ਪਾਉਂਦੇ ਸਿਰ ਪੈਟਰੌਲ ਦੀ ਧਾਰ।
ਤੀਲੀ ਲਾ ਪਾਉਂਦੇ ਚੜ੍ਹਗਿਲ੍ਹੀ।
ਖੂਨੋਂ ਖੂਨੀ ਹੋਈ ਦਿੱਲੀ।
ਦੁਸ਼ਮਣ ਬਣ ਗਏ ਮਿੱਤਰ ਯਾਰ।
ਅੱਲਾ ਤੇਰੀ ਜੈ ਜੈ ਕਾਰ।
ਸਾਰਾ ਟੱਬਰ ਇਕ ਪਾਲ 'ਚ ਖੜ੍ਹਾ ਕੇ।
ਨੱਪਣ ਘੋੜਾ ਸੀਨੇ ਲਾ ਕੇ।
ਜਬਰੀ ਕਰਨ ਉਗਰਾਹੀ ਬੰਦੇ।
ਗੰਨ ਦਿਖਾ ਕੇ ਮੰਗਣ ਚੰਦੇ।
ਸਿੰਘਪੁਰੇ ਛੱਤੀ ਸਿੱਖ ਮਾਰੇ।
ਰੋਏ ਸੂਰਜ ਚੰਦ ਸਿਤਾਰੇ।
ਸਰ੍ਹਾਲ ਹੱਦ ਬੰਨੇ ਟੱਪ ਗਈ ਸਾਰੇ।
ਦੁਨੀਆਂ 'ਤੇ ਖੂਨੀ ਖੰਭ ਖਿਲਾਰੇ।
ਵਿਸਕਾਨਸਿਨ ਵਿਚ ਕਰੋਪੀ ਦੁਹਰਾਈ
ਸ਼ਾਂਤੀ ਦੇ ਘਰ ਚੁਆਤੀ ਲਾਈ।
ਅੰਬਰ ਰੋਇਆ ਧਰਤੀ ਹਿੱਲੀ।
ਵਾਸ਼ਿੰਗਟਨ ਹਿੱਲਿਆ ਹਿੱਲੀ ਦਿੱਲੀ।
ਸ਼ਾਂਤੀ ਢੁੰਡਾਉ ਵਿਛਾਏ ਇਕਸਾਰ,
ਅੱਲਾ ਤੇਰੀ ਜੈ ਜੈ ਕਾਰ।

ਕੇਹੀ ਭੈੜੀ ਇਹ ਧਰਮ ਆਜ਼ਾਦੀ।
ਦਹਿਸ਼ਤ ਵੰਡੀ ਜਾਏ ਬਰਬਾਦੀ।
ਪਸਤੌਲ ਬੰਦੂਕਾਂ ਤਲਵਾਰਾਂ ਜਿੱਥੇ,
ਐਟਮ ਮਿਜ਼ਾਇਲਾ ਫੁੰਕਾਰਾਂ ਜਿੱਥੇ।
ਹੱਕ ਸੱਚ ਇਨਸਾਫ ਦੇ ਰਸਤੇ,
ਆਦਮ-ਬੰਬ ਬੁਛਾੜਾਂ ਜਿੱਥੇ।
ਜਿਥੇ ਵਾੜ ਖੇਤ ਨੂੰ ਖਾਏ,
ਹੜ ਜ਼ੁਲਮ ਦਾ ਸਿਰ ਨੂੰ ਆਏ।
ਰੱਬ ਦੇ ਏਲਚੀ ਚੜ੍ਹਾ'ਤੇ ਸੂਲੀ,
ਲੋਥਾਂ ਦੇ ਢੇਰ ਅੰਬਾਰਾਂ ਜਿੱਥੇ।
ਰੋਟੀ ਨਾਲੋਂ ਅਸਲਾ ਗੋਲੀ ਸਸਤੀ,
ਰੰਗ ਤੋਂ ਖੂਨ ਦੀ ਹੋਲੀ ਸਸਤੀ।
ਬੇਘਰੇ ਭੁੱਖੇ ਢਿੱਡ ਵਜਾਉਂਦੇ।
ਬੱਚੇ ਨੰਗੇ ਪਏ ਕੁਰਲਾਉਂਦੇ।
ਹਰ ਬਸਤੀ 'ਚੋਂ ਨਿਕਲਣ ਗੋਲੇ।
ਹਾਸਿਆਂ ਦੀ ਥਾਂ ਉਪਜਣ ਸ਼ੋਅਲੇ।
ਬੱਦਲਾਂ ਵਿਚ ਵੀ ਕਾਲੇ ਬੋਲੇ,
ਰਾਕਸ਼ ਡੈਣਾਂ ਸਭ ਤੇਰਾ ਪਰਿਵਾਰ।
ਭਗਵਾਨ ਤੇਰੀ ਜੈ ਜੈ ਕਾਰ।

ਭਗਵਾਨ ਅੱਲਾ ਨੂੰ ਲਿਤਾੜੀ ਜਾਵੇ।
ਗੌਡ ਈਸ਼ਵਰ ਨੂੰ ਵੰਗਾਰੀ ਜਾਵੇ।
ਨੱਕ ਡੋਬ ਤੂੰ ਕਿਉਂ ਨਹੀਂ ਮਰਦਾ?
ਦੁਨੀਆਂ ਦਾ ਨਹੀਂ ਖਹਿੜਾ ਛੱਡਦਾ।
ਸ਼ਮਸ਼ਾਨਾਂ ਵਿਚ ਮਸ਼ਰੂਫ ਮੁਲਾਣੇ
ਮੋਮਨ ਕਾਫ਼ਰ ਸਭ ਤੁਰੇ ਮਕਾਣੇ।
ਅਜੇ ਵੀ ਤੈਨੂੰ ਹੋਸ਼ ਨਾ ਆਈ,
ਜਾਣ ਬੁੱਝ ਕੇ ਊਂਧੀ ਪਾਈ।
ਤੂੰ ਅਸਫਲ ਆਪਣੇ ਫਰਜ਼ੋਂ ਹੋਇਆ,
ਕੋਤਾਹੀ ਨੇ ਦਿਲ ਤੇਰਾ ਮੋਹਿਆ।
ਦੇ ਅਸਤੀਫਾ ਤੈਨੂੰ ਸਮਝਾਵਾਂ।
ਸ਼ਰਮ ਆਉਂਦੀ ਏ ਕਹਿੰਦੇ ਕਹਿੰਦੇ,
ਅੰਦਰ ਕਿਵੇਂ ਤੇਰੇ ਘੋਲ ਕੇ ਪਾਵਾਂ।
ਬਹੁਰੰਗਾ ਤੇਰਾ ਕਿਰਦਾਰ।
ਰਿਹਾ ਨਾ ਤੇਰੇ 'ਤੇ ਕੋਈ ਇਤਬਾਰ।

ਐ ਅੱਲ੍ਹਾ ਜੇ ਨੇੜੇ ਹੋਵੇਂ।
ਗੌਡ ਈਸ਼ਵਰ ਜੇ ਨੇੜੇ ਹੋਵੇਂ।
ਐ ਭਗਵਾਨ ਜੇ ਨੇੜੇ ਹੋਵੇਂ।
ਤੇਰੇ ਗਲ ਵਿਚ ਰੱਸੀ ਪਾਵਾਂ।
ਹਲੂਣਾ ਦੇ ਕੇ ਗੂੜ੍ਹੀ ਨੀਂਦੋਂ।
ਖਿੱਚ ਕੇ ਤੈਨੂੰ ਬੋਲ ਜਗਾਵਾਂ।
ਮਾਰ ਕੇ ਖੰਜਰ ਤੇਰੇ ਢਿੱਡ ਵਿਚ।
ਤੈਨੂੰ ਹੀ ਮੈਂ ਪਾਰ ਬੁਲਾਵਾਂ।
ਮੁਕਾ ਦਿਆਂ ਸਾਰਾ ਨਰ-ਸੰਘਾਰ।
ਅੱਲਾ ਤੇਰੀ ਜੈ ਜੈ ਕਾਰ।
ਰੱਬਾ ਤੇਰੀ ਜੈ ਜੈ ਕਾਰ।
ਭਗਵਾਨ ਤੇਰੀ ਜੈ ਜੈ ਕਾਰ।
ਈਸ਼ਵਰ ਤੇਰੀ ਜੈ ਜੈ ਕਾਰ।

**-ਚਰਨਜੀਤ ਸਿੰਘ ਪੰਨੂ**

### ਸੂਰਮੇ

ਕੌਮ ਦੀ ਅਣਖ ਲਈ ਜੋ ਮਰਦੇ ਨੇ
ਉਹ ਅਮਰ ਹੋ ਜਾਂਦੇ ਨੇ।
ਜੋ ਕਰਨ ਗੱਦਾਰੀ ਕੌਮ ਨਾਲ
ਉਹ ਜਿਉਂਦੇ ਹੀ ਕਬਰ ਹੋ ਜਾਂਦੇ ਨੇ।
ਜੋ ਆਪਣੇ ਲਈ ਸੋਚ ਕੇ ਚੱਲਦਾ
ਥੱਲੇ ਪਈਆਂ ਲਾਸ਼ਾਂ ਨਹੀਂ ਗਿਣਦਾ,
ਜੋ ਮਰਦਾ ਹੋਵੇ ਕੌਮ ਲਈ
ਕਦੇ ਡੁੱਲ੍ਹਿਆ ਖੂਨ ਨਹੀਂ ਮਿਣਦਾ।
ਕੌਮ ਦੀ ਤਕਦੀਰ ਬਦਲੀ ਜਾਂਦੀ
ਜੋਧਿਆਂ ਦੀ ਕੁਰਬਾਨੀ ਨਾਲ,
ਸੂਰਮਿਆਂ ਹਮੇਸ਼ਾ ਮੌਤ ਵਿਆਹੀ
ਚੜ੍ਹਦੀ ਜਵਾਨੀ ਨਾਲ।
ਫਾਂਸੀ ਦੇ ਰੱਸੇ ਨੂੰ ਚੁੰਮ ਕੇ ਗਲ
ਸੋਨੇ ਦਾ ਹਾਰ ਬਣਾ ਕੇ ਪਾਉਂਦੇ,
ਸੀਨੇ ਨਾਲ ਕਰਨ ਗੋਲੀ ਠੰਢੀ
ਤੋਪਾਂ ਨੂੰ ਵੀ ਅੱਗੇ ਭਜਾਉਂਦੇ।

ਉਹ ਸੂਰਮਾ ਨਹੀਂ ਅਖਵਾਉਂਦਾ
ਜੋ ਜ਼ੁਲਮਾਂ ਨੂੰ ਚੁੱਪ ਹੋ ਕੇ ਸਹਿ ਜਾਵੇ,
ਸਿੰਘ ਗੁਰੂ ਦਾ ਉਹੀ ਹੁੰਦਾ
ਜੋ ਸਵਾ ਲੱਖ 'ਤੇ ਭਾਰੂ ਪੈ ਜਾਵੇ।

ਅਣਖੀ ਬੰਦਾ ਕਦੇ ਕਿਸੇ ਦੇ
ਗੋਡੀਂ ਹੱਥ ਲਾ ਕੇ ਦਾਤਾਂ ਨਹੀਂ ਮੰਗਦਾ,
ਗੁਰੂ ਗ੍ਰੰਥ ਸਾਹਿਬ ਦੇ ਚਰਨੀਂ ਲੱਗ ਕੇ
ਭਲਾ ਸਰਬੱਤ ਦਾ ਮੰਗਦਾ।

ਗੁਰੂ ਗ੍ਰੰਥ ਸਾਹਿਬ ਨੂੰ ਛੱਡ ਕੇ
ਜੋ ਕੁਰਾਹੇ ਪੈ ਜਾਵੇ ਡੇਰਿਆਂ ਦੇ,
ਨਾਮ ਦੇ ਜਹਾਜ਼ 'ਚੋਂ ਉਤਰ ਕੇ
ਮਲਾਹ ਬਣਨ ਕੁਲਜੁਗੀ ਬੇੜਿਆਂ ਦੇ।

ਸਿੱਖੀ ਸਿਖਾਉਂਦੀ ਹੱਕ, ਸੱਚ
ਧਰਮ, ਅਣਖ ਲਈ ਮਰਨਾ,
ਦੇਗਾਂ ਵਿਚ ਬੈਠਣਾ, ਆਰਿਆਂ ਥੱਲੇ ਖੜ੍ਹਨਾ
ਤੇ ਅੱਗ ਵਿਚ ਸੜਨਾ।


ਆਓ! ਰੱਖੀਏ ਯਾਦ ਹਮੇਸ਼ਾ
ਸੂਰਬੀਰਾਂ ਦੀ ਕੁਰਬਾਨੀ ਨੂੰ,
ਮੇਜਰ ਹਮੇਸ਼ਾ ਕਾਇਮ ਰੱਖੀਏ
ਗੁਰੂਆਂ ਦੀ ਸਿੱਖੀ ਨਿਸ਼ਾਨੀ ਨੂੰ।

**-ਮੇਜਰ ਕੁਲਾਰ ਬੋਪਾਰਾਏ ਕਲਾਂ**
**ਫੋਨ: 916-273-2856**

# ਸਿਆਸਤ ਦੀ ਕਬੱਡੀ ਤੇ ਕਬੱਡੀ ਦੀ ਸਿਆਸਤ

## ਲੇਖਾ-ਜੋਖਾ

ਲੁਧਿਆਣੇ ਦਾ ਗੁਰੂ ਨਾਨਕ ਸਟੇਡੀਅਮ ਨੱਕੋ-ਨੱਕ ਭਰਿਆ ਹੋਇਆ ਸੀ। ਤੀਜੇ ਕਬੱਡੀ ਵਿਸ਼ਵ ਕੱਪ ਦਾ ਸਮਾਪਤੀ ਸਮਾਰੋਹ ਸੀ। ਲੱਖਾਂ ਦਰਸ਼ਕ ਟੀ. ਵੀ. ਰਾਹੀਂ ਜੁੜੇ ਹੋਏ ਸਨ। ਬਾਲੀਵੁੱਡ ਦੀ ਸੋਹਣੀ ਸੁਨੱਖੀ ਐਕਟ੍ਰੈਸ ਕੈਟਰੀਨਾ ਕੈਫ ਨੱਚ ਚੁੱਕੀ ਸੀ। ਸੁਖਵਿੰਦਰ ਤੇ ਦਿਲਜੀਤ ਦੁਸਾਂਝ ਹੋਰੀਂ ਗਾ ਚੁੱਕੇ ਸਨ। ਕਵੀ ਸੁਰਜੀਤ ਪਾਤਰ ਨੇ ਰਾਵੀਓਂ ਪਾਰ ਵਸਦੇ ਭਰਾਵਾਂ ਦੀ ਖ਼ੈਰ ਸੁਖ



**ਪ੍ਰਿੰ. ਸਰਵਣ ਸਿੰਘ**
ਫੋਨ: 905-799-1661

ਮੰਗਦਿਆਂ ਤਰੰਨਮ ਵਿਚ ਕਵਿਤਾ ਪੇਸ਼ ਕੀਤੀ ਸੀ-ਅਸੀਂ ਮੰਗਦੇ ਹਾਂ ਖ਼ੈਰ ਸੁਬ੍ਹਾ ਸ਼ਾਮ ਆਖਣਾ, ਜੀ ਸਲਾਮ ਆਖਣਾ। ਉਹਨੇ ਸਰੋਤਿਆਂ ਉਤੇ ਟੂਣਾ ਕਰ ਦਿੱਤਾ ਸੀ। ਭਾਰਤ ਤੇ ਪਾਕਿਸਤਾਨ ਦੇ ਖਿਡਾਰੀ ਫਾਈਨਲ ਮੈਚ ਖੇਡ ਰਹੇ ਸਨ। ਖਿਡਾਰੀਆਂ ਦੇ ਦਮ ਲੈਣ ਸਮੇਂ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਇਕ ਗੱਲ ਹਾਸੇ ਭਾਣੇ ਕਹੀ, ਮੈਂ ਕਬੱਡੀ ਤਾਂ ਨਹੀਂ ਖੇਡੀ ਪਰ ਸਿਆਸਤ ਦੀ ਕਬੱਡੀ ਬਥੇਰੀ ਖੇਡੀ ਐ ਤੇ ਜਿੱਤਦਾ ਵੀ ਰਿਹਾਂ।

ਮੇਰਾ ਸ਼ੌਕ ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣਾ ਹੈ। ਬਾਦਲ ਸਾਹਿਬ ਨੇ ਸਿਆਸੀ ਖੇਡ ਦੀ ਗੱਲ ਕਹਿ ਕੇ ਮੈਨੂੰ ਉਨ੍ਹਾਂ ਦੀ ਖੇਡ ਬਾਰੇ ਲਿਖਣ ਦਾ ਮੌਕਾ ਦੇ ਦਿੱਤਾ ਹੈ। ਤੇ ਦੇ ਵੀ ਉਸੇ ਰੌਂਅ ਵਿਚ ਦਿੱਤਾ ਹੈ ਜਿਸ ਵਿਚ ਉਨ੍ਹਾਂ ਨੇ ਆਪਣੀ ਖੇਡ ਦੀ ਗੱਲ ਕੀਤੀ ਹੈ। ਉਹ ਵਿਰੋਧੀ ਟੀਮਾਂ ਦੇ ਖਿਡਾਰੀਆਂ ਨੂੰ ਤਾਂ ਤਾਰੇ ਵਿਖਾਉਂਦੇ ਹੀ ਰਹੇ, ਨਾਲ ਆਪਣੀ ਟੀਮ ਦੇ ਖਿਡਾਰੀਆਂ ਨੂੰ ਵੀ ਗੁੱਠੇ ਲਾਉਂਦੇ ਰਹੇ। ਵਿਰੋਧੀ ਟੀਮ ਨੂੰ ਹਰਾਉਣ ਲਈ ਆਪਣੀ ਟੀਮ ਦੇ ਮੈਂਬਰਾਂ ਨੂੰ ਪਹਿਲਾਂ ਪਾਲਦੇ ਪਲੋਸਦੇ, ਦਾਅ ਪੇਚ ਦਸਦੇ ਤੇ ਫਿਰ ਪੂਰੀ ਤਿਆਰੀ ਨਾਲ ਮੈਚ ਜਿੱਤਦੇ। ਜਿਵੇਂ ਹੰਢੇ ਹੋਏ ਉਸਤਾਦ ਆਪਣੇ ਪੱਠਿਆਂ ਨੂੰ ਅਖ਼ੀਰਲਾ ਦਾਅ ਨਹੀਂ ਦਸਦੇ ਕਿ ਉਸਤਾਦ ਨੂੰ ਹੀ ਨਾ ਪੈ ਜਾਣ, ਉਵੇਂ ਉਨ੍ਹਾਂ ਨੇ ਵੀ ਆਪਣੀ ਟੀਮ ਦੇ ਮੈਂਬਰਾਂ ਨੂੰ ਅਖ਼ੀਰਲਾ ਦਾਅ ਨਹੀਂ ਦੱਸਿਆ। ਨਾ ਕਿਸੇ ਖਿਡਾਰੀ ਨੂੰ ਬਹੁਤਾ ਉਭਰਨ ਦਿੱਤਾ ਮਤਾਂ ਟੀਮ ਦੀ ਕਪਤਾਨੀ ਨੂੰ ਪੈ ਜਾਵੇ!

ਸਿਆਸਤਦਾਨਾਂ ਵਿਚੋਂ ਸਰਵੋਤਮ ਧਾਵੀ ਚੁਣਨਾ ਹੋਵੇ ਤਾਂ ਬਾਦਲ ਸਾਹਿਬ ਨੇ ਹਾਲੇ ਤਕ ਕਿਸੇ ਨੂੰ ਡਾਹੀ ਨਹੀਂ ਦਿੱਤੀ। ਉਹ ਝਕਾਨੀ ਦੇ ਕੇ ਨਿਕਲਣ ਦੇ ਵੀ ਮਾਹਿਰ ਹਨ। ਦਿੱਲੀਓਂ ਉਹ ਝਕਾਨੀ ਮਾਰ ਕੇ ਈ ਨਿਕਲੇ ਸਨ। ਵਿਰੋਧੀਆਂ ਨੂੰ ਹਲਕਾ ਜਿਹਾ 'ਟੱਚ' ਹੀ ਕਰਦੇ ਹਨ, ਜੱਫੋ-ਜੱਫੀ ਨਹੀਂ ਹੁੰਦੇ। ਦਮ ਰੱਖ ਕੇ ਪੈਂਟ੍ਹ ਲੈਂਦੇ ਹਨ ਤੇ ਦੇਵੀ ਦਿਆਲ ਵਾਂਗ ਪਿੰਡੇ ਨੂੰ ਮਿੱਟੀ ਨਹੀਂ ਲੱਗਣ ਦਿੰਦੇ। ਸਰਵੋਤਮ ਜਾਫੀ ਚੁਣਨਾ ਹੋਵੇ ਤਦ ਵੀ ਬਾਦਲ ਸਾਹਿਬ ਦੇ ਜੱਫੇ 'ਚੋਂ ਕੋਈ ਮਾਈ ਦਾ ਲਾਲ ਨਿਕਲਦਾ ਨਹੀਂ ਵੇਖਿਆ। ਜਥੇਦਾਰ ਟੌਹੜਾ ਵਰਗੇ ਘਾਗ ਖਿਡਾਰੀ, ਸ. ਬਰਨਾਲਾ ਵਰਗੇ ਲੰਮੇ-ਝੰਮੇ ਤੇ ਛਾਂਟਵੇਂ ਜੁੱਸੇ ਵਾਲੇ ਅਤੇ ਜਥੇਦਾਰ ਤਲਵੰਡੀ ਜਿਹੇ ਗੋਲਮੋਲ ਖਿਡਾਰੀ ਵੀ ਬਾਦਲ ਸਾਹਿਬ ਤੋਂ ਠਿੱਬੀਆਂ ਖਾਂਦੇ ਤੇ ਕੈਂਚੀਆਂ ਲੁਆਉਂਦੇ ਰਹੇ। ਦੁਆਬੇ ਦੀ ਟੀਮ ਦਾ ਧਾਵੀ ਵਡਾਲਾ ਡਬਲ ਟੱਚ 'ਚ ਕੱਟਿਆ ਗਿਆ। ਮਾਝੇ ਦੇ ਖਿਡਾਰੀ ਬ੍ਰਹਮਪੁਰਾ 'ਚ ਕੁਝ ਦਮ ਸੀ ਪਰ ਉਹਨੂੰ ਵੀ ਭੁੰਜੇ ਸੁੱਟ ਲਿਆ। ਕੁਝ ਬਾਦਲ ਸਾਹਿਬ ਦੇ ਜੱਫੇ 'ਚ ਅਜਿਹੇ ਫਸੇ ਕਿ ਮੁੜ ਕੇ ਤਾਬ ਨਹੀਂ ਆਏ। ਸਿਮਰਨਜੀਤ ਸਿੰਘ ਮਾਨ ਕਿਰਪਾਨ ਨਾਲ ਕਬੱਡੀ ਪਾਉਂਦਾ ਰੈਡ ਕਾਰਡ ਲੈ ਬੈਠਾ! ਕੈਪਟਨ ਕੰਵਲਜੀਤ ਸਿੰਘ ਨਾਲ ਕਬੱਡੀ ਦੇ ਚੜ੍ਹਦੇ ਸੂਰਜ ਹਰਜੀਤ ਬਾਜਾਖਾਨਾ ਵਾਲੀ ਹੋਈ ਜੋ ਸਿਖਰ ਦੁਪਹਿਰੇ ਹੀ ਛਿਪ ਗਿਆ। ਸ. ਢੀਂਡਸਾ ਤੇ ਭੂੰਦੜ ਵਰਗੇ ਸੀਨੀਅਰ ਖਿਡਾਰੀਆਂ ਦੇ ਮੁੰਡੇ ਟੀਮ ਵਿਚ ਪਾ ਕੇ ਕਿਹਾ ਕਿ ਤੁਸੀਂ ਸਿਆਣੇ ਬਿਆਣੇ ਓਂ, ਮੁੰਡਿਆਂ ਨੂੰ ਮੈਚ ਖਿਡਾਓ!

ਕੈਪਟਨ ਅਮਰਿੰਦਰ ਸਿੰਘ ਕਾਬੂ ਆਉਣ ਵਾਲਾ ਧਾਵੀ ਨਹੀਂ ਸੀ ਪਰ ਉਹਦੀ ਵੀ ਬਾਦਲ ਸਾਹਿਬ ਨੇ ਲੋਟ ਪੋਟਣੀ ਪਵਾ ਦਿੱਤੀ। ਕਿਸੇ ਦੀਆਂ ਬਗਲਾਂ ਭਰ ਲਈਆਂ ਤੇ ਕਿਸੇ ਨੂੰ ਲੱਕੋਂ ਚੁੱਕ ਲਿਆ। ਬੀਬੀ ਭੱਠਲ ਨੂੰ ਹੱਲਾਸ਼ੇਰੀ ਦਿੱਤੀ ਕਿ ਬੀਬੀ ਚੜ੍ਹ ਕੇ ਕੌਡੀ ਪਾ। ਉਹ ਚੜ੍ਹ ਕੇ ਕੌਡੀ ਪਾਉਂਦੀ ਬਾਹਰਲੀ ਲਾਈਨ ਤੋਂ ਈਂ ਬਾਹਰ ਨਿਕਲ ਗਈ! ਜਦੋਂ ਵੀ ਕੋਈ ਖਿਡਾਰੀ ਬਰਾਬਰ ਦਾ ਹੁੰਦਾ ਦਿਸਿਆ ਤਾਂ ਉਹਦਾ ਡੋਪ ਟੈਸਟ ਕਰਵਾ ਦਿੱਤਾ ਤੇ ਕਿਸੇ ਨੂੰ ਫੂਕ ਛਕਾ ਕੇ ਉਹਦੀ ਖੇਡ 'ਚੋਂ ਈਂ ਫੂਕ ਕੱਢ ਦਿੱਤੀ। ਉਹ ਸਿਆਸਤ ਦੇ ਰੁਸਤਮ ਜੁ ਹੋਏ ਭਾਵੇਂ ਕਿ ਪੱਤਰਕਾਰ ਜਸਵੀਰ ਸ਼ਮੀਲ ਨੇ ਹਰਕਿਸ਼ਨ ਸਿੰਘ ਸੁਰਜੀਤ ਦੀ ਜੀਵਨੀ ਦਾ ਨਾਂ 'ਸਿਆਸਤ ਦਾ ਰੁਸਤਮ' ਰੱਖਿਆ ਹੈ। ਫਰਕ ਸਿਰਫ਼ ਏਨਾ ਹੈ ਕਿ ਸੁਰਜੀਤ ਭਾਰਤੀ ਸਿਆਸਤ ਦੇ ਅਖਾੜੇ ਦਾ ਰੁਸਤਮ ਸੀ ਤੇ ਬਾਦਲ ਪੰਜਾਬ ਦੇ ਅਖਾੜੇ ਦਾ ਰੁਸਤਮ ਹੈ।

ਬਾਦਲ ਸਾਹਿਬ ਛਿਆਸੀ ਸਾਲਾਂ ਦੇ ਬਜ਼ੁਰਗ ਹਨ ਤੇ ਸਿਆਸਤ ਦੀ ਕਬੱਡੀ ਉਹ ਬੁੱਢੇਵਾਰੇ ਵੀ ਖੇਡੀ ਜਾਂਦੇ ਹਨ। ਹੋ ਸਕਦੈ ਉਹ ਬੰਗਾਲ ਦੇ ਜਿਓਤੀ ਬਾਸੂ ਤੋਂ ਵੀ ਵੱਧ ਨੰਬਰ ਲੈ ਲੈਣ। ਉਨ੍ਹਾਂ ਦਾ ਸਪੁੱਤਰ ਸ. ਸੁਖਬੀਰ ਸਿੰਘ ਬਾਦਲ ਹਾਲੇ ਨੌਜਵਾਨ ਹੈ। ਉਹਨੂੰ ਉਹ ਖੇਡ ਦੇ ਦਾਅ ਸਿਖਾਈ ਜਾਂਦੇ ਹਨ ਪਰ ਅਜੇ ਅਖ਼ੀਰਲਾ ਦਾਅ ਨਹੀਂ ਸਿਖਾਇਆ ਜਿਸ ਕਰਕੇ ਉਹ ਸਿਆਸਤ ਦੀ ਕਬੱਡੀ ਨਹੀਂ, ਕਬੱਡੀ ਦੀ ਸਿਆਸਤ ਖੇਡਦਾ ਹੈ। ਉਹਦੀ ਸਿਆਸਤ ਨਾਲ ਹੋਰ ਕਿਸੇ ਦੇ ਵਾਰੇ ਨਿਆਰੇ ਹੋਣ ਜਾਂ ਨਾ ਹੋਣ ਪਰ ਉਹਦੇ ਆਪਣੇ ਵਾਰੇ ਨਿਆਰੇ ਤਾਂ ਹੋ ਹੀ ਰਹੇ ਨੇ। ਉਹ ਆਪਣੇ ਜ਼ੋਰਦਾਰ ਭਾਸ਼ਨ ਨਾਲ ਕਬੱਡੀ ਪਾਉਂਦਾ ਹੈ, ਜੀਹਨੂੰ ਜੱਫਾ ਲਾਉਣ ਤੋਂ ਹਰ ਜਾਫੀ ਡਰਦਾ ਹੈ। ਕੀ ਪਤਾ ਅਗਲਾ ਜੱਫਾ ਲਾਉਣ ਜੋਗਾ ਹੀ ਨਾ ਛੱਡੇ!

ਕੁਮੈਂਟੇਟਰ ਵੀ ਕਬੱਡੀ ਦੀ ਕੁਮੈਂਟਰੀ ਕਰਨ ਨਾਲੋਂ ਸੁਖਬੀਰ ਬਾਦਲ ਦੀ ਬੱਲੇ-ਬੱਲੇ ਵਧ ਕਰਦੇ ਹਨ। ਨਹੀਂ ਕਰਦੇ ਤਾਂ ਕਾਹਦੀ ਕੁਮੈਂਟਰੀ ਐ? ਪੀ. ਟੀ. ਸੀ. ਵਾਲੇ ਤਾਂ ਹੋਏ ਈ ਘਰ ਦੇ ਬੰਦੇ। ਕੈਮਰੇ ਦਾ ਮੂੰਹ ਉਧਰ ਈ ਹੁੰਦੈ ਜਿਧਰੋਂ ਸ. ਬਾਦਲ ਦਾ ਚਿਹਰਾ ਦਿਸਦਾ ਹੋਵੇ। ਉਹਦੇ ਬਿਨਾਂ ਮੇਲਾ ਸੁੰਨਾ ਹੈ। ਇਹ ਐ ਕਬੱਡੀ ਦੀ ਸਿਆਸਤ! ਕਬੱਡੀ ਕੋਈ ਚੰਗੀ ਖੇਡੇ ਮਾੜੀ ਖੇਡੇ, ਟੀਮਾਂ ਤਕੜੀਆਂ ਹੋਣ, ਮਾੜੀਆਂ ਹੋਣ, ਗੱਲ ਤਾਂ ਮਸ਼ਹੂਰੀ ਦੀ ਹੈ ਜਿਸ ਨਾਲ ਉਹਨੇ ਅਗਲਾ ਮੁੱਖ ਮੰਤਰੀ ਬਣਨਾ ਹੈ।

ਸੁਖਬੀਰ ਦਾ ਸ਼ਰੀਕ ਭਰਾ ਮਨਪ੍ਰੀਤ ਸਿੰਘ



ਵੱਡੇ ਬਾਦਲ ਛੋਟੇ ਬਾਦਲ ਨੂੰ ਸਿਆਸਤ ਦੀ ਕਬੱਡੀ ਦੇ ਗੁਰ ਸਮਝਾਉਂਦੇ ਹੋਏ

ਬਾਦਲ ਵੀ ਕਹਿੰਦਾ ਕਹਾਉਂਦਾ ਖਿਡਾਰੀ ਹੈ ਪਰ ਛੋਟੇ ਭਰਾ ਨੇ ਉਹਦੀ ਟੀਮ ਹੀ ਖਿੰਡਾ ਛੱਡੀ ਹੈ। ਮਨਪ੍ਰੀਤ ਜਦੋਂ ਹੱਧਿਆਂ ਵੱਲ ਵਧਦਾ ਹੈ ਤਾਂ ਪਿੱਛੋਂ ਉਹਦੀ ਟੀਮ ਦੇ ਖਿਡਾਰੀ ਚੁੱਕ ਲਏ ਜਾਂਦੇ ਹਨ ਜਾਂ ਲੈ ਦੇ ਕੇ ਮੈਚ ਫਿਕਸ ਕਰ ਲਿਆ ਜਾਂਦਾ ਹੈ। ਮਨਪ੍ਰੀਤ ਮੁੜ ਕੇ ਵੇਖਦਾ ਹੈ ਤਾਂ ਵੇਖਦਾ ਈ ਰਹਿ ਜਾਂਦਾ ਹੈ। ਉਹ ਫੇਰ ਟੀਮ 'ਕੱਠੀ ਕਰਦਾ ਹੈ ਤੇ ਫਿਰ ਇਹੋ ਕੁਝ ਹੁੰਦਾ ਹੈ। ਛੋਟਾ ਭਰਾ ਕਬੱਡੀ ਦੀ ਸਿਆਸਤ ਦਾ ਰੁਸਤਮ ਜੁ ਹੋਇਆ। ਉਹਨੇ ਕਬੱਡੀ ਦੇ ਵਿਸ਼ਵ ਕੱਪਾਂ ਨਾਲ ਅਕਾਲੀ-ਭਾਜਪਾ ਸਰਕਾਰ ਦੁਬਾਰਾ ਤਾਕਤ ਵਿਚ ਲਿਆਂਦੀ ਹੈ, ਨਹੀਂ ਤਾਂ ਕਾਂਗਰਸੀ ਉਨ੍ਹਾਂ ਨੂੰ ਪੈ ਚੱਲੇ ਸਨ। ਕਬੱਡੀ ਦੋ ਫੀਸਦੀ ਵੋਟਾਂ ਵੀ ਵਧਾ ਦੇਵੇ ਤਾਂ ਵਿਧਾਨ ਸਭਾ ਵਿਚ ਦਸਾਂ ਮੈਂਬਰਾਂ ਦਾ ਵਾਧਾ ਹੋ ਜਾਂਦੈ। ਸ. ਮਲੂਕਾ ਦਾ ਮੰਨਣਾ ਹੈ ਕਿ ਉਹ ਜਿੱਤਿਆ ਹੀ ਕਬੱਡੀ ਦੇ ਸਿਰ 'ਤੇ ਹੈ।

ਜਦੋਂ ਸ. ਪਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਸੀ ਤਾਂ ਅਕਾਲੀਆਂ ਨੇ ਮੁਕਤਸਰ ਦੇ ਮੇਲੇ ਵਿਚ ਕਾਨਫਰੰਸ ਰੱਖੀ। ਕੈਰੋਂ ਨੇ ਕੋਲ ਬੈਠਿਆਂ ਨੂੰ ਪੁੱਛਿਆ ਕਿ ਅਕਾਲੀ ਕਾਨਫਰੰਸ ਫੇਲ੍ਹ ਕਿਵੇਂ ਕੀਤੀ ਜਾਵੇ? ਜਗਤਪੁਰ ਦਾ ਮੁਖਤਾਰ ਸਿੰਘ ਬੀ. ਡੀ. ਓ. ਸੀ। ਉਸ ਕਿਹਾ, "ਇਕ ਜੀਪ, ਇਕ ਲਾਊਡ ਸਪੀਕਰ ਤੇ ਇਕ ਹੋਕਾ ਦੇਣ ਵਾਲਾ ਦੇ ਦਿਓ। ਅਕਾਲੀ ਕਾਨਫਰੰਸ ਫੇਲ੍ਹ ਹੋਈ ਦੇਖਿਓ!"

ਕੈਰੋਂ ਸਾਹਿਬ ਨੇ ਹੁਕਮ ਕਰ ਦਿੱਤਾ ਤੇ ਮੁਖਤਾਰ ਸਿੰਘ ਨੇ ਮੇਲੇ 'ਚ ਜੀਪ ਘੁਮਾ ਕੇ ਲਾਊਡ ਸਪੀਕਰ ਤੋਂ ਡੌਂਡੀ ਪਿਟਵਾ ਦਿੱਤੀ ਪਈ ਕਾਨਫਰੰਸ ਸਮੇਂ ਮਾਝੇ-ਮਾਲਵੇ ਦਾ ਕਬੱਡੀ ਮੈਚ ਹੋ ਰਿਹੈ। ਫੇਰ ਕੀ ਸੀ ਅਕਾਲੀ ਕਾਨਫਰੰਸ ਦੀਆਂ ਡਿਊਟੀਆਂ 'ਚ ਲੱਗੇ ਸੇਵਾਦਾਰ ਤੇ ਜਥੇਦਾਰ ਵੀ ਡਿਊਟੀਆਂ ਛੱਡ ਕੇ ਮਾਝੇ-ਮਾਲਵੇ ਦਾ ਕਬੱਡੀ ਮੈਚ ਵੇਖਣ ਦਾਇਰੇ ਦੁਆਲੇ ਜਾ ਖੜ੍ਹੇ। ਕਾਨਫਰੰਸ ਵਿਚ ਕਾਂ ਪੈਣ ਲੱਗੇ। ਮੈਂ ਆਪਣੀ ਕਿਤਾਬ 'ਕਬੱਡੀ ਕਬੱਡੀ ਕਬੱਡੀ' ਸ਼ੁਰੂ ਹੀ ਇਨ੍ਹਾਂ ਸਤਰਾਂ ਨਾਲ ਕੀਤੀ ਸੀ, "ਝੱਖੜ ਝੁਲਦਾ ਹੋਵੇ, ਬਿਜਲੀ ਕੜਕਦੀ ਹੋਵੇ, ਨਦੀ ਚੜ੍ਹੀ ਹੋਵੇ ਤੇ ਸ਼ੀਹਾਂ ਨੇ ਪੱਤਣ ਮੱਲੇ ਹੋਣ ਪਰ ਪਤਾ ਲੱਗ ਜਾਵੇ ਸਹੀ ਕਿ ਨਦੀ ਦੇ ਪਰਲੇ-ਪਾਰ ਕਬੱਡੀ ਦਾ ਫਸਵਾਂ ਮੈਚ ਹੋ ਰਿਹੈ। ਫਿਰ ਕਿਹੜਾ ਪੰਜਾਬੀ ਹੈ ਜਿਹੜਾ ਵਗਦੀ ਨੈਂ ਨਾ ਠਿੱਲ੍ਹੇ? ਉਹ ਰਾਹ ਵਿਚ ਪੈਂਦੇ ਸੱਪਾਂ ਸ਼ੀਹਾਂ ਦੀ ਵੀ ਪਰਵਾਹ ਨਹੀਂ ਕਰੇਗਾ ਤੇ ਕਬੱਡੀ ਦੇ ਦਾਇਰੇ ਦੁਆਲੇ ਜਾ ਖੜ੍ਹੇਗਾ। ਜਿਵੇਂ ਹਿੰਦ ਮਹਾਂਦੀਪ ਦੇ ਵਸਨੀਕਾਂ ਨੂੰ ਕ੍ਰਿਕਟ ਨੇ ਪੱਟਿਆ, ਜੱਗ ਜਹਾਨ ਦੇ ਗੋਰੇ-ਕਾਲਿਆਂ ਨੂੰ ਫੁੱਟਬਾਲ ਨੇ ਕਮਲੇ ਕੀਤਾ, ਉਵੇਂ ਦੇਸ-ਵਿਦੇਸ਼ ਦੇ ਪੰਜਾਬੀਆਂ ਨੂੰ ਕਬੱਡੀ ਚੜ੍ਹੀ ਹੋਈ ਹੈ।"

ਤਿੰਨ ਕੁ ਸਾਲ ਪਹਿਲਾਂ ਅਸੀਂ ਸਚਿੱਤਰ ਮੈਗਜ਼ੀਨ 'ਖੇਡ ਸੰਸਾਰ' ਦਾ ਕਬੱਡੀ ਅੰਕ ਕੱਢਿਆ। ਸੰਤੋਖ ਸਿੰਘ ਮੰਡੇਰ ਨੇ ਉਹ ਸੁਖਬੀਰ ਬਾਦਲ ਤਕ ਪੁਚਾਇਆ। ਉਹਨੇ ਉਹਦੇ ਪੰਨੇ ਪਰਤੇ ਤੇ ਕਬੱਡੀ ਦੇ 'ਕੱਠਾਂ ਦੀਆਂ ਤਸਵੀਰਾਂ ਤੱਕੀਆਂ। ਦੱਸਣ ਵਾਲੇ ਦੱਸਦੇ ਹਨ ਕਿ ਕਬੱਡੀ ਦਾ ਵਿਸ਼ਵ ਕੱਪ ਸ਼ੁਰੂ ਕਰਨ ਲਈ ਉਹ ਅੰਕ ਸੰਦ ਬਣਿਆ। ਮੈਂ ਸੰਪਾਦਕੀ ਵਿਚ ਲਿਖਿਆ ਸੀ ਕਿ ਕਬੱਡੀ ਪੰਜਾਬੀਆਂ ਲਈ ਸਰੀਰਕ ਕਰਤਬਾਂ ਦੀ ਸ਼ਾਇਰੀ ਹੈ। ਪੰਜਾਬੀ ਜਿਥੇ ਵੀ ਹੋਣ ਕਬੱਡੀ ਖੇਡੇ ਤੇ ਵੇਖੇ ਬਿਨਾਂ ਨਹੀਂ ਰਹਿ ਸਕਦੇ। ਜਦੋਂ ਚੰਦ 'ਤੇ ਆਉਣ ਜਾਣ ਹੋਇਆ ਤਾਂ ਪੰਜਾਬੀ ਉਥੇ ਵੀ ਕਬੱਡੀ ਦੇ ਟੂਰਨਾਮੈਂਟ ਕਰਾਉਣਗੇ!

ਪੰਜਾਬ ਦੇ ਸਭਿਆਚਾਰਕ ਮੇਲਿਆਂ ਤੇ ਧਾਰਮਿਕ ਜੋੜ ਮੇਲਿਆਂ ਉਤੇ ਲੋਕ ਵੱਡੀ ਗਿਣਤੀ ਵਿਚ ਜੁੜਦੇ ਹੋਣ ਕਾਰਨ ਰਾਜਸੀ ਪਾਰਟੀਆਂ ਆਪਣੀਆਂ ਕਾਨਫਰੰਸਾਂ ਕਰਨ ਲਈ ਢੁੱਕਵੀਆਂ ਥਾਂ ਸਮਝਦੀਆਂ ਹਨ। ਇੰਜ ਕਾਨਫਰੰਸਾਂ ਸਸਤੀਆਂ ਪੈਂਦੀਆਂ ਹਨ। ਸੁਖਬੀਰ ਸਿੰਘ ਬਾਦਲ ਨੇ ਸਿਆਸੀ ਦ੍ਰਿਸ਼ਟੀ ਨਾਲ ਕਬੱਡੀ ਦੇ 'ਕੱਠਾਂ ਨੂੰ ਆਪਣੇ ਹੱਕ ਵਿਚ ਭੁਗਤਾਉਣ ਲਈ ਕਬੱਡੀ ਵਿਸ਼ਵ ਕੱਪ ਕਰਾਉਣੇ ਸ਼ੁਰੂ ਕੀਤੇ। ਪਹਿਲਾ ਕੱਪ ਚੋਣਾਂ ਤੋਂ ਪੌਣੇ ਦੋ ਸਾਲ ਪਹਿਲਾਂ ਕਰਾਇਆ ਤੇ ਦੂਜਾ ਚੋਣਾਂ ਤੋਂ ਸਿਰਫ਼ ਤਿੰਨ ਮਹੀਨੇ ਪਹਿਲਾਂ। ਮੈਚ 16 ਥਾਂਵਾਂ ਉਤੇ ਰੱਖੇ ਯਾਨਿ ਮੈਚਾਂ ਦੇ ਨਾਂ 'ਤੇ 16 ਸਿਆਸੀ ਰੈਲੀਆਂ ਕੀਤੀਆਂ! ਪਾਰਟੀ ਦੀ ਨਾ ਹਿੰਗ ਲੱਗੀ ਨਾ ਫਟਕੜੀ। ਜ਼ਿਲ੍ਹਿਆਂ ਦੇ ਅਫਸਰਾਂ ਨੂੰ ਬੱਸ ਫੋਨ ਈ ਕਰਨੇ ਪਏ। 20 ਕਰੋੜ ਦੇ ਖਰਚੇ 'ਚੋਂ ਚੌਥਾ ਹਿੱਸਾ ਸਰਕਾਰ ਦਾ ਲੱਗਾ ਤੇ ਬਾਕੀ ਵਪਾਰੀਆਂ ਤੇ ਕਾਰੋਬਾਰੀਆਂ ਦਾ ਲੁਆ ਦਿੱਤਾ। ਕਬੱਡੀ ਦੀ ਮਲਾਈ ਆਪ ਲਾਹੀ। ਕਬੱਡੀ ਪ੍ਰੇਮੀ ਤਾਂ ਐਵੇਂ ਰੁੰਗੇ 'ਚ ਹੀ ਫੁੱਲੇ ਫਿਰਦੇ ਹਨ!

ਫਿਰ ਕਰਾਇਆ ਤੀਜਾ ਕਬੱਡੀ ਵਿਸ਼ਵ ਕੱਪ। ਪਹਿਲੇ 'ਚ 9 ਟੀਮਾਂ ਸੀ, ਦੂਜੇ 'ਚ 20 ਤੇ ਤੀਜੇ 'ਚ 22 ਹੋ ਗਈਆਂ। ਕਹਿੰਦੇ ਆ ਅਗਲੀ ਵਾਰ 25 ਟੀਮਾਂ ਹੋਣਗੀਆਂ। ਬਾਦਲ ਜੀਓ ਇਕ ਦਾਅ ਅਸੀਂ ਵੀ ਤੁਹਾਨੂੰ ਦੱਸ ਦਿੰਦੇ ਆਂ, ਤੁਹਾਡੇ ਸ਼ੁਭਚਿੰਤਕ ਜੁ ਹੋਏ। ਵਿਸ਼ਵ ਕੱਪਾਂ ਦੇ ਮੈਚ ਇਕਪਾਸੜ ਹੋਈ ਜਾਂਦੇ ਨੇ ਤੇ ਲੋਕ ਇਨ੍ਹਾਂ ਨਾਲੋਂ ਟੁੱਟਦੇ ਜਾਂਦੇ ਨੇ। ਕਬੱਡੀ ਦੀ ਸਿਆਸਤ ਖੇਡਣ ਲਈ ਅਗਲਾ ਗੁਰ ਹੈ, ਕਬੱਡੀ ਦੀ ਵਿਸ਼ਵ ਲੀਗ ਸ਼ੁਰੂ ਕਰਨਾ ਜਿਸ ਵਿਚ ਛੇ ਜਾਂ ਅੱਠ ਚੋਟੀ ਦੀਆਂ ਟੀਮਾਂ ਹੋਣ। ਫਿਰ ਵੇਖਿਓ ਲੋਕਾਂ ਦੇ 'ਕੱਠ! ਫਿਰ ਨਾ ਅਕਸ਼ੈ ਕੁਮਾਰ ਨੂੰ ਸੱਦਣ ਤੇ ਨਾ ਕੈਟਰੀਨਾ ਕੈਫ 'ਤੇ ਕਰੋੜਾਂ ਖਰਚਣ ਦੀ ਲੋੜ।

ਜਿਸ ਵੇਲੇ ਕਬੱਡੀ ਦੇ ਅਖਾੜੇ ਕੋਲ ਕੈਟਰੀਨਾ ਕੈਫ ਨੱਚੀ ਉਸ ਵੇਲੇ ਹਿੰਦ-ਪਾਕਿ ਦੇ ਕਬੱਡੀ ਮੈਚ ਨੂੰ ਵੇਖਣ ਲਈ ਦੇਸ਼ ਵਿਦੇਸ਼ ਦੇ ਪੰਜਾਬੀਆਂ ਦੀਆਂ ਘੱਟੋਘੱਟ ਕਰੋੜ ਅੱਖਾਂ ਟੀ. ਵੀ. ਦੀਆਂ ਸਕਰੀਨਾਂ ਵੱਲ ਲੱਗੀਆਂ ਹੋਈਆਂ ਸਨ। ਉਸ ਵੇਲੇ, ਐਨ ਉਸ ਵੇਲੇ, ਤੁਸੀਂ ਪੰਜਾਬ ਦੀ ਤਰੱਕੀ ਦੀ ਜੋ ਡਾਕੂਮੈਂਟਰੀ ਪੇਸ਼ ਕੀਤੀ, ਜੋ ਮੈਟਰੋ ਚਲਦੀ ਵਿਖਾਈ, ਸੜਕਾਂ ਤੇ ਪੁਲ ਵਿਖਾਏ, ਮਾਲ ਤੇ ਹਵਾਈ ਅੱਡੇ, ਸਿੱਖਿਆ ਤੇ ਸਿਹਤ ਸਹੂਲਤਾਂ ਦੇ ਅਦਾਰੇ, ਬਠਿੰਡੇ ਦੀ ਰੀਫਾਇਨਰੀ, ਨੌਜੁਆਨਾਂ ਨੂੰ ਰੁਜ਼ਗਾਰ, ਸ਼ੁੱਧ ਪੌਣ ਪਾਣੀ ਤੇ ਪੰਜਾਬ ਦਾ ਅਮਨ ਅਮਾਨ, ਇਹ ਸੀ ਤੁਹਾਡੀ ਕਬੱਡੀ ਦੀ ਸਿਆਸਤ। ਮੰਨ ਗਏ ਤੁਹਾਡੀ ਸਿਆਸਤ ਨੂੰ!

## ਕਾਵਿ-ਜਗਤ

### ਸਖੀਓ!

ਜਾਵੇ ਧੀ-ਭੈਣ ਕੋਈ ਨਾ ਲਿਤਾੜੀ ਸਖੀਓ,
ਸਵੈ ਰੱਖਿਆ ਦੀ ਲੋੜ ਅੱਜ ਭਾਰੀ ਸਖੀਓ।

ਆਓ ਸੋਚ ਜ਼ਰਾ ਆਪਣੀ ਵਿਸ਼ਾਲ ਕਰੀਏ,
ਚਾਨਣੀ ਦੀ ਦਿਨੇ ਰਾਤ ਭਾਲ ਕਰੀਏ।
ਜੱਗ ਵਿਚ ਪੈਦਾ ਇਹ ਮਿਸਾਲ ਕਰੀਏ,
ਮਨਾਂ ਵਿਚ ਪੈਦਾ ਇਹ ਸਵਾਲ ਕਰੀਏ।
ਕੀ ਸੱਚਮੁੱਚ ਕੁੜੀ ਹੈ ਵਿਚਾਰੀ ਸਖੀਓ,
ਸਵੈ ਰੱਖਿਆ ਦੀ ਲੋੜ ਅੱਜ ਭਾਰੀ ਸਖੀਓ।

ਬਿਜਲੀ ਦੇ ਵਾਂਗ ਅਸੀਂ ਵਰ੍ਹ ਜਾਈਏ ਨੀ,
ਜ਼ੁਲਮ ਦੀ ਰਾਖ ਮਿਲ ਕੇ ਬਣਾਈਏ ਨੀ।
ਗੰਗਾ ਵਿਚ ਹੱਡ ਇਹਦੇ ਤਾਰ ਆਈਏ ਨੀ,
ਅਣਖ ਦੀ ਨਵੀਂ ਇਕ ਲੀਹ ਪਾਈਏ ਨੀ।
ਕਿਸਮਤ ਨਾ ਕਹੀਏ ਕਦੀ ਹਾਰੀ ਸਖੀਓ,
ਸਵੈ ਰੱਖਿਆ ਦੀ ਲੋੜ ਅੱਜ ਭਾਰੀ ਸਖੀਓ।

ਭੁੱਲੀਏ ਨਾ ਕਦੀ ਇਹ ਧਿਆਨ ਰੱਖੀਏ,
ਡੋਲੇ ਨਾ ਜੋ ਕਦੀ ਉਹ ਇਮਾਨ ਰੱਖੀਏ।
ਫਿਰੇ ਨਾ ਜੋ ਕਦੀ ਉਹ ਜ਼ੁਬਾਨ ਰੱਖੀਏ,
ਸ਼ਬਦਾਂ ਦੇ ਤੀਰ ਤੇ ਕਮਾਨ ਰੱਖੀਏ।
ਲਾਈਏ 'ਠੇ ਨਿਸ਼ਾਨੇ ਵਾਰੋ ਵਾਰੀ ਸਖੀਓ
ਸਵੈ ਰੱਖਿਆ ਦੀ ਲੋੜ ਅੱਜ ਭਾਰੀ ਸਖੀਓ।

ਛੋਟੀ ਛੋਟੀ ਗੱਲ 'ਤੇ ਨਾ ਹਉਕੇ ਭਰੀਏ,
ਜਬਰ ਦੇ ਗਰਦੇ ਨੂੰ ਪਰ੍ਹਾਂ ਕਰੀਏ।
ਨ੍ਹੇਰਿਆਂ ਨੂੰ ਛੱਡਦੇ-ਕਦੇ ਨਾ ਡਰੀਏ,
ਅੱਖਾਂ 'ਤੇ ਗਿਆਨ ਦੇ ਨੀ ਫਹੇ ਧਰੀਏ,
ਮਿਲ ਚੇਤਨਾ ਦੀ ਭਰੀਏ ਪਟਾਰੀ ਸਖੀਓ।
ਸਵੈ ਰੱਖਿਆ ਦੀ ਲੋੜ ਅੱਜ ਭਾਰੀ ਸਖੀਓ।

ਹੌਸਲੇ ਦੀ ਢਾਲ ਲੈ ਕੇ ਡਟ ਜਾਈਏ ਨੀ,
ਰਾਣੀ ਝਾਂਸੀ-ਭਾਗੋ ਅਸੀਂ ਬਣ ਜਾਈਏ ਨੀ।
ਸਿਰ ਫਿਰੇ ਮਰਦਾਂ ਦੇ ਸਿਰ ਲਾਹੀਏ ਨੀ,
ਸੂਲੀ 'ਤੇ ਵੀ ਚਾਹੇ ਫਿਰ ਚੜ੍ਹ ਜਾਈਏ ਨੀ।
ਸ਼ਕਤੀ ਦਾ ਨਾਮ ਹੀ ਹੈ ਨਾਰੀ ਸਖੀਓ,
ਸਵੈ ਰੱਖਿਆ ਦੀ ਲੋੜ ਅੱਜ ਭਾਰੀ ਸਖੀਓ।

*-ਨੀਲਮ ਸੈਣੀ*
*ਫੋਨ: 510-502-0551*

### ਵਧਾਈਆਂ ਨਵੇਂ ਸਾਲ ਦੀਆਂ

ਲਿਖਾਰੀਓ ਤੇ ਪੱਤਰਕਾਰੋ,
ਦੇਸ਼ ਦਿਓ ਪਹਿਰੇਦਾਰੋ।
ਗੁਰੂ ਨਾਨਕ ਦੇ ਪੈਰੋਕਾਰੋ,
ਬਜ਼ੁਰਗੋ ਤੇ ਬਰਖੁਰਦਾਰੋ।
ਵਧਾਈਆਂ ਨਵੇਂ ਸਾਲ ਦੀਆਂ।

ਧੀਆਂ ਨੂੰ ਬਚਾਉਣ ਵਾਲਿਓ,
ਸੱਚ ਦੀ ਅਵਾਜ਼ ਉਠਾਉਣ ਵਾਲਿਓ।
ਜ਼ਖ਼ਮਾਂ 'ਤੇ ਮਰਹਮ ਲਾਉਣ ਵਾਲਿਓ,
ਸੁੱਤੀ ਕੌਮ ਜਗਾਉਣ ਵਾਲਿਓ।
ਵਧਾਈਆਂ ਨਵੇਂ ਸਾਲ ਦੀਆਂ।

ਦੇਸ਼ ਦਿਓ ਜਵਾਨ ਯੋਧਿਓ,
ਦੇਸ਼ ਦਿਓ ਕਿਸਾਨ ਯੋਧਿਓ।
ਦੇਸ਼ ਦਿਓ ਬਲਵਾਨ ਯੋਧਿਓ,
ਦੇਸ਼ ਦਿਓ ਮਹਾਨ ਯੋਧਿਓ।
ਵਧਾਈਆਂ ਨਵੇਂ ਸਾਲ ਦੀਆਂ।

ਧਰਮ ਦੇ ਨਾਂ 'ਤੇ ਲੁੱਟਣ ਵਾਲਿਓ,
ਜੜ੍ਹਾਂ ਧਰਮ ਦੀਆਂ ਪੁੱਟਣ ਵਾਲਿਓ,
ਪੁੱਟ ਕੇ ਖੂਹ ਵਿਚ ਸੁੱਟਣ ਵਾਲਿਓ।
ਵਧਾਈਆਂ ਨਵੇਂ ਸਾਲ ਦੀਆਂ।
ਭੁੱਕੀਆਂ, ਚਰਸਾਂ ਖਾ ਰਹੇ ਮੁੰਡਿਓ,
ਨਸ਼ਿਆਂ ਵਿਚ ਨਹਾ ਰਹੇ ਮੁੰਡਿਓ।
ਆਪਣਾ ਆਪ ਗੁਆ ਰਹੇ ਮੁੰਡਿਓ।
ਵਧਾਈਆਂ ਨਵੇਂ ਸਾਲ ਦੀਆਂ।

ਅਣਖ ਗ਼ੈਰਤਾਂ ਵਾਲੀਓ ਕੁੜੀਓ,
ਦੁੱਧ ਮੱਖਣਾਂ ਨਾਲ ਪਾਲੀਓ ਕੁੜੀਓ।
ਇੱਜ਼ਤਾਂ ਦੀਆਂ ਰਖਵਾਲੀਓ ਕੁੜੀਓ,
ਅਣਖਾਂ ਵਿਚ ਮਤਵਾਲੀਓ ਕੁੜੀਓ।
ਵਧਾਈਆਂ ਨਵੇਂ ਸਾਲ ਦੀਆਂ।

ਸੋਹਣੇ ਅਜੀਤ ਜੁਝਾਰ ਵਰਗਿਓ,
ਨਲੂਏ ਦੀ ਤਲਵਾਰ ਵਰਗਿਓ।
ਭਗਤ ਸਿੰਘ ਸਰਦਾਰ ਵਰਗਿਓ,
ਊਧਮ ਦੀ ਵੰਗਾਰ ਵਰਗਿਓ।
ਵਧਾਈਆਂ ਨਵੇਂ ਸਾਲ ਦੀਆਂ।

ਆਪਣੇ ਰੱਬ ਨਾਲ ਪ੍ਰੀਤ ਵਰਗਿਓ,
ਦੇਸ਼ ਪਿਆਰ ਦੇ ਗੀਤ ਵਰਗਿਓ।
ਮਧੁਰ ਜਿਹੇ ਸੰਗੀਤ ਵਰਗਿਓ,
ਇਸ ਕਮਲੀ 'ਸੁਰਜੀਤ' ਵਰਗਿਓ।
ਵਧਾਈਆਂ ਨਵੇਂ ਸਾਲ ਦੀਆਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

### ਰੋਂਦਾ ਸਭਿਆਚਾਰ

ਰੋਂਦਾ ਇਕ ਇਨਸਾਨ ਮੈਂ ਤੱਕਿਆ
ਡਾਹਢਾ ਹੀ ਪ੍ਰੇਸ਼ਾਨ ਮੈਂ ਤੱਕਿਆ
ਅਚਾਨਕ ਪਿਆ ਘਸੁੰਨ ਡਿੱਗ ਪਿਆ
ਉਠਦਾ ਉਠ ਨਾ ਹੋਵੇ
ਕਹਿੰਦਾ ਸਭਿਆਚਾਰ ਮੈਂ ਲੋਕੋ
ਮਾਰ ਦੋਹੱਥੜਾਂ ਰੋਵੇ।

ਝੱਟ ਵਿਚਾਰੇ ਦੀ ਧਾਹ ਨਿੱਕਲ ਗਈ
ਹੜ ਸਬਰਾਂ ਦਾ ਟੁੱਟਿਆ।
ਕਰ ਕੇ ਇੱਜ਼ਤ ਨਿਲਾਮ ਕੁੜੀ ਨੇ
ਮੂੰਹ ਉਤੇ ਜਦ ਥੁੱਕਿਆ।
ਡਾਂਸਰ ਦਾ ਲਿਬਾਸ ਵੇਖ ਕੇ
ਕਿੱਥੇ ਮੂੰਹ ਲਕੋਵੇ।
ਕਹਿੰਦਾ ਸਭਿਆਚਾਰ ਮੈਂ ਲੋਕੋ...।


ਬੇ-ਸ਼ਰਮ ਕੁੱਝ ਗੀਤ ਲਿਖਾਰੀਆਂ
ਤੋੜੀਆਂ ਬਾਹਵਾਂ ਲੱਤਾਂ।
ਬੇ-ਉਸਤਾਦੇ ਸਿੰਗਰਾਂ ਦੇ ਵੀ
ਕੀ ਕੀ ਜ਼ੁਲਮ ਮੈਂ ਦੱਸਾਂ।
ਗਾਇਕੀ ਘੱਟ ਤੇ ਗੁੰਡਪੁਣੇ ਵਿਚ
ਸੁਰਾਂ ਦੇ ਜੁੰਡੇ ਖੋਹਵੇ।
ਕਹਿੰਦਾ ਸਭਿਆਚਾਰ ਮੈਂ ਲੋਕੋ...।

ਅਮੀਰ ਵਜ਼ੀਰਾਂ ਨੇ ਵੀ ਰੱਜ ਕੇ
ਧੱਜੀਆਂ ਖੂਬ ਉਡਾਈਆਂ।
ਸੁੰਦਰ ਬਸਤਰ ਲਾਹ ਕਲਚਰ ਦੇ
ਲੀਰਾਂ ਗਲ ਲਮਕਾਈਆਂ।
ਏਨੇ ਧੱਬੇ ਬੇ-ਅਦਬਾਂ ਦੇ
ਕਿੱਥੇ ਜਾ ਕੇ ਲਕੋਵੇ।
ਕਹਿੰਦਾ ਸਭਿਆਚਾਰ ਮੈਂ ਲੋਕੋ...।

ਸਭਿਆਚਾਰ ਦਾ ਦੁੱਖ ਸੁਣਨ ਲਈ
ਦੋ ਤਿੰਨ ਬੰਦੇ ਆਏ।
ਜ਼ਖ਼ਮਾਂ ਤੋਂ ਕੁੱਛ ਰਾਹਤ ਮਿਲ ਜਾਏ
ਪੱਟੀਆਂ ਮਲ੍ਹਮ ਲਿਆਏ।
ਦੇਣ ਹੋਕਾ ਸੁਲਤਾਨਾ ਪਰ ਨਾ
ਤਰਕ ਕਿਸੇ ਨੂੰ ਛੋਹਵੇ।
ਕਹਿੰਦਾ ਸਭਿਆਚਾਰ ਮੈਂ ਲੋਕੋ...।

*-ਸੁਲਤਾਨ ਅਖਤਰ*

# ਸੰਗੀਤ ਲਈ ਕੋਈ ਸਰਹੱਦ ਨਹੀਂ: ਆਰਿਫ ਲੁਹਾਰ



ਆਪਣੇ ਗੀਤ 'ਜੁਗਨੀ' ਨਾਲ ਦੁਨੀਆਂ ਭਰ ਵਿਚ ਮਸ਼ਹੂਰ ਹੋਇਆ ਗਾਇਕ ਆਰਿਫ਼ ਲੁਹਾਰ ਜਦੋਂ ਸਟੇਜ 'ਤੇ ਆਉਂਦਾ ਹੈ, ਬੱਸ ਰੰਗ ਹੀ ਬੰਨ੍ਹ ਦਿੰਦਾ ਹੈ। ਵਿਚ-ਵਿਚਾਲੇ ਫਿਰ ਕੋਈ ਬਰੇਕ ਜਾਂ ਵਕਫਾ ਨਹੀਂ। ਫਿਰ ਤਾਂ ਬੱਸ ਆਰਿਫ਼ ਹੁੰਦਾ ਹੈ ਜਾਂ ਸੁਰਾਂ ਦੀ ਛਹਿਬਰ। ਕਾਲਾ ਲਿਬਾਸ ਉਸ ਦੇ ਸਰੋਤਿਆਂ ਉਤੇ ਹੋਰ ਜਾਦੂ ਧੂੜਦਾ ਹੈ। ਹੱਥਾਂ ਵਿਚ ਫੜਿਆ ਚਿਮਟਾ ਜਦੋਂ ਲਰਜ਼ਦਾ ਹੈ, ਅੱਖਾਂ ਜਦੋਂ ਲੋਰ ਵਿਚ ਹੌਲੀ ਹੌਲੀ ਬੰਦ ਹੁੰਦੀਆਂ ਹਨ, ਹੇਕ ਜਦੋਂ ਸੁਰਾਂ ਦਾ ਸਿਰਨਾਵਾਂ ਬਣ ਨੱਚਣ ਲਗਦੀ ਹੈ ਤਾਂ ਜਾਪਦਾ ਹੈ, ਲਗਾਤਾਰ ਚੱਲ ਰਿਹਾ ਵਕਤ, ਕੁਝ ਵਕਤ ਤਾਂ ਜ਼ਰੂਰ ਖੜ੍ਹਿਆ ਹੋਵੇਗਾ!

ਹਾਲ ਹੀ ਵਿਚ ਆਰਿਫ਼ ਲੁਹਾਰ ਭਾਰਤ ਦਾ ਆਪਣਾ ਤੀਜਾ ਗੇੜਾ ਲਾ ਕੇ ਮੁੜਿਆ ਹੈ। ਭਾਰਤ ਦੇ ਸੰਗੀਤ ਪ੍ਰੇਮੀਆਂ ਨੇ ਉਸ ਨੂੰ ਪਲਕਾਂ 'ਤੇ ਬਿਠਾ ਲਿਆ। ਉਹ ਵੀ ਬਹੁਤ ਭਾਵੁਕ ਹੋ ਗਿਆ; ਕਹਿਣ ਲੱਗਾ- 'ਮੈਂ ਤਾਂ ਇਥੇ ਵਾਰ ਵਾਰ ਆਵਾਂਗਾ। ਚੰਗੇ ਸਰੋਤਿਆਂ ਲਈ ਕੋਈ ਹੱਦ-ਸਰਹੱਦ ਨਹੀਂ ਹੁੰਦੀ।' ਉਹਦੇ ਨਾਲ ਟੂਰ ਕਰ ਰਹੀ ਉਹਦੀ ਸ਼ਾਗਿਰਦ ਫੌਜ਼ੀਆ ਹਸਨ ਹੁੱਬ ਹੁੱਬ ਕੇ ਆਪਣੇ ਗੁਰੂ ਦੀਆਂ ਗੱਲਾਂ ਸੁਣਾਉਂਦੀ ਹੈ।...ਅਖੇ, ਅਮਰੀਕਾ ਵਾਲੇ ਟੂਰ ਦੌਰਾਨ ਗੁਰੂਦੇਵ ਨੇ 'ਜੁਗਨੀ' ਅਤੇ 'ਕਮਲੀ' ਗੀਤਾਂ ਉਤੇ ਗੋਰੇ ਵੀ ਨੱਚਣ ਲਾ ਦਿੱਤੇ ਸਨ। ਫੌਜ਼ੀਆ ਹਸਨ ਪਿਛਲੇ ਸੱਤ ਸਾਲ ਤੋਂ ਆਰਿਫ਼ ਦੀ ਸੁਰ-ਸੰਗੀ ਹੈ ਅਤੇ ਉਸ ਨੇ ਆਰਿਫ਼ ਦਾ ਸਟੇਜ ਉਤੇ ਜਾਦੂ ਚੱਲਦਾ ਬਹੁਤ ਵਾਰ ਦੇਖਿਆ ਹੈ।

ਆਰਿਫ਼ ਨੂੰ ਸੁਰਾਂ ਦੀ ਸਮਝ ਵਿਰਾਸਤ ਵਿਚੋਂ ਮਿਲੀ ਹੋਈ ਹੈ। ਉਹਦੇ ਬਾਲਿਦ ਆਲਮ ਲੁਹਾਰ ਨੂੰ ਕੌਣ ਨਹੀਂ ਜਾਣਦਾ! ਆਲਮ ਲੁਹਾਰ (1928-3 ਜੁਲਾਈ 1979) ਨੇ ਲੋਕ ਗਾਇਨ ਦੇ ਪਿੜ ਵਿਚ ਬੜੀਆਂ ਨਿੱਗਰ ਪੈੜਾਂ ਪਾਈਆਂ ਹਨ। ਆਰਿਫ਼ ਨੇ ਉਸੇ ਰਾਸਤੇ ਉਤੇ ਚੱਲਦਿਆਂ ਆਪਣੇ ਬਾਲਿਦ ਦੀ ਵਿਰਾਸਤ ਨੂੰ ਅੱਗੇ ਵਧਾਇਆ। ਆਪਣੇ ਬਾਲਿਦ ਆਲਮ ਲੁਹਾਰ ਦੀ ਗਾਈ 'ਜੁਗਨੀ' ਨੂੰ ਆਰਿਫ਼ ਨੇ ਵੱਖਰੇ ਰੰਗ ਵਿਚ ਪੇਸ਼ ਕੀਤਾ ਅਤੇ ਨਾਮ ਕਮਾਇਆ। ਉਹ ਅੱਠ ਵਰ੍ਹਿਆਂ ਦਾ ਸੀ ਜਦੋਂ ਉਹਨੇ ਗਾਉਣਾ ਆਰੰਭ ਕਰ ਦਿੱਤਾ ਸੀ। ਉਸ ਤੋਂ ਬਾਅਦ ਉਸ ਨੇ ਕਦੀ ਪਿਛੇ ਮੁੜ ਕੇ ਨਹੀਂ ਦੇਖਿਆ। ਹੁਣ ਤੱਕ ਉਹ 3000 ਤੋਂ ਵੀ ਵੱਧ ਗੀਤ ਗਾ ਚੁੱਕਾ ਹੈ, ਇਨ੍ਹਾਂ ਵਿਚੋਂ ਬਹੁਤੇ ਪੰਜਾਬੀ ਗੀਤ ਹਨ। ਇਹ ਸਾਰੇ ਗੀਤ ਉਸ ਦੀਆਂ ਤਕਰੀਬਨ 150 ਐਲਬਮਜ਼ ਵਿਚ ਸਾਂਭੇ ਪਏ ਹਨ। ਜਦੋਂ ਉਸ ਨੇ ਪਹਿਲੀ ਵਾਰ 'ਜੁਗਨੀ' ਗਾਈ, ਉਸ ਦਾ ਨਾਂ ਪੂਰੀ ਦੁਨੀਆਂ ਵਿਚ ਧੁੰਮ ਗਿਆ। ਪਿਛਲੇ 20 ਸਾਲਾਂ ਦੌਰਾਨ ਉਹ ਦੁਨੀਆਂ ਦੇ ਕਈ ਦੇਸ਼ਾਂ ਦੇ 50 ਗੇੜੇ ਮਾਰ ਚੁੱਕਾ ਹੈ। ਦੱਖਣੀ ਏਸ਼ੀਆ ਦਾ ਉਹ ਇਕੱਲਾ ਅਜਿਹਾ ਕਲਾਕਾਰ ਹੈ ਜਿਸ ਨੇ ਉਤਰੀ ਕੋਰੀਆ ਦੇ ਲੋਕਾਂ ਨੂੰ ਆਪਣੇ ਸੰਗੀਤ ਨਾਲ ਮੰਤਰ-ਮੁਗਧ ਕੀਤਾ। 2004 ਵਿਚ ਚੀਨ ਦੀਆਂ ਏਸ਼ੀਆਈ ਖੇਡਾਂ ਮੌਕੇ ਉਸ ਨੇ 10 ਲੱਖ ਲੋਕਾਂ ਦੇ ਇਕੱਠ ਨੂੰ ਪੰਜਾਬੀ ਗੀਤ ਸੁਣਾਏ।



ਗੱਲਾਂ ਗੱਲਾਂ ਵਿਚ ਆਰਿਫ਼ ਦੱਸਦਾ ਹੈ ਕਿ ਉਹ ਮੁਹੰਮਦ ਰਫੀ, ਲਤਾ ਮੰਗੇਸ਼ਕਰ ਅਤੇ ਮੁਕੇਸ਼ ਦੇ ਗੀਤ ਬਹੁਤ ਸੁਣਦਾ ਹੈ। ਜਦੋਂ ਉਹਨੂੰ ਪੁੱਛਿਆ ਕਿ ਇਹ ਗੱਲ ਉਹ ਕਿਤੇ ਭਾਰਤ ਟੂਰ ਕਰ ਕੇ ਤਾਂ ਨਹੀਂ ਕਹਿ ਰਿਹਾ? ਇੰਨਾ ਸੁਣਦਿਆਂ ਹੀ ਉਹ ਆਪਣੇ ਹੱਥ ਤੁਰੰਤ ਕੰਨਾਂ ਤੱਕ ਲੈ ਜਾਂਦਾ ਹੈ ਅਤੇ ਕਹਿੰਦਾ ਹੈ- 'ਤੁਸੀਂ ਇਨ੍ਹਾਂ ਤਿੰਨਾਂ ਕਲਾਕਾਰਾਂ ਦੀ ਆਵਾਜ਼ ਸੁਣੋ...ਵੰਨਗੀ ਦੇਖੋ...ਭਾਂਤ-ਸੁਭਾਂਤੇ ਰੰਗ ਤੁਹਾਨੂੰ ਮਹਿਸੂਸ ਹੋਣਗੇ...ਸੰਗੀਤ ਦਾ ਇਸ ਤਰ੍ਹਾਂ ਦਾ ਮੇਲਾ ਇਹ ਲੋਗ ਹੀ ਲਾ ਸਕਦੇ ਸਨ।'

ਆਰਿਫ਼ ਲੁਹਾਰ (ਜਨਮ 1966) ਨੇ ਆਪ ਵੀ ਸੁਰ-ਸੰਗੀਤ ਦਾ ਮੇਲਾ ਲਾਇਆ ਹੋਇਆ ਹੈ। ਇਸ ਮੇਲੇ ਦੇ ਮੇਲੀ ਹੁਣ ਇਕੱਲੇ ਪੰਜਾਬੀ ਨਹੀਂ, ਕੁੱਲ ਦੁਨੀਆਂ ਹੈ। ਪੰਜਾਬੀਆਂ ਲਈ ਇਹ ਮਾਣ ਉਸ ਨੇ ਆਪਣੀ ਮਿਹਨਤ ਨਾਲ ਕਮਾਇਆ ਹੈ। ਇਸ ਲਈ ਉਸ ਦੀ ਸੰਗੀਤ ਸਾਧਨਾ ਨੂੰ ਸਲਾਮ ਹੈ।

## ਆਰਿਫ ਲੁਹਾਰ ਦੀ ਸੁਰ ਅਤੇ ਮੀਸ਼ਾ ਸ਼ਫੀ ਦੀ ਤਾਲ



ਆਰਿਫ਼ ਲੁਹਾਰ ਨੇ ਅਸਲ ਧੰਨ ਧੰਨ ਉਦੋਂ ਕਰਵਾਈ ਜਦੋਂ ਉਸ ਨੇ ਅਦਾਕਾਰਾ-ਗਾਇਕਾ ਮੀਸ਼ਾ ਸ਼ਫ਼ੀ ਨਾਲ ਰਲ ਕੇ 'ਜੁਗਨੀ' ਗਾਈ। 21ਵੀ ਸਦੀ ਦੀ ਇਸ 'ਜੁਗਨੀ' ਦਾ ਪ੍ਰਬੰਧ 'ਕੋਕ ਸਟੂਡੀਓ' ਨੇ ਕੀਤਾ ਸੀ। 'ਯੂਟਿਊਬ' ਉਤੇ ਇਸ 'ਜੁਗਨੀ' ਨੇ ਧੁੰਮਾਂ ਪਾ ਛੱਡੀਆਂ। ਦਸ ਲੱਖ ਦੇ ਕਰੀਬ ਲੋਕ ਇਸ ਗੀਤ ਲਈ ਹੁਣ ਤੱਕ ਕਲਿੱਕ ਕਰ ਚੁੱਕੇ ਹਨ। ਮੀਸ਼ਾ ਸ਼ਫ਼ੀ ਪਾਕਿਸਤਾਨ ਦੀ ਮਸ਼ਹੂਰ ਅਦਾਕਾਰ ਜੋੜੀ ਸਬਾ ਹਮੀਦ ਅਤੇ ਵਸੀਮ ਅੱਬਾਸ ਦੀ ਧੀ ਹੈ। ਮੀਸ਼ਾ ਨੇ ਮੀਰਾ ਨਾਇਰ ਦੀ ਹਾਲੀਵੁੱਡ ਫਿਲਮ 'ਦਿ ਰਿਲੱਕਟੈਂਟ ਫੰਡਾਮੈਂਟਲਿਸਟ' ਵਿਚ ਚੰਗੀ ਅਦਾਕਾਰੀ ਦਿਖਾਈ ਹੈ। ਇਸ ਫਿਲਮ ਵਿਚ ਓਮ ਪੁਰੀ ਵੀ ਹੈ। ਛੇਤੀ ਹੀ ਆ ਰਹੀ ਹਿੰਦੀ ਫਿਲਮ 'ਭਾਗ ਮਿਲਖਾ ਭਾਗ' ਵਿਚ ਵੀ ਉਸ ਦਾ ਅਹਿਮ ਕਿਰਦਾਰ ਹੈ। ਪਾਕਿਸਤਾਨੀ ਫਿਲਮਾਂ ਵਿਚ ਵੀ ਉਸ ਦੀ ਵਾਹਵਾ 'ਬਹਿ ਜਾ ਬਹਿ ਜਾ' ਹੈ। ਇਕ ਹੋਰ ਅੰਗਰੇਜ਼ੀ ਫਿਲਮ 'ਦਿ ਟੂਰਨਾਮੈਂਟ ਆਫ ਸ਼ੈਡੋਜ਼' ਵਿਚ ਵੀ ਉਹ ਕੰਮ ਕਰ ਰਹੀ ਹੈ। ਇਹ ਫਿਲਮ 2013 ਵਿਚ ਰਿਲੀਜ਼ ਹੋਣੀ ਹੈ। ਫੈਸ਼ਨ ਦੀ ਦੁਨੀਆਂ ਦੀ ਤਾਂ ਹੁਣ ਉਹ ਉਘੀ ਹਸਤੀ ਹੈ। ਉਹਨੇ ਆਪਣਾ ਕਰੀਅਰ ਫੈਸ਼ਨ ਤੋਂ ਹੀ ਸ਼ੁਰੂ ਕੀਤਾ ਸੀ ਅਤੇ ਆਪਣੀ ਲਿਆਕਤ ਦੇ ਜ਼ੋਰ ਉਹ ਅਦਾਕਾਰੀ ਅਤੇ ਗਾਇਨ ਦੇ ਖੇਤਰਾਂ ਵਿਚ ਵੀ ਛਾ ਗਈ। ਮੀਸ਼ਾ ਸਾਧਾਰਨ ਜਿਹੀ ਕੁੜੀ ਹੈ, ਪਤਲੀ ਪਤੰਗ। ਆਪਣੀ ਉਮਰ ਦੱਸਦੀ ਬੜੀ ਸੰਗਦੀ ਹੈ। ਟਾਲਣ ਲਈ ਆਖਦੀ ਹੈ-'ਤੁਸੀਂ ਆਪੇ ਅੰਦਾਜ਼ਾ ਲਾਉ।' ਅਗਲਾ ਇੰਨੇ ਨੂੰ ਕੋਈ ਹੋਰ ਗੱਲ ਛੋਹ ਲੈਂਦਾ ਹੈ।...ਫੈਸ਼ਨ ਪਰੇਡ ਵਿਚ ਜਿਸ ਤਰ੍ਹਾਂ ਦਾ ਉਸ ਦਾ ਰੰਗ-ਢੰਗ ਹੁੰਦਾ ਹੈ, ਬੌਬ ਕੱਟ ਹੇਅਰ ਸਟਾਈਲ; ਮੇਕਅੱਪ ਨਾਲ ਲੱਦਿਆ ਚਿਹਰਾ; ਪਰ ਉਸ ਦਾ ਸੁਭਾਅ ਇਸ ਤੋਂ ਐਨ ਉਲਟ ਹੈ। ਉਹ ਬੜੀ ਸੰਜੀਦਾ ਕੁੜੀ ਹੈ, ਸਹਿਜ ਨਾਲ ਸਿੱਧੀਆਂ ਗੱਲਾਂ ਕਰਦੀ ਹੈ। ਉਹਨੂੰ ਆਪਣੇ ਆਪ ਬਾਰੇ ਪੂਰੀ ਖ਼ਬਰ ਹੈ; ਉਹ ਕੀ ਅਤੇ ਕਿਵੇਂ ਕਰ ਰਹੀ ਹੈ, ਇਸ ਦਾ ਵੀ ਉਹਨੂੰ ਇਲਮ ਹੈ। ਮੀਸ਼ਾ ਸ਼ਫ਼ੀ ਹਰ ਗੱਲ ਦਾ ਪ੍ਰਸੰਗ ਬੰਨ੍ਹਣ ਦੇ ਸਮਰੱਥ ਹੈ। ਉਹ ਫਿਲਮਾਂ ਵਿਚ ਲੀਡ ਰੋਲ ਲਈ ਨਹੀਂ ਭੱਜਦੀ। ਉਹ ਸਪਸ਼ਟ ਆਖਦੀ ਹੈ ਕਿ ਕਿਸੇ ਤੀਜੇ ਦਰਜੇ ਦੀ ਫਿਲਮ ਦੇ ਲੀਡ ਰੋਲ ਕਰਨ ਨਾਲੋਂ ਉਹ ਉਮਦਾ ਫਿਲਮ ਦਾ ਕੋਈ ਛੋਟਾ ਕਿਰਦਾਰ ਨਿਭਾਉਣ ਨੂੰ ਪਹਿਲ ਦੇਵੇਗੀ। ਮਿਆਰ ਨਾਲ ਕਿਸੇ ਵੀ ਕਿਸਮ ਦਾ ਸਮਝੌਤਾ ਕਰਨ ਲਈ ਉਹ ਤਿਆਰ ਨਹੀਂ; ਇਹ ਭਾਵੇਂ ਫੈਸ਼ਨ ਦੀ ਦੁਨੀਆਂ ਹੈ ਅਤੇ ਭਾਵੇਂ ਫਿਲਮਾਂ। ਸ਼ਾਇਦ ਇਹੀ ਸਮਝ ਅਤੇ ਸਪਸ਼ਟਤਾ ਉਸ ਦੀ ਸਫਲਤਾ ਦਾ ਰਾਜ਼ ਹੈ। ਉਸ ਨੇ ਜਿਸ ਵੀ ਖੇਤਰ ਵਿਚ ਪੈਰ ਧਰਿਆ, ਸਫਲਤਾ ਨੇ ਉਸ ਦੇ ਪੈਰ ਚੁੰਮੇ। ਮੀਸ਼ਾ ਅੱਜਕੱਲ੍ਹ ਨਵੀਂ ਪੀੜ੍ਹੀ ਲਈ ਮਾਡਲ ਬਣ ਰਹੀ ਹੈ। ਉਸ ਦਾ ਸਿੱਧਾ ਸਬੰਧ ਭਾਵੇਂ ਪਾਕਿਸਤਾਨ ਦੇ ਖਾਂਦੇ-ਪੀਂਦੇ ਤਬਕੇ ਨਾਲ ਹੈ, ਪਰ ਉਸ ਨੇ ਪਾਕਿਸਤਾਨ ਦੀਆਂ ਮੁਟਿਆਰਾਂ ਲਈ ਘਰੋਂ ਬਾਹਰ ਨਿਕਲਣ ਅਤੇ ਆਪਣੀ ਪ੍ਰਤਿਭਾ ਦੇ ਦਮ 'ਤੇ ਕੁਝ ਕਰ ਦਿਖਾਉਣ ਦੀ ਮਿਸਾਲ ਪੈਦਾ ਕਰ ਦਿੱਤੀ ਹੈ। ਪਾਕਿਸਤਾਨ ਵਰਗੇ ਦੇਸ਼ ਵਿਚ ਇਹ ਕੋਈ ਛੋਟਾ-ਮੋਟਾ ਉਦਮ ਨਹੀਂ, ਵੱਡੀ ਗੱਲ ਹੈ।



# ਰੂਪ ਤੇ ਅਦਾਕਾਰੀ ਦਾ ਸੁਮੇਲ

## ਮਾਲਾ ਸਿਨ੍ਹਾ

ਖ਼ੂਬਸੂਰਤੀ ਨਾਲ ਬਿਹਤਰੀਨ ਅਦਾਕਾਰੀ ਦਾ ਸੰਗਮ ਭਾਵ ਅਦਾਕਾਰਾ ਮਾਲਾ ਸਿਨ੍ਹਾ ਬਾਲੀਵੁੱਡ ਦੀਆਂ ਅਜਿਹੀਆਂ ਕੁਝ ਹੀ ਅਭਿਨੇਤਰੀਆਂ ਵਿਚੋਂ ਇਕ ਹੈ। 11 ਨਵੰਬਰ, 1936 ਨੂੰ ਪੈਦਾ ਹੋਈ ਮਾਲਾ ਸਿਨ੍ਹਾ ਦਾ ਪਿਤਾ ਬੰਗਾਲੀ ਤੇ ਮਾਂ ਨੇਪਾਲੀ ਸੀ। ਉਸ ਦੇ ਬਚਪਨ ਦਾ ਨਾਂ ਆਲਡਾ ਸੀ। ਉਸ ਦੇ ਸਕੂਲ ਦੀ ਸਹਿਪਾਠੀ ਉਸ ਨੂੰ ਖਿਝਾਉਣ ਲਈ 'ਡਾਲਡਾ' ਕਹਿ ਕੇ ਬੁਲਾਉਂਦੀ ਸਨ। ਇਸ ਲਈ ਬਾਅਦ ਵਿਚ ਉਸ ਨੇ ਆਪਣਾ ਨਾਂ ਆਲਡਾ ਸਿਨ੍ਹਾ ਦੀ ਥਾਂ ਮਾਲਾ ਸਿਨ੍ਹਾ ਰੱਖ ਲਿਆ।

ਉਹ ਬਚਪਨ ਤੋਂ ਹੀ ਅਦਾਕਾਰਾ ਨਰਗਿਸ ਤੋਂ ਪ੍ਰਭਾਵਿਤ ਸੀ ਤੇ ਅੱਗੇ ਚੱਲ ਕੇ ਉਸ ਵਾਂਗ ਹੀ ਅਦਾਕਾਰਾ ਬਣਨ ਦਾ ਸੁਪਨਾ ਦੇਖਦੀ ਸੀ ਪਰ ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਆਲ ਇੰਡੀਆ ਰੇਡੀਓ ਦੇ ਕੋਲਕਾਤਾ ਕੇਂਦਰ ਤੋਂ ਬਤੌਰ ਗਾਇਕਾ ਕੀਤੀ। ਉਂਜ ਸਕੂਲ ਦੇ ਇਕ ਨਾਟਕ ਵਿਚ ਉਸ ਦੀ ਅਦਾਕਾਰੀ ਨੂੰ ਦੇਖ ਕੇ ਬੰਗਾਲੀ ਨਿਰਦੇਸ਼ਕ ਅਧੇਂਦਰੂ ਬੋਸ ਨੇ ਉਸ ਨੂੰ ਆਪਣੀ ਫਿਲਮ 'ਰੋਸ਼ਨ ਆਰਾ' ਵਿਚ ਕੰਮ ਕਰਨ ਦੀ ਪੇਸ਼ਕਸ਼ ਕੀਤੀ ਜਿਸ ਨੂੰ ਉਸ ਨੇ ਸਵੀਕਾਰ ਵੀ ਕਰ ਲਿਆ।


ਭਾਵੇਂਕਿ ਇਸ ਤੋਂ ਪਹਿਲਾਂ 'ਜੈ ਵੈਸ਼ਨੋ ਦੇਵੀ' ਵਿਚ ਬਤੌਰ ਬਾਲ ਕਲਾਕਾਰ ਵੀ ਕੰਮ ਕੀਤਾ ਸੀ ਪਰ 'ਰੋਸ਼ਨ ਆਰਾ' ਤੋਂ ਬਾਅਦ ਤਾਂ ਫਿਰ ਮਾਲਾ ਸਿਨ੍ਹਾ ਨੇ ਕਈ ਬੰਗਾਲੀ ਫਿਲਮਾਂ ਵਿਚ ਕੰਮ ਕੀਤਾ। ਇਕ ਵਾਰ ਬੰਗਾਲੀ ਫਿਲਮ ਦੀ ਸ਼ੂਟਿੰਗ ਦੇ ਸਿਲਸਿਲੇ ਵਿਚ ਜਦੋਂ ਉਸ ਨੂੰ ਮੁੰਬਈ ਆਉਣ ਦਾ ਮੌਕਾ ਮਿਲਿਆ ਤਾਂ ਇਥੇ ਉਸ ਦੀ ਮੁਲਾਕਾਤ ਪਿੱਠਵਰਤੀ ਗਾਇਕਾ ਗੀਤਾ ਦੱਤ ਨਾਲ ਹੋਈ। ਮਾਲਾ ਸਿਨ੍ਹਾ ਦੀ ਪ੍ਰਤਿਭਾ ਤੋਂ ਪ੍ਰਭਾਵਿਤ ਹੋ ਕੇ ਗੀਤਾ ਨੇ ਉਸ ਨੂੰ ਨਿਰਮਾਤਾ-ਨਿਰਦੇਸ਼ਕ ਕੇਦਾਰ ਸ਼ਰਮਾ ਨੂੰ ਮਿਲਣ ਦੀ ਸਲਾਹ ਦਿੱਤੀ ਜਿਸ ਨੇ ਮਾਲਾ ਨੂੰ ਆਪਣੀ ਫਿਲਮ 'ਬਾਦਸ਼ਾਹ' (1954) ਵਿਚ ਹੀਰੋ ਪ੍ਰਦੀਪ ਕੁਮਾਰ ਦੇ ਆਪੋਜ਼ਿਟ ਹੀਰੋਇਨ ਦਾ ਰੋਲ ਦੇ ਦਿੱਤਾ।

ਸ਼ੁਰੂ ਵਿਚ ਮਾਲਾ ਸਿਨ੍ਹਾ ਦੀਆਂ ਕਈ ਹਿੰਦੀ ਫਿਲਮਾਂ ਫਲਾਪ ਹੋ ਗਈਆਂ ਤਾਂ ਲੋਕਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਨੇਪਾਲੀ ਨੈਣ-ਨਕਸ਼ਾਂ ਵਾਲੀ ਇਹ ਕੁੜੀ ਹਿੰਦੀ ਫਿਲਮਾਂ ਵਿਚ ਨਹੀਂ ਚੱਲ ਸਕੇਗੀ ਪਰ ਆਪਣੀ ਮਿਹਨਤ, ਲਗਨ ਤੇ ਪ੍ਰਤਿਭਾ ਦੇ ਦਮ 'ਤੇ ਉਸ ਨੇ ਆਪਣੇ ਲਈ ਹਿੰਦੀ ਫਿਲਮਾਂ ਵਿਚ ਜੋ ਰਸਤਾ ਤੈਅ ਕੀਤਾ, ਉਸ ਨੇ ਉਸ 'ਤੇ ਟਿੱਪਣੀ ਕਰਨ ਵਾਲਿਆਂ ਦੇ ਮੂੰਹ ਬੰਦ ਕਰਵਾ ਦਿੱਤੇ।

1957 ਵਿਚ ਆਈ 'ਪਿਆਸਾ' ਨੇ ਮਾਲਾ ਸਿਨ੍ਹਾ ਦੀ ਕਿਸਮਤ ਹੀ ਬਦਲ ਦਿੱਤੀ। ਬਿਹਤਰੀਨ ਗੀਤ-ਸੰਗੀਤ ਤੇ ਅਦਾਕਾਰੀ ਨਾਲ ਸਜੀ ਇਸ ਫਿਲਮ ਦੀ ਸਫਲਤਾ ਨੇ ਮਾਲਾ ਸਿਨ੍ਹਾ ਨੂੰ 'ਸਟਾਰ' ਬਣਾ ਦਿੱਤਾ। 'ਜਹਾਂਆਰਾ' ਤੇ 'ਮਰਿਆਦਾ' ਵਰਗੀਆਂ ਫਿਲਮਾਂ ਤੋਂ ਬਾਅਦ 60 ਦੇ ਦਹਾਕੇ ਵਿਚ ਤਾਂ ਮਾਲਾ ਸਿਨ੍ਹਾ ਨੇ ਕਈ ਹਿੱਟ ਫਿਲਮਾਂ ਦਿੱਤੀਆਂ। ਖਾਸ ਗੱਲ ਇਹ ਹੈ ਕਿ ਇਨ੍ਹਾਂ ਫਿਲਮਾਂ ਵਿਚ ਮਾਲਾ ਸਿਨ੍ਹਾ ਨੇ ਆਪਣੇ ਜ਼ਮਾਨੇ ਦੇ ਸਾਰੇ ਟੌਪ ਹੀਰੋਜ਼ ਨਾਲ ਕੰਮ ਕੀਤਾ ਪਰ ਉਸ ਦੀ ਜੋੜੀ ਧਰਮਿੰਦਰ ਨਾਲ ਸਭ ਤੋਂ ਵਧੇਰੇ ਪਸੰਦ ਕੀਤੀ ਗਈ।

ਮਾਲਾ ਸਿਨ੍ਹਾ ਦੀ ਪਹਿਲੀ ਹਿੰਦੀ ਫਿਲਮ 1954 ਵਿਚ ਆਈ ਤੇ 1985 ਤੱਕ ਉਹ ਲਗਾਤਾਰ ਕੰਮ ਕਰਦੀ ਰਹੀ। 1985 ਵਿਚ 'ਦਿਲ ਤੁਝਕੋ ਦੀਆ' ਵਿਚ ਕੰਮ ਕਰਨ ਦੌਰਾਨ ਉਸ ਨੂੰ ਅਹਿਸਾਸ ਹੋ ਗਿਆ ਕਿ ਹੁਣ ਉਸ ਦੀ ਉਮਰ ਹੀਰੋਇਨ ਬਣਨ ਦੀ ਨਹੀਂ ਰਹੀ ਤੇ ਚੁੱਪ-ਚਾਪ ਅਦਾਕਾਰੀ ਤੋਂ ਆਪਣਾ ਬੋਰੀਆ-ਬਿਸਤਰਾ ਸਮੇਟ ਲਿਆ। ਭਾਵੇਂਕਿ ਉਹ ਫਿਲਮ 'ਖੇਲ' (1991), 'ਰਾਧਾ ਕਾ ਸੰਗਮ' (1992) ਅਤੇ 'ਜ਼ਿਦ' (1994) ਵਿਚ ਵੀ ਨਜ਼ਰ ਆਈ। 1966 ਵਿਚ ਮਾਲਾ ਸਿਨ੍ਹਾ ਨੂੰ ਆਪਣੀ ਨੇਪਾਲੀ ਫਿਲਮ 'ਮਾਟੀਘਰ' ਦੇ ਅਦਾਕਾਰ ਸੀ.ਪੀ. ਲਹਾਨੀ ਨਾਲ ਪਿਆਰ ਹੋ ਗਿਆ ਤੇ ਪਿਛੋਂ ਦੋਵਾਂ ਨੇ ਵਿਆਹ ਕਰਵਾ ਲਿਆ।

WRONGFUL DEATH | AUTO | PEDESTRIAN | BICYCLE | DOG BITES | TRUCK ACCIDENTS



LAW OFFICES OF | MARK COHEN

ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ

***"I take your accident personally"***

**Free initial consultation. No fee if no recovery.**

ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ

Please visit our web site for more information



**www. markcohenlaw.com** or call us at **510.792.4008**

ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

**United Sports Club of California**
33272 Palomino Common, Fremont, CA, USA 94555
Phone: 510-468-9381
Website: http://usportsca.org/

ਨਸ਼ੇ ਛੱਡੋ। **ਨਸ਼ਾ ਵਿਰੋਧੀ ਅਪੀਲ** ਕੋਹੜ ਵੱਢੋ।

ਉਠੋ ਬੱਬਰ ਸ਼ੇਰ ਪੰਜਾਬੀਓ, ਮਾਂ ਧਰਤੀ ਰਹੀ ਪੁਕਾਰ। ਬੰਨ ਬੰਨੋ ਹੁਣ ਜੋਰ ਦੀ, ਦਰਿਆ ਛੇਵਾਂ ਚੜਿਆ ਠਾਠਾਂ ਮਾਰ।
ਜੇ ਹੜ੍ਹ ਗਈ ਫਸਲ ਪੰਜਾਬ ਦੀ, ਤਾਹਨੇ ਮਾਰੂ ਮੁਹੰਮਦਾਂ ਦਾ ਕਿਰਦਾਰ। ਨਾ ਜਾਗੇ ਮਾਣ ਪੰਜਾਬ ਦੇ, ਤੇ ਰਹੀ ਸੁੱਤੀ ਸਰਕਾਰ।



ਭਾਰਤ ਸਰਕਾਰ ਦੁਆਰਾ ਮੰਨਜੂਰਸ਼ੁਦਾ ਮੁਫਤ ਨਸ਼ਾ ਛਡਾਊ ਕੇਦਰਾਂ ਵਿੱਚ ਲੋੜਵੰਦ ਵਲੰਟੀਅਰ ਬਣਕੇ ਅੱਗੇ ਆਉਣ- ਸ. ਗੁਰਮੁੱਖ ਸਿੰਘ (98555-82239)

**ਨਸ਼ਾ ਵਿਰੋਧੀ ਮੁਹਿੰਮ ਵਿੱਚ ਸ਼ਾਮਲ ਹੋਣ ਲਈ Every Sunday 8:15pm-10:00pm CA Time (832-551-5038)**

ਅਮੋਲਕ ਸਿੰਘ ਗਾਖ਼ਲ (ਚੇਅਰਮੈਨ) ਬਲਵੀਰ ਸਿੰਘ ਭਾਟੀਆ (ਪ੍ਰਧਾਨ) ਗੁਰਦਾਵਰ ਸਿੰਘ ਮਹੇੜੂ ਜੁਗਰਾਜ ਸਿੰਘ ਸਹੋਤਾ

831-247-4637 510-677-6248 2gsmann@gmail.com 510-673-0825

Makhan S. Bains — Narinder S. Sahota — Palwinder S. Gakhal — Kuldip S. Mann

Iqbal S. Gakhal — Parmjit S. Sandhu — Dalvinder S. Padda — Sadhu S. Khalour

**www.punjabtimesusa.com**

Radio Chardi Kala
Listen Live 24/7
www.radiock.com
Dial To Listen
832-551-5038

***Promotes Healthy Enviornment***

ਮਾਂ ਬਾਪ, ਸਮਾਜ ਸੇਵੀ ਸੰਸਥਾਵਾਂ, ਪ੍ਰਸਾਸ਼ਨ, ਖੇਡ ਪ੍ਰਮੋਟਰ ਅਤੇ ਰਾਜਨੀਤੀਵਾਨਾ ਨੂੰ ਨਸ਼ਿਆਂ ਖਿਲਾਫ ਡਟਣ ਦਾ ਹੋਕਾ।

**ਲੱਚਰ ਗਾਇਕੀ ਰਾਹੀ ਨਸ਼ਿਆਂ ਨੂੰ ਪ੍ਰਮੋਟ ਕਰਨ ਵਾਲੇ ਗਾਇਕਾਂ ਦਾ ਸਮਾਜਕ ਬਾਈਕਾਟ ਕਰੋ।**

# ਪੰਜਾਬ ਟਾਈਮਜ਼ ਦੇ ਸਮੂਹ ਪਾਠਕਾਂ ਨੂੰ ਸਾਲ 2013 ਬਹੁਤ ਬਹੁਤ ਮੁਬਾਰਕ

**ਆਓ ਸਾਰੇ ਰਲ-ਮਿਲ ਤਹੱਈਆ ਕਰੀਏ ਕਿ ਸਾਲ 2013 ਦੌਰਾਨ ਗਦਰ ਲਹਿਰ ਦੀ ਪਹਿਲੀ ਸ਼ਤਾਬਦੀ ਮੌਕੇ ਅਸੀਂ ਸਭ ਭਾਰਤ ਅਤੇ ਵਿਸ਼ਵ ਨੂੰ ਗਦਰੀ ਬਾਬਿਆਂ ਦੇ ਸੁਪਨਿਆਂ ਦੇ ਹਾਣ ਦਾ ਬਣਾਉਣ ਦਾ ਸਿਰਤੋੜ ਯਤਨ ਕਰਾਂਗੇ।**




## ਡਾਇਰੈਕਟਰਾਂ ਦਾ ਬੋਰਡ

ਸੁਮਿੱਤਰ ਸਿੰਘ ਉਪਲ    ਕਸ਼ਮੀਰ ਸਿੰਘ ਕਾਂਗਣਾ    ਜਰਨੈਲ ਸਿੰਘ ਸਰਪੰਚ

ਜਗਜੀਤ ਸਿੰਘ ਗਿੱਲ, ਪਰਮਜੀਤ ਸਿੰਘ ਸੰਧੂ, ਹਰਪਾਲ ਸਿੰਘ ਸੰਘਾ, ਕਰਮਜੀਤ ਸਿੰਘ ਕੰਗ, ਅਮਰਜੀਤ ਸਿੰਘ ਰਾਏ, ਜਸਵਿੰਦਰ ਸਿੰਘ ਸੰਧੂ, ਜੁਝਾਰ ਸਿੰਘ ਗਿੱਲ, ਬਲਵੰਤ ਬਾਂਕਾ, ਨਿਰਮਲਜੀਤ ਸਿੰਘ ਭੁਲਰ, ਜੋਗਾ ਸਿੰਘ, ਬਲਵਿੰਦਰ ਸਿੰਘ ਸੰਧੂ, ਸਤਵਿੰਦਰ ਸਿੰਘ ਬਾਠ, ਰਮੇਸ਼, ਫਰੈਂਕ ਜੌਹਨ ਸਨ, ਸ਼ੰਗਾਰਾ ਸਿੰਘ ਬੋਪਾਰਾਏ, ਹਰਪ੍ਰੀਤ ਸਿੰਘ ਢਿੱਲੋਂ, ਬੀਬੀ ਕਰਨੈਲ ਕੌਰ।

| ਪ੍ਰਧਾਨ | ਫਾਇਨਾਂਸ ਸਕੱਤਰ | ਸਕੱਤਰ | ਪ੍ਰੈਸ ਸਕੱਤਰ |
|---|---|---|---|
| ਸੁਰਿੰਦਰ ਸਿੰਘ ਬਿੰਦਰਾ | ਪ੍ਰਿਤਪਾਲ ਸਿੰਘ ਭੋਗਲ | ਬਲਜਿੰਦਰ ਸਿੰਘ ਭੱਟੀ | ਗਿਆਨ ਸਿੰਘ ਬਿਲਗਾ |

**ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ (ਯੂ ਐਸ ਏ)**